**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
SAN JOSE TEL: 408.280.1111 FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 48, November 26, 2011 | 20451 N Plum Grove Rd. Palatine, IL 60074 | Ph:847-359-0746, Fax:847-705-9388


### ਤੇਜੀ ਨਾਲ ਬਦਲ ਰਹੇ ਨੇ ਪੰਜਾਬ ਦੇ ਸਿਆਸੀ ਸਮੀਕਰਨ

## ਤੀਜਾ ਮੋਰਚਾ ਮੁੱਖ ਧਿਰਾਂ ਲਈ ਬਣੇਗਾ ਸਿੱਧੀ ਚੁਣੌਤੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਤੋਂ ਮਹਿਜ਼ ਦੋ ਮਹੀਨੇ ਪੰਜਾਬ ਦੇ ਸਿਆਸੀ ਸਮੀਕਰਨ ਬਦਲਣੇ ਸ਼ੁਰੂ ਹੋ ਗਏ ਹਨ ਤੇ ਸੂਬੇ ਦੀਆਂ ਦੋਵਾਂ ਮੁੱਖ ਪਾਰਟੀਆਂ ਨੂੰ ਅਜੇ ਤਾਈਂ ਕੁਝ ਸਪਸ਼ਟ ਨਜ਼ਰ ਨਹੀਂ ਆ ਰਿਹਾ। ਸੱਤਾਧਾਰੀ ਅਕਾਲੀ ਦਲ ਤੇ ਕਾਂਗਰਸ ਨੇ ਭਾਵੇਂ ਆਪਣੀ-ਆਪਣੀ ਚੋਣ ਮੁਹਿੰਮ ਭਖਾ ਲਈ ਹੈ ਪਰ ਉਨ੍ਹਾਂ ਦੀਆਂ ਨਜ਼ਰਾਂ ਤੀਜੇ ਮੋਰਚੇ ਦੀਆਂ ਸਰਗਰਮੀਆਂ 'ਤੇ ਹੀ ਗੱਡੀਆਂ ਹੋਈਆਂ ਹਨ। ਸਿਆਸੀ ਮਾਹਿਰਾਂ ਅਨੁਸਾਰ ਤੀਜੇ ਮੋਰਚੇ ਤੋਂ ਫਿਲਹਾਲ ਕੋਈ ਵੱਡੀ ਆਸ ਤਾਂ ਨਹੀਂ ਪਰ ਇਹ ਪੰਜਾਬ 'ਚ ਅਕਾਲੀਆਂ ਤੇ ਕਾਂਗਰਸੀਆਂ ਦਾ ਭਵਿੱਖ ਤੈਅ ਕਰਨ 'ਚ ਵੱਡਾ ਯੋਗਦਾਨ ਜ਼ਰੂਰ ਪਾਵੇਗਾ।

ਜ਼ਿਕਰਯੋਗ ਹੈ ਕਿ ਪੰਜਾਬ ਦੀਆਂ 14ਵੀਂਆਂ ਵਿਧਾਨ ਸਭਾ ਚੋਣਾਂ ਲਈ ਹੁਣ ਦੋ ਕੁ ਮਹੀਨੇ ਦਾ ਸਮਾਂ ਹੀ ਰਹਿ ਗਿਆ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਦਸੰਬਰ ਦੇ ਦੂਜੇ ਹਫ਼ਤੇ ਪੰਜਾਬ 'ਚ ਚੋਣ ਜ਼ਾਬਤੇ ਦਾ ਐਲਾਨ ਕੀਤਾ ਜਾ ਸਕਦਾ ਹੈ। ਇਸ ਕਰ ਕੇ ਸੂਬੇ ਦੀ ਸਿਆਸਤ 'ਚ ਜੋੜ-ਤੋੜ ਤੇ ਰਲੇਵਿਆਂ ਦਾ ਦੌਰ ਜਾਰੀ ਹੈ। ਸਿਆਸੀ ਪਰਟੀਆਂ ਨੇ ਚੋਣ ਮੁਹਿੰਮ ਨੂੰ ਭਖਾਉਣ ਦੇ ਨਾਲ-ਨਾਲ ਆਪੋ-ਆਪਣੀ ਜਿੱਤ ਨੂੰ ਲੈ ਕੇ ਅੰਦਰੂਨੀ ਤੌਰ 'ਤੇ ਦਿੱਲੀ ਦੀਆਂ ਨਾਮੀ ਕੰਪਨੀਆਂ ਕੋਲੋਂ ਸਰਵੇਖਣ ਕਰਵਾ ਲਿਆ ਹੈ ਤੇ ਕਈ ਮੁੜ ਸਰਵੇਖਣ ਕਰਵਾ ਰਹੇ ਹਨ।

ਪੰਜਾਬ ਵਿਚ ਇਸ ਵੇਲੇ ਸੱਤਾਧਾਰੀ ਅਕਾਲੀ ਦਲ ਕੋਲ 50 ਮੈਂਬਰ ਹਨ ਜਦਕਿ ਇਸ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਕੋਲ 19 ਸੀਟਾਂ ਹਨ। ਮਨਪ੍ਰੀਤ ਸਿੰਘ ਬਾਦਲ ਤੇ ਜਗਬੀਰ ਸਿੰਘ ਬਰਾੜ ਅਕਾਲੀ ਦਲ ਦਾ ਹਿੱਸਾ ਨਹੀਂ ਰਹੇ, ਇਸ ਕਰ ਕੇ ਹੁਣ ਬਾਦਲ ਦਲ ਦੇ 48 ਹੀ ਵਿਧਾਇਕ ਹਨ। ਉਂਜ, ਅਕਾਲੀ ਪਾਰਟੀ ਦੇ ਇਤਿਹਾਸ ਵਿਚ ਦੂਜੀ ਵਾਰ ਹੋ ਰਿਹਾ ਹੈ ਕਿ ਅਕਾਲੀਆਂ ਦੀ ਸਰਕਾਰ ਨੇ ਪੂਰੇ ਪੰਜ ਸਾਲ ਰਾਜ ਕੀਤਾ ਹੈ। ਦੂਜੇ ਪਾਸੇ ਵਿਰੋਧੀ ਧਿਰ ਕਾਂਗਰਸ ਕੋਲ 43 ਸੀਟਾਂ ਹਨ ਜਦਕਿ ਪੰਜ ਆਜ਼ਾਦ ਵਿਧਾਇਕ ਚੁਣੇ ਗਏ ਸਨ ਜਿਨ੍ਹਾਂ 'ਚੋਂ ਚਾਰਾਂ ਨੇ ਕਾਂਗਰਸ ਪਾਰਟੀ ਦਾ ਬਾਹਰੋਂ ਸਮਰਥਨ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਅੰਦਰਖਾਤੇ

(ਬਾਕੀ ਸਫਾ 6 'ਤੇ)

## ਡਾਲਰ ਦੇ ਮੁਕਾਬਲੇ ਰੁਪਏ ਵਿਚ ਰਿਕਾਰਡ ਗਿਰਾਵਟ

**ਮੁੰਬਈ:** ਅਮਰੀਕੀ ਡਾਲਰ ਦੇ ਮੁਕਾਬਲੇ ਭਾਰਤੀ ਰੁਪਿਆ ਮੰਗਲਵਾਰ ਰਿਕਾਰਡ ਪੱਧਰ 'ਤੇ ਹੇਠਾਂ ਡਿੱਗ ਕੇ 52.73 'ਤੇ ਪੁੱਜ ਗਿਆ। ਰੁਪਏ



ਦੀ ਕੀਮਤ ਲਗਾਤਾਰ ਡਿੱਗਣ ਬਾਰੇ ਭਾਰਤ ਦੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਹੈ ਕਿ ਭਾਰਤੀ ਰਿਜ਼ਰਵ ਬੈਂਕ ਦਾ ਕਦਮ ਵੀ ਹੁਣ ਰੁਪਏ ਨੂੰ ਡਿੱਗਣ ਤੋਂ ਨਹੀਂ ਰੋਕ ਸਕਦਾ। ਰੁਪਏ ਦੀ ਕੀਮਤ ਡਿੱਗਣ ਦਾ ਮੁੱਖ ਕਾਰਨ ਕੌਮਾਂਤਰੀ ਪੱਧਰ 'ਤੇ ਛਾਈ ਮੰਦੀ ਹੈ। ਉਨ੍ਹਾਂ ਅਫਸੋਸ ਜ਼ਾਹਿਰ ਕੀਤਾ ਕਿ ਭਾਰਤੀ ਬਾਜ਼ਾਰ ਵਿਚੋਂ ਵਿਦੇਸ਼ੀ ਨਿਵੇਸ਼ਕ ਹੱਥ ਖਿੱਚ ਰਹੇ ਹਨ।

(ਬਾਕੀ ਸਫਾ 6 'ਤੇ)

## ਭਾਰਤ ਫਿਰ ਕਬੱਡੀ ਚੈਂਪੀਅਨ

### ਬਾਲੀਵੁੱਡ ਦੇ ਠੁਮਕਿਆਂ ਤੇ ਡੋਪਿੰਗ ਨੇ ਪਾਇਆ ਰੰਗ ਵਿਚ ਭੰਗ

**ਚੰਡੀਗੜ੍ਹ (ਪਰਤਾਪ ਸਿੰਘ ਵਿਰਕ):** ਭਾਰਤ ਦੀ ਜਿੱਤ ਨਾਲ ਕਰੋੜਾਂ ਦਿਲਾਂ ਦੀ ਧੜਕਣ ਬਣ ਚੁੱਕਾ ਕਬੱਡੀ ਦਾ ਮਹਾਂਕੁੰਭ ਖ਼ਤਮ ਹੋ ਗਿਆ। ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਰਵਾਏ ਗਏ ਦੂਜੇ ਕਬੱਡੀ ਵਿਸ਼ਵ ਕੱਪ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਿਆਸੀ ਪੈਂਤੜੇ ਵਜੋਂ ਦੇਖਿਆ ਜਾ ਰਿਹਾ ਹੈ ਪਰ ਕਬੱਡੀ ਨੂੰ ਕੱਖਾਂ ਤੋਂ ਲੱਖਾਂ-ਕਰੋੜਾਂ ਦੀ ਕਰਨ ਵਾਲੇ ਇਸ ਉਦਮ ਨਾਲ ਜ਼ਾਹਰਾ ਤੌਰ 'ਤੇ ਪੰਜਾਬੀਆਂ ਵਿਚ ਬਿਗਾਨਗੀ ਦਾ ਦਰਦ ਹੰਢਾ ਰਹੀ ਮਾਂ ਖੇਡ ਨੂੰ ਬਣਦਾ ਰੁਤਬਾ ਮਿਲਿਆ ਹੈ। ਸਚਿਨ ਤੇ ਸਹਿਵਾਗ ਦੇ ਛੱਕੇ-ਚੌਕਿਆਂ ਦੀ ਚਰਚਾ ਕਰਨ ਵਾਲੀ ਮੰਡ੍ਹੀਰ ਦੀ ਜ਼ੁਬਾਨ 'ਤੇ ਹੁਣ ਮੰਗੀ ਤੇ ਬਿੱਟੂ ਦੇ ਜੱਫਿਆਂ ਦੀਆਂ ਗੱਲਾਂ ਹਨ।





*ਭਾਰਤ ਦੀ ਜੇਤੂ ਟੀਮ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਹੋਰ।*

ਪਿਛਲੀ ਵਾਰ ਵਾਲੇ ਪ੍ਰਦਰਸ਼ਨ ਨੂੰ ਦੁਹਰਾਉਂਦਿਆਂ ਦੂਜੇ ਵਿਸ਼ਵ ਕਬੱਡੀ ਕੱਪ ਦਾ ਖਿਤਾਬ ਭਾਰਤੀ ਟੀਮ ਨੇ ਆਪਣੀ ਝੋਲੀ ਪੁਆਇਆ ਹੈ। ਫਾਈਨਲ ਮੁਕਾਬਲੇ 'ਚ ਕੈਨੇਡਾ ਨੂੰ 59-25 ਦੇ ਫਰਕ ਨਾਲ ਹਰਾ ਕੇ ਮੁੰਡਿਆਂ ਦੀ ਟੀਮ ਵਿਸ਼ਵ ਚੈਂਪੀਅਨ ਬਣੀ। ਇਸ ਦੇ ਨਾਲ ਹੀ ਪਹਿਲੀ ਵਾਰ ਕਰਵਾਏ ਜਾ ਗਏ ਕੁੜੀਆਂ ਦੇ ਕਬੱਡੀ ਮੁਕਾਬਲਿਆਂ 'ਚ ਭਾਰਤੀ ਕੁੜੀਆਂ ਇੰਗਲੈਂਡ ਨੂੰ 41-17 ਦੇ ਫਰਕ ਨਾਲ ਹਰਾ ਕੇ 'ਜੱਗ ਜੇਤੂ' ਬਣੀਆਂ। ਮੁੰਡਿਆਂ ਦੇ ਮੁਕਾਬਲਿਆਂ 'ਚ ਪਾਕਿਸਤਾਨ ਨੇ ਇਟਲੀ ਨੂੰ 60-22 ਦੇ ਫਰਕ ਨਾਲ ਹਰਾ ਕੇ ਟੂਰਨਾਮੈਂਟ 'ਚ ਤੀਜੀ ਥਾਂ ਹਾਸਲ ਕੀਤੀ।

ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ 'ਚ 20 ਦਿਨਾਂ ਤੱਕ ਚੱਲੇ ਇਸ ਮਹਾਂਕੁੰਭ ਦੀ ਲੁਧਿਆਣਾ ਦੇ ਗੁਰੂ ਨਾਨਕ ਦੇਵ ਸਟੇਡੀਅਮ 'ਚ ਸਮਾਪਤੀ ਵੀ ਰੰਗਾ-ਰੰਗ ਅੰਦਾਜ਼ ਵਿਚ ਹੋਈ। ਖੇਡ ਪ੍ਰੇਮੀਆਂ ਦੇ ਬੇਮਿਸਾਲ ਇਕੱਠ ਨੇ ਜਿੱਥੇ ਕਬੱਡੀ ਦਾ ਖੂਬ ਆਨੰਦ ਮਾਣਿਆ, ਉਥੇ ਮੁੰਬਈ ਤੋਂ ਪੁੱਜੇ ਫਿਲਮੀ ਕਲਾਕਾਰ ਅਕਸ਼ੈ ਕੁਮਾਰ, ਦੀਪਿਕਾ ਪਾਦੂਕੋਨ ਤੇ ਚਿਤਰਾਂਗਦਾ ਸਿੰਘ ਨੇ

(ਬਾਕੀ ਸਫਾ 2 'ਤੇ)


**REAL ESTATE & HOME LOANS**



Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ



Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਭਾਰਤ ਫਿਰ ਕਬੱਡੀ ਚੈਂਪੀਅਨ

ਦਰਸ਼ਕਾਂ ਦਾ ਮਨੋਰੰਜਨ ਕੀਤਾ। ਨਾਲ ਹੀ ਫਿਲਮੀ ਕਲਾਕਾਰ ਤੇ ਗਾਇਕ ਹਰਭਜਨ ਮਾਨ ਨੇ ਪੰਜਾਬੀ ਗੀਤ ਗਾ ਕੇ ਚੰਗੀ ਵਾਹ ਵਾਹ ਖੱਟੀ। ਇਸ ਤੋਂ ਇਲਾਵਾ ਸਤਿੰਦਰ ਸੱਤੀ, ਰਾਜ ਬਰਾੜ ਤੇ ਆਰ.ਡੀ.ਬੀ. ਕੈਨੇਡਾ ਦੇ ਕਲਾਕਾਰਾਂ ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ।

ਵਿਸ਼ਵ ਕਬੱਡੀ ਕੱਪ ਦੇ ਫਾਈਨਲ ਮੈਚਾਂ ਵਿਚ ਜੇਤੂ ਟੀਮਾਂ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਨਾਮ ਵੰਡੇ। ਇਸ ਮੌਕੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ੁਜਾਤ ਹੁਸੈਨ, ਕੈਨੇਡਾ ਦੀ ਸਾਬਕਾ ਐਮ.ਪੀ. ਰੂਬੀ ਢੱਲਾ, ਮੈਂਬਰ ਪਾਰਲੀਮੈਂਟ ਕੈਨੇਡਾ ਟਿਮ ਉਪਲ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਅਤੇ ਬਿਕਰਮ ਸਿੰਘ ਮਜੀਠੀਆ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਦੂਜੇ ਵਿਸ਼ਵ ਕਬੱਡੀ ਕੱਪ ਦਾ ਆਗਾਜ਼ ਪਹਿਲੀ ਨਵੰਬਰ ਨੂੰ 'ਬਾਲੀਵੁੱਡ ਦੇ ਤੜਕੇ' ਨਾਲ ਹੋਇਆ ਸੀ। ਜਿਸ ਵੇਲੇ ਨਵੰਬਰ '84 ਦੇ ਸਿੱਖ ਕਤਲੇਆਮ ਦੇ ਪੀੜਤ ਦਿੱਲੀ ਦੇ ਇੰਡਿਆ ਗੇਟ 'ਤੇ ਮੋਮਬੱਤੀਆਂ ਬਾਲ ਕੇ ਇਸ ਅਣਮਨੁੱਖੀ ਵਰਤਾਰੇ ਦੀ ਵਰ੍ਹੇਗੰਢ ਮਨਾ ਰਹੇ ਸਨ, ਠੀਕ ਉਸੇ ਸਮੇਂ ਆਪਣੇ ਸਿਆਸੀ ਹਿੱਤਾਂ ਨੂੰ ਪਹਿਲ ਦਿੰਦੇ ਹੋਏ ਪੰਜਾਬ ਦੇ ਸੱਤਾਧਾਰੀ ਆਗੂ ਬਠਿੰਡਾ 'ਚ ਟੂਰਨਾਮੈਂਟ ਦੇ ਉਦਘਾਟਨ ਮੌਕੇ ਮੁੰਬਈ ਤੋਂ ਆਈਆਂ ਫਿਲਮੀ ਹਸਤੀਆਂ ਦੀਆਂ ਟਪੂਸੀਆਂ 'ਤੇ ਥਿਰਕ ਰਹੇ ਸਨ। ਇਉਂ ਸਿੱਖ ਜਗਤ ਵੱਲੋਂ ਆਲੋਚਨਾ ਦੇ ਸਿਲਸਿਲੇ ਨਾਲ ਬਠਿੰਡਾ ਸ਼ਹਿਰ 'ਚ ਬਹੁਕਰੋੜੀ ਕਬੱਡੀ ਮਹਾਂਕੁੰਭ ਦੀ ਸ਼ੁਰੂਆਤ ਹੋਈ।

ਇਸ ਵਾਰ ਪਹਿਲੇ ਵਿਸ਼ਵ ਕੱਪ ਨਾਲੋਂ ਜ਼ਿਆਦਾ ਟੀਮਾਂ ਜੁੜੀਆਂ। ਬੇਸ਼ਕ ਪਿਛਲੇ ਵਰ੍ਹੇ ਮੈਦਾਨ 'ਚ ਝੋਟਿਆਂ ਵਾਂਗ ਭਿੜਦੇ ਇਰਾਨੀ ਮੱਲ ਤਾਂ ਨਹੀਂ ਆਏ ਪਰ ਸ੍ਰੀਲੰਕਾ, ਨੇਪਾਲ, ਅਫਗਾਨਿਸਤਾਨ, ਜਰਮਨੀ, ਨਾਰਵੇ, ਅਰਜਨਟੀਨਾ, ਸਪੇਨ ਸਮੇਤ ਕੁੱਲ 14 ਟੀਮਾਂ ਨੇ ਟੂਰਨਾਮੈਂਟ 'ਚ ਸ਼ਮੂਲੀਅਤ ਕੀਤੀ। ਪੂਲ 'ਏ' ਤੇ ਪੂਲ 'ਬੀ' ਵਿਚ 7-7 ਟੀਮਾਂ ਨੂੰ ਵੰਡ ਕੇ ਟੂਰਨਾਮੈਂਟ ਦੀ ਸ਼ੁਰੂਆਤ ਹੋਈ ਤਾਂ ਸ਼ੁਰੂਆਤੀ ਮੈਚ 'ਚ ਹੀ ਪੰਜਾਬੀ ਚੋਬਰਾਂ ਨਾਲ ਭਰੀ ਅਮਰੀਕੀ ਟੀਮ ਨੇ ਖ਼ਿਤਾਬ ਦੀ ਦੌੜ 'ਚ ਸ਼ਾਮਲ ਹੁੰਦਿਆਂ ਲਹਿੰਦੇ ਪੰਜਾਬ ਦੀ ਟੀਮ ਦੇ ਖਿਡਾਰੀਆਂ ਦੀ ਚੰਗੀ ਖੰਬ ਠੱਪੀ ਪਰ ਇਸ ਦੇ ਨਾਲ ਹੀ ਚਰਚਾ ਛਿੜ ਗਈ ਕਿ ਅਮਰੀਕੀ ਖਿਡਾਰੀ ਨਸ਼ਾ ਕਰਕੇ ਖੇਡੇ ਹਨ।

ਇਸ ਚਰਚਾ ਤੋਂ ਬਾਅਦ ਟੂਰਨਾਮੈਂਟ ਦੀਆਂ ਟੀਮਾਂ ਦੇ ਡੋਪ ਟੈਸਟ ਸ਼ੁਰੂ ਕੀਤੇ ਗਏ ਤਾਂ ਡੋਪਿੰਗ ਦਾ ਕਾਲਾ ਧੱਬਾ ਪੰਜਾਬ ਦੀ ਇਸ ਰਵਾਇਤੀ ਖੇਡ ਦੇ ਮਾਣਮੱਤੇ ਇਤਿਹਾਸ 'ਚ ਜੁੜ ਗਿਆ। ਚੰਗਾ ਖੇਡ ਰਹੀ ਆਸਟਰੇਲੀਆ ਦੀ ਪੂਰੀ ਟੀਮ ਨੂੰ ਹੀ ਜਿਥੇ ਟੂਰਨਾਮੈਂਟ 'ਚੋਂ ਬਾਹਰ ਕਰ ਦਿੱਤਾ ਗਿਆ, ਉਥੇ ਟੂਰਨਾਮੈਂਟ 'ਚ ਵੱਡੇ ਉਲਟ-ਫੇਰ ਕਰ ਚੁੱਕੀ ਅਮਰੀਕੀ ਟੀਮ ਨੇ ਡੋਪ ਟੈਸਟ ਦੇਣ ਤੋਂ ਹੀ ਸਾਫ ਇਨਕਾਰ ਕਰ ਦਿੱਤਾ ਜਿਸ ਕਰਕੇ ਅਮਰੀਕੀ ਟੀਮ ਨੂੰ ਵੀ ਟੂਰਨਾਮੈਂਟ 'ਚੋਂ ਮੁਅੱਤਲ ਕਰ ਦਿੱਤਾ ਗਿਆ।

ਇਸ ਤੋਂ ਬਾਅਦ ਭਰੇ ਪੀਤੇ ਅਮਰੀਕੀ ਖਿਡਾਰੀਆਂ ਨੇ ਵਿਸ਼ਵ ਕੱਪ ਦੀ ਸਾਰਥਕਤਾ ਨੂੰ ਹੀ ਸਵਾਲਾਂ ਦੇ ਘੇਰੇ 'ਚ ਲਿਆ ਖੜ੍ਹਾ ਕੀਤਾ; ਇਥੋਂ ਤੱਕ ਕਿ ਟੂਰਨਾਮੈਂਟ ਨੂੰ 'ਫਿਕਸ' ਦੱਸਦਿਆਂ ਇਹ ਇਲਜ਼ਾਮ ਵੀ ਲਾਏ ਗਏ ਕਿ ਪ੍ਰਬੰਧਕੀ ਕਮੇਟੀ ਪਾਕਿਸਤਾਨ ਅਤੇ ਭਾਰਤੀ ਟੀਮ ਵਿਚਾਲੇ ਫਾਈਨਲ ਮੈਚ ਕਰਵਾਉਣਾ ਚਾਹੁੰਦੀ ਹੈ ਜਿਸ ਕਾਰਨ ਉਨ੍ਹਾਂ ਨਾਲ ਡੋਪਿੰਗ ਦੇ ਬਹਾਨੇ ਧੱਕੇਸ਼ਾਹੀ ਕੀਤੀ ਗਈ ਹੈ। ਨਿਯਮਾਂ ਦੇ ਨਜ਼ਰੀਏ ਤੋਂ ਵੀ ਕਿਸੇ ਟੀਮ ਦੇ ਮਹਿਜ਼ ਦੋ ਖਿਡਾਰੀਆਂ ਦੇ ਹੀ ਡੋਪ ਟੈਸਟ ਲਏ ਜਾ ਸਕਦੇ ਹਨ ਜਦਕਿ ਅਮਰੀਕੀ ਟੀਮ ਦੇ ਪੰਜ ਖਿਡਾਰੀਆਂ ਦੇ ਡੋਪ ਟੈਸਟ ਮੰਗੇ ਗਏ ਸਨ।

ਇਸ ਦੇ ਨਾਲ ਹੀ ਜਿਸ ਵੇਲੇ ਅਮਰੀਕੀ ਟੀਮ ਨੂੰ ਟੂਰਨਾਮੈਂਟ 'ਚੋਂ ਬਾਹਰ ਕੀਤਾ ਗਿਆ, ਉਸ ਵੇਲੇ ਆਪਣੇ ਛੇ ਦੇ ਛੇ ਲੀਗ ਮੈਚ ਜਿੱਤ ਕੇ ਉਹ ਪੂਲ 'ਬੀ' ਵਿਚ ਮੋਹਰੀ ਸੀ। ਬੇਸ਼ੱਕ ਭਾਰਤ, ਇੰਗਲੈਂਡ, ਕੈਨੇਡਾ, ਪਾਕਿਸਤਾਨ, ਅਮਰੀਕਾ ਦੀਆਂ ਟੀਮਾਂ ਹੀ ਕਬੱਡੀ ਦੇ ਖੇਤਰ 'ਚ ਮਿਆਰੀ ਪਛਾਣ ਰੱਖਦੀਆਂ ਸਨ ਪਰ ਬਾਕੀ ਟੀਮਾਂ ਦੇ ਕੁਝ ਖਿਡਾਰੀਆਂ ਦੀ ਖੇਡ ਵੀ ਸਲਾਹੁਣਯੋਗ ਸੀ। ਅਮਰੀਕਾ ਦੀ ਰੁਖ਼ਸਤ ਤੋਂ ਬਾਅਦ ਪੂਲ 'ਬੀ' 'ਚੋਂ ਪਾਕਿਸਤਾਨ ਤੇ ਇਟਲੀ ਅਤੇ ਪੂਲ 'ਏ' 'ਚੋਂ ਭਾਰਤ ਤੇ ਕੈਨੇਡਾ ਸੈਮੀਫਾਈਨਲ ਲਈ ਨਿੱਤਰੀਆਂ।

ਕਿਆਸ ਇਹ ਲਾਏ ਜਾ ਰਹੇ ਸਨ ਕਿ ਫਾਈਨਲ 'ਚ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਟੀਮਾਂ ਭਿੜਨਗੀਆਂ ਪਰ ਕੈਨੇਡਾ ਦੇ ਗੱਭਰੂਆਂ ਨੇ ਸਭ ਦੇ ਭੁਲੇਖੇ ਦੂਰ ਕਰਦਿਆਂ ਪਾਕਿਸਤਾਨ ਨੂੰ ਬੁਰੀ ਤਰ੍ਹਾਂ ਹਰਾਉਂਦਿਆਂ ਖ਼ਿਤਾਬੀ ਦੌੜ 'ਚੋਂ ਬਾਹਰ ਕਰ ਦਿੱਤਾ ਅਤੇ ਫਾਈਨਲ 'ਚ ਭਾਰਤ ਤੇ ਕੈਨੇਡਾ ਦੀਆਂ ਟੀਮਾਂ ਪਹੁੰਚੀਆਂ। ਕੈਨੇਡਾ ਦੇ ਕੁਝ ਖਿਡਾਰੀ ਡੋਪ ਟੈਸਟ ਦੀ ਲਪੇਟ ਵਿਚ ਆ ਜਾਣ ਕਾਰਨ ਕੈਨੇਡਾ ਦੀ ਟੀਮ ਸਿਰਫ ਅੱਠ ਖਿਡਾਰੀਆਂ ਨਾਲ ਹੀ ਮੈਦਾਨ 'ਚ ਉਤਰੀ।

ਭਾਰਤ ਵੱਲੋਂ ਧਾਵੀ ਕਪਤਾਨ ਸੁਖਬੀਰ ਸਿੰਘ ਸਰਾਵਾਂ, ਦੁੱਲਾ ਸੁਰਖਪੁਰੀਆ, ਗੁਰਲਾਲ ਘਨੌਰ, ਸੰਦੀਪ ਦਿੜ੍ਹਬਾ ਤੇ ਜਾਫੀਆਂ 'ਚ ਏਕਮ ਹਠੂਰ, ਮੰਗਤ ਮੰਗੀ ਨੇ ਆਪਣੀ ਖੇਡ ਕਲਾ ਰਾਹੀਂ ਦਰਸ਼ਕਾਂ ਦੇ ਮਨ ਮੋਹ ਲਏ। ਕੈਨੇਡਾ ਦੀ ਟੀਮ ਵਿਚ ਦੀਪਾ ਬਧਨੀ, ਜੱਸਾ ਸਿਧਵਾਂ, ਕਿੰਦਾ ਬਿਹਾਰੀਪੁਰੀਆ ਤੇ ਜਾਫੀ ਬਲਜੀਤ ਸੱਦੋਕੇ, ਸੰਦੀਪ ਗੁਰਦਾਸਪੁਰੀ ਤੇ ਹਰਦੀਪ ਤਾਊ ਨੇ ਬਹੁਤ ਹੀ ਸੁਚੱਜੀ ਖੇਡ ਦਾ ਪ੍ਰਦਰਸ਼ਨ ਕੀਤਾ।

ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਉਦੇਸ਼ ਮਾਂ ਖੇਡ ਕਬੱਡੀ ਨੂੰ ਉਲੰਪਿਕ ਖੇਡਾਂ 'ਚ ਸ਼ਾਮਲ ਕਰਵਾਉਣਾ ਹੈ ਤੇ 2016 ਉਲੰਪਿਕ ਤੱਕ ਯਕੀਨਨ ਇਹ ਖੇਡ ਉਲੰਪਿਕ ਵਿਚ ਸ਼ਾਮਲ ਹੋਵੇਗੀ। ਕਬੱਡੀ ਤੋਂ ਬਾਅਦ ਹੁਣ ਉਹ ਕੌਮਾਂਤਰੀ ਪੱਧਰ ਦਾ ਪੰਜਾਬ ਹਾਕੀ ਕੱਪ ਕਰਵਾਉਣਗੇ ਜਿਸ ਵਿਚ ਛੇ ਮੁਲਕਾਂ ਦੀਆਂ ਟੀਮਾਂ ਨੂੰ ਸੱਦਿਆ ਜਾਵੇਗਾ। ਜੇਤੂ ਟੀਮਾਂ ਦੇ ਸਾਰੇ ਖਿਡਾਰੀਆਂ ਨੂੰ ਵਧੀਆ ਸਰਕਾਰੀ ਨੌਕਰੀਆਂ ਦਿੱਤੀਆਂ ਜਾਣਗੀਆਂ।



ਵਿਸ਼ਵ ਕਬੱਡੀ ਕੱਪ ਮੁਕਾਬਲੇ 'ਚ ਦੂਜੇ ਥਾਂ ਰਹੀ ਕੈਨੇਡਾ ਦੀ ਟੀਮ




ਵਿਸ਼ਵ ਕਬੱਡੀ ਚੈਂਪੀਅਨ ਬਣੀ ਕੁੜੀਆਂ ਦੀ ਭਾਰਤੀ ਟੀਮ

# ਵਿਸ਼ਵ ਕਬੱਡੀ ਕੱਪ 'ਚ ਉਪ ਜੇਤੂ ਟੀਮ ਦਾ ਸਨਮਾਨ

**ਜਲੰਧਰ:** ਹਾਲ ਹੀ ਵਿਚ ਸੰਪਨ ਹੋਏ ਦੂਜੇ ਵਿਸ਼ਵ ਕਬੱਡੀ ਕੱਪ ਵਿਚ ਦੂਜੇ ਥਾਂ ਆਈ ਕੈਨੇਡਾ ਦੀ ਕਬੱਡੀ ਟੀਮ ਦਾ ਇਥੇ ਗੋਲਡ ਜਿੰਮ ਵਿਚ ਉਚੇਚਾ ਸਨਮਾਨ ਕੀਤਾ ਗਿਆ। ਜਿੰਮ ਦੇ ਐਮ. ਡੀ. ਮਨਵਿੰਦਰ ਸਿੰਘ ਬੱਲ ਨੇ ਕਿਹਾ ਕਿ ਕੈਨੇਡਾ ਦੀ ਟੀਮ ਨੇ ਕਬੱਡੀ ਦੀ ਖੇਡ ਵਿਚ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਗੋਲਡ ਜਿੰਮ ਵੱਲੋਂ ਕੈਨੇਡਾ ਦੀ ਪੂਰੀ ਟੀਮ, ਇਸ ਦੇ ਕੋਚ ਅਤੇ ਮੈਨੇਜਰ ਨੂੰ ਗੋਲਡ ਜਿੰਮ ਜਲੰਧਰ, ਮੁਹਾਲੀ ਅਤੇ ਲੁਧਿਆਣਾ ਦੀ ਮੈਂਬਰਸ਼ਿਪ ਦਿੱਤੀ ਜਾ ਰਹੀ ਹੈ। ਜਿੰਮ ਦੇ ਮਾਲਕ ਸ੍ਰੀ ਅਮੋਲਕ ਸਿੰਘ ਗਾਖਲ ਜੋ ਖੁਦ ਕਬੱਡੀ ਪ੍ਰੋਮੋਟਰ ਹਨ ਅਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਹਨ, ਨੇ ਭੇਜੇ ਇਕ ਸੁਨੇਹੇ ਵਿਚ ਸਮੂਹ ਕਬੱਡੀ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਚੰਗੀ ਖੁਰਾਕ ਖਾ ਕੇ ਆਪਣਾ ਸਰੀਰ ਬਣਾਉਣ ਦੀ ਨਸੀਹਤ ਕੀਤੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜਦੋਂ ਵੀ ਕੋਈ ਨਸ਼ਾ ਮੁਕਤ ਪਰਵਾਸੀ ਭਾਰਤੀ ਖਿਡਾਰੀ ਇੰਡਿਆ ਜਾਵੇ, ਉਸ ਨੂੰ ਗੋਲਡ ਜਿੰਮ ਦੀ ਸਹੂਲਤ ਦਾ ਫਾਇਦਾ ਉਠਾਉਣ ਲਈ ਗੋਲਡ ਜਿੰਮ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਇਸ ਮੌਕੇ ਕੈਨੇਡਾ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਜੋਗਾ ਸਿੰਘ ਕੰਗ, ਟੀਮ ਦੇ ਕੋਚ ਪਰਮਜੀਤ ਸਿੰਘ ਪੰਮਾ ਦਿਓਲ, ਮਿਅੰਕ ਗੁਪਤਾ, ਜੱਸ ਸੋਹਲ, ਤੀਰਥ ਗਾਖਲ, ਨੱਥਾ ਸਿੰਘ ਗਾਖਲ, ਭਰਤ ਰਾਜਪੂਤ, ਸ੍ਰੀਮਤੀ ਬਿੰਦੂ ਕੋਹਲੀ, ਸੈਮ ਸਮਰਾ, ਪੰਮਾ, ਕਿੰਦਾ ਬਿਹਾਰੀਪੁਰ, ਹਰਦੀਪ ਤਾਊ, ਸੰਦੀਪ ਲੱਲੀਆਂ, ਲਾਲੀ ਢੇਸੀ ਪ੍ਰਧਾਨ ਜੱਗ ਕਬੱਡੀ ਕਲੱਬ, ਪੀ. ਐਸ. ਪੁਰੇਵਾਲ, ਬਿੱਕਰ ਸਿੰਘ ਪਰਹਾਰ ਤੇ ਹੋਰ ਖੇਡ ਪ੍ਰੇਮੀ ਹਾਜ਼ਰ ਸਨ।



ਦੂਜੇ ਵਿਸ਼ਵ ਕਬੱਡੀ ਕੱਪ ਵਿਚ ਉਪ ਜੇਤੂ ਕੈਨੇਡਾ ਦੀ ਕਬੱਡੀ ਟੀਮ ਦਾ ਗੋਲਡ ਜਿੰਮ ਜਲੰਧਰ ਵਿਚ ਸਨਮਾਨ

# ਅਮਰਿੰਦਰ ਨੇ ਬਾਦਲਾਂ ਨੂੰ ਵੰਗਾਰਿਆ

**ਚੰਡੀਗੜ੍ਹ:** ਕਾਂਗਰਸ ਵੱਲੋਂ ਕੀਤੀ ਜਾ ਰਹੀ 'ਪੰਜਾਬ ਬਚਾਓ ਯਾਤਰਾ' ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ ਜਿਸ ਤੋਂ ਉਤਸ਼ਾਹਿਤ ਹੋ ਕੇ ਕਾਂਗਰਸੀਆਂ ਨੇ ਸੱਤਾਧਾਰੀ ਅਕਾਲੀਆਂ ਨੂੰ 'ਲਲਕਾਰੇ' ਮਾਰਨੇ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਰੈਲੀਆਂ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਜਿੱਥੇ ਅਕਾਲੀ ਸਰਕਾਰ ਦੇ ਵਿਕਾਸ ਕਾਰਜਾਂ ਦੀ ਪੋਲ ਖੋਲ੍ਹ ਰਹੇ ਹਨ, ਉਥੇ ਕਾਂਗਰਸੀ ਵਰਕਰਾਂ ਨੂੰ 'ਡਾਂਗਾਂ' ਚੁੱਕਣ ਲਈ ਵੀ ਪ੍ਰੇਰ ਰਹੇ ਹਨ। ਉਲੀਕੇ ਪ੍ਰੋਗਰਾਮ ਤਹਿਤ 117 ਵਿਧਾਨ ਸਭਾ ਹਲਕਿਆਂ ਵਿਚੋਂ 70 ਦੇ ਕਰੀਬ ਹਲਕਿਆਂ ਵਿਚ ਯਾਤਰਾ ਪੂਰੀ ਹੋ ਚੁੱਕੀ ਹੈ।



ਕੈਪਟਨ ਨੇ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਨੂੰ 'ਬਲੂੰਗੜਾ' ਆਖਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਸਰਪ੍ਰਸਤੀ ਹੇਠ ਚੱਲ ਰਹੀ ਐਸ.ਓ.ਆਈ. ਵਿਚ ਪੰਜਾਬ ਦੇ ਬਦਮਾਸ਼ਾਂ ਨੂੰ ਭਰਤੀ ਕੀਤਾ ਗਿਆ ਹੈ ਜਿਸ ਦੇ ਸਹਾਰੇ ਸੁਖਬੀਰ ਚੋਣਾਂ ਜਿੱਤਣ ਦੇ ਸੁਫਨੇ ਲੈ ਰਹੇ ਹਨ ਪਰ ਇਸ ਵਾਰੀ ਕਾਂਗਰਸ ਪੂਰੀ ਤਿਆਰੀ ਨਾਲ ਮੈਦਾਨ ਵਿਚ ਆ ਰਹੀ ਹੈ ਜੋ ਅਕਾਲੀਆਂ ਦੀ ਇੱਟ ਦਾ ਜਵਾਬ ਕਾਂਗਰਸ ਪੱਥਰ ਨਾਲ ਦੇਵੇਗੀ।

ਕੈਪਟਨ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੈਰ-ਪੈਰ 'ਤੇ ਝੂਠ ਬੋਲਦੇ ਹਨ। ਸੁਖਬੀਰ ਬਾਦਲ ਵੱਲੋਂ ਲੰਬੀ ਹਲਕੇ ਤੋਂ ਚੋਣ ਲੜਨ ਲਈ ਵੰਗਾਰਨ ਦੇ ਜਵਾਬ ਵਿਚ ਕੈਪਟਨ ਨੇ ਆਖਿਆ ਹੈ ਕਿ ਉਨ੍ਹਾਂ ਵਿਚ ਏਨੀ ਹਿੰਮਤ ਹੈ ਕਿ ਉਹ 'ਬਾਦਲਾਂ' ਦੇ ਗੜ੍ਹ ਵਿਚ ਜਾ ਕੇ ਜਿੱਤ ਸਕਦੇ ਹਨ। ਜੇ ਹਿੰਮਤ ਹੈ ਤਾਂ ਸੁਖਬੀਰ ਪਟਿਆਲੇ ਤੋਂ ਚੋਣ ਲੜ ਕੇ ਵਿਖਾਉਣ।

ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ 'ਚ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਦਾ ਫੈਸਲਾ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਕਰੇਗੀ ਜੋ ਸਾਰਿਆਂ ਨੂੰ ਮੰਨਣਯੋਗ ਹੋਵੇਗਾ।

ਕੈਪਟਨ ਇਹ ਵੀ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਪੰਜਾਬ ਦੇ ਗੁੰਝਲਦਾਰ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਕੇ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗੱਠਜੋੜ ਦੇ ਆਗੂਆਂ ਵੱਲੋਂ ਪੰਜਾਬ ਨੂੰ ਯੋਜਨਾਬੱਧ ਢੰਗ ਨਾਲ ਲੁੱਟਿਆ ਜਾ ਰਿਹਾ ਹੈ ਤੇ ਸੂਬੇ ਦਾ 10 ਹਜ਼ਾਰ ਕਰੋੜ ਰੁਪਿਆ ਅਕਾਲੀ ਆਗੂਆਂ ਨੇ ਆਪਣੀਆਂ ਜੇਬਾਂ ਵਿਚ ਪਾਇਆ ਹੈ ਜਿਸ ਦਾ ਸਮਾਂ ਆਉਣ 'ਤੇ ਮਜ਼ਬੂਤ ਲੋਕ ਪਾਲ ਦੇ ਗਠਨ ਨਾਲ ਹਿਸਾਬ ਲਿਆ ਜਾਵੇਗਾ ਤੇ ਸਾਰਾ ਲੁੱਟਿਆ ਪੈਸਾ ਵਾਪਸ ਲਿਆ ਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਇਆ ਜਾਵੇਗਾ।

ਉਨ੍ਹਾਂ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਤੇ ਉੱਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੂੰ ਨਾਟਕੀ ਤੇ ਢੌਂਗੀ ਆਗੂ ਕਰਾਰ ਦਿੰਦਿਆਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਵਾਂਗ ਦਰਬਾਰ ਲਾ ਕੇ ਸੰਗਤ ਦਰਸ਼ਨ ਦੇ ਨਾਂ 'ਤੇ ਭਰਮਾਉਣ ਵਾਲੇ ਦੋਵੇਂ ਪਿਓ-ਪੁੱਤ ਚੋਰ, ਲੁਟੇਰੇ ਤੇ ਡਾਕੂ ਹਨ ਜਿਨ੍ਹਾਂ ਪੰਜਾਬ ਦੀ ਹਰੇਕ ਸੰਪਤੀ 'ਤੇ ਨਜਾਇਜ਼ ਢੰਗ ਨਾਲ ਕਬਜ਼ਾ ਕੀਤਾ ਹੋਇਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਰਕਾਰ ਬਣਨ 'ਤੇ ਬਾਦਲ ਪਰਿਵਾਰ ਦੇ ਟਰਾਂਸਪੋਰਟ, ਸ਼ਰਾਬ, ਰੇਤ ਦੀਆਂ ਖੱਡਾਂ 'ਤੇ ਕਬਜ਼ੇ ਖਤਮ ਕੀਤੇ ਜਾਣਗੇ ਤੇ ਉਨ੍ਹਾਂ ਦੇ ਕੇਬਲ ਨੈੱਟਵਰਕ 'ਤੇ ਕਬਜ਼ੇ ਨੂੰ ਖ਼ਤਮ ਕਰਕੇ ਪ੍ਰੈੱਸ ਦੀ ਅਜ਼ਾਦੀ ਬਹਾਲ ਕੀਤੀ ਜਾਵੇਗੀ। ਉਨ੍ਹਾਂ ਅਕਾਲੀ ਆਗੂਆਂ 'ਤੇ ਪੰਜਾਬ ਦੇ ਟੁਕੜੇ ਕਰਨ, ਪੰਜਾਬ ਵਿਚ ਅਤਿਵਾਦ ਫ਼ੈਲਾਉਣ ਤੇ ਆਰਥਿਕ ਤੌਰ 'ਤੇ ਤਬਾਹ ਕਰਨ ਦੇ ਦੋਸ਼ ਲਾਏ ਤੇ ਕਿਹਾ ਕਿ 2 ਕਰੋੜ 72 ਲੱਖ ਦੀ ਅਬਾਦੀ ਵਾਲੇ ਸੂਬੇ 'ਚ 47 ਲੱਖ ਪੜ੍ਹੇ ਲਿਖੇ ਬੇਰੁਜ਼ਗਾਰ ਹਨ ਤੇ ਪੰਜਾਬ ਦਾ ਕਿਸਾਨ, ਵਪਾਰੀ, ਮਜ਼ਦੂਰ, ਮੁਲਾਜ਼ਮ ਤੇ ਵਿਦਿਆਰਥੀ ਵਰਗ ਨਿਰਾਸ਼ ਹੈ।

# ਕਬੱਡੀ ਕੱਪ ਦੀ ਮਲਾਈ ਬਾਲੀਵੁੱਡ ਦੇ ਸਿਤਾਰਿਆਂ ਨੇ ਲਾਹੀ

## ਦੂਜਾ ਕਬੱਡੀ ਵਿਸ਼ਵ ਕੱਪ ਵੇਖਦਿਆਂ

**ਪ੍ਰਿੰ. ਸਰਵਣ ਸਿੰਘ**

ਦੂਜੇ ਕਬੱਡੀ ਵਿਸ਼ਵ ਕੱਪ ਵਿਚ ਅਸਲ ਕਮਾਈ ਬਾਲੀਵੁੱਡ ਸਿਤਾਰਿਆਂ ਨੇ ਕੀਤੀ। ਸ਼ਾਹਰੁਖ ਖਾਨ ਤੇ ਅਕਸ਼ੈ ਕੁਮਾਰ ਹੋਰੀਂ ਕਬੱਡੀ ਕੱਪ ਰਾਹੀਂ ਆਪੋ ਆਪਣੀਆਂ ਫਿਲਮਾਂ ਦੀ ਮਸ਼ਹੂਰੀ ਕਰ ਗਏ ਤੇ ਕਰੋੜਾਂ ਰੁਪਏ ਵਸੂਲਣ ਦੇ ਨਾਲ ਬੱਲੇ ਬੱਲੇ ਵਾਧੂ ਦੀ ਕਰਵਾ ਗਏ। ਉਨ੍ਹਾਂ ਦੀ ਬੁਲਾਈ ਸਾਸਰੀ ਕਾਲ ਲੱਖਾਂ ਰੁਪਈਆਂ 'ਚ ਪਈ। ਦੀਪਕਾ ਪਾਦੁਕੋਣ ਤੇ ਚਿਤਰਾਂਗਦਾ ਦੀ ਮੂੰਹ ਵਿਖਾਈ ਹੀ ਕਬੱਡੀ ਦੀਆਂ ਖਿਡਾਰਨਾਂ ਦੇ ਇਨਾਮਾਂ ਤੋਂ ਵਧ ਗਈ। ਉਨ੍ਹਾਂ ਲਈ ਤਾਂ ਅਜਿਹੇ ਕੱਪ ਆਏ ਸਾਲ ਨਹੀਂ ਆਏ ਮਹੀਨੇ ਹੀ ਹੁੰਦੇ ਰਹਿਣ।

ਕਬੱਡੀ ਦੇ ਵਿਸ਼ਵ ਕੱਪ ਤੋਂ ਬਥੇਰਿਆਂ ਨੇ ਕੁਝ ਨਾ ਕੁਝ ਖੱਟਿਆ। ਖਿਡਾਰੀਆਂ ਨੂੰ ਇਨਾਮ ਮਿਲੇ, ਟੀ ਵੀ ਦੇ ਪੀ. ਟੀ. ਸੀ. ਚੈਨਲ ਨੂੰ ਇਸ਼ਤਿਹਾਰ ਤੇ ਰਾਜ ਕਰਦੀ ਪਾਰਟੀ ਨੂੰ ਪ੍ਰਚਾਰ ਦੇ ਮੌਕੇ। ਲੱਖਾਂ ਲੋਕਾਂ ਨੂੰ ਜੱਫੋਜੱਫੀ ਹੋਣ ਵਾਲੀ ਧੱਕੜ ਖੇਡ ਦਾ ਮਨੋਰੰਜਨ ਮਿਲਿਆ। ਟੀ ਵੀ ਤੋਂ ਕਬੱਡੀ ਦੇ ਨਜ਼ਾਰੇ ਵੇਖ ਕੇ ਬੱਚੇ ਬੀਹੀਆਂ, ਵਿਹੜਿਆਂ ਤੇ ਖੇਡ ਮੈਦਾਨਾਂ ਵਿਚ ਕੌਡੀ ਕੌਡੀ ਕਰਨ ਲੱਗੇ। ਕਬੱਡੀ ਜਿਹੜੀ ਕੱਖਾਂ ਦੀ ਖੇਡ ਸੀ ਲੱਖਾਂ ਦੀ ਹੁੰਦੀ ਹੋਈ ਹੁਣ ਕਰੋੜਾਂ ਦੀ ਹੋ ਗਈ ਹੈ। ਦੋ ਕਰੋੜ ਦਾ ਪਹਿਲਾ ਇਨਾਮ ਕਹਿ ਦੇਣੀ ਗੱਲ ਹੈ। ਕੁਲ ਇਨਾਮ ਚਾਰ ਕਰੋੜ ਤੋਂ ਵੱਧ, ਗਿਣਨ ਲੱਗੀਏ ਤਾਂ ਸਾਰੇ ਪਿੰਡ ਦਾ ਬੁੱਕ ਮੁੱਕਜੇ!

ਇਹ ਤਾਂ ਪਤਾ ਹੀ ਸੀ ਕਿ ਰਾਜ ਕਰਦੀ ਪਾਰਟੀ ਦੀ ਅੱਖ ਕਬੱਡੀ ਕੱਪ ਰਾਹੀਂ ਵੋਟਰਾਂ ਦੀ ਵੋਟ ਉਤੇ ਹੋਵੇਗੀ ਪਰ ਇਹ ਨਹੀਂ ਸੀ ਪਤਾ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਤੇ ਖੇਡ ਮੰਤਰੀ ਸ. ਸੁਖਬੀਰ ਸਿੰਘ ਬਾਦਲ ਕਬੱਡੀ ਦਾ ਦਾਇਰਾ ਖੁੱਲ੍ਹਾ ਕਰਨ ਦੇ ਨਾਲ ਏਨਾ ਖੁੱਲ੍ਹ ਕੇ ਖੇਡਣਗੇ! ਜਿਥੇ ਕਬੱਡੀ ਦੇ ਖਿਡਾਰੀ ਜ਼ੋਰਦਾਰ ਧਾਵੇ ਬੋਲਦੇ ਤੇ ਜਰਵਾਣੇ ਜਾਫੀ ਜੱਫਿਆਂ ਦੇ ਜਕੜਬੰਦ ਲਾਉਂਦੇ ਉਥੇ ਬਾਦਲ ਸਾਹਿਬ ਵੀ ਗੱਜ ਵੱਜ ਕੇ ਭਾਸ਼ਨ ਦਿੰਦੇ। ਉਨ੍ਹਾਂ ਦੀ ਸੁਰ ਉਚੀ ਹੁੰਦੀ ਤੇ ਉਹ ਵਾਰ ਵਾਰ ਕਹਿੰਦੇ, "ਦੋ ਸਾਲ ਪਹਿਲਾਂ ਕਬੱਡੀ ਨੂੰ ਕੋਈ ਪਿੰਡਾਂ ਤੋਂ 'ਗਾਂਹ ਨਹੀਂ ਸੀ ਜਾਣਦਾ। ਪੰਜਾਬ ਸਰਕਾਰ ਵੱਲੋਂ ਕਬੱਡੀ ਦੇ ਵਿਸ਼ਵ ਕੱਪ ਕਰਾਉਣ ਨਾਲ ਦੋ ਸਾਲਾਂ 'ਚ ਕਬੱਡੀ ਨੂੰ ਸਾਰੀ ਦੁਨੀਆਂ ਜਾਨਣ ਲੱਗ ਪਈ ਹੈ। ਸ੍ਰੀਲੰਕਾ, ਨੇਪਾਲ, ਅਫਗਾਨਿਸਤਾਨ ਤੇ ਦੂਰ ਦੁਰਾਡੇ ਦੇ ਅਰਜਨਟੀਨਾ ਵਰਗੇ ਮੁਲਕ ਵੀ ਪੰਜਾਬੀਆਂ ਦੀ ਸ਼ਾਮਲ ਕਰਾ ਹੀ ਦੇਣਗੇ। ਕਬੱਡੀ ਕਾਮਨਵੈਲਥ ਖੇਡਾਂ ਵਿਚ ਵੀ ਖਿਡਾਈ ਜਾਵੇਗੀ। ਅਜਿਹਾ ਹੋ ਜਾਵੇ ਤਾਂ ਕਿਆ ਰੀਸਾਂ ਸੁਖਬੀਰ ਸਿੰਘ ਬਾਦਲ ਦੀਆਂ! ਫਿਰ ਤਾਂ ਕਬੱਡੀ ਜਗਤ ਵਿਚ ਬਾਦਲ ਸਾਹਿਬ ਦੀ ਧੰਨ ਧੰਨ ਹੋ ਜਾਵੇਗੀ!! 2016 ਦੀਆਂ ਓਲੰਪਿਕ ਖੇਡਾਂ ਬਰਜ਼ੀਲ ਦੇ ਸ਼ਹਿਰ ਰਿਓ ਡਿ ਜਨੇਰਿਓ ਵਿਚ ਹੋਣੀਆਂ ਹਨ। ਉਹ ਓਲੰਪਿਕ ਖੇਡਾਂ ਵਿਚ ਸ਼ਾਮਲ ਕਰਨ ਵਾਲੀਆਂ ਖੇਡਾਂ ਦਾ ਪ੍ਰੋਗਰਾਮ



ਸੁਖਬੀਰ ਬਾਦਲ ਅਕਸ਼ੈ ਕੁਮਾਰ ਨਾਲ ਜੀਪ ਦੀ ਸਵਾਰੀ ਕਰਦਿਆਂ

ਮਾਂ ਖੇਡ ਕਬੱਡੀ ਖੇਡਣ ਲੱਗ ਪਏ ਹਨ। ਉਹ ਦਿਨ ਦੂਰ ਨਹੀਂ ਜਦੋਂ ਕਬੱਡੀ ਓਲੰਪਿਕ ਖੇਡਾਂ ਵਿਚ ਸ਼ਾਮਲ ਹੋਵੇਗੀ ਤੇ ਉਸ ਦਾ ਪਹਿਲਾ ਗੋਲਡ ਮੈਡਲ ਪੰਜਾਬੀ ਖਿਡਾਰੀਆਂ ਰਾਹੀਂ ਇੰਡੀਆ ਜਿੱਤੇਗਾ।"

ਬਾਦਲ ਸਾਹਿਬ ਤਾਂ ਏਨੇ ਉਤਸ਼ਾਹ ਵਿਚ ਹਨ ਕਿ ਕਈ ਥਾਈਂ ਕਹਿ ਚੁੱਕੇ ਹਨ ਪਈ ਕਬੱਡੀ ਸਰਕਲ ਸਟਾਈਲ ਨੂੰ 2014 ਦੀਆਂ ਏਸ਼ਿਆਈ ਖੇਡਾਂ ਤੇ 2016 ਦੀਆਂ ਓਲੰਪਿਕ ਖੇਡਾਂ ਵਿਚ ਪਹਿਲਾਂ ਹੀ ਬਣਾਈ ਬੈਠੇ ਹਨ। ਜੇਕਰ ਕਬੱਡੀ 2020 ਦੀਆਂ ਓਲੰਪਿਕ ਖੇਡਾਂ ਵਿਚ ਵੀ ਸ਼ਾਮਲ ਕਰਵਾ ਲਈ ਜਾਵੇ ਤਾਂ ਵੀ ਇਹ ਅਚੰਭਾ ਹੋਵੇਗਾ। ਹਾਲੇ ਤਾਂ ਕਬੱਡੀ ਨੂੰ ਵੱਖ ਵੱਖ ਮੁਲਕਾਂ ਦੀਆਂ ਨੈਸ਼ਨਲ ਓਲੰਪਿਕ ਕਮੇਟੀਆਂ ਨੇ ਮਾਨਤਾ ਦੇਣੀ ਹੈ। ਵਿਸ਼ਵ ਕੱਪ ਵਿਚ ਖੇਡੀਆਂ ਵਧੇਰੇ ਕਬੱਡੀ ਟੀਮਾਂ ਨੂੰ ਤਾਂ ਉਨ੍ਹਾਂ ਦੇ ਦੇਸ਼ਾਂ ਵੱਲੋਂ ਵੀ ਕੋਈ ਮਾਨਤਾ ਨਹੀਂ ਮਿਲੀ। ਉਹ ਦੇਸ਼ਾਂ ਦੇ ਨਾਂ 'ਤੇ ਕਲੱਬਾਂ ਦੀਆਂ ਟੀਮਾਂ ਸਨ! ਅਰਜਨਟੀਨਾ, ਅਫਗਾਨਿਸਤਾਨ, ਸ੍ਰੀਲੰਕਾ ਤੇ ਨੇਪਾਲ ਵਰਗੇ ਮੁਲਕਾਂ ਵਿਚ ਦਾਇਰੇ ਵਾਲੀ ਕਬੱਡੀ ਚੰਦ ਇਕ ਖਿਡਾਰੀ ਹੀ ਖੇਡਣ ਸਿੱਖੇ ਹਨ। ਉਨ੍ਹਾਂ ਦੇਸ਼ਾਂ ਵਿਚ ਇਸ ਖੇਡ ਦੇ ਕੋਈ ਮੁਕਾਬਲੇ ਨਹੀਂ ਹੁੰਦੇ। ਉਨ੍ਹਾਂ ਦੇਸ਼ਾਂ ਦੀਆਂ ਟੀਮਾਂ ਦੇਸ਼ਾਂ ਦੇ ਨਾਂ ਵਧਾਉਣ ਲਈ ਹੀ ਪਾਈਆਂ ਗਈਆਂ ਸਨ।

ਦੂਜੇ ਕਬੱਡੀ ਵਿਸ਼ਵ ਕੱਪ ਵਿਚ 44 ਮੈਚ ਮਰਦਾਂ ਦੇ ਤੇ 7 ਮੈਚ ਔਰਤਾਂ ਦੇ ਹੋਏ ਜਿਨ੍ਹਾਂ ਦੀ ਗਿਣਤੀ 51 ਮੈਚ ਬਣੀ ਤੇ ਉਹ 16 ਸਟੇਡੀਅਮਾਂ ਵਿਚ ਖੇਡੇ ਗਏ। ਕੁਲ 3687 ਰੇਡਾਂ ਪਾਈਆਂ ਗਈਆਂ ਜਿਨ੍ਹਾਂ ਵਿਚ 1098 ਜੱਫੇ ਲੱਗੇ। ਸੰਦੀਪ ਲੁੱਧਰ ਦਿੜ੍ਹਬਾ ਨੇ ਰੇਡਾਂ ਦੇ ਸਭ ਤੋਂ ਵੱਧ ਅੰਕ ਲਏ। ਉਸ ਨੇ 78 ਰੇਡਾਂ ਪਾ ਕੇ 73 ਅੰਕ ਬਟੋਰੇ। ਏਕਮ ਹਠੂਰ ਨੇ 73 ਕੋਸ਼ਿਸ਼ਾਂ ਵਿਚ 48 ਜੱਫੇ ਲਾ ਕੇ ਜੱਫਿਆਂ ਦੇ ਸਭ ਤੋਂ ਵੱਧ ਅੰਕ ਲਏ। ਫਾਈਨਲ ਮੈਚ ਵਿਚ ਵਧੇਰੇ ਅੰਕ ਲੈਣ ਕਾਰਨ ਗੱਗੀ ਖੀਰਾਂ ਵਾਲੀ ਤੇ ਮੰਗਤ ਮੰਗੀ ਨੂੰ ਵਧੀਆ ਧਾਵੀ ਤੇ ਵਧੀਆ ਜਾਫੀ ਐਲਾਨਿਆ ਗਿਆ। ਉਨ੍ਹਾਂ ਨੂੰ ਪ੍ਰੀਤ ਟ੍ਰੈਕਟਰਾਂ ਦੇ ਇਨਾਮ ਦਿੱਤੇ ਗਏ। ਬਠਿੰਡੇ ਤੋਂ ਲੈ ਕੇ ਲੁਧਿਆਣੇ ਤਕ ਲਗਭਗ ਹਰ ਥਾਂ ਹੀ ਦਰਸ਼ਕਾਂ ਦਾ ਧੱਕਾ ਪੈਂਦਾ ਰਿਹਾ।

ਕੱਪ ਦਾ ਉਦਘਾਟਨ ਬਠਿੰਡੇ ਹੋਇਆ ਜਿਥੇ ਸ਼ਾਹਰੁਖ਼ ਖਾਨ ਨੇ ਅੱਧਨੰਗੀਆਂ ਕੁੜੀਆਂ ਨਾਲ ਨ੍ਰਿਤ ਗਾਣ ਪੇਸ਼ ਕੀਤਾ। ਉਸ ਦੀ ਕਈਆਂ ਨੇ ਨਿੰਦਿਆ ਵੀ ਕੀਤੀ। ਲੁਧਿਆਣੇ ਦੇ ਸਮਾਪਤੀ ਸਮਾਰੋਹ ਵਿਚ ਅਕਸ਼ੈ ਕੁਮਾਰ ਨੇ ਪਹਿਲਾਂ ਮੋਟਰ ਸਾਈਕਲ ਉਤੇ ਤੇ ਫਿਰ ਸ. ਸੁਖਬੀਰ ਸਿੰਘ ਬਾਦਲ ਨਾਲ ਕਾਰ ਉਤੇ ਚੜ੍ਹ ਕੇ ਸਟੇਡੀਅਮ ਦਾ ਚੱਕਰ ਲਾਇਆ। ਮੋਟਰ ਸਾਈਕਲ ਤੋਂ ਉਤਰ ਕੇ ਲੱਕ ਵੀ ਹਿਲਾਇਆ। ਉਸ ਦੀ ਨਵੀਂ ਫਿਲਮ 'ਦੇਸੀ ਬੁਆਏਜ਼' ਦਾ ਟ੍ਰੇਲਰ ਵਿਖਾਇਆ ਗਿਆ। ਕਬੱਡੀ ਪ੍ਰੇਮੀਆਂ ਨੂੰ ਸਮਝ ਨਹੀਂ ਆ ਰਹੀ ਕਿ ਬਾਲੀਵੁੱਡ ਦੇ ਮਹਿੰਗੇ ਸਿਤਾਰਿਆਂ ਦਾ ਕਬੱਡੀ ਕੱਪ ਨਾਲ ਕੀ ਸਬੰਧ? ਕਬੱਡੀ ਪੰਜਾਬੀ ਸਭਿਆਚਾਰ ਦਾ ਅਨਿੱਖੜ ਅੰਗ ਹੈ। ਇਹਦੇ ਉਦਘਾਟਨੀ ਤੇ ਸਮਾਪਤੀ ਸਮਾਗਮਾਂ 'ਤੇ ਤਾਂ ਪੰਜਾਬੀ ਸਭਿਆਚਾਰ ਨਾਲ ਓਤ ਪੋਤ ਪ੍ਰੋਗਰਾਮ ਪੇਸ਼ ਕਰਨੇ ਹੀ ਜੱਚਦੇ ਸਨ। ਪਹਿਲੇ ਕਬੱਡੀ ਵਿਸ਼ਵ ਕੱਪ ਸਮੇਂ ਇਹ ਜਚੇ ਵੀ ਖੂਬ ਸਨ। ਬਾਲੀਵੁੱਡ ਦੇ ਪ੍ਰੋਗਰਾਮਾਂ ਦੀ ਥਾਂ ਉੱਤਰੀ ਭਾਰਤ ਸਭਿਆਚਾਰਕ ਕੇਂਦਰ ਦੇ ਪ੍ਰੋਗਰਾਮ ਵਧੇਰੇ ਜਚਣੇ ਸਨ।

ਕਬੱਡੀ ਦੇ ਮੈਚ ਤਾਂ 51 ਖੇਡੇ ਗਏ ਪਰ ਫਸਵੇਂ ਤੇ ਕਾਂਟੇਦਾਰ ਮੈਚ ਉਂਗਲਾਂ 'ਤੇ ਗਿਣੇ ਜਾਣ ਜੋਗੇ ਹੀ ਹੋਏ। ਕਬੱਡੀ ਦੇ ਪਹਿਲੇ ਵਿਸ਼ਵ ਕੱਪ ਨੇ ਕਬੱਡੀ ਪ੍ਰੇਮੀਆਂ ਦੀਆਂ ਦੂਜੇ ਵਿਸ਼ਵ ਕੱਪ ਲਈ ਆਸ਼ਾਵਾਂ ਬਹੁਤ ਵਧਾ ਦਿੱਤੀਆਂ ਸਨ ਜੋ ਬਹੁਤੇ ਦਰਸ਼ਕਾਂ ਦੇ ਕਹਿਣ ਅਨੁਸਾਰ ਪੂਰੀਆਂ ਨਹੀਂ ਹੋ ਸਕੀਆਂ। ਕਈ ਤਾਂ ਇਹ ਕਹਿੰਦੇ ਵੀ ਸੁਣੇ ਗਏ ਕਿ ਬਹੁਤੀਆਂ ਟੀਮਾਂ ਵਾਲੇ ਕੱਪ ਦੀ ਥਾਂ ਮੁਕਾਬਲੇ ਦੀਆਂ ਥੋੜ੍ਹੀਆਂ ਟੀਮਾਂ ਵਾਲਾ ਕੱਪ ਹੀ ਚੰਗਾ ਸੀ। ਸਿਵਾਏ ਅਮਰੀਕਾ/ਪਾਕਿਸਤਾਨ ਅਤੇ ਕੈਨੇਡਾ/ਪਾਕਿਸਤਾਨ ਵਾਲੇ ਮੈਚਾਂ ਦੇ ਬਾਕੀ ਮੈਚ ਇਕਪਾਸੜ ਸਿੱਧ ਹੋਏ ਜਿਨ੍ਹਾਂ ਦਾ ਦਰਸ਼ਕਾਂ ਨੂੰ ਓਨਾ ਅਨੰਦ ਨਹੀਂ ਆਇਆ।

ਅਗਲਾ ਕਬੱਡੀ ਵਿਸ਼ਵ ਕੱਪ ਕਰਾਉਣ ਤੋਂ ਪਹਿਲਾਂ ਸੋਚਣਾ ਪਵੇਗਾ ਕਿ ਕਬੱਡੀ ਵਿਸ਼ਵ ਕੱਪ ਲਈ ਟੀਮਾਂ ਦੀ ਚੋਣ ਦਾ ਆਧਾਰ ਕੀ ਹੋਵੇ? ਔਰਤਾਂ ਤੇ ਮਰਦਾਂ ਦੇ ਦੋਵੇਂ ਵਿਸ਼ਵ ਕੱਪ ਭਾਰਤੀ ਟੀਮਾਂ ਨੇ ਜਿੱਤੇ। ਡੋਪ ਟੈਸਟਾਂ ਨੇ ਬਹੁਤ ਸਾਰੇ ਖਿਡਾਰੀ ਖੇਡ ਮੁਕਾਬਲਿਆਂ 'ਚੋਂ ਖਾਰਜ ਕਰ ਦਿੱਤੇ। ਅਮਰੀਕਾ ਦੀ ਟੀਮ ਵਾਕ ਆਊਟ ਕਰ ਗਈ। ਆਸਟ੍ਰੇਲੀਆ ਦੀ ਟੀਮ ਟੂਰਨਾਮੈਂਟ 'ਚੋਂ ਖਾਰਜ ਕਰ ਦਿੱਤੀ ਗਈ। ਡੋਪ ਟੈਸਟਾਂ ਦੀ ਮੁਕੰਮਲ ਰਿਪੋਰਟ ਅਜੇ ਆਉਣੀ ਹੈ ਤੇ ਕੋਈ ਪਤਾ ਨਹੀਂ ਕਿੰਨੀਆਂ ਟੀਮਾਂ ਨੂੰ ਕਿੰਨਾ ਕਿੰਨਾ ਜੁਰਮਾਨਾ ਹੋਵੇ ਤੇ ਡੋਪਗ੍ਰਸਤ ਖਿਡਾਰੀਆਂ ਨੂੰ ਕੀ ਸਜ਼ਾ ਮਿਲੇ? ਜਿਹੜੀ ਘਾਲਣਾ ਪੰਜਾਬ ਦੇ ਖੇਡ ਵਿਭਾਗ ਤੇ ਕਬੱਡੀ ਦੇ ਅਧਿਕਾਰੀਆਂ ਨੇ ਘਾਲੀ ਉਹਦੀ ਜਿੰਨੀ ਸਿਫ਼ਤ ਕਰੀ ਜਾਵੇ ਥੋੜ੍ਹੀ ਹੈ। ਏਡਾ ਵੱਡਾ ਕਬੱਡੀ ਕੱਪ ਉਨ੍ਹਾਂ ਦੀ ਮਿਹਨਤ ਨਾਲ ਹੀ ਸਿਰੇ ਚੜ੍ਹਿਆ।

# ਹਾਈ ਕੋਰਟ ਵੱਲੋਂ ਸਿੱਖ ਵਿਰਾਸਤ ਦੀ ਸੰਭਾਲ ਬਾਰੇ ਪੰਜਾਬ ਸਰਕਾਰ ਤਲਬ

**ਚੰਡੀਗੜ੍ਹ:** ਸਿੱਖ ਪੰਥ ਦੀ ਵਿਰਾਸਤ ਦੇ ਚਿੰਨ੍ਹਾਂ ਦੀ ਸਾਂਭ ਸੰਭਾਲ ਲਈ ਦਾਖਲ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਤੇ ਦੂਜੀਆਂ ਧਿਰਾਂ ਨੂੰ ਤਲਬ ਕਰ ਲਿਆ ਹੈ। ਮੁਹਾਲੀ ਦੀ ਜਾਂਬਾਜ਼ ਫੋਰਸ ਦੀ ਚੇਅਰਪਰਸਨ ਸੁਰਿੰਦਰ ਕੌਰ ਨਿਹਾਲ ਨੇ ਜਨਹਿਤ ਪਟੀਸ਼ਨ ਦਾਖਲ ਕਰਕੇ ਕਿਹਾ ਹੈ ਕਿ ਸਿੱਖ ਪੰਥ ਨਾਲ ਸਬੰਧਤ ਯਾਦਗਾਰਾਂ ਤੇ ਹੱਥ-ਲਿਖਤ ਖਰੜਿਆਂ ਦੀ ਸਾਂਭ ਸੰਭਾਲ ਨਹੀਂ ਕੀਤੀ ਜਾ ਰਹੀ ਹੈ।

ਦੋ ਸਾਹਿਬਜ਼ਾਦਿਆਂ ਨੂੰ ਜਿਨ੍ਹਾਂ ਨੀਹਾਂ 'ਚ ਚਿਣਿਆ ਗਿਆ ਹੈ, ਉਹ ਵੀ ਮੂਲ ਹਾਲਤ ਵਿਚ ਨਹੀਂ ਹਨ ਤੇ ਅਜਿਹੀਆਂ ਹੋਰ ਵੀ ਕਈ ਯਾਦਗਾਰਾਂ ਨਾਲ ਛੇੜਛਾੜ ਕੀਤੀ ਗਈ ਹੈ। ਕਈ ਖਾਸ ਪੋਥੀਆਂ ਨੂੰ ਅਗਨੀ ਭੇਟ ਕਰ ਦਿੱਤਾ ਜਾਂਦਾ ਹੈ। ਪਟੀਸ਼ਨਰ ਨੇ ਬੇਨਤੀ ਕੀਤੀ ਹੈ ਕਿ ਸਿੱਖ ਪੰਥ ਦੀ ਧਾਰਮਿਕ ਤੇ ਸਭਿਆਚਾਰਕ ਵਿਰਾਸਤ ਦੇ ਚਿੰਨ੍ਹ ਤੇ ਹੱਥਲਿਖਤ ਖਰੜਿਆਂ ਦੀ ਸੰਭਾਲ ਲਈ ਨਿਰਦੇਸ਼ ਦਿੱਤੇ ਜਾਣ ਤੇ ਕਿਸੇ ਵੀ ਯਾਦਗਾਰ ਜਾਂ ਖਰੜੇ ਨੂੰ ਢਾਹੁਣ ਜਾਂ ਬਦਲਣ ਤੋਂ ਪਹਿਲਾਂ ਉਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਅਸਲ ਮਾਡਲ ਦੇ ਡਿਜੀਟਲ ਰੂਪ ਵਿਚ ਸੁਰੱਖਿਅਤ ਰੱਖਿਆ ਜਾਵੇ।

ਪਟੀਸ਼ਨਰ ਨੇ ਦੋਸ਼ ਲਾਇਆ ਹੈ ਕਿ ਜਵੱਦੀ ਲੁਧਿਆਣਾ ਦੇ ਗੁਰਦੁਆਰੇ ਦਾ ਮੁਖੀ ਨਰਿੰਦਰ ਸਿੰਘ ਸਿੱਖ ਵਿਰਾਸਤ ਨੂੰ ਖਤਮ ਕਰ ਰਿਹਾ ਹੈ। ਉਸ ਨੂੰ ਇਸ ਤੋਂ ਰੋਕਣ ਤੋਂ ਇਲਾਵਾ ਇਤਿਹਾਸਕ ਗੁਰਧਾਮਾਂ ਦਾ ਚਿਹਰਾ-ਮੋਹਰਾ ਨਾ ਬਦਲਣ ਦੇਣ ਦੀ ਬੇਨਤੀ ਵੀ ਪਟੀਸ਼ਨਰ ਨੇ ਕੀਤੀ ਹੈ। ਇਸ ਕੇਸ 'ਚ ਨਰਿੰਦਰ ਸਿੰਘ, ਸ਼੍ਰੋਮਣੀ ਕਮੇਟੀ ਤੇ ਭਾਰਤ ਸਰਕਾਰ ਨੂੰ ਧਿਰ ਬਣਾਇਆ ਗਿਆ ਹੈ। ਕੇਸ ਦੀ ਸੁਣਵਾਈ 7 ਫਰਵਰੀ 2012 ਨੂੰ ਹੋਵੇਗੀ।

# ਸ਼੍ਰੋਮਣੀ ਕਮੇਟੀ ਦੇ ਮੈਂਬਰ ਕੋਆਪਟ ਕਰਨ ਲਈ ਮੀਟਿੰਗ ਸੱਦੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 15 ਮੈਂਬਰ ਕੋਆਪਟ ਕਰਨ ਲਈ ਆਖਰ 5 ਦਸੰਬਰ ਨੂੰ ਮੀਟਿੰਗ ਬੁਲਾ ਲਈ ਗਈ ਹੈ। ਗੁਰਦੁਆਰਾ ਚੋਣਾਂ ਬਾਰੇ ਕਮਿਸ਼ਨ ਨੇ ਦੱਸਿਆ ਹੈ ਕਿ ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਚੁਣੇ ਗਏ ਨਵੇਂ ਮੈਂਬਰਾਂ, ਇਸ ਦੇ ਐਕਸ-ਆਫੀਸ਼ੀਓ ਮੈਂਬਰ ਹੋਣ ਦੇ ਨਾਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਸ੍ਰੀ ਤਖ਼ਤ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ), ਸ੍ਰੀ ਤਖ਼ਤ ਪਟਨਾ ਸਾਹਿਬ ਪਟਨਾ, ਸ੍ਰੀ ਤਖ਼ਤ ਹਜ਼ੂਰ ਸਾਹਿਬ ਨੰਦੇੜ ਤੇ ਸ੍ਰੀ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ, ਬਠਿੰਡਾ ਦੇ ਜਥੇਦਾਰਾਂ ਦੀ ਮੀਟਿੰਗ 5 ਦਸੰਬਰ ਨੂੰ ਸੱਦਣ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੀਆਂ ਹਾਲ ਹੀ 'ਚ ਹੋਈਆਂ ਚੋਣਾਂ ਪਿਛੋਂ ਇਹ ਪਹਿਲੀ ਮੀਟਿੰਗ ਹੋਵੇਗੀ। ਇਸ ਤੋਂ ਬਾਅਦ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਮੀਟਿੰਗ ਬੁਲਾਈ ਜਾਵੇਗੀ।

ਇਹ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਦਰਬਾਰ ਸਾਹਿਬ ਕੰਪਲੈਕਸ, ਅੰਮ੍ਰਿਤਸਰ ਵਿਖੇ ਭਾਰਤ ਦੇ ਨਿਵਾਸੀ 15 ਮੈਂਬਰਾਂ ਨੂੰ ਕੋਆਪਟ ਕਰਨ ਲਈ ਹੋਵੇਗੀ। ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 43-ਏ ਦੀ ਉਪ ਧਾਰਾ (1) ਵਿਚ ਕੀਤੇ ਵਰਣਨ ਅਨੁਸਾਰ ਇਨ੍ਹਾਂ ਵਿਚੋਂ ਪੰਜਾਬ ਦੇ ਵਾਸੀਆਂ ਦੀ ਗਿਣਤੀ ਪੰਜ ਤੋਂ ਜ਼ਿਆਦਾ ਨਹੀਂ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਮੈਂਬਰਾਂ ਤੇ ਇਸ ਦੇ ਐਕਸ-ਆਫੀਸ਼ੀਓ ਮੈਂਬਰਾਂ ਨੂੰ ਮੀਟਿੰਗ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ। ਸ਼੍ਰੋਮਣੀ ਕਮੇਟੀ ਚੋਣਾਂ ਸਤੰਬਰ ਮਹੀਨੇ ਵਿਚ ਹੋਈਆਂ ਸਨ ਜਿਸ 'ਚ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਤੋਂ 170 ਮੈਂਬਰ ਚੁਣੇ ਗਏ ਸਨ।

# ਅਕਾਲੀ ਦਲ ਅੰਮ੍ਰਿਤਸਰ ਵਲੋਂ ਸ. ਮਾਨ ਵਿਰੁਧ ਭਾਈ ਮਾਨੇ ਦੇ ਬਿਆਨ ਦਾ ਗੰਭੀਰ ਨੋਟਿਸ

**ਫਰੀਮਾਂਟ (ਬਿਊਰੋ):** ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਨੇ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਵਿਰੁਧ ਸਿੱਖ ਯੂਥ ਆਫ ਅਮੈਰਿਕਾ ਦੇ ਪ੍ਰਧਾਨ ਭਾਈ ਗੁਰਿੰਦਰਜੀਤ ਸਿੰਘ ਮਾਨਾ ਵਲੋਂ ਦਿੱਤੇ ਗਏ ਬਿਆਨ ਦਾ ਗੰਭੀਰ ਨੋਟਿਸ ਲੈਂਦਿਆਂ ਭਾਈ ਮਾਨਾ ਨੂੰ ਨਸੀਹਤ ਕੀਤੀ ਹੈ ਕਿ ਉਹ ਦੂਜਿਆਂ ਉਪਰ ਦੋਸ਼ ਲਾਉਣ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਲੈਣ। ਬੇ-ਏਰੀਏ ਤੋਂ ਛਪਦੇ ਇਕ ਅਖਬਾਰ ਵਿਚ ਛਪੇ ਬਿਆਨ ਵਿਚ ਭਾਈ ਮਾਨਾ ਨੇ ਸ. ਸਿਮਰਨਜੀਤ ਸਿੰਘ ਮਾਨ ਉਤੇ ਝੂਠ ਬੋਲਣ ਅਤੇ ਕੌਮ ਨੂੰ ਗੁਮਰਾਹ ਕਰਨ ਦਾ ਦੋਸ਼ ਲਾਇਆ ਸੀ।

ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਕੁਲਜੀਤ ਸਿੰਘ ਨਿੱਜਰ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਤੱਖਰ, ਜਥੇਬੰਦਕ ਸਕੱਤਰ ਗੁਰਦੀਪ ਸਿੰਘ, ਸੀਨੀਅਰ ਮੈਂਬਰ ਭੁਪਿੰਦਰ ਸਿੰਘ ਚੀਮਾ ਅਤੇ ਪਾਰਟੀ ਦੀ ਅਮਰੀਕਾ ਇਕਾਈ ਦੇ ਨੈਸ਼ਨਲ ਪੈਨਲ ਮੈਂਬਰ ਦਰਸ਼ਨ ਸਿੰਘ ਸੰਧੂ ਵਲੋਂ ਸਾਂਝੇ ਤੌਰ 'ਤੇ ਜਾਰੀ ਇਕ ਬਿਆਨ ਵਿਚ ਭਾਈ ਮਾਨਾ ਦੇ ਬਿਆਨ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦਿਆਂ ਦੋਸ਼ ਲਾਇਆ ਗਿਆ ਹੈ ਕਿ ਭਾਈ ਮਾਨਾ ਅਤੇ ਉਨ੍ਹਾਂ ਦੇ ਸਾਥੀ ਪਿਛਲੇ 20-22 ਸਾਲ ਤੋਂ ਕੌਮ ਨੂੰ ਗੁਮਰਾਹ ਕਰਦੇ ਆ ਰਹੇ ਹਨ ਅਤੇ ਸਭ ਤੋਂ ਵੱਡਾ ਝੂਠ ਖੁਦ ਭਾਈ ਮਾਨਾ ਇਹ ਬੋਲਦੇ ਆ ਰਹੇ ਹਨ ਕਿ ਉਹ ਮੈਦਾਨ-ਏ-ਜੰਗ ਵਿਚ ਜਾ ਕੇ ਕੌਮ ਲਈ ਸ਼ਹੀਦੀ ਪਾਉਣਗੇ। ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸਿੱਖ ਯੂਥ ਆਫ ਅਮੈਰਿਕਾ ਵਾਲੇ ਆਪਣੀ ਅਜਿਹੀ ਕਿਸੇ ਗੱਲ 'ਤੇ ਖਰੇ ਨਹੀਂ ਉਤਰੇ। ਇਨ੍ਹਾਂ ਨੇ ਜਿਸ ਜਰਨੈਲ (ਡਾ. ਪ੍ਰੀਤਮ ਸਿੰਘ ਸੇਖੋਂ) ਨੂੰ ਕਥਿਤ ਤੌਰ 'ਤੇ ਅਮਰੀਕਾ ਤੋਂ ਇਹ ਕਹਿ ਕੇ ਪਾਕਿਸਤਾਨ ਭੇਜਿਆ ਸੀ ਕਿ ਅਸੀਂ ਤਨ, ਮਨ ਅਤੇ ਧਨ ਨਾਲ ਤੇਰਾ ਸਾਥ ਦਿਆਂਗੇ, ਉਸ ਨੂੰ ਪਿੱਠ ਹੀ ਨਹੀਂ ਦਿਖਾਈ ਸਗੋਂ ਉਸ ਬਾਰੇ ਧੋਖਾ ਵੀ ਕੀਤਾ। ਉਸ ਦਾ ਕਤਲ 1999 ਵਿਚ ਹੋ ਗਿਆ ਸੀ ਅਤੇ 12 ਸਾਲ ਬਾਅਦ ਵੀ ਇਹ ਲੋਕ ਝੂਠ ਬੋਲੀ ਜਾ ਰਹੇ ਹਨ ਕਿ ਉਹ ਅਜੇ ਜਿਉਂਦਾ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਇਨ੍ਹਾਂ ਆਗੂਆਂ ਨੇ ਸਵਾਲ ਪੁਛਿਆ ਕਿ ਕੀ ਇਹ ਕੌਮ ਨਾਲ ਧੋਖਾ ਨਹੀਂ?

ਜਾਰੀ ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੌਮ ਦੀ ਲੜਾਈ ਲੜ ਰਹੇ ਯੋਧਿਆਂ ਦੇ ਘਰ ਉਜੜ ਗਏ ਪਰ ਪਤਾ ਨਹੀਂ ਇਹ ਕਿਹੋ ਜਿਹੇ ਖਾਲਿਸਤਾਨੀ ਹਨ ਕਿ ਪਿਛਲੇ ਵੀਹ ਸਾਲਾਂ ਵਿਚ ਨਾ ਸਿਰਫ ਇਹ ਮਾਲੋਮਾਲ ਹੀ ਹੋਏ ਸਗੋਂ ਇਨ੍ਹਾਂ ਦੇ ਬਿਜਨਸ ਵੀ ਸੈਟ ਹੋ ਗਏ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਯੂਥ ਦੇ ਇਨ੍ਹਾਂ ਆਗੂਆਂ ਵਲੋਂ ਕੌਮ ਲਈ ਦਿੱਤੀਆਂ ਜਾਣ ਵਾਲੀਆਂ ਸ਼ਹੀਦੀਆਂ ਹੁਣ ਆਰ ਐਸ ਐਸ ਦੇ ਆਗੂ ਰੁਲਦਾ ਸਿੰਘ ਨਾਲ ਮੀਟਿੰਗਾਂ, ਕੌਮ ਦਾ ਘਾਣ ਕਰਨ ਵਾਲੇ ਪਰਮਰਾਜ ਉਮਰਾਨੰਗਲ ਜਿਹੇ ਪੁਲਿਸ ਅਫਸਰਾਂ ਨਾਲ ਡਿਨਰ ਕਰਨ ਅਤੇ ਬਾਦਲਾਂ ਦਾ ਪੀ ਟੀ ਸੀ ਚੈਨਲ ਲੈਣ ਵਿਚ ਬਦਲ ਗਈਆਂ ਹਨ। ਇਹ ਸਵਾਲ ਵੀ ਪੁਛਿਆ ਗਿਆ ਹੈ ਕਿ ਜਿਹੜੀ ਸਿੱਖ ਯੂਥ ਆਫ ਅਮੈਰਿਕਾ ਚਾਰ ਜਥੇਬੰਦੀਆਂ ਦੀ ਮਦਦ ਕਰਦੀ ਸੀ ਅੱਜ ਇਕੱਲੇ ਭਾਈ ਦਲਜੀਤ ਸਿੰਘ ਬਿੱਟੂ ਦੀ ਝੋਲੀ ਵਿਚ ਕਿਉਂ ਜਾ ਪਈ ਹੈ? ਯੂਥ ਦੇ ਉਲੀਕੇ ਜਿਨ੍ਹਾਂ ਪ੍ਰੋਗਰਾਮਾਂ ਉਤੇ ਦਸ ਦਸ ਹਜ਼ਾਰ ਸਿੱਖਾਂ ਤੋਂ ਵੱਧ ਦਾ ਇਕੱਠ ਹੁੰਦਾ ਸੀ, ਅੱਜ ਦਸ ਬੰਦਿਆਂ ਵਿਚ ਕਿਉਂ ਬਦਲ ਗਏ? ਇਹ ਲੋਕ ਇਕ ਪਾਸੇ ਤਾਂ ਭਾਈ ਹਵਾਰੇ ਉਤੇ ਹਿੰਦੂ ਜਥੇਬੰਦੀਆਂ ਵਲੋਂ ਕੀਤੇ ਗਏ ਹਮਲੇ ਦੀ ਨਿੰਦਿਆ ਅਤੇ ਭਾਈ ਹਵਾਰੇ ਦੇ ਮਾਰੇ ਗਏ ਥੱਪੜ ਦੀ ਸ਼ਲਾਘਾ ਕਰਦੇ ਹਨ, ਦੂਜੇ ਪਾਸੇ 1995 ਵਿਚ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਭਾਈ ਹਵਾਰੇ ਦੇ ਸਾਥੀ ਬਲਵੰਤ ਸਿੰਘ ਰਾਜੋਆਣਾ ਨੂੰ ਹਵਾਰੇ ਨਾਲੋਂ ਵੱਖ ਕਰਨ ਲਈ ਕੋਝੀਆਂ ਚਾਲਾਂ ਚਲਦੇ ਆਏ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਨੇ ਜਾਨਣਾ ਚਾਹਿਆ ਕਿ ਇਸ ਪਿਛੇ ਮਤਲਬ ਕੀ ਸੀ?

ਪਾਰਟੀ ਵਲੋਂ ਜਾਰੀ ਬਿਆਨ ਵਿਚ ਆਖਿਆ ਗਿਆ ਹੈ ਕਿ ਹਿੰਦੂਵਾਦੀ ਭਾਜਪਾ ਆਗੂ ਐਲ ਕੇ ਅਡਵਾਨੀ ਦੀ ਰਥ ਯਾਤਰਾ ਦੀ ਪਾਰਟੀ ਦੇ ਬੁੱਢੇ ਜਰਨੈਲ ਸ. ਸਿਮਰਨਜੀਤ ਸਿੰਘ ਮਾਨ ਨੇ ਡਟ ਕੇ ਵਿਰੋਧਤਾ ਕੀਤੀ ਪਰ ਪੰਚ ਪ੍ਰਧਾਨੀ ਦੇ ਜੁਝਾਰੂ ਭਲਾ ਕਿਥੇ ਅਰਾਮ ਕਰ ਰਹੇ ਸਨ? ਜੋ ਰਥ ਯਾਤਰਾ ਦੀ ਵਿਰੋਧਤਾ ਤਾਂ ਕੀ ਕਰਨੀ ਸੀ, ਇਸ ਵਿਰੁਧ ਇਕ ਅਖਬਾਰੀ ਬਿਆਨ ਵੀ ਨਾ ਦੇ ਸਕੇ। ਸ. ਮਾਨ ਉਤੇ ਸਵਾਲ ਕਰਨ ਤੋਂ ਪਹਿਲਾਂ ਯੂਥ ਵਾਲਿਆਂ ਨੂੰ ਆਪਣੇ ਉਪਰ ਉਠਣ ਵਾਲੇ ਸਵਾਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

# ਨਰਿੰਦਰ ਸਿੰਘ ਕੌਮਾਂਤਰੀ ਕਾਨੂੰਨ ਕਮਿਸ਼ਨ ਦੇ ਮੁੜ ਮੈਂਬਰ ਬਣੇ

**ਸੰਯੁਕਤ ਰਾਸ਼ਟਰ:** ਭਾਰਤ ਨੂੰ ਮੁੜ ਤੋਂ ਪੰਜ ਸਾਲ ਲਈ ਕੌਮਾਂਤਰੀ ਕਾਨੂੰਨ ਕਮਿਸ਼ਨ ਦਾ ਮੈਂਬਰ ਚੁਣ ਲਿਆ ਗਿਆ ਹੈ। ਪੰਜ ਸਾਲ ਦੀ ਇਹ ਨਵੀਂ ਮਿਆਦ 1 ਜਨਵਰੀ 2012 ਤੋਂ ਸ਼ੁਰੂ ਹੋਵੇਗੀ। ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਭਾਰਤ ਦੇ ਨਰਿੰਦਰ ਸਿੰਘ ਨੂੰ ਮੁੜ ਕਮਿਸ਼ਨ ਦਾ ਮੈਂਬਰ ਚੁਣਿਆ ਹੈ।

ਕੌਮਾਂਤਰੀ ਕਾਨੂੰਨ ਕਮਿਸ਼ਨ ਦੇ 2007 ਤੋਂ ਮੈਂਬਰ ਚਲੇ ਆ ਰਹੇ ਨਰਿੰਦਰ ਸਿੰਘ ਇਸ ਸਮੇਂ ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲੇ ਦੀ ਕਾਨੂੰਨੀ ਤੇ ਸਮਝੌਤੇ ਡਵੀਜ਼ਨ ਦੇ ਮੁਖੀ ਤੇ ਕਾਨੂੰਨੀ ਸਲਾਹਕਾਰ ਹਨ। ਉਹ 2002 ਤੋਂ ਸੰਯੁਕਤ ਰਾਸ਼ਟਰ ਮੈਂਬਰ ਦੇਸ਼ਾਂ ਦੇ ਵਿਦੇਸ਼ੀ ਦਫ਼ਤਰਾਂ ਦੇ ਕਾਨੂੰਨੀ ਸਲਾਹਕਾਰਾਂ ਦੀ ਮੀਟਿੰਗ ਦੇ ਕੋਆਰਡੀਨੇਟਰ ਵਜੋਂ ਵੀ ਸੇਵਾ ਨਿਭਾਅ ਚੁੱਕੇ ਹਨ।

# ਬਿਹਾਰ ਤੋਂ ਕਾਮਿਆਂ ਦੀ ਹਿਜਰਤ ਵਿਚ 26 ਫੀਸਦੀ ਕਮੀ

**ਨਵੀਂ ਦਿੱਲੀ:** ਬਿਹਾਰ ਦੇ ਕਿਰਤੀਆਂ ਦੀ ਰੁਜ਼ਗਾਰ ਦੀ ਭਾਲ ਵਿਚ ਪੰਜਾਬ, ਦਿੱਲੀ ਤੇ ਹੋਰ ਰਾਜਾਂ ਵੱਲ ਹਿਜਰਤ ਵਿਚ 26 ਫੀਸਦੀ ਕਮੀ ਆਈ ਹੈ। ਇਹ ਖੁਲਾਸਾ ਇਕ ਸਰਵੇਖਣ ਵਿਚ ਕੀਤਾ ਗਿਆ ਹੈ ਜਿਸ ਮੁਤਾਬਕ ਪਿਛਲੇ ਪੰਜ ਸਾਲਾਂ ਦੌਰਾਨ ਨਿਤਿਸ਼ ਕੁਮਾਰ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਸਦਕਾ ਇਥੋਂ ਦੇ ਕਿਰਤੀਆਂ ਦੀ ਹਿਜਰਤ ਨੂੰ ਠੱਲ੍ਹ ਪਈ ਹੈ।

ਗੈਰ-ਸਰਕਾਰੀ ਸੰਸਥਾ ਬਿਹਾਰ ਇੰਸਟੀਚਿਊਟ ਆਫ ਇਕਨਾਮਿਕ ਸਟੱਡੀਜ਼ ਦੇ ਸਰਵੇਖਣ ਮੁਤਾਬਕ 2001-03 ਦੇ ਮੁਕਾਬਲੇ 2006-08 ਦਰਮਿਆਨ ਬਿਹਾਰ ਦੇ ਬੇਰੁਜ਼ਗਾਰ ਕਾਮਿਆਂ ਦੇ ਦੂਸਰੇ ਸੂਬਿਆਂ ਵੱਲ ਜਾਣ ਦੇ ਰੁਝਾਨ 'ਚ 26.53 ਫੀਸਦ ਕਮੀ ਆਈ ਹੈ। ਇੰਸਟੀਚਿਊਟ ਦੇ ਡਾਇਰੈਕਟਰ ਪਿਆਰੇ ਲਾਲ ਅਨੁਸਾਰ ਇਹ ਸਰਵੇਖਣ ਸਿਵਾਨ, ਮਧੂਬਨੀ, ਸਹਰਸਾ, ਭਾਗਲਪੁਰ, ਨਾਲੰਦਾ ਤੇ ਰੋਹਤਾਸ ਜ਼ਿਲ੍ਹਿਆਂ ਵਿਚ ਸਰਕਾਰ ਵੱਲੋਂ ਕਿਰਤੀਆਂ ਦੀ ਹਿਜਰਤ ਨੂੰ ਠੱਲ੍ਹ ਪਾਉਣ ਲਈ ਚੁੱਕੇ ਗਏ ਕਦਮਾਂ ਦੇ ਸਿੱਟੇ ਦਾ ਅੰਦਾਜ਼ਾ ਲਾਉਣ ਲਈ ਕਰਵਾਇਆ ਗਿਆ।

ਜ਼ਿਕਰਯੋਗ ਹੈ ਕਿ ਬਿਹਾਰ ਦੇ ਕਿਰਤ ਮੰਤਰੀ ਜਨਾਰਦਨ ਸਿੰਘ ਸਿਗਰੀਵਾਲ ਨੇ ਕਿਹਾ ਕਿ ਸਰਕਾਰ ਦਾ ਟੀਚਾ ਕਿਰਤੀਆਂ ਦੀ ਹਿਜਰਤ ਨੂੰ ਸਿਫਰ 'ਤੇ ਲਿਆਉਣਾ ਹੈ। ਭਾਜਪਾ ਦੇ ਪਟਨਾ ਸਾਹਿਬ ਤੋਂ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਨੇ ਵੀ ਇਸ ਪ੍ਰਾਪਤੀ ਲਈ ਨਿਤਿਸ਼ ਕੁਮਾਰ ਸਰਕਾਰ ਦੀ ਸ਼ਲਾਘਾ ਕੀਤੀ। ਭਾਜਪਾ ਆਗੂ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਕਿ ਸੂਬਾਈ ਸਰਕਾਰ ਸੂਬੇ ਅੰਦਰ ਹੀ ਲੋਕਾਂ ਲਈ ਰੁਜ਼ਗਾਰ ਪੈਦਾ ਕਰ ਰਹੀ ਹੈ ਤਾਂ ਕਿ ਉਨ੍ਹਾਂ ਨੂੰ ਰੋਜ਼ੀ-ਰੋਟੀ ਲਈ ਦੂਸਰੇ ਸੂਬਿਆਂ 'ਚ ਨਾ ਜਾਣਾ ਪਵੇ।

ਦਿੱਲੀ ਦੀ ਮਕਾਨ ਉਸਾਰੀ ਕਰਨ ਵਾਲੀ ਕੰਪਨੀ ਦੇ ਉਪ ਮੁਖੀ ਗੀਤਾਂਬਰ ਆਨੰਦ ਨੇ ਕਿਹਾ ਕਿ ਇਹ ਸੱਚ ਹੈ ਕਿ ਹੁਣ ਬਿਹਾਰ ਤੋਂ ਘੱਟ ਮਜ਼ਦੂਰ ਆ ਰਹੇ ਹਨ। ਇਸ ਲਈ ਉਨ੍ਹਾਂ ਨੂੰ ਸਥਾਨਕ ਮਜ਼ਦੂਰਾਂ ਤਕ ਪਹੁੰਚ ਕਰਨੀ ਪੈ ਰਹੀ ਹੈ ਜਿਸ ਕਾਰਨ ਨਿਰਮਾਣ ਕਾਰਜਾਂ ਲਈ ਦਿੱਲੀ ਵਿਚ ਮਜ਼ਦੂਰੀ ਕਾਫੀ ਵਧ ਗਈ ਹੈ। ਅਧਿਐਨ ਦੌਰਾਨ ਸਾਹਮਣੇ ਆਇਆ ਕਿ ਬਿਹਾਰ ਤੋਂ ਕਾਮੇ ਸਭ ਤੋਂ ਜ਼ਿਆਦਾ ਪੰਜਾਬ ਵੱਲ ਤੇ ਉਸ ਤੋਂ ਬਾਅਦ ਦਿੱਲੀ, ਮਹਾਰਾਸ਼ਟਰ, ਹਰਿਆਣਾ ਤੇ ਪੱਛਮੀ ਬੰਗਾਲ ਲਈ ਰੁਖ਼ ਕਰਦੇ ਸਨ।

## ਪੰਜਾਬੀ ਰੇਡੀਓ ਯੂਐਸਏ ਨੇ ਕਬੱਡੀ ਕੱਪ ਕਵਰੇਜ਼ ਰਾਹੀਂ ਵਾਹ-ਵਾਹ ਖੱਟੀ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਰੇਡੀਓ ਯੂਐਸਏ ਤੋਂ 20 ਦਿਨ ਲਗਾਤਾਰ ਸਵੇਰੇ ਸ਼ਾਮ ਦੂਜੇ ਵਿਸ਼ਵ ਕਬੱਡੀ ਕੱਪ ਦੀ ਵਿਸ਼ੇਸ਼ ਰਿਪੋਰਟ ਹਰ ਰੋਜ਼ ਪੇਸ਼ ਕੀਤੀ ਗਈ। ਚੰਡੀਗੜ੍ਹ ਤੋਂ ਵਿਸ਼ੇਸ਼ ਪੱਤਰਕਾਰ ਸੁਸ਼ੀਲ ਦੁਸਾਂਝ ਨੇ ਹਰ ਇਕ ਸਟੇਡੀਅਮ ਵਿਚ ਜਾ ਕੇ ਕਬੱਡੀ ਦਾ ਮੈਚ ਵੇਖਣ ਤੋਂ ਬਾਅਦ ਰਿਪੋਰਟ ਪੇਸ਼ ਕੀਤੀ। ਫ਼ਾਈਨਲ ਮੈਚ ਵਾਲੇ ਦਿਨ ਕੁੜੀਆਂ ਤੇ ਮੁੰਡਿਆਂ ਦੇ ਫਾਈਨਲ ਮੈਚਾਂ ਦੀ ਕੁਮੈਂਟਰੀ ਦਾ ਸਿੱਧਾ ਪ੍ਰਸਾਰਣ ਸੁਣ ਕੇ ਪੰਜਾਬੀ ਰੇਡੀਓ ਯੂਐਸਏ ਦੇ ਸਰੋਤੇ ਅਸ਼ ਅਸ਼ ਕਰ ਉਠੇ। ਸਰੋਤਿਆਂ ਦੀ ਪੁਰਜ਼ੋਰ ਮੰਗ 'ਤੇ ਇਹ ਕੁਮੈਂਟਰੀ ਸ਼ਾਮ ਨੂੰ ਮੁੜ ਪ੍ਰਸਾਰਤ ਕੀਤੀ ਗਈ।

ਅਮਰਪਾਲ ਸਿੰਘ ਸੈਕਰਾਮੈਂਟੋ ਨੇ ਪੰਜਾਬੀ ਰੇਡੀਓ ਯੂਐਸਏ ਦੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਕ੍ਰਿਕਟ ਕੁਮੈਂਟਰੀ ਦਾ ਇਤਿਹਾਸ ਇਸ ਵਾਰ ਵਿਸ਼ਵ ਕਬੱਡੀ ਕੱਪ ਦਾ ਸਿੱਧਾ ਪ੍ਰਸਾਰਣ ਕਰਕੇ ਦੁਹਰਾਇਆ। ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਸ. ਕੁਲਬੀਰ ਸਿੰਘ ਨੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡਾ ਇਕੋ ਇਕ ਮਕਸਦ ਹੈ ਕਿ ਦੁਨੀਆਂ ਵਿਚ ਹਰ ਪੰਜਾਬੀ ਨੂੰ ਇਕ ਮੰਚ 'ਤੇ ਇਕੱਠੇ ਕਰਨਾ ਅਤੇ ਇਹ ਪੰਜਾਬੀ ਰੇਡੀਓ ਯੂਐਸਏ ਸਾਰੇ ਸਰੋਤਿਆਂ ਦਾ ਸਭ ਦਾ ਆਪਣਾ ਹੈ। ਪੰਜਾਬੀ ਰੇਡੀਓ ਯੂਐਸਏ ਰੇਡੀਓ ਸੈਟ, ਇੰਟਰਨੈਟ, ਆਈਫੋਨ, ਐਂਡਰਾਇਡ ਫੋਨ ਤੋਂ ਇਲਾਵਾ ਕਿਸੇ ਵੀ ਫੋਨ ਤੋਂ 832-551-5029 ਨੰਬਰ 'ਤੇ ਕਾਲ ਕਰਕੇ ਲਾਈਵ ਸੁਣਿਆ ਜਾ ਸਕਦਾ ਹੈ।

# ਕੈਨੇਡਾ 'ਚ ਪਹਿਲਾਂ ਸਥਾਈ ਨਾਗਰਿਕਤਾ ਦੇ ਪੁਰਾਣੇ ਮਾਮਲੇ ਹੱਲ ਹੋਣਗੇ: ਟਿਮ ਉੱਪਲ

ਅੰਮ੍ਰਿਤਸਰ: ਕੈਨੇਡਾ ਸਰਕਾਰ ਵੱਲੋਂ ਅਗਲੇ ਦੋ ਸਾਲਾਂ ਤੱਕ ਨਵੇਂ ਮਾਮਲੇ ਲੈਣ ਦੀ ਥਾਂ ਸਥਾਈ ਨਾਗਰਿਕਤਾ ਦੇ ਲਟਕ ਰਹੇ ਮਾਮਲੇ ਹੱਲ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਦੌਰਾਨ ਕੈਨੇਡਾ ਰਹਿੰਦੇ ਪਰਵਾਸੀਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਮਿਲਣ ਲਈ ਆਉਣ-ਜਾਣ ਵਾਸਤੇ 10 ਸਾਲ ਦਾ ਸੁਪਰ ਵੀਜ਼ਾ ਸ਼ੁਰੂ ਕਰਨ ਦੀ ਯੋਜਨਾ ਹੈ। ਇਹ ਖੁਲਾਸਾ ਕੈਨੇਡਾ ਦੇ ਪਹਿਲੇ ਸਿੱਖ ਕੈਬਨਿਟ ਮੰਤਰੀ ਟਿਮ ਉਪਲ ਨੇ ਕੀਤਾ। ਉਹ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਆਏ ਸਨ।



ਕੈਨੇਡਾ ਵਿਖੇ ਲੋਕਤੰਤਰੀ ਸੁਧਾਰਾਂ ਬਾਰੇ ਮੰਤਰੀ ਟਿਮ ਉਪਲ ਨੇ ਦੱਸਿਆ ਕਿ ਕੈਨੇਡਾ ਵਿਖੇ ਪੱਕੀ ਨਾਗਰਿਕਤਾ ਪ੍ਰਾਪਤ ਕਰਨ ਵਾਲਿਆਂ ਦੇ ਸੈਂਕੜੇ ਕੇਸ ਲਟਕੇ ਹੋਏ ਹਨ। ਪੱਕੀ ਨਾਗਰਿਕਤਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਲੰਮੀ ਤੇ ਪੇਚੀਦਾ ਹੋਣ ਕਾਰਨ ਇਨ੍ਹਾਂ ਮਾਮਲਿਆਂ ਦੀਆਂ ਫਾਈਲਾਂ ਦੇ ਢੇਰ ਲੱਗ ਗਏ ਹਨ। ਉਨ੍ਹਾਂ ਦੱਸਿਆ ਕਿ ਕੈਨੇਡਾ ਸਰਕਾਰ ਦੇ ਸਬੰਧਤ ਵਿਭਾਗ ਵੱਲੋਂ ਲਟਕ ਰਹੇ ਕੇਸ ਹੱਲ ਕਰਨ ਲਈ ਤਰਜੀਹ ਦੇ ਆਧਾਰ 'ਤੇ ਕੰਮ ਕੀਤਾ ਜਾਵੇਗਾ।

ਇਸ ਯੋਜਨਾ ਤਹਿਤ ਅਗਲੇ ਦੋ ਸਾਲ ਤੱਕ ਸਥਾਈ ਨਾਗਰਿਕਤਾ ਲਈ ਨਵੇਂ ਬੇਨਤੀ ਪੱਤਰ ਪ੍ਰਾਪਤ ਨਹੀਂ ਕੀਤੇ ਜਾਣਗੇ ਸਗੋਂ ਇਨ੍ਹਾਂ ਦੋ ਸਾਲਾਂ ਵਿਚ ਪਿਛਲੇ ਲਟਕ ਰਹੇ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕੈਨੇਡਾ ਰਹਿੰਦੇ ਲੋਕਾਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਮਿਲਣ ਵਾਸਤੇ ਸਰਕਾਰ ਨੇ ਦਸ ਸਾਲ ਦਾ ਸੁਪਰ ਵੀਜ਼ਾ ਜਾਰੀ ਕਰਨ ਦੀ ਯੋਜਨਾ ਬਣਾਈ ਹੈ। ਇਸ ਤਹਿਤ ਲੋਕ ਕੈਨੇਡਾ ਰਹਿੰਦੇ ਆਪਣੇ ਬੱਚਿਆਂ ਤੇ ਰਿਸ਼ਤੇਦਾਰਾਂ ਨੂੰ ਸੁਖਾਲੇ ਹੀ ਮਿਲਣ ਲਈ ਆ-ਜਾ ਸਕਣਗੇ।

ਸ. ਉੱਪਲ ਨੇ ਕਿਹਾ ਕਿ ਕੈਨੇਡਾ ਤੇ ਪੰਜਾਬ ਦਰਮਿਆਨ ਸਿੱਖਿਆ, ਉਦਯੋਗਿਕ ਪਸਾਰ, ਮੈਡੀਕਲ ਸਿੱਖਿਆ ਤੇ ਸੈਰ-ਸਪਾਟਾ ਦੇ ਖੇਤਰ ਵਿਚ ਸਹਿਯੋਗ ਅਤੇ ਆਦਾਨ-ਪ੍ਰਦਾਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਇਨ੍ਹਾਂ ਨੂੰ ਖੋਜਣ ਤੇ ਨੇਪਰੇ ਚਾੜ੍ਹਨ ਲਈ ਸਰਕਾਰੀ ਪੱਧਰ 'ਤੇ ਉਪਰਾਲੇ ਜਾਰੀ ਹਨ। ਆਸਟਰੇਲੀਆ ਵਰਗੇ ਮੁਲਕਾਂ ਦੇ ਮੁਕਾਬਲੇ ਵਿਦਿਆਰਥੀ ਵੀਜ਼ਾ ਦੇਣ ਦੇ ਮਾਮਲੇ ਵਿਚ ਕੈਨੇਡਾ ਦੀਆਂ ਸਖ਼ਤ ਸ਼ਰਤਾਂ ਬਾਰੇ ਉਨ੍ਹਾਂ ਕਿਹਾ ਕਿ ਹੁਣ ਕੈਨੇਡਾ ਸਰਕਾਰ ਭਾਰਤ ਤੋਂ ਜਾ ਕੇ ਉੱਥੇ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਦੂਜੇ ਦੇਸ਼ਾਂ ਦੇ ਮੁਕਾਬਲੇ ਚਾਰ ਗੁਣਾ ਵਧੇਰੇ ਵੀਜ਼ੇ ਦੇਵੇਗੀ। ਉਨ੍ਹਾਂ ਦੱਸਿਆ ਕਿ ਇਸੇ ਸੰਦਰਭ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਨਾਲ ਦੁਵੱਲੇ ਵਿੱਦਿਅਕ ਸਬੰਧਾਂ ਦੀ ਸੰਭਾਵਨਾ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

**ਜਸਪ੍ਰੀਤ ਸਿੰਘ**

**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

**Law Offices Of Jaspreet Singh**

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440



**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.


ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guaran-tee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com






**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ**

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

ਨਰਿੰਦਰ ਸਿੰਘ 530-682-7383
ਜੋਗਿੰਦਰ ਸਿੰਘ 530-870-3440
ਨਿਰਮਲ ਸਿੰਘ 530-635-0273

# ਪੰਜਾਬ ਦੇ ਕਿਸਾਨਾਂ ਨੂੰ ਝੋਨੇ ਦੇ ਝਾੜ ਨੇ ਝੰਭਿਆ

## ਝਾੜ ਘਟਣ ਨਾਲ 700 ਕਰੋੜ ਦਾ ਘਾਟਾ

**ਚੰਡੀਗੜ੍ਹ:** ਪੰਜਾਬ ਵਿਚ ਝੋਨੇ ਦੇ ਉਤਪਾਦਨ ਵਿਚ ਰਿਕਾਰਡ ਕਮੀ ਆਉਣ ਕਾਰਨ ਕਿਸਾਨਾਂ ਨੂੰ ਤਕਰੀਬਨ 700 ਕਰੋੜ ਰੁਪਏ ਦਾ ਘਾਟਾ ਪੈਣ ਦਾ ਅਨੁਮਾਨ ਹੈ। ਖੇਤੀ ਮਾਹਿਰਾਂ ਦੇ ਅਨੁਮਾਨ ਨਾਲੋਂ ਤਕਰੀਬਨ 10 ਲੱਖ ਟਨ ਘੱਟ ਝੋਨੇ ਦੀ ਖਰੀਦ ਹੋਈ ਹੈ। ਰਾਜ ਦੀਆਂ ਮੰਡੀਆਂ ਵਿਚ ਖਰੀਦ ਦਾ ਕੰਮ ਹੁਣ ਖ਼ਤਮ ਹੋਣ ਕਿਨਾਰੇ ਹੈ ਤੇ ਪਿਛਲੇ ਹਫਤੇ ਤੱਕ 118.23 ਲੱਖ ਟਨ ਝੋਨੇ ਦੀ ਖਰੀਦ ਕੀਤੀ ਜਾ ਸਕੀ ਹੈ। ਇਸ ਤੋਂ ਬਿਨਾਂ 9.21 ਲੱਖ ਟਨ ਬਾਸਮਤੀ ਤੇ 118.23 ਲੱਖ ਟਨ ਐਫ.ਸੀ.ਆਈ. ਗਰੇਡ ਹੈ ਜਿਸ ਦੀ ਖਰੀਦ ਸਰਕਾਰ ਵੱਲੋਂ ਘੱਟੋ ਘੱਟ ਸਮਰਥਨ ਮੁੱਲ ਤਹਿਤ ਕੀਤੀ ਜਾਂਦੀ ਹੈ।

ਸਰਕਾਰ ਦਾ ਟੀਚਾ 140 ਲੱਖ ਟਨ ਖਰੀਦ ਦਾ ਸੀ। ਖੇਤੀ ਅਧਿਕਾਰੀਆਂ ਅਨੁਸਾਰ ਆਉਂਦੇ ਕੁਝ ਦਿਨਾਂ ਦੌਰਾਨ ਸਿਰਫ਼ ਲੱਖ ਕੁ ਟਨ ਹੋਰ ਝੋਨਾ ਰਾਜ ਦੀਆਂ ਮੰਡੀਆਂ ਵਿਚ ਆ ਸਕਦਾ ਹੈ। ਪੰਜਾਬ ਵਿਚ ਇਸ ਵਾਰੀ ਝੋਨੇ ਦੀ ਫਸਲ ਹੇਠ ਕਰੀਬ 27.50 ਲੱਖ ਹੈਕਟੇਅਰ ਰਕਬਾ ਸੀ। ਇਸ ਫਸਲ ਹੇਠ 2010 ਦੌਰਾਨ 28.12 ਲੱਖ ਹੈਕਟੇਅਰ ਰਕਬਾ ਸੀ। ਚਲੰਤ ਸਾਲ ਦੌਰਾਨ ਰਕਬਾ ਘਟਣ ਕਾਰਨ ਤਿੰਨ ਕੁ ਲੱਖ ਟਨ ਦੀ ਪੈਦਾਵਾਰ ਘਟਣਾ ਤਾਂ ਸੁਭਾਵਕ ਮੰਨਿਆ ਜਾ ਸਕਦਾ ਸੀ ਪਰ ਇਸ ਤੋਂ ਜ਼ਿਆਦਾ ਪੈਦਾਵਾਰ ਘਟਣ ਨਾਲ ਕਿਸਾਨਾਂ ਨੂੰ ਸਿੱਧੇ ਤੌਰ 'ਤੇ ਮਾਲੀ ਘਾਟਾ ਪਿਆ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਅਗਸਤ ਤੇ ਸਤੰਬਰ ਮਹੀਨੇ ਦੌਰਾਨ ਜ਼ਿਆਦਾ ਬਾਰਸ਼ਾਂ ਹੋਣ ਕਾਰਨ ਝੋਨੇ ਦੇ ਉਤਪਾਦਨ ਨੂੰ ਮਾਰ ਪਈ ਹੈ। ਪਿਛਲੇ ਸਾਲ ਦੇ ਮੁਕਾਬਲੇ ਜਿਸ ਤਰ੍ਹਾਂ ਇਸ ਵਾਰੀ ਝੋਨੇ ਦੀ ਫਸਲ ਹੇਠਲੇ ਰਕਬੇ ਵਿਚ ਕਟੌਤੀ ਹੋਈ ਸੀ ਉਸ ਤੋਂ 137 ਲੱਖ ਟਨ ਝੋਨੇ ਦਾ ਉਤਪਾਦਨ ਠੀਕ ਮੰਨਿਆ ਜਾ ਸਕਦਾ ਸੀ। ਰਾਜ ਸਰਕਾਰ ਨੇ ਵੀ ਖੇਤੀਬਾੜੀ ਵਿਭਾਗ ਤੇ ਖੇਤੀ ਮਾਹਿਰਾਂ ਦੀ ਸਲਾਹ ਤੋਂ ਬਾਅਦ ਹੀ 140 ਲੱਖ ਟਨ ਝੋਨੇ ਦੀ ਖਰੀਦ ਦੇ ਪ੍ਰਬੰਧ ਕੀਤੇ ਸਨ।

ਬਾਸਮਤੀ ਦੀ ਢੁਕਵੀਂ ਕੀਮਤ ਨਾ ਮਿਲਣ ਕਾਰਨ ਵੀ ਕਿਸਾਨਾਂ ਨੂੰ ਮੋਟਾ ਰਗੜਾ ਲੱਗਿਆ ਹੈ। ਪੰਜਾਬ ਦੇ ਡਾਇਰੈਕਟਰ ਖੇਤੀਬਾੜੀ ਡਾ. ਬਲਵਿੰਦਰ ਸਿੰਘ ਸਿੱਧੂ ਦਾ ਮੰਨਣਾ ਹੈ ਕਿ ਮੌਸਮ ਦੀਆਂ ਤਬਦੀਲੀਆਂ ਕਾਰਨ ਸੂਬੇ ਵਿਚ ਝੋਨੇ ਦੀ ਪੈਦਾਵਰ ਘਟੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ 60 ਕੁ ਹਜ਼ਾਰ ਹੈਕਟੇਅਰ ਰਕਬਾ ਘਟਣ ਕਾਰਨ ਤਿੰਨ ਲੱਖ ਟਨ ਦੇ ਘਾਟੇ ਦਾ ਅੰਦਾਜ਼ਾ ਤਾਂ ਪਹਿਲਾਂ ਹੀ ਲਾਇਆ ਜਾ ਰਿਹਾ ਸੀ ਪਰ ਪ੍ਰਾਪਤ ਅੰਕੜਿਆਂ ਤੋਂ ਪੈਦਾਵਾਰ ਜ਼ਿਆਦਾ ਹੇਠਾਂ ਜਾਂਦੀ ਦਿਖਾਈ ਦੇ ਰਹੀ ਹੈ।

# ਪਾਕਿ 'ਚ ਦਹਿਸ਼ਤਜ਼ਦਾ ਹਿੰਦੂਆਂ ਵਲੋਂ ਹਿਜਰਤ

**ਕਰਾਚੀ:** ਪਾਕਿਸਤਾਨ ਦੇ ਸਿੰਧ ਸੂਬੇ ਵਿਚ ਤਿੰਨ ਹਿੰਦੂਆਂ ਦੇ ਕਤਲਾਂ ਤੇ ਦਿਨੋ-ਦਿਨ ਅਗਵਾ ਦੀਆਂ ਵਧਦੀਆਂ ਘਟਨਾਵਾਂ ਨੇ ਦੇਸ਼ ਦੇ ਹਿੰਦੂ ਭਾਈਚਾਰੇ ਵਿਚ ਡਰ ਤੇ ਅਸੁਰੱਖਿਆ ਦੀ ਭਾਵਨਾ ਵਧਾ ਦਿੱਤੀ ਹੈ। ਪਾਕਿਸਤਾਨੀ ਹਿੰਦੂ ਕੌਂਸਲ ਤੇ ਪਾਕਿਸਤਾਨ ਹਿੰਦੂ ਸੇਵਾ (ਪੀ.ਐਚ.ਸੀ.) ਸਮੇਤ ਹੋਰ ਹਿੰਦੂ ਸੰਗਠਨਾਂ ਦੇ ਆਗੂਆਂ ਨੇ ਕਿਹਾ ਹੈ ਕਿ ਦੇਸ਼ ਵਿਚ ਹਿੰਦੂ ਘੱਟ ਗਿਣਤੀ ਖ਼ਿਲਾਫ਼ ਭੇਦਭਾਵ, ਅਗਵਾ, ਕਤਲ ਤੇ ਜ਼ਬਰੀ ਧਰਮ ਤਬਦੀਲੀ ਦੀਆਂ ਵਧਦੀਆਂ ਘਟਨਾਵਾਂ ਉਨ੍ਹਾਂ ਨੂੰ ਵਿਦੇਸ਼ਾਂ ਵੱਲ ਹਿਜਰਤ ਕਰਨ ਲਈ ਮਜਬੂਰ ਕਰ ਰਹੀਆਂ ਹਨ ਤੇ ਸਮੇਂ ਦੇ ਨਾਲ ਇਹ ਰੁਝਾਨ ਵਧਦਾ ਜਾ ਰਿਹਾ ਹੈ।

ਪੀ.ਐਚ.ਸੀ. ਮੁਖੀ ਸੰਜੇਸ਼ ਕੁਮਾਰ ਨੇ ਕਿਹਾ ਹੈ ਕਿ ਇਕ ਅੰਦਾਜ਼ੇ ਮੁਤਾਬਕ ਹਰ ਮਹੀਨੇ ਅੱਠ ਤੋਂ 10 ਹਿੰਦੂ ਪਰਿਵਾਰ ਪਾਕਿਸਤਾਨ ਤੋਂ ਹਿਜਰਤ ਕਰਦੇ ਹਨ ਜਿਨ੍ਹਾਂ 'ਚ ਜ਼ਿਆਦਾਤਰ ਮੱਧ ਤੇ ਉੱਚ ਵਰਗ ਨਾਲ ਸਬੰਧਤ ਹੁੰਦੇ ਹਨ ਜਦਕਿ ਗਰੀਬ ਵਰਗ ਦੇ ਹਿੰਦੂਆਂ ਕੋਲ ਇਨ੍ਹਾਂ ਹਾਲਾਤ ਵਿਚ ਵੀ ਪਾਕਿਸਤਾਨ ਰਹਿਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ। ਇਹ ਬੜੀ ਮੰਦਭਾਗੀ ਗੱਲ ਹੈ ਕਿ ਸਦੀਆਂ ਤੋਂ ਸਿੰਧ ਵਿਚ ਰਹਿੰਦੇ ਹਿੰਦੂਆਂ ਨੂੰ ਉਥੋਂ ਹਿਜਰਤ ਕਰਨੀ ਪੈ ਰਹੀ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚ ਤਕਰੀਬਨ 70 ਲੱਖ ਹਿੰਦੂ ਰਹਿੰਦੇ ਹਨ ਜਿਨ੍ਹਾਂ ਦੀ ਜ਼ਿਆਦਾ ਗਿਣਤੀ ਸਿੰਧ, ਖੈਬਰ ਤੇ ਪਖਤੂਨਖਵਾ ਸੂਬਿਆਂ ਵਿਚ ਹੈ। ਪਾਕਿਸਤਾਨੀ ਹਿੰਦੂ ਕੌਂਸਲ ਦੇ ਸੀਨੀਅਰ ਮੈਂਬਰ ਨੇ ਦੱਸਿਆ ਕਿ ਹਿੰਦੂਆਂ ਦੇ ਹਿਜਰਤ ਕਰਨ ਨਾਲ ਪਾਕਿਸਤਾਨ ਆਪਣੇ ਤਜਰਬੇਕਾਰ ਤੇ ਕਾਬਲ ਡਾਕਟਰ, ਇੰਜੀਨੀਅਰ ਤੇ ਕਾਰੋਬਾਰੀ ਗਵਾ ਰਿਹਾ ਹੈ ਜਿਸ ਦਾ ਆਰਥਿਕ ਤੇ ਹੋਰ ਪੱਧਰਾਂ 'ਤੇ ਦੇਸ਼ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਰਾਜਨੀਤੀ ਤੇ ਸਮਾਜ ਸੇਵਾ ਮਾਹਰਾਂ ਮੁਤਾਬਕ ਜਨਰਲ ਜ਼ਿਆ ਉਲ ਹੱਕ ਦੇ ਫੌਜੀ ਸ਼ਾਸਨ ਤੋਂ ਬਾਅਦ ਦੇਸ਼ ਵਿਚ ਹਾਲਾਤ ਬੜੇ ਨਾਟਕੀ ਢੰਗ ਨਾਲ ਬਦਲੇ ਤੇ ਹਿੰਦੂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਘਟਨਾਵਾਂ 'ਚ ਤੇਜ਼ੀ ਨਾਲ ਵਾਧਾ ਹੋਇਆ। ਜ਼ਿਕਰਯੋਗ ਹੈ ਕਿ 2009 ਵਿਚ ਬਾਲੀਵੁੱਡ ਅਭਿਨੇਤਰੀ ਜੂਹੀ ਚਾਵਲਾ ਦੇ ਰਿਸ਼ਤੇਦਾਰ ਸਤੀਸ਼ ਆਨੰਦ ਨੂੰ ਕਰਾਚੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਤੇ ਫਿਰੌਤੀ ਦੇ ਰੂਪ ਵਿਚ ਵੱਡੀ ਰਕਮ ਦੇਣ ਤੋਂ ਬਾਅਦ ਉਸ ਨੂੰ ਛੇ ਮਹੀਨਿਆਂ ਬਾਅਦ ਛੱਡਿਆ ਗਿਆ। ਇਸ ਪਿਛੋਂ ਉਸ ਦੇ ਬਹੁਤ ਸਾਰੇ ਪਰਿਵਾਰਕ ਮੈਂਬਰ ਖੌਫ ਦੇ ਸਾਏ ਹੇਠ ਪਾਕਿਸਤਾਨ ਤੋਂ ਹਿਜਰਤ ਕਰ ਗਏ। ਪੀ.ਐਚ.ਸੀ. ਸੰਸਥਾਪਕ ਰਾਜੇਸ਼ ਕੁਮਾਰ ਮੁਤਾਬਕ ਇੱਥੇ ਹਿੰਦੂਆਂ ਨੂੰ ਅਗਵਾ ਤੋਂ ਇਲਾਵਾ ਭੇਦਭਾਵ ਤੇ ਜਬਰੀ ਧਰਮ ਤਬਦੀਲੀ ਵਰਗੀਆਂ ਹੋਰ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਹਿੰਦੂ ਲੜਕੀਆਂ ਦੇ ਅਗਵਾ ਹੋਣ ਦੀਆਂ ਵਧਦੀਆਂ ਘਟਨਾਵਾਂ ਨੇ ਵੀ ਪਰਿਵਾਰਾਂ ਨੂੰ ਪਾਕਿਸਤਾਨ ਛੱਡ ਦੇਣ ਲਈ ਮਜਬੂਰ ਕੀਤਾ ਹੈ।

## ਹਿੰਦੂ ਪਾਕਿਸਤਾਨ ਨਾ ਛੱਡਣ:ਨਵਾਜ਼ ਸ਼ਰੀਫ਼

**ਕਰਾਚੀ:** ਪਾਕਿਤਸਾਨ ਵਿਚ ਵਿਰੋਧੀ ਧਿਰ ਦੇ ਆਗੂ ਨਵਾਜ਼ ਸ਼ਰੀਫ ਨੇ ਪਾਕਿਸਤਾਨ ਵਿਚ ਵਸਦੇ ਹਿੰਦੂਆਂ ਨੂੰ ਕਿਹਾ ਹੈ ਕਿ ਉਹ ਦੇਸ਼ ਛੱਡ ਕੇ ਜਾਣ ਬਾਰੇ ਨਾ ਸੋਚਣ। ਦੇਸ਼ ਵਿਚ ਹਿੰਦੂ ਸੁਰੱਖਿਅਤ ਹਨ। ਸਾਬਕਾ ਪ੍ਰਧਾਨ ਮੰਤਰੀ ਸ਼ਰੀਫ ਨੇ ਕਿਹਾ ਕਿ ਹਿੰਦੂਆਂ ਦਾ ਵੀ ਪਾਕਿਸਤਾਨ 'ਤੇ ਓਨਾ ਹੀ ਹੱਕ ਹੈ ਜਿੰਨਾ ਮੁਸਲਮਾਨਾਂ ਦਾ।

ਉਨ੍ਹਾਂ ਕਿਹਾ ਕਿ ਇਹ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਘੱਟ-ਗਿਣਤੀਆਂ ਦੀ ਸੁਰੱਖਿਆ ਕਰੇ। ਉਨ੍ਹਾਂ ਕਿਹਾ ਕਿ ਆਪਣੇ ਭਵਿੱਖ ਬਾਰੇ ਚਿੰਤਤ ਨਾ ਹੋਵੋ ਤੇ ਭਾਰਤ ਵਿਚ ਵਸਣ ਬਾਰੇ ਨਾ ਸੋਚੋ।

ਸੂਬਾ ਸਿੰਧ ਵਿਚ ਘਟਨਾ ਸਥਾਨ ਦਾ ਦੌਰਾ ਕਰਨ ਉਪਰੰਤ ਸਾਬਕਾ ਪ੍ਰਧਾਨ ਮੰਤਰੀ ਨੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਕਿਹਾ ਕਿ ਉਹ ਵੀ ਪਾਕਿਸਤਾਨੀ ਹੀ ਹਨ ਤੇ ਉਨ੍ਹਾਂ ਨੂੰ ਇਥੇ ਰਹਿਣਾ ਚਾਹੀਦਾ ਹੈ।

# ਸਾਬਕਾ ਦੂਰਸੰਚਾਰ ਮੰਤਰੀ ਸੁਖਰਾਮ ਨੂੰ ਪੰਜ ਸਾਲ ਕੈਦ

**ਨਵੀਂ ਦਿੱਲੀ:** ਕਈ ਸਾਲਾਂ ਤੋਂ ਜੇਲ੍ਹ ਜਾਣ ਤੋਂ ਬਚਦੇ ਆ ਰਹੇ ਸਾਬਕਾ ਦੂਰਸੰਚਾਰ ਮੰਤਰੀ ਸੁਖਰਾਮ ਨੂੰ ਦਿੱਲੀ ਦੀ ਅਦਾਲਤ ਨੇ 1996 ਦੇ ਭ੍ਰਿਸ਼ਟਾਚਾਰ ਮਾਮਲੇ ਵਿਚ ਪੰਜ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਸਜ਼ਾ ਦਾ ਐਲਾਨ ਹੁੰਦਿਆਂ ਹੀ ਪੁਲਿਸ ਨੇ ਇਸ 86 ਸਾਲਾ ਸਾਬਕਾ ਕਾਂਗਰਸੀ ਆਗੂ ਨੂੰ ਗ੍ਰਿਫਤਾਰ ਕਰਕੇ ਤਿਹਾੜ ਜੇਲ੍ਹ ਵਿਚ ਬੰਦ ਕਰ ਦਿੱਤਾ। ਸੁਖਰਾਮ ਦੋ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਕਾਨੂੰਨੀ ਦਾਅ ਪੇਚਾਂ ਦੇ ਦਮ 'ਤੇ ਹੁਣ ਤਕ ਜੇਲ੍ਹ ਜਾਣ ਤੋਂ ਬਚਦਾ ਆ ਰਿਹਾ ਸੀ।

ਪੀ.ਵੀ. ਨਰਸਿਮਹਾ ਰਾਓ ਸਰਕਾਰ ਵਿਚ ਦੂਰਸੰਚਾਰ ਮੰਤਰੀ ਰਹੇ ਸੁਖਰਾਮ ਨੂੰ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਆਰ.ਪੀ. ਪਾਂਡੇ ਨੇ ਤਿੰਨ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿਚ ਜਿੱਥੇ ਪੰਜ ਸਾਲ ਦੀ ਸਜ਼ਾ ਸੁਣਾਈ, ਉੱਥੇ ਚਾਰ ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ। ਇਸ ਸਾਬਕਾ ਮੰਤਰੀ ਨੇ ਅਹੁਦੇ 'ਤੇ ਹੁੰਦਿਆਂ ਪ੍ਰਾਈਵੇਟ ਕੰਪਨੀ ਨੂੰ ਟੈਲੀਫੋਨ ਵਿਭਾਗ ਨੂੰ ਤਾਰਾਂ ਦੀ ਸਪਲਾਈ ਕਰਨ ਦਾ ਠੇਕਾ ਦੇਣ ਲਈ ਤਿੰਨ ਲੱਖ ਰੁਪਏ ਦੀ ਰਿਸ਼ਵਤ ਲਈ ਸੀ।

ਜੱਜ ਨੇ ਕਿਹਾ ਕਿ ਦੋਸ਼ੀ ਦੋ ਹੋਰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਦੋਸ਼ੀ ਸਾਬਤ ਹੋਣ ਦੇ ਬਾਵਜੂਦ ਜੇਲ੍ਹ ਤੋਂ ਬਾਹਰ ਮੌਜਾਂ ਮਾਣ ਰਿਹਾ ਹੈ। ਇਸ ਨਾਲ ਦੇਸ਼ ਦੀ ਜਨਤਾ ਵਿਚ ਗਲਤ ਸੁਨੇਹਾ ਜਾਂਦਾ ਹੈ ਕਿ ਇਹ ਲੋਕ ਸਰਕਾਰੀ ਪੈਸਾ ਵੀ ਖਾ ਗਏ ਤੇ ਅਦਾਲਤ 'ਚ ਦੋਸ਼ੀ ਵੀ ਸਾਬਤ ਹੋ ਗਏ। ਇਸ ਸਭ ਦੇ ਬਾਵਜੂਦ ਇਨ੍ਹਾਂ ਨੂੰ ਹੋਇਆ ਕੁਝ ਵੀ ਨਹੀਂ।

ਮੌਜੂਦਾ ਕੇਸ ਤੋਂ ਇਲਾਵਾ ਇਸ ਬਜ਼ੁਰਗ ਸਾਬਕਾ ਕਾਂਗਰਸੀ ਨੂੰ ਸਾਲ 2002 ਦੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਤਿੰਨ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਹ ਮਾਮਲਾ ਟੈਲੀਫੋਨ ਵਿਭਾਗ ਨੂੰ ਸਾਜ਼ੋ-ਸਾਮਾਨ ਸਪਲਾਈ ਕਰਨ ਦਾ ਹੈ ਤੇ ਇਸ ਮਾਮਲੇ ਨਾਲ ਸਰਕਾਰੀ ਖਜ਼ਾਨੇ ਨੂੰ 1.66 ਕਰੋੜ ਰੁਪਏ ਦਾ ਚੂਨਾ ਲੱਗਿਆ ਸੀ। ਇਕ ਹੋਰ ਮਾਮਲਾ 2009 ਦਾ ਹੈ ਜਿਸ ਵਿੱਚ ਉਸ ਨੂੰ ਬੇਹਿਸਾਬੀ ਸੰਪਤੀ ਹੋਣ ਦੇ ਦੋਸ਼ ਵਿਚ ਤਿੰਨ ਸਾਲਾਂ ਦੀ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਦੋਵਾਂ ਮਾਮਲਿਆਂ ਵਿਚ ਜ਼ਮਾਨਤਾਂ ਮਿਲਣ ਕਾਰਨ ਉਹ ਜੇਲ੍ਹ ਨਹੀਂ ਗਿਆ। ਸੁਖਰਾਮ ਨੂੰ ਤਿਹਾੜ ਜੇਲ੍ਹ ਨੰਬਰ ਇਕ ਵਿੱਚ ਬੰਦ ਕੀਤਾ ਗਿਆ ਹੈ।



Amardeep Singh
Ph:916-712-2735
DRE#01357217

Buy a Home With Zero Cash! No Money Down!

For FREE list of properties and pre-recorded information on how "NO MONEY DOWN" Program Work.
Govt. Loans, USDA, VA, Down Assistance Program and many more. Call Toll Free:1-888-450-6603 ID#4074



179,900
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242




**$149,000**
**Antelope – $604**
Great schools, separate family & living. Quite Street. Pvt. back yard. Walking distance to plazas. **FREE INFO: 1-888-450-6603**, ID#4212



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
*-Mr. Sood.*



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$151,000**
**Antelope - $615**
Charming home. Excellent school district. Open lay out. Eat in Kitchen. Beautiful Neighborhood. **FREE INFO: 1-888-450-6603**, ID#4248



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਰਾਸਤ-ਏ-ਖਾਲਸਾ: ਪੰਜਾਬ ਸਰਕਾਰ ਫਿਲਮੀ ਹਸਤੀਆਂ ਨੂੰ ਬੁਲਾਉਣ ਤੋਂ ਪਿੱਛੇ ਹਟੀ

**ਅੰਮ੍ਰਿਤਸਰ:** 550 ਸਾਲਾਂ ਦੇ ਸਿੱਖ ਇਤਿਹਾਸ ਦੀ ਯਾਦਗਾਰ 'ਵਿਰਾਸਤ-ਏ-ਖਾਲਸਾ' ਦਾ ਅਨੰਦਪੁਰ ਸਾਹਿਬ ਵਿਖੇ 25 ਨਵੰਬਰ ਨੂੰ ਹੋਣ ਵਾਲਾ ਉਦਘਾਟਨ ਗੁਰਮਤਿ ਰਹੁ-ਰੀਤਾਂ ਮੁਤਾਬਕ ਹੋਵੇਗਾ ਤੇ ਇਸ ਦੇ ਉਦਘਾਟਨ ਲਈ ਬਾਲੀਵੁੱਡ ਦੇ ਕਿਸੇ ਅਦਾਕਾਰ ਨੂੰ ਨਹੀਂ ਸੱਦਿਆ ਗਿਆ। ਚੁਫੇਰਿਓਂ ਅਲੋਚਨਾ ਤੇ ਦਬਾਅ ਤੋਂ ਬਾਅਦ ਇਹ ਐਲਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੀਤਾ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਸਾਕਾ ਨੀਲਾ ਤਾਰਾ ਦੀ ਯਾਦਗਾਰ ਵੀ ਜ਼ਰੂਰ ਬਣੇਗੀ।

ਵਿਰਾਸਤ-ਏ-ਖਾਲਸਾ ਦੇ ਉਦਘਾਟਨੀ ਸਮਾਰੋਹ ਵਿਚ ਅਮਿਤਾਭ ਬੱਚਨ ਤੇ ਹੇਮਾ ਮਾਲਨੀ ਸਮੇਤ ਗਾਇਕਾ ਆਸ਼ਾ ਭੌਂਸਲੇ, ਜਸਪਿੰਦਰ ਨਰੂਲਾ ਤੇ ਹੋਰਾਂ ਨੂੰ ਸੱਦੇ ਜਾਣ ਦੀ ਚਰਚਾ ਸੀ ਪਰ ਸਿੱਖ ਜਥੇਬੰਦੀਆਂ ਵੱਲੋਂ ਇਸ ਧਾਰਮਿਕ ਸਮਾਗਮ ਵਿਚ ਅਮਿਤਾਭ ਬਚਨ ਨੂੰ ਸੱਦੇ ਜਾਣ ਦਾ ਤਿੱਖਾ ਵਿਰੋਧ ਸ਼ੁਰੂ ਹੋ ਗਿਆ ਸੀ। ਜਥੇਬੰਦੀਆਂ ਦੇ ਆਗੂਆਂ ਵੱਲੋਂ ਦੋਸ਼ ਲਾਇਆ ਗਿਆ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਭੜਕਾਉਣ ਲਈ ਉਹ ਵੀ ਦੋਸ਼ੀ ਹਨ। ਇਸ ਬਾਰੇ ਕਈ ਸਿੱਖ ਜਥੇਬੰਦੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਧਾਨ ਨੂੰ ਮੰਗ ਪੱਤਰ ਸੌਂਪੇ ਗਏ ਹਨ।

ਵਿਗੜਦੀ ਹਾਲਤ ਨੂੰ ਵੇਖਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਪੱਸ਼ਟ ਕੀਤਾ ਕਿ ਵਿਰਾਸਤ-ਏ-ਖਾਲਸਾ ਦੇ ਉਦਘਾਟਨ ਸਮਾਗਮ ਵਿਚ ਕਿਸੇ ਵੀ ਫਿਲਮੀ ਕਲਾਕਾਰ ਨੂੰ ਨਹੀਂ ਸੱਦਿਆ ਗਿਆ ਤੇ ਨਾ ਹੀ ਕੋਈ ਫਿਲਮੀ ਕਲਾਕਾਰ ਇਸ ਸਿੱਖ ਯਾਦਗਾਰ ਦਾ ਉਦਘਾਟਨ ਕਰੇਗਾ। ਇਸ ਯਾਦਗਾਰ ਦਾ ਉਦਘਾਟਨ ਸਿੱਖ ਧਰਮ ਦੀਆਂ ਰਹੁ-ਰੀਤਾਂ ਅਨੁਸਾਰ ਹੋਵੇਗਾ। ਉਨ੍ਹਾਂ ਦੱਸਿਆ ਕਿ ਸਮਾਗਮ ਦਾ ਉਦਘਾਟਨ ਫਿਲਮੀ ਕਲਾਕਾਰ ਅਮਿਤਾਭ ਬੱਚਨ ਵੱਲੋਂ ਕੀਤੇ ਜਾਣ ਦੀ ਚਰਚਾ ਹੋਣ ਨਾਲ ਦੇਸ਼ ਵਿਦੇਸ਼ ਤੋਂ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਪ੍ਰਗਟਾਇਆ ਜਾ ਰਿਹਾ ਸੀ। ਉਨ੍ਹਾਂ ਨੂੰ ਕਈ ਫੋਨ ਸੁਨੇਹੇ ਮਿਲੇ ਹਨ ਤੇ ਕਈ ਜਥੇਬੰਦੀਆਂ ਨੇ ਮੰਗ ਪੱਤਰ ਵੀ ਦਿੱਤੇ ਹਨ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਬੀਬੀ ਜਗਦੀਸ਼ ਕੌਰ, ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ, ਸਿੱਖ ਆਗੂ ਚਰਨਜੀਤ ਸਿੰਘ ਚੰਨੀ ਤੇ ਹੋਰਾਂ ਨੇ ਮੰਗ ਪੱਤਰ ਸੌਂਪੇ ਹਨ ਜਿਸ ਵਿਚ ਅਮਿਤਾਭ ਬੱਚਨ ਨੂੰ ਇਸ ਸਮਾਗਮ ਵਿਚ ਸੱਦੇ ਜਾਣ ਦਾ ਵਿਰੋਧ ਕੀਤਾ ਗਿਆ ਹੈ।


ਆਸ਼ਾ ਭੌਂਸਲੇ ਵੱਲੋਂ ਸ਼ਬਦ ਗਾਇਨ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿਰਫ ਗੁਰਬਾਣੀ ਦਾ ਗਾਇਨ ਹੋਵੇਗਾ ਪਰ ਕਿਸੇ ਹੋਰ ਮੰਚ ਤੋਂ ਉਹ ਸ਼ਬਦ ਗਾਇਨ ਕਰ ਸਕਦੇ ਹਨ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਤੇ ਹੋਰਾਂ ਦੀ ਆਮਦ ਬਾਰੇ ਉਨ੍ਹਾਂ ਕਿਹਾ ਕਿ ਗੁਰੂ ਘਰ ਵਿਚ ਸਧਾਰਨ ਸ਼ਰਧਾਲੂ ਵਜੋਂ ਮੱਥਾ ਟੇਕਣ ਲਈ ਕੋਈ ਵੀ ਆ ਸਕਦਾ ਹੈ ਤੇ ਕਿਸੇ 'ਤੇ ਕੋਈ ਰੋਕ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜ ਸਿੰਘ ਸਾਹਿਬਾਨ ਸਮਾਗਮ ਵਿਚ ਸ਼ਾਮਲ ਹੋਣਗੇ, ਜੇਕਰ ਕਿਸੇ ਤਰ੍ਹਾਂ ਦੀ ਕੋਈ ਉਲੰਘਣਾ ਹੁੰਦੀ ਹੈ ਤਾਂ ਉਸ ਨੂੰ ਮੌਕੇ 'ਤੇ ਰੋਕਿਆ ਜਾਵੇਗਾ।

ਜਥੇਦਾਰ ਨੇ ਆਖਿਆ ਕਿ ਸਾਕਾ ਨੀਲਾ ਤਾਰਾ ਦੀ ਯਾਦਗਾਰ ਵੀ ਜਲਦੀ ਬਣੇਗੀ। ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਕਮੇਟੀ ਦੀਆਂ ਮੀਟਿੰਗਾਂ ਹੋ ਚੁੱਕੀਆਂ ਹਨ। ਸ੍ਰੀ ਹਰਿਮੰਦਰ ਸਾਹਿਬ ਆਏ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੂਚਨਾ ਕੇਂਦਰ ਵਿਖੇ ਸਨਮਾਨਤ ਕੀਤੇ ਜਾਣ ਬਾਰੇ ਉਨ੍ਹਾਂ ਆਖਿਆ ਕਿ ਸ੍ਰੀ ਅਡਵਾਨੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਨਮਾਨਤ ਕੀਤੇ ਜਾਣ ਵਜੋਂ ਸਿਰੋਪਾਓ ਨਹੀਂ ਦਿੱਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਿਰੋਪਾਓ ਦਿੱਤੇ ਜਾਣ ਦੀ ਹੀ ਵੱਡੀ ਅਹਿਮੀਅਤ ਹੈ। ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਵੱਲੋਂ ਡੇਰਾ ਸਿਰਸਾ ਵਿਖੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ।

# ਰਾਮੂਵਾਲੀਆ ਮੁੜ ਬਾਦਲ ਦੇ ਖੇਮੇ 'ਚ

**ਚੰਡੀਗੜ੍ਹ:** ਲੋਕ ਭਲਾਈ ਪਾਰਟੀ ਦੇ ਮੁਖੀ ਤੇ ਸਾਬਕਾ ਅਕਾਲੀ ਸੰਸਦ ਮੈਂਬਰ ਬਲਵੰਤ ਸਿੰਘ ਰਾਮੂਵਾਲੀਆ ਦੀ ਅਕਾਲੀ ਦਲ ਵਿਚ ਵਾਪਸੀ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਸ. ਰਾਮੂਵਾਲੀਆ ਨੇ 22 ਨਵੰਬਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕਰਕੇ ਦਲ ਵਿਚ ਵਾਪਸੀ ਲਈ ਪ੍ਰੋਗਰਾਮ ਨੂੰ ਅੰਤਿਮ ਰੂਪ ਦਿੱਤਾ। ਸ. ਰਾਮੂਵਾਲੀਆ ਨਾਲ ਇਸ ਮੀਟਿੰਗ ਦੌਰਾਨ ਗਾਇਕ ਹਰਭਜਨ ਮਾਨ ਵੀ ਹਾਜ਼ਰ ਸੀ।

ਮੁੱਖ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਸ. ਬਾਦਲ ਦੇ ਦਸਤਖ਼ਤਾਂ ਹੇਠ ਸ. ਰਾਮੂਵਾਲੀਆ ਦੇ ਨਾਂ ਲਿਖਤੀ ਪੱਤਰ ਵੀ ਜਾਰੀ ਕੀਤਾ ਗਿਆ ਜਿਸ 'ਚ ਸ. ਬਾਦਲ ਨੇ ਕਿਹਾ ਕਿ ਸਿਆਸੀ ਰੂਪ ਵਿਚ



*ਬਲਵੰਤ ਸਿੰਘ ਰਾਮੂਵਾਲੀਆ*

ਸ. ਰਾਮੂਵਾਲੀਆ ਭਾਵੇਂ ਕਿਸੇ ਥਾਂ ਵੀ ਵਿਚਰੇ ਹੋਣ ਪਰ ਅਸਲ ਵਿਚ ਉਹ ਅਕਾਲੀ ਦਲ ਦੀ ਅਮਾਨਤ ਸਨ। ਉਨ੍ਹਾਂ 1975 ਵਿਚ ਐਮਰਜੈਂਸੀ ਵਿਰੁਧ ਅਤੇ 1982 ਦੇ ਧਰਮ ਯੁੱਧ ਮੋਰਚੇ ਵਿਚ ਪ੍ਰਸ਼ੰਸਾਯੋਗ ਸੇਵਾ ਨਿਭਾਈ ਤੇ ਦਲ ਨੇ ਦੋ ਵਾਰ ਉਨ੍ਹਾਂ ਨੂੰ ਲੋਕ ਸਭਾ ਮੈਂਬਰ ਤੇ ਪਾਰਟੀ ਦੇ ਸਕੱਤਰ ਜਨਰਲ ਤੇ ਦੋਹਾਂ ਸਦਨਾਂ 'ਚ ਪਾਰਟੀ ਗਰੁਪ ਦੇ ਲੀਡਰ ਬਣਾ ਕੇ ਨਿਵਾਜਿਆ।

ਸ. ਬਾਦਲ ਨੇ ਕਿਹਾ ਦੋ ਦਹਾਕਿਆਂ ਤੋਂ ਵੱਧ ਸਮਾਂ ਅਕਾਲੀ ਦਲ ਤੋਂ ਵੱਖਰੇ ਰਹਿਣ ਦੇ ਬਾਵਜੂਦ ਕਿਸੇ ਹੋਰ ਪਾਰਟੀ 'ਚ ਨਹੀਂ ਗਏ ਤੇ ਆਪਣੀ ਆਜ਼ਾਦ ਹੋਂਦ ਕਾਇਮ ਰੱਖੀ। ਸ. ਬਾਦਲ ਨੇ ਪੱਤਰ ਵਿਚ ਲਿਖਿਆ ਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਇਕੱਲਿਆਂ ਰਹਿ ਕੇ ਠੋਸ ਨਤੀਜੇ ਨਹੀਂ ਦਿੱਤੇ ਜਾ ਸਕਦੇ। ਇਸ ਲਈ ਸ਼੍ਰੋਮਣੀ ਅਕਾਲੀ ਦਲ ਦੀ ਸ਼ਕਤੀ ਵਿਚ ਵਾਧਾ ਕਰਨ ਲਈ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਜਾਵੇ।

ਅਕਾਲੀ ਹਲਕਿਆਂ ਅਨੁਸਾਰ ਆਉਂਦੀਆਂ ਚੋਣਾਂ ਦੌਰਾਨ ਅਕਾਲੀ ਦਲ ਵੱਲੋਂ ਸ. ਰਾਮੂਵਾਲੀਆ ਤੇ ਉਨ੍ਹਾਂ ਦੇ ਇਕ-ਦੋ ਸਮਰਥਕਾਂ ਨੂੰ ਵਿਧਾਨ ਸਭਾ ਚੋਣ ਲਈ ਦਲ ਦੇ ਟਿਕਟ ਵੀ ਦਿੱਤੇ ਜਾਣ ਦੀ ਸੰਭਾਵਨਾ ਹੈ। ਸ. ਰਾਮੂਵਾਲੀਆ ਸੰਗਰੂਰ ਜ਼ਿਲ੍ਹੇ ਵਿਚੋਂ ਧੂਰੀ ਹਲਕੇ ਤੋਂ ਚੋਣ ਲੜਨ ਦੇ ਇੱਛੁਕ ਸਮਝੇ ਜਾਂਦੇ ਹਨ। ਮੁੱਖ ਮੰਤਰੀ ਨੇ ਇਸ ਪੱਤਰ ਰਾਹੀਂ ਸ. ਰਾਮੂਵਾਲੀਆ ਦੀਆਂ ਤਾਰੀਫਾਂ ਦੇ ਪੁਲ ਵੀ ਬੰਨ੍ਹੇ ਹਨ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜੋ ਅਗਲੇ ਸਾਲ ਫਰਵਰੀ ਵਿਚ ਹੋਣੀਆਂ ਹਨ ਤੋਂ ਪਹਿਲਾਂ ਸੂਬੇ ਦੀ ਸਿਆਸਤ ਵਿਚ ਇਹ ਵੱਡੀ ਘਟਨਾ ਮੰਨੀ ਜਾਵੇਗੀ।

ਅੱਸੀਵਿਆਂ ਦੇ ਅੱਧ ਵਿਚ ਸ. ਰਾਮੂਵਾਲੀਆ ਨੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਨਾਤਾ ਤੋੜ ਲਿਆ ਸੀ ਤੇ ਉਨ੍ਹਾਂ ਦੀ ਕੇਂਦਰੀ ਸਿਆਸਤ ਵਿਚ ਮਹੱਤਵਪੂਰਨ ਥਾਂ ਰੱਖਣ ਵਾਲੇ ਮਰਹੂਮ ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਨਾਲ ਕਾਫੀ ਨੇੜਤਾ ਰਹੀ ਹੈ। ਕਾਮਰੇਡ ਸੁਰਜੀਤ ਨਾਲ ਨੇੜਤਾ ਸਦਕਾ ਹੀ ਸ. ਰਾਮੂਵਾਲੀਆ ਘੱਟ ਗਿਣਤੀ ਕਮਿਸ਼ਨ ਦੇ ਉਪ ਚੇਅਰਮੈਨ, ਦੇਵਗੌੜਾ ਤੇ ਆਈ.ਕੇ. ਗੁਜਰਾਲ ਦੀਆਂ ਸਰਕਾਰਾਂ ਵਿਚ ਮੰਤਰੀ ਤੇ ਹੋਰ ਅਹੁਦਿਆਂ 'ਤੇ ਰਹੇ।

ਸ. ਰਾਮੂਵਾਲੀਆ ਨੇ ਕਿਹਾ ਕਿ ਲੋਕ ਭਲਾਈ ਪਾਰਟੀ ਪੰਜਾਬ ਨਾਲ ਸਬੰਧਤ 15 ਨੁਕਾਤੀ ਪ੍ਰੋਗਰਾਮ ਲੈ ਕੇ ਸਿਆਸੀ ਲੜਾਈ ਲੜ ਰਹੀ ਹੈ। ਕਾਂਗਰਸ ਨੇ ਲੋਕ ਭਲਾਈ ਪਾਰਟੀ ਦੇ ਪ੍ਰੋਗਰਾਮ ਪ੍ਰਤੀ ਕੋਈ ਹੁੰਗਾਰਾ ਨਹੀਂ ਭਰਿਆ ਜਦੋਂਕਿ ਸ਼੍ਰੋਮਣੀ ਅਕਾਲੀ ਦਲ ਨੇ ਸਹਿਮਤੀ ਪ੍ਰਗਟਾਈ ਹੈ। ਪਾਰਟੀ ਦੇ ਇਸ ਪ੍ਰੋਗਰਾਮ 'ਚ ਕਈ ਮੁੱਦੇ ਤਾਂ ਕੇਂਦਰ ਸਰਕਾਰ ਨਾਲ ਸਬੰਧਤ ਹਨ ਜਿਸ ਵਿਚ ਪੰਜਾਬ ਨਾਲ ਪੈਰ ਪੈਰ 'ਤੇ ਜ਼ਿਆਦਤੀ ਦੇ ਮੁੱਦੇ ਸ਼ਾਮਲ ਹਨ।

## ਰੁਪਿਆ ਹੋਰ ਡਿੱਗਿਆ

ਇਸ ਗਿਰਾਵਟ ਦਾ ਸਭ ਤੋਂ ਵੱਧ ਨੁਕਸਾਨ ਭਾਰਤ ਦੇ ਸਰਕਾਰੀ ਖ਼ਜ਼ਾਨੇ ਨੂੰ ਪੈ ਰਿਹਾ ਹੈ। ਖ਼ਜ਼ਾਨੇ ਦਾ ਘਾਟਾ ਤੇਜ਼ੀ ਨਾਲ ਵਧ ਰਿਹਾ ਹੈ। ਇਸ ਨਾਲ ਤੇਲ ਦੀ ਦਰਾਮਦ ਹੋਰ ਮਹਿੰਗੀ ਹੋ ਜਾਵੇਗੀ। ਪਿਛਲੇ ਚਾਰ ਮਹੀਨਿਆਂ ਵਿਚ ਰੁਪਿਆ ਡਾਲਰ ਦੇ ਮੁਕਾਬਲੇ 16 ਫ਼ੀਸਦ ਤੱਕ ਟੁੱਟ ਚੁੱਕਿਆ ਹੈ। ਰੁਪਏ ਦੀ ਕੀਮਤ ਡਿੱਗਣ ਕਾਰਨ ਅਮਰੀਕਾ ਤੋਂ ਆਈ.ਟੀ. ਦੀ ਮੰਗ ਵਧ ਗਈ ਹੈ। ਰਿਜ਼ਰਵ ਬੈਂਕ ਦੇ ਗਵਰਨਰ ਡੀ. ਸੁਬਾਰਾਓ ਨੇ ਕਿਹਾ ਹੈ ਕਿ ਰਿਜ਼ਰਵ ਬੈਂਕ ਨੇ ਰੁਪਏ ਦੀ ਗਿਰਾਵਟ ਨੂੰ ਰੋਕਣ ਲਈ ਹਾਲੇ ਦਖ਼ਲ ਦੇਣ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ। ਇਹ ਗਿਰਾਵਟ ਕੌਮਾਂਤਰੀ ਮੰਦਵਾੜੇ ਕਾਰਨ ਹੈ ਜਿਸ ਕਾਰਨ ਇਸ ਮਾਮਲੇ ਵਿਚ ਦਖ਼ਲ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਬੈਂਕ ਦੇ ਸਕਦਾ ਹੈ ਅਤੇ ਦੇਵੇਗਾ ਵੀ, ਪਰ ਇਹ ਦਖ਼ਲ ਕਦੋਂ ਦਿੱਤਾ ਜਾਵੇਗਾ, ਇਸ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ। ਇਸ ਮਸਲੇ ਬਾਰੇ ਵਿਚਾਰਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ।

# ਤੀਜਾ ਮੋਰਚਾ ਮੁੱਖ ਧਿਰਾਂ ਲਈ ਸਿੱਧੀ ਚੁਣੌਤੀ

ਸਰਵੇਖਣ ਕਰਵਾਇਆ ਹੈ ਜਿਸ ਵਿਚ ਪੰਜਾਬ ਦੀਆਂ ਸਰਕਾਰੀ ਖ਼ੁਫ਼ੀਆ ਏਜੰਸੀਆਂ ਦੀ ਵੀ ਮਦਦ ਲਈ ਗਈ ਹੈ। ਅਕਾਲੀ ਦਲ (ਬ) ਇਸ ਵਾਰ ਆਪਣੇ ਹਿੱਸੇ ਦੀਆਂ 65 ਸੀਟਾਂ 'ਤੇ ਹੀ ਜ਼ੋਰ ਲਾ ਰਿਹਾ ਹੈ। ਅਕਾਲੀ ਦਲ ਆਪਣੇ ਭਾਈਵਾਲ ਭਾਜਪਾ ਨੂੰ 23 ਸੀਟਾਂ ਦੇ ਕੇ ਖ਼ੁਦ 97 ਸੀਟਾਂ 'ਤੇ ਚੋਣ ਲੜੇਗਾ। ਇਨ੍ਹਾਂ 97 ਸੀਟਾਂ ਵਿਚੋਂ ਸੰਤ ਸਮਾਜ ਵੀ ਆਪਣੇ ਹਿੱਸੇ ਦੀਆਂ 10-12 ਸੀਟਾਂ 'ਤੇ ਚੋਣ ਲੜਨ ਦਾ ਇੱਛੁਕ ਹੈ।

ਅਕਾਲੀ ਦਲ (ਬ) ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸੰਤ ਸਮਾਜ ਨੂੰ 30 ਸੀਟਾਂ ਦਿੱਤੀਆਂ ਸਨ ਜਿਸ ਕਰ ਕੇ ਹੁਣ ਇਹ ਗਠਜੋੜ ਸ਼੍ਰੋਮਣੀ ਕਮੇਟੀ ਤੋਂ ਨਿਕਲ ਕੇ ਵਿਧਾਨ ਸਭਾ ਤੇ ਫਿਰ ਲੋਕ ਸਭਾ 'ਚ ਵੀ ਪਹੁੰਚੇਗਾ। ਸਿਆਸੀ ਮਾਹਿਰਾਂ ਅਨੁਸਾਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਪੰਜਾਂ ਸਾਲਾਂ ਵਿਚ ਸਿਰਫ਼ ਤੇ ਸਿਰਫ਼ 65 ਸੀਟਾਂ 'ਤੇ ਹੀ ਜ਼ੋਰ ਦਿੱਤਾ ਹੈ। ਹੁਣ ਤੱਕ ਦੇ ਸਰਵੇਖਣਾਂ ਤੋਂ ਸੁਖਬੀਰ ਬਾਦਲ ਨੂੰ ਕੁਝ ਹੱਦ ਤਸੱਲੀ ਸੀ ਪਰ ਅਚਾਨਕ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਸਾਂਝੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਦੀਆਂ ਸਰਗਰਮੀਆਂ ਨੇ ਸੱਤਾਧਾਰੀ ਗੱਠਜੋੜ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਹੈ।

ਕੇਂਦਰੀ ਹਾਈ ਕਮਾਨ ਦੀ ਘੁਰਕੀ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਦੀ ਇਕਮੁੱਠਤਾ ਤੇ ਫਿਰ ਰੈਲੀਆਂ ਦੀ ਮੁਹਿੰਮ ਨੇ ਅਕਾਲੀ ਦਲ ਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਅਕਾਲੀ ਦਲ ਦੇ ਅੰਕੜਿਆਂ ਦੀ ਖੇਡ ਵਿਗੜਨ ਤੋਂ ਬਾਅਦ ਸੱਤਾਧਾਰੀ ਗੱਠਜੋੜ ਵੱਲੋਂ ਨਵੀਂ ਰਣਨੀਤੀ ਅਖ਼ਤਿਆਰ ਕੀਤੀ ਜਾ ਰਹੀ ਹੈ। ਸਰਕਾਰ ਨੇ ਹੁਣ ਧੜਾਧੜ ਨੀਂਹ ਪੱਥਰ ਰੱਖਣੇ ਸ਼ੁਰੂ ਕਰ ਦਿੱਤੇ ਹਨ ਪਰ ਜਿਨ੍ਹਾਂ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ, ਉਨ੍ਹਾਂ ਨੂੰ ਪੂਰਾ ਹੋਣ 'ਤੇ ਕਾਫੀ ਸਮਾਂ ਲੱਗਣਾ ਹੈ ਜਿਸ ਦਾ ਲਾਹਾ ਅਕਾਲੀ ਦਲ ਨੂੰ ਦੋ ਮਹੀਨੇ ਬਾਅਦ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ 'ਚ ਨਹੀਂ ਮਿਲੇਗਾ।

ਅਕਾਲੀ ਦਲ ਲਈ ਦੂਜੀ ਮਾੜੀ ਗੱਲ ਇਹ ਸਾਬਤ ਹੋ ਰਹੀ ਹੈ ਕਿ ਉਸ ਦੀ ਭਾਈਵਾਲ ਪਾਰਟੀ ਭਾਜਪਾ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ। ਇਹ ਗੱਲ ਭਾਜਪਾ ਦੇ ਕੌਮੀ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ ਦੌਰਾਨ ਵੀ ਉਭਰ ਕੇ ਸਾਹਮਣੇ ਆਈ ਹੈ। ਭਾਜਪਾ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਪਾਰਟੀ ਦਾ ਬੁਰਾ ਹਾਲ ਹੈ ਤੇ ਨਤੀਜਾ ਸਿਫ਼ਰ ਆਇਆ ਹੈ ਜਿਸ ਕਰ ਕੇ ਪਾਰਟੀ ਦੇ ਅੰਦਰ ਵੀ ਖਿੱਚੋਤਾਣ ਵਧ ਗਈ ਹੈ।

ਦੂਜੇ ਪਾਸੇ ਪੰਜਾਬ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੀ ਅਗਵਾਈ 'ਚ ਬਣਿਆ ਸਾਂਝਾ ਮੋਰਚਾ ਵੀ ਅੰਕੜਿਆਂ ਦੀ ਖੇਡ ਵਿਚ ਪੈ ਗਿਆ ਹੈ। ਪੀ.ਪੀ.ਪੀ. ਆਗੂਆਂ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਮੋਰਚੇ ਨੂੰ 10-15 ਸੀਟਾਂ ਆ ਰਹੀਆਂ ਹਨ ਤੇ ਜੇਕਰ ਇਹ ਹਾਲਤ ਬਣੀ ਤਾਂ ਸਰਕਾਰ ਬਣਾਉਣ ਦੀ ਕੁੰਜੀ ਮਨਪ੍ਰੀਤ ਬਾਦਲ ਦੇ ਹੱਥ ਹੋਵੇਗੀ। ਪੱਛਮੀ ਬੰਗਾਲ ਵਿਚ ਭਾਵੇਂ ਖੱਬਿਆਂ ਦਾ ਲਾਲ ਰੰਗ ਫਿੱਕਾ ਪੈਣ ਨਾਲ ਪੰਜਾਬ 'ਚ ਵੀ ਕਾਮਰੇਡਾਂ ਦਾ ਹੇਠਲਾ ਕਾਡਰ ਨਿਰਾਸ਼ ਹੈ ਅਤੇ ਪੰਜਾਬ ਵਿਚ ਕਾਡਰ ਦੀ ਗਿਣਤੀ ਘੱਟ ਹੈ ਪਰ ਇੱਜ਼ਤ ਹਾਲੇ ਵੀ ਬਾਕੀ ਪਾਰਟੀਆਂ ਨਾਲੋਂ ਵਧੇਰੇ ਹੈ। ਮਨਪ੍ਰੀਤ ਸਿੰਘ ਬਾਦਲ ਨਾਲ ਮਿਲ ਕੇ ਲਾਲ ਅਤੇ ਕੇਸਰੀ ਰੰਗ ਇਕੱਠਾ ਹੋ ਗਿਆ ਹੈ ਪਰ ਇਹ ਰੰਗ ਕਿਸ ਨੂੰ ਡੋਬੇਗਾ, ਇਹ ਅਜੇ ਤਾਈਂ ਸਪਸ਼ਟ ਨਹੀਂ। ਪੀ.ਪੀ.ਪੀ. ਦੇ ਨਾਲ ਨਾਲ ਬਹੁਜਨ ਸਮਾਜ ਪਾਰਟੀ ਤੇ ਦੂਜੇ ਅਕਾਲੀ ਦਲ ਵੀ ਕੁਝ ਹਿੱਸਿਆਂ ਵਿਚ ਕਿਸੇ ਦੀ ਬੇੜੀ 'ਚ ਵੱਟੇ ਪਾਉਣ ਦੇ ਸਮਰਥ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਘੱਟ ਆਮਦਨ ਵਾਲਿਆਂ ਲਈ ਜੀਵਨ ਸਾਥੀ ਨੂੰ ਇੰਗਲੈਂਡ ਬੁਲਾਉਣਾ ਔਖਾ

**ਲੰਡਨ:** ਯੂਰਪੀ ਦੇਸ਼ਾਂ ਦੀ ਆਰਥਿਕਤਾ ਇਸ ਵੇਲੇ ਕਾਫੀ ਡਾਵਾਂਡੋਲ ਹੈ ਜਿਸ ਦਾ ਅਸਰ ਬਰਤਾਨੀਆ 'ਤੇ ਵੀ ਪਿਆ ਹੈ। ਬਰਤਾਨਵੀ ਸਰਕਾਰ ਹਰ ਰੋਜ਼ ਕਿਸੇ ਨਾ ਕਿਸੇ ਨਵੀਂ ਤਜਵੀਜ਼ ਨਾਲ ਦੇਸ਼ ਅੰਦਰ ਸਥਿਰਤਾ ਬਣਾਈ ਰੱਖਣ ਲਈ ਸਕੀਮਾਂ ਘੜ ਰਹੀ ਹੈ। ਸਰਕਾਰ ਵੱਲੋਂ ਹੁਣੇ ਜਿਹੇ ਇਸ ਵੇਲੇ ਵੀਜ਼ਾ ਪ੍ਰਣਾਲੀ ਬਾਰੇ ਕਿਹਾ ਗਿਆ ਹੈ ਕਿ ਵਿਦੇਸ਼ੀ ਜੰਮਪਲ ਜੀਵਨ ਸਾਥੀ ਨੂੰ ਲਿਆਉਣ ਦੀ ਇਜਾਜ਼ਤ ਤਾਂ ਹੀ ਦਿੱਤੀ ਜਾਵੇਗੀ ਜੇ ਉਸ ਨੂੰ ਬਲਾਉਣ ਵਾਲੇ ਦੀ ਆਮਦਨ ਘੱਟੋ-ਘੱਟ 18,700 ਪੌਂਡ ਤੋਂ ਲੈ ਕੇ 25,700 ਪੌਂਡ ਵਿਚਕਾਰ ਹੋਵੇਗੀ। ਪ੍ਰਧਾਨ ਮੰਤਰੀ ਨੇ ਹਾਲ ਹੀ ਇਕ ਬਿਆਨ 'ਚ ਇਹ ਵੀ ਕਿਹਾ ਸੀ ਕਿ ਪਰਿਵਾਰਾਂ ਨੂੰ ਮੰਗਵਾਉਣ ਵਾਲੇ 70 ਫੀਸਦੀ ਉਹ ਲੋਕ ਜਿਨ੍ਹਾਂ ਦੀ ਆਮਦਨ 20 ਹਜ਼ਾਰ ਪੌਂਡ ਤੋਂ ਘੱਟ ਹੈ। ਮਾਈਗਰੇਸ਼ਨ ਸਲਾਹਕਾਰ ਕਮੇਟੀ ਨੇ ਸਰਕਾਰ ਨੂੰ ਸਿਫਾਰਿਸ਼ ਕੀਤੀ ਹੈ ਕਿ ਯੂ. ਕੇ. 'ਚ ਪਰਿਵਾਰਕ ਵੀਜ਼ੇ ਲਈ ਸਪਾਂਸਰ ਕਰਨ ਵਾਲਿਆਂ ਦੀ ਆਮਦਨ 5,500 ਤੋਂ ਵਧਾ ਕੇ 18,700 ਤੇ 25,700 ਪੌਂਡ ਦੇ ਵਿਚਕਾਰ ਕੀਤੀ ਜਾਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਪਤਨੀ ਤੇ ਦੋ ਬੱਚਿਆਂ ਨੂੰ ਮੰਗਵਾਉਣ ਵਾਲੇ ਦੀ ਆਮਦਨ 24,800 ਤੋਂ 47,600 ਤੱਕ ਕਰਨ ਦੀ ਤਜਵੀਜ਼ ਹੈ। ਅਜਿਹਾ ਕਰਨ ਨਾਲ ਬਰਤਾਨਵੀ ਵਸੋਂ 'ਚੋਂ ਤਕਰੀਬਨ 25 ਫੀਸਦੀ ਪਰਿਵਾਰ ਹੀ ਵੀਜ਼ੇ ਸਪਾਂਸਰ ਕਰ ਸਕਣਗੇ ਤੇ 50 ਫੀਸਦੀ ਵਿਦੇਸ਼ੀ ਜੰਮਪਲ ਪਤੀ-ਪਤਨੀ ਆਪਣੇ ਜੀਵਨ ਸਾਥੀਆਂ ਨੂੰ ਬੁਲਾਉਣ ਤੋਂ ਅਸਮਰੱਥ ਹੋ ਜਾਣਗੇ।

# ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਨੇ ਕੀਤਾ ਖ਼ਬਰਦਾਰ

**ਵਾਸ਼ਿੰਗਟਨ:** ਅਮਰੀਕਾ ਦੀਆਂ 'ਟਰਾਈ ਵੈਲੀ' ਵਰਗੀਆਂ ਯੂਨੀਵਰਸਿਟੀਆਂ ਦੇ ਅਧਿਕਾਰੀਆਂ ਵੱਲੋਂ ਕੀਤੇ ਵੀਜ਼ਾ ਫਰਾਡ ਨਸ਼ਰ ਹੋਣ ਤੋਂ ਬਾਅਦ ਉੱਚ ਅਮਰੀਕੀ ਕਰਮਚਾਰੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਖਾਸਕਰ ਭਾਰਤੀਆਂ ਨੂੰ ਸਲਾਹ ਦਿੱਤੀ ਹੈ ਕਿ ਕਿਸੇ ਵੀ ਅਮਰੀਕੀ ਯੂਨੀਵਰਸਿਟੀ 'ਚ ਦਾਖਲਾ ਲੈਣ ਲਈ ਅਰਜ਼ੀ ਦੇਣ ਤੋਂ ਪਹਿਲਾਂ ਉਸ ਯੂਨੀਵਰਸਿਟੀ ਬਾਰੇ ਪੂਰੀ ਪੁੱਛ-ਪੜਤਾਲ ਜ਼ਰੂਰ ਕਰਨ। ਇਹ ਵਿਦਿਆਰਥੀਆਂ ਦੀ ਨਿੱਜੀ ਜ਼ਿੰਮੇਵਾਰੀ ਬਣਦੀ ਹੈ।

ਅਧਿਕਾਰੀ ਨੇ ਦੱਸਿਆ ਕਿ ਅਮਰੀਕਾ ਦੀ ਕਿਸੇ ਯੂਨੀਵਸਿਟੀ 'ਚ ਦਾਖਲਾ ਲੈਣ ਤੋਂ ਪਹਿਲਾਂ ਵਿਦੇਸ਼ੀ ਵਿਦਿਆਰਥੀ ਉਥੋਂ ਦੀ ਪੜ੍ਹਾਈ ਲਈ ਯੂ.ਐਸ.ਏ. ਦੇ ਸਲਾਹਕਾਰਾਂ ਤੋਂ ਅਗਵਾਈ ਜ਼ਰੂਰ ਲੈ ਲੈਣ। ਜ਼ਿਕਰਯੋਗ ਹੈ ਕਿ ਟਰਾਈ ਵੈਲੀ ਯੂਨੀਵਰਸਿਟੀ 'ਤੇ ਅਧਿਕਾਰੀਆਂ ਵੱਲੋਂ ਛਾਪਾ ਪੈਣ ਤੋਂ ਬਾਅਦ ਇਸ ਯੂਨੀਵਰਸਿਟੀ ਨੂੰ ਵੀਜ਼ਾ ਫਰਾਡ ਦੇ ਦੋਸ਼ 'ਚ ਬੰਦ ਕਰ ਦਿੱਤਾ ਗਿਆ ਜਿਸ ਕਾਰਨ ਇਸ ਯੂਨੀਵਰਸਿਟੀ 'ਚ ਪੜ੍ਹਦੇ 1000 ਤੋਂ ਉਪਰ ਭਾਰਤੀ ਵਿਦਿਆਰਥੀ ਪ੍ਰਭਾਵਤ ਹੋਏ ਸਨ।

# ਅਮਰੀਕੀ ਸਿੱਖਿਆ ਸੰਸਥਾਵਾਂ 'ਚ ਚੀਨੀਆਂ ਤੇ ਭਾਰਤੀਆਂ ਦੀ ਝੰਡੀ

ਵਾਸ਼ਿੰਗਟਨ: ਅਮਰੀਕਾ ਵਿਚ ਪੜ੍ਹ ਰਹੇ ਵਿਦੇਸ਼ੀ ਸਿੱਖਿਆਰਥੀਆਂ ਵਿਚ ਸਭ ਤੋਂ ਵੱਧ ਗਿਣਤੀ ਚੀਨੀਆਂ ਤੇ ਭਾਰਤੀਆਂ ਦੀ ਹੈ ਜਿਨ੍ਹਾਂ ਸਦਕਾ ਕੌਮਾਂਤਰੀ ਸਿੱਖਿਆ ਖੇਤਰ ਅਮਰੀਕਾ ਦੀ ਘਰੇਲੂ ਆਰਥਿਕਤਾ 'ਚ 21.3 ਅਰਬ ਅਮਰੀਕੀ ਡਾਲਰ ਦਾ ਹਿੱਸਾ ਪਾ ਰਿਹਾ ਹੈ।

ਅਮਰੀਕਾ ਦੇ ਉੱਚ ਸਿੱਖਿਆ ਖੇਤਰ 'ਚ ਹੋਣ ਵਾਲੇ ਕੁੱਲ ਦਾਖਲਿਆਂ 'ਚ ਸਭ ਤੋਂ ਵੱਧ ਦਾਖਲੇ ਚੀਨ, ਭਾਰਤ ਤੇ ਦੱਖਣੀ ਕੋਰੀਆ ਦੇ ਵਿਦਿਆਰਥੀਆਂ ਵੱਲੋਂ ਲਏ ਜਾ ਰਹੇ ਹਨ ਜੋ ਕੁੱਲ ਕੌਮਾਂਤਰੀ ਦਾਖਲਿਆਂ ਦਾ 40 ਫੀਸਦੀ ਹੈ।

ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜੂਕੇਸ਼ਨ ਦੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਇਨ੍ਹਾਂ ਤਿੰਨਾਂ ਮੁਲਕਾਂ ਤੋਂ ਵਿਦਿਆਰਥੀਆਂ ਦੀ ਆਮਦ 2010-2011 ਦਰਮਿਆਨ 5 ਫੀਸਦੀ ਵਧੀ ਹੈ। ਅਮਰੀਕੀ ਉੱਚ ਸਿੱਖਿਆ ਸੰਸਥਾਵਾਂ ਵਿਚ ਸਭ ਤੋਂ ਵੱਧ ਵਿਦਿਆਰਥੀ ਚੀਨ ਵਿਚੋਂ ਆਉਂਦੇ ਹਨ ਜਿਨ੍ਹਾਂ ਦੀ ਗਿਣਤੀ 158,000 ਹੈ ਜੋ ਕੁੱਲ ਕੌਮਾਂਤਰੀ ਵਿਦਿਆਰਥੀਆਂ ਦਾ 22 ਫੀਸਦੀ ਹੈ ਜਦਕਿ ਭਾਰਤ ਦੇ 104,000 ਵਿਦਿਆਰਥੀ ਅਮਰੀਕਾ 'ਚ ਸਿੱਖਿਆ ਲੈ ਰਹੇ ਹਨ ਜੋ ਕੁੱਲ ਵਿਦੇਸ਼ੀ ਵਿਦਿਆਰਥੀਆਂ ਦਾ 44 ਫੀਸਦੀ ਹਨ। ਦੱਖਣੀ ਕੋਰੀਆ ਦੇ 73,000 ਤੋਂ ਵੱਧ ਵਿਦਿਆਰਥੀ ਅਮਰੀਕੀ ਸਿੱਖਿਆ ਸੰਸਥਾਵਾਂ 'ਚ ਦਾਖਲਾ ਲੈ ਚੁੱਕੇ ਹਨ।




**Short Sale Specialist**

**We Can Sell Your Home in Short Sale at No Cost to You**



**For Buying & Selling Residential And For Loans**

*Call: Sohanpreet 'Sam' Chahal*
@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



*ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਕ੍ਰਿਸਟੀ ਕਲਾਰਕ ਦਾ ਸਨਮਾਨ ਚਿੰਨ੍ਹ ਦੇ ਕੇ ਮਾਣ ਸਤਿਕਾਰ ਕਰਦੇ ਹੋਏ ਢਾਹਾਂ ਕਲੇਰਾਂ ਟਰਸਟ ਦੇ ਟਰਸਟੀ ਦਰਸ਼ਨ ਸਿੰਘ ਮਾਹਿਲ, ਸਕੱਤਰ ਕੁਲਵਿੰਦਰ ਸਿੰਘ, ਬਰਜਿੰਦਰ ਸਿੰਘ, ਸਰੂਪ ਸਿੰਘ ਮਾਨ ਅਤੇ ਹੋਰ ਪਤਵੰਤੇ*

# ਕ੍ਰਿਸਟੀ ਕਲਾਰਕ ਵਲੋਂ ਢਾਹਾਂ ਕਲੇਰਾਂ ਟਰੱਸਟ ਦੇ ਕੰਮ ਦੀ ਸ਼ਲਾਘਾ

**ਬੰਗਾ (ਬਿਊਰੋ):** ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਭਾਈਚਾਰੇ ਦੀ ਭਲਾਈ ਕੀਤੇ ਕੰਮਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਭਾਈਚਾਰਕ ਸੰਸਥਾਵਾਂ ਦਾ ਲੋੜਵੰਦ ਲੋਕਾਂ ਨੂੰ ਵੱਡਾ ਲਾਭ ਹੁੰਦਾ ਹੈ। ਆਪਣੇ ਭਾਰਤੀ ਦੌਰੇ ਦੌਰਾਨ ਪੰਜਾਬ ਦਾ ਦੌਰਾ ਕਰਦਿਆਂ ਪ੍ਰੀਮੀਅਰ ਕਲਾਰਕ ਢਾਹਾਂ ਕਲੇਰਾਂ ਪਹੁੰਚੇ ਜਿਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਪ੍ਰੀਮੀਅਰ ਕਲਾਰਕ ਅਤੇ ਉਨ੍ਹਾਂ ਦੇ ਨਾਲ ਆਏ ਸਾਥੀਆਂ ਨੂੰ ਟਰੱਸਟ ਦੇ ਸੀਨੀਅਰ ਮੈਂਬਰ ਸ. ਦਰਸ਼ਨ ਸਿੰਘ ਮਾਹਿਲ ਨੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਰੱਸਟ ਵੱਲੋਂ ਇਸ ਪੇਂਡੂ ਇਲਾਕੇ ਵਿਚ ਗੁਰੂ ਨਾਨਕ ਮਿਸ਼ਨ ਹਸਪਤਾਲ, ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਗੁਰੂ ਨਾਨਕ ਮਿਸ਼ਨ ਨਰਸਿੰਗ ਕਾਲਜ ਆਦਿ ਅਦਾਰਿਆਂ ਰਾਹੀਂ ਮੈਡੀਕਲ ਅਤੇ ਵਿਦਿਅਕ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਸ. ਮਾਹਿਲ ਨੇ ਦੱਸਿਆ ਕਿ ਦੇਸ ਵਿਦੇਸ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚੱਲ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਟਰੌਮਾ ਸੈਂਟਰ ਦਾ ਪਹਿਲਾ ਫੇਜ਼ ਸਫਲਤਾ ਨਾਲ ਚੱਲ ਰਿਹਾ ਹੈ।

ਟਰਸਟ ਦੇ ਸਕੱਤਰ ਸ. ਕੁਲਵਿੰਦਰ ਸਿੰਘ ਢਾਹਾਂ ਨੇ ਪ੍ਰੀਮੀਅਰ ਕਲਾਰਕ, ਸਿਹਤ ਮੰਤਰੀ ਮਾਈਕਲ ਡੀ ਜੋਂਗ ਅਤੇ ਉਨ੍ਹਾਂ ਦੇ ਸਾਥੀਆਂ ਸਰੂਪ ਸਿੰਘ ਮਾਨ (ਪ੍ਰਧਾਨ, ਕੈਨੇਡਾ ਇੰਡੀਆ ਐਜੂਕੇਸ਼ਨਲ ਸੁਸਾਇਟੀ), ਬਰਜਿੰਦਰ ਸਿੰਘ ਢਾਹਾਂ (ਨੈਸ਼ਨਲ ਚੇਅਰ ਕੈਨੇਡਾ ਇੰਡੀਆ ਫਾਊਂਡੇਸ਼ਨ), ਅਜੀਤ ਸਿੰਘ ਥਾਂਦੀ ਨੂੰ ਜੀ ਆਇਆ ਕਿਹਾ।

# ਗ੍ਰਹਿ ਮੰਤਰੀ ਚਿਦੰਬਰਮ ਕਾਰਨ ਲੋਕ ਸਭਾ ਵਿਚ ਹੰਗਾਮਾ

**ਨਵੀਂ ਦਿੱਲੀ:** ਸੰਸਦ ਦੇ ਸਰਦ ਰੁੱਤ ਸੈਸ਼ਨ ਦੇ ਮੰਗਲਵਾਰ ਪਹਿਲੇ ਦਿਨ ਲੋਕ ਸਭਾ ਵਿਚ ਵਿਰੋਧੀ ਧਿਰ ਵੱਲੋਂ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਨਿਸ਼ਾਨਾ ਬਣਾ ਕੇ ਕੀਤੇ ਹੰਗਾਮੇ ਕਾਰਨ ਸਦਨ ਉਠਾਉਣਾ ਪਿਆ। ਸੈਸ਼ਨ ਸ਼ੁਰੂ ਹੋਣ ਤੋਂ ਛੇਤੀ ਬਾਅਦ ਹੀ ਹੇਠਲੇ ਸਦਨ ਵਿਚ ਹੰਗਾਮਾ ਸ਼ੁਰੂ ਹੋ ਗਿਆ ਤੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਸ਼ਾਂਤ ਰਹਿਣ ਲਈ ਕੀਤੀ ਅਪੀਲ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ। ਵਿਰੋਧੀ ਧਿਰ ਨੇ 2ਜੀ ਸਪੈਕਟ੍ਰਮ ਵੰਡ ਘੁਟਾਲੇ ਨਾਲ ਕਥਿਤ ਤੌਰ 'ਤੇ ਸਬੰਧਤ ਤਤਕਾਲੀ ਵਿੱਤ ਮੰਤਰੀ ਪੀ. ਚਿਦੰਬਰਮ ਨੂੰ ਨਿਸ਼ਾਨਾ ਬਣਾਈ ਰੱਖਿਆ ਤੇ ਉਨ੍ਹਾਂ ਨੂੰ ਲੋਕ ਸਭਾ ਵਿਚ ਬੋਲਣ ਵੀ ਨਹੀਂ ਦਿੱਤਾ।

ਜਦੋਂ ਸਦਨ ਜੁੜਿਆ ਤਾਂ ਸਪੀਕਰ ਮੀਰਾ ਕੁਮਾਰ ਨੇ ਸਾਬਕਾ ਕੇਂਦਰੀ ਮੰਤਰੀ ਵਸੰਤ ਸਾਠੇ ਸਮੇਤ ਉਨ੍ਹਾਂ ਸਾਬਕਾ ਆਗੂਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜੋ ਪਿਛਲੇ ਕੁਝ ਮਹੀਨਿਆਂ ਦੌਰਾਨ ਸਾਥੋਂ ਸਦਾ ਲਈ ਵਿਛੜ ਗਏ। ਇਸ ਉਪਰੰਤ ਹਰਿਆਣਾ ਜਨਹਿਤ ਕਾਂਗਰਸ ਦੇ ਨਵੇਂ ਚੁਣੇ ਗਏ ਸੰਸਦ ਮੈਂਬਰ ਕੁਲਦੀਪ ਬਿਸ਼ਨੋਈ ਨੂੰ ਸਹੁੰ ਚੁਕਵਾਈ ਗਈ। ਇਸ ਪਿੱਛੋਂ ਜਦੋਂ ਹੀ ਸਪੀਕਰ ਨੇ 'ਪ੍ਰਸ਼ਨ ਕਾਲ' ਸ਼ੁਰੂ ਕਰਨਾ ਚਾਹਿਆ ਤਾਂ ਵਿਰੋਧੀ ਧਿਰ ਦੇ ਮੈਂਬਰ ਉਠ ਕੇ ਖੜ੍ਹੇ ਹੋ ਗਏ ਅਤੇ ਉਨ੍ਹਾਂ ਕਈ ਮੁੱਦੇ ਉਠਾਉਣੇ ਸ਼ੁਰੂ ਕਰ ਦਿੱਤੇ।

ਸਭ ਤੋਂ ਪਹਿਲੇ ਸਵਾਲ ਦਾ ਜਵਾਬ ਗ੍ਰਹਿ ਮੰਤਰੀ ਚਿਦੰਬਰਮ ਨੇ ਦੇਣਾ ਸੀ ਜੋ ਕਿ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗਠਜੋੜ ਦੇ ਨਿਸ਼ਾਨੇ 'ਤੇ ਸਨ। ਐਨ.ਡੀ.ਏ. ਨੇ ਇਹ ਐਲਾਨ ਕੀਤਾ ਹੋਇਆ ਸੀ ਕਿ ਉਹ ਚਿਦੰਬਰਮ ਦਾ ਬਾਈਕਾਟ ਕਰੇਗੀ ਤੇ ਉਨ੍ਹਾਂ ਨੂੰ ਸਦਨ ਵਿਚ ਬੋਲਣ ਨਹੀਂ ਦਿੱਤਾ ਜਾਵੇਗਾ। ਜਦੋਂ ਹੀ ਸ੍ਰੀ ਚਿਦੰਬਰਮ ਮਾਓਵਾਦੀ ਹਿੰਸਾ ਬਾਰੇ ਇਕ ਸਵਾਲ ਦਾ ਜਵਾਬ ਦੇਣ ਲਈ ਉਠੇ ਤਾਂ ਭਾਜਪਾ ਮੈਂਬਰਾਂ ਨੇ ਰੌਲਾ-ਰੱਪਾ ਪਾਉਣਾ ਸ਼ੁਰੂ ਕਰ ਦਿੱਤਾ।

ਦੋਵਾਂ ਸਦਨਾਂ ਦੇ ਜੁੜਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਸ਼ਾਂਤੀ ਨਾਲ ਸੰਸਦ ਦਾ ਕੰਮ ਚੱਲਣ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਸੈਸ਼ਨ 'ਚ ਦੇਸ਼ ਦੇ ਵਿਕਾਸ ਅਤੇ ਖੁਸ਼ਹਾਲੀ ਨਾਲ ਜੁੜੀਆਂ ਮੰਗਾਂ ਸਬੰਧੀ ਕਈ ਅਹਿਮ ਬਿੱਲ ਪੇਸ਼ ਕੀਤੇ ਜਾਣੇ ਹਨ।

ਗ੍ਰਹਿ ਮੰਤਰੀ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਅਜਿਹਾ ਕੋਈ ਮਾਮਲਾ ਨਹੀਂ ਜਿਸ ਕਾਰਨ ਸਿਆਸੀ ਪਾਰਟੀਆਂ ਨੂੰ ਉਨ੍ਹਾਂ ਦਾ ਬਾਈਕਾਟ ਕਰਨਾ ਪਵੇ। ਉਨ੍ਹਾਂ ਆਸ ਜ਼ਾਹਰ ਕੀਤੀ ਕਿ ਵਿਰੋਧੀ ਸਿਆਸੀ ਧਿਰਾਂ ਇਸ ਤੋਂ ਗੁਰੇਜ਼ ਕਰਨਗੀਆਂ। ਦੂਜੇ ਪਾਸੇ ਭਾਜਪਾ ਦੀ ਅਗਵਾਈ ਵਾਲਾ ਗਠਜੋੜ ਇਹ ਚਾਹੁੰਦਾ ਸੀ ਕਿ ਚਿਦੰਬਰਮ ਤੋਂ ਅਸਤੀਫਾ ਮੰਗਿਆ ਜਾਵੇ। ਸ੍ਰੀ ਚਿਦੰਬਰਮ ਨੇ ਵਿਰੋਧੀ ਧਿਰਾਂ ਦੀ ਇਸ ਰਣਨੀਤੀ 'ਤੇ ਕੋਈ ਪ੍ਰਤੀਕਿਰਿਆ ਜ਼ਾਹਰ ਨਹੀਂ ਕੀਤੀ ਤੇ ਚੁੱਪ-ਚਾਪ ਸੰਸਦ ਵਿਚੋਂ ਚਲੇ ਗਏ। ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਗ੍ਰਹਿ ਮੰਤਰੀ ਦੇ ਪੱਖ 'ਚ ਨਿੱਤਰਦਿਆਂ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਦੇ ਬਾਈਕਾਟ ਦਾ ਕੋਈ ਆਧਾਰ ਨਹੀਂ ਹੈ। ਪਾਰਲੀਮਾਨੀ ਮਾਮਲਿਆਂ ਦੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਵਿਰੋਧੀ ਧਿਰ ਵੱਲੋਂ ਕੀਤੇ ਹੰਗਾਮੇ 'ਤੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਵਿਰੋਧੀ ਧਿਰ ਮਹਿੰਗਾਈ ਜਿਹੇ ਅਹਿਮ ਮੁੱਦੇ 'ਤੇ ਵੀ ਗੱਲ ਨਹੀਂ ਕਰਨ ਦੇ ਰਹੀ। ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਮਹਿੰਗਾਈ ਦੇ ਮੁੱਦੇ 'ਤੇ ਬਿਆਨ ਲਈ ਇਕ ਨੋਟਿਸ ਦਿੱਤਾ ਹੈ ਜਿਸ 'ਤੇ ਬਹਿਸ ਹੋਣੀ ਚਾਹੀਦੀ ਹੈ ਪਰ ਵਿਰੋਧੀ ਧਿਰ ਅਜਿਹਾ ਨਹੀਂ ਹੋਣ ਦੇ ਰਹੀ।

**ਖੱਬੀਆਂ ਧਿਰਾਂ ਵੱਲੋਂ ਇਨਕਾਰ:** ਸੀ.ਪੀ.ਆਈ. ਨੇ ਕਿਹਾ ਕਿ ਭਾਵੇਂ ਸਮੁੱਚੀ ਵਿਰੋਧੀ ਧਿਰ ਵਧਦੀ ਮਹਿੰਗਾਈ ਦੇ ਮੁੱਦੇ 'ਤੇ ਇਕਜੁੱਟ ਹੈ ਪਰ ਉਹ ਗ੍ਰਹਿ ਮੰਤਰੀ ਪੀ. ਚਿਦੰਬਰਮ ਦੇ ਬਾਈਕਾਟ ਦੇ ਮੁੱਦੇ 'ਤੇ ਐਨ.ਡੀ.ਏ. ਦੀ ਹਮਾਇਤ ਨਹੀਂ ਕਰਨਗੇ। ਸੀ.ਪੀ.ਆਈ. ਆਗੂ ਗੁਰੂਦਾਸ ਦਾਸਗੁਪਤਾ ਨੇ ਸੰਸਦ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ, "ਅਸੀਂ ਚਿਦੰਬਰਮ ਦਾ 'ਸੱਚ' ਸੰਸਦ ਦੇ ਅੰਦਰ ਤੇ ਬਾਹਰ ਸਾਹਮਣੇ ਲਿਆਵਾਂਗੇ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਉਹ ਕੌਣ ਹੈ।"

ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਸੰਸਦ 'ਚ ਪਰਤ ਆਏ ਤੇ ਉਨ੍ਹਾਂ ਲੋਕ ਸਭਾ ਸੈਸ਼ਨ ਦੇ ਪਹਿਲੇ ਦਿਨ ਹਾਜ਼ਰੀ ਲਗਵਾਈ। ਜ਼ਿਕਰਯੋਗ ਹੈ ਕਿ ਸਿਹਤ ਠੀਕ ਨਾ ਹੋਣ ਕਾਰਨ ਉਹ ਮੌਨਸੂਨ ਸੈਸ਼ਨ ਵਿਚ ਹਿੱਸਾ ਨਹੀਂ ਲੈ ਸਕੇ ਸਨ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ 'ਚ ਸਮਾਗਮ

**ਫਰਿਜ਼ਨੋ (ਕੁਲਵੰਤ ਸਿੰਘ ਉਭੀ):** ਸ਼ਹੀਦ ਕੌਮਾਂ ਦਾ ਸਰਮਾਇਆ ਹੁੰਦੇ ਹਨ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਕੌਮਾਂ ਆਪਣਾ ਸਿਰ ਉਚਾ ਕਰਕੇ ਅਣਖ ਅਤੇ ਗੈਰਤ ਦੀ ਜ਼ਿੰਦਗੀ ਜਿਉਂਦੀਆਂ ਹਨ। ਇਤਿਹਾਸ ਗਵਾਹ ਹੈ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਦੀ ਕੁਰਬਾਨੀ ਭੁੱਲ ਜਾਂਦੀਆਂ ਹਨ, ਉਹ ਬਹੁਤ ਛੇਤੀ ਦੁਨੀਆਂ ਦੇ ਇਤਿਹਾਸ ਤੋਂ ਮਿਟ ਜਾਂਦੀਆਂ ਹਨ। ਭਾਰਤ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦੇਣ ਵਾਲੇ ਹਜ਼ਾਰਾਂ ਸ਼ਹੀਦਾਂ ਵਿਚੋਂ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਬੜਾ ਉਭਰ ਕੇ ਆਉਂਦਾ ਹੈ। ਇਸ ਮਹਾਨ ਸ਼ਖਸੀਅਤ ਨੇ ਛੋਟੀ ਉਮਰੇ ਵੱਡੀ ਕੁਰਬਾਨੀ ਕਰਕੇ ਦੇਸ਼ ਦੀ ਆਜ਼ਾਦੀ ਲਈ ਵੱਡਾ ਯੋਗਦਾਨ ਪਾਇਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੇ ਤਾਜ ਇੰਡੀਆ ਰੈਸਟੋਰੈਂਟ ਦੇ ਹਾਲ ਵਿਚ ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਸਰਾਭੇ ਦੀ ਯਾਦ ਵਿਚ ਕਰਵਾਏ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕੀਤਾ।



ਸਮਾਗਮ ਦਾ ਆਰੰਭ ਹਰਜਿੰਦਰ ਸਿੰਘ ਢੇਸੀ ਨੇ ਸਭਨਾਂ ਨੂੰ ਜੀ ਆਇਆਂ ਆਖ ਕੇ ਕੀਤਾ। ਇਸ ਉਪਰੰਤ ਲੋਕਪੱਖੀ ਨਾਟਕਕਾਰ ਗੁਰਸ਼ਰਨ ਸਿੰਘ (ਭਾਅ ਜੀ) ਅਤੇ ਪ੍ਰਸਿਧ ਗ਼ਜ਼ਲ ਗਾਇਕ ਜਗਜੀਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਦੋ ਮਿੰਟ ਦਾ ਮੌਨ ਰੱਖਿਆ ਗਿਆ। ਕਰਤਾਰ ਸਿੰਘ ਕਰਮਨ ਨੇ ਸ਼ਹੀਦ ਸਰਾਭੇ ਨੂੰ ਸ਼ਰਧਾਂਜਲੀ ਵਜੋਂ ਇਕ ਕਵਿਤਾ ਪੜ੍ਹੀ। ਸ. ਲਛਮਣ ਸਿੰਘ ਰਾਠੌਰ ਨੇ ਇਕ ਕਵਿਤਾ ਰਾਹੀਂ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਸਤਾਦ ਲਾਲ ਚੰਦ ਯਮਲਾ ਜੱਟ ਫਾਊਂਡੇਸ਼ਨ ਦੇ ਪ੍ਰਧਾਨ ਰਾਜ ਬਰਾੜ ਨੇ ਆਪਣੇ ਗੀਤਾਂ ਰਾਹੀਂ ਸ਼ਹੀਦਾਂ ਨੂੰ ਯਾਦ ਕੀਤਾ। ਹਰਜਿੰਦਰ ਢੇਸੀ ਨੇ ਸੰਤ ਰਾਮ ਉਦਾਸੀ ਦੀ ਕਵਿਤਾ "ਮੇਰੀ ਮੌਤ 'ਤੇ" ਤਰੰਨਮ 'ਚ ਪੜ੍ਹ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ। ਪਰਮਜੀਤ ਸਿੰਘ ਧਾਲੀਵਾਲ ਵਲੋਂ ਉਦੈ ਦੀਪ ਸਿੰਘ ਸਿੱਧੂ ਦੇ ਸਹਿਯੋਗ ਨਾਲ ਤਿਆਰ ਕੀਤੀ ਭੰਗੜਾ ਟੀਮ ਨੇ ਵੀ ਚੰਗੇ ਰੰਗ ਬੰਨ੍ਹੇ।

ਉਘੇ ਲੇਖਕ ਤੇ ਵਿਦਵਾਨ ਡਾ. ਗੁਰੂਮੇਲ ਸਿੰਘ ਸਿੱਧੂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਾਅ ਜੀ ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਨੂੰ ਕ੍ਰਾਂਤੀਕਾਰੀ ਦੇਣ ਦਾ ਜ਼ਿਕਰ ਕੀਤਾ। ਸਥਾਨਕ ਇਸਤਰੀ ਵਿੰਗ ਦੀ ਨੁਮਾਇੰਦਗੀ ਕਰਦਿਆਂ ਸ਼ਰਨਜੀਤ ਕੌਰ ਧਾਲੀਵਾਲ ਨੇ ਇਕ ਕਵਿਤਾ "ਮੈਂ ਸੂਰਜ ਹੋਰ ਚੜ੍ਹਾਵਾਂਗਾ" ਪੜ੍ਹ ਕੇ ਸ਼ਹੀਦ ਸਰਾਭੇ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਨਵੀਂ ਪੀੜ੍ਹੀ ਦੇ ਉਘੇ ਲੇਖਕ ਤੇ ਕਵੀ ਦਲਜੀਤ ਰਿਆੜ ਨੇ "ਕਾਸ਼ ਮੈਂ ਡੁੱਬਦੇ ਸੂਰਜ ਨੂੰ ਸਲਾਮ ਕਰਨੀ ਸਿੱਖ ਸਕਾਂ" ਤਰੰਨਮ 'ਚ ਗਾ ਕੇ ਪ੍ਰੋਗਰਾਮ ਨੂੰ ਅਗਾਂਹ ਵਧਾਇਆ। ਗਾਇਕ ਪੱਪੀ ਭਦੌੜ ਨੇ "ਕਰ ਦਿਓ ਹਮਲਾ ਗੱਦਾਰਾਂ 'ਤੇ" ਪੇਸ਼ ਕਰਕੇ ਸਰੋਤਿਆਂ ਦੇ ਲੂੰ ਕੰਡੇ ਖੜ੍ਹੇ ਕਰ ਦਿੱਤੇ। ਗੁਰਿੰਦਰਜੀਤ ਧਾਲੀਵਾਲ ਨੇ ਅਜੋਕੇ ਆਗੂਆਂ ਦੀ ਤੁਲਨਾ ਗੋਰਿਆਂ ਦੇ ਰਾਜ ਨਾਲ ਕਰਦਿਆਂ ਲੋਕਾਂ ਨੂੰ ਉਨ੍ਹਾਂ ਪ੍ਰਤੀ ਸਾਵਧਾਨ ਕੀਤਾ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਕੋਆਰਡੀਨੇਟਰ ਸ੍ਰੀ ਹੈਰੀ ਗਿੱਲ ਨੇ ਵੀ ਸੰਖੇਪ ਸ਼ਬਦਾਂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੇ ਸਾਥੀ ਕਰਮਜੀਤ ਸਿੰਘ ਤਲਵੰਡੀ ਤੇ ਕੁਝ ਹੋਰ ਸੱਜਣ ਵੀ ਮੌਜੂਦ ਸਨ। ਸ਼ਰਧਾਂਜਲੀ ਭੇਟ ਕਰਨ ਵਾਲੇ ਹੋਰ ਬੁਲਾਰਿਆਂ ਵਿਚ ਡਾ. ਜੋਸਨ, ਸ. ਮਹਿੰਦਰ ਸਿੰਘ ਗਰੇਵਾਲ ਅਤੇ ਸ. ਅਮਰੀਕ ਸਿੰਘ ਦੇ ਨਾਂ ਸ਼ਾਮਲ ਹਨ। ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਦੇ ਸਰਗਰਮ ਵਰਕਰ ਸੁਰਿੰਦਰ ਸਿੰਘ ਮੰਢਾਲੀ ਨੇ ਸੰਸਥਾ ਦੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਪੇਸ਼ ਕੀਤਾ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ. ਜਸਵੰਤ ਸਿੰਘ ਮਾਨ ਨੇ ਕੌਮੀ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਸਮਰਪਿਤ ਅਜਿਹੇ ਪ੍ਰੋਗਰਾਮ ਕੀਤੇ ਜਾਣ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਗਲੇ ਸਾਲ ਗਦਰੀ ਬਾਬਿਆਂ ਦੀ ਸ਼ਤਾਬਦੀ ਉਤਸ਼ਾਹ ਨਾਲ ਮਨਾਈ ਜਾਣੀ ਚਾਹੀਦੀ ਹੈ।



## ਬਰਤਾਨੀਆ 'ਚ ਪਰਵਾਸੀ ਭਾਰਤੀ ਕਲਰਕ ਨੂੰ ਕੈਦ

**ਲੰਡਨ:** ਭਾਰਤੀ ਮੂਲ ਦੇ 22 ਸਾਲਾ ਕਲਰਕ ਨੂੰ ਇਥੇ ਭ੍ਰਿਸ਼ਟਾਚਾਰ ਦੇ ਕੇਸ ਤਹਿਤ 6 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਬਰਤਾਨੀਆ 'ਚ ਰਿਸ਼ਵਤ ਖਿਲਾਫ ਕਾਨੂੰਨ ਤਹਿਤ ਕੈਦ ਦੀ ਸਜ਼ਾ ਪਾਉਣ ਵਾਲਾ ਉਹ ਪਹਿਲਾ ਵਿਅਕਤੀ ਹੈ।

ਸਰਕਾਰੀ ਦਫਤਰ 'ਚ ਕਲਰਕ ਦੇ ਅਹੁਦੇ 'ਤੇ ਕੰਮ ਕਰਦੇ ਮੁਨੀਰ ਯਾਕੂਬ ਪਟੇਲ ਨੂੰ ਰਿਸ਼ਵਤ ਲੈਣ ਤੇ ਗਲਤ ਵਿਵਹਾਰ ਕਰਨ ਦੇ ਦੋਸ਼ 'ਚ 6 ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਘਟਨਾ ਸਮੇਂ ਉਹ ਰੈੱਡਬ੍ਰਿਜ ਮੈਜਿਸਟਰੇਟ ਅਦਾਲਤ 'ਚ ਕੰਮ ਕਰ ਰਿਹਾ ਸੀ। ਉਸ ਨੇ ਟਰੈਫਿਕ ਸੰਮਨਾਂ ਦੀ ਜਾਣਕਾਰੀ ਅਦਾਲਤ ਦੇ ਰਿਕਾਰਡ ਤੋਂ ਬਾਹਰ ਰੱਖਣ ਲਈ 500 ਪੌਂਡ ਰਿਸ਼ਵਤ ਲਈ ਸੀ।

## ਸਿੱਖਾਂ ਵੱਲੋਂ ਜੰਮੂ-ਕਸ਼ਮੀਰ 'ਚ ਘੱਟ ਗਿਣਤੀ ਦਰਜੇ ਦੀ ਮੰਗ

**ਸ੍ਰੀਨਗਰ:** ਕਸ਼ਮੀਰ ਵਾਦੀ ਵਿਚ ਰਹਿੰਦੇ ਸਿੱਖਾਂ ਨੇ ਜੰਮੂ-ਕਸ਼ਮੀਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਿੱਖਾਂ ਨੂੰ ਰਾਜ ਵਿਚ ਘੱਟ ਗਿਣਤੀ ਦਾ ਦਰਜਾ ਦਿੱਤਾ ਜਾਵੇ ਤੇ ਸਕੂਲਾਂ ਤੇ ਕਾਲਜਾਂ ਵਿਚ ਪੰਜਾਬੀ ਨੂੰ ਲਾਗੂ ਕੀਤੀ ਜਾਵੇ। ਸਿੱਖਾਂ ਦਾ ਵਫਦ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਸਲਾਹਕਾਰ ਮੁਬਾਰਕ ਗੁੱਲ ਨੂੰ ਮਿਲਿਆ ਤੇ ਉਨ੍ਹਾਂ ਅੱਗੇ ਆਪਣੇ ਭਾਈਚਾਰੇ ਦੀਆਂ ਮੰਗਾਂ ਰੱਖੀਆਂ। ਵਫਦ ਨੇ ਇਹ ਵੀ ਮੰਗ ਕੀਤੀ ਕਿ ਮਾਰਚ 2000 'ਚ ਪਿੰਡ ਛੱਤੀਸਿੰਘਪੁਰਾ ਵਿਚ ਸਿੱਖਾਂ ਦੇ ਹੋਏ ਕਤਲੇਆਮ ਦੀ ਜਾਂਚ ਕਰਵਾਈ ਜਾਵੇ। ਸਰਬ ਪਾਰਟੀ ਸਿੱਖ ਤਾਲਮੇਲ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਣਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਿੱਖ ਭਾਈਚਾਰੇ ਨੂੰ ਦਰਪੇਸ਼ ਮਸਲੇ ਹੱਲ ਕੀਤੇ ਜਾਣ।

# ਭਾਰਤ ਨੂੰ ਅਤਿਵਾਦੀ ਸੌਂਪਣ ਲਈ ਤਿਆਰ ਸੀ ਜ਼ਰਦਾਰੀ

**ਵਾਸ਼ਿੰਗਟਨ:** ਓਸਾਮਾ ਬਿਨ ਲਾਦਿਨ ਦੇ ਮਾਰੇ ਜਾਣ ਮਗਰੋਂ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਫੌਜੀ ਰਾਜਪਲਟੇ ਤੋਂ ਇੰਨਾ ਖੌਫਜ਼ਦਾ ਹੋ ਗਏ ਸਨ ਕਿ ਉਹ ਅਮਰੀਕੀਆਂ ਦੇ ਪੱਖ ਦੀ 'ਨਵੀਂ ਸੁਰੱਖਿਆ ਟੀਮ' ਕਾਇਮ ਕਰਨ ਲਈ ਤਿਆਰ ਹੋ ਗਏ ਸਨ ਤੇ 26/11 ਲਈ ਜ਼ਿੰਮੇਵਾਰ ਪਾਕਿਸਤਾਨ 'ਚ ਰਹਿ ਰਹੇ ਹਮਲਾਵਰਾਂ ਤੇ ਸਾਜ਼ਿਸ਼ੀਆਂ ਸਮੇਤ ਖੁਫੀਆ ਏਜੰਸੀਆਂ ਵਿਚਲੇ ਅਜਿਹੇ ਅਨਸਰਾਂ ਨੂੰ ਭਾਰਤ ਨੂੰ ਸੌਂਪਣ ਦਾ ਵਾਅਦਾ ਵੀ ਵਾਸ਼ਿੰਗਟਨ ਨਾਲ ਕਰ ਲਿਆ ਸੀ।

ਇਹ ਵਾਅਦੇ ਜ਼ਰਦਾਰੀ ਨੇ ਅਮਰੀਕਾ ਦੀਆਂ ਸਾਂਝੀਆਂ ਫੌਜਾਂ ਦੇ ਚੇਅਰਮੈਨ ਐਡਮਿਰਲ ਮਾਈਕ ਮੁਲੇਨ ਨੂੰ ਗੁਪਤ ਮੀਮੋ ਭੇਜ ਕੇ ਕੀਤੇ ਸਨ। ਜ਼ਰਦਾਰੀ ਦਾ ਇਹ ਗੁਪਤ ਮੀਮੋ ਮੁਲੇਨ ਤੱਕ ਪਾਕਿਸਤਾਨੀ ਅਮਰੀਕੀ ਕਾਰੋਬਾਰੀ ਮਨਸੂਰ ਇਜਾਜ਼ ਨੇ ਇਸ ਸਾਲ 2 ਮਈ ਨੂੰ ਐਬਟਾਬਾਦ 'ਚ ਲਾਦਿਨ ਦੇ ਮਾਰੇ ਜਾਣ ਮਗਰੋਂ ਪੁੱਜਦਾ ਕੀਤਾ ਸੀ। ਇਸ ਮੀਮੋ ਬਾਰੇ ਜਾਣਕਾਰੀ ਸਭ ਤੋਂ ਪਹਿਲਾਂ ਪਿਛਲੇ ਮਹੀਨੇ ਫਾਈਨਾਂਸ਼ੀਅਲ ਟਾਈਮਜ਼ ਦੇ ਸੰਪਾਦਕੀ ਪੰਨੇ ਦੇ ਸਾਹਮਣੇ ਵਾਲੇ ਪੰਨੇ 'ਤੇ ਖੁਦ ਇਜਾਜ਼ ਨੇ ਲੀਕ ਕੀਤੀ ਸੀ। ਮੀਮੋ ਅਨੁਸਾਰ ਸਿਵਲ ਸਰਕਾਰ ਚਲਾ ਰਹੇ ਜ਼ਰਦਾਰੀ ਨਵਾਂ ਕੌਮੀ ਸੁਰੱਖਿਆ ਢਾਂਚਾ ਕਾਇਮ ਕਰਨਾ ਚਾਹੁੰਦੇ ਸਨ। ਇਜਾਜ਼ ਦਾ ਦਾਅਵਾ ਹੈ ਕਿ ਇਹ ਮੀਮੋ, ਪਾਕਿਸਤਾਨ ਦੇ ਅਮਰੀਕਾ 'ਚ ਸਫੀਰ ਹੁਸੈਨ ਹੱਕਾਨੀ ਨੇ ਤਿਆਰ ਕੀਤਾ ਸੀ ਜਦਕਿ ਉਸ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ ਪਰ ਨਾਲ ਹੀ ਇਸੇ ਮੁੱਦੇ 'ਤੇ ਉਹਨੇ ਜ਼ਰਦਾਰੀ ਕੋਲ ਅਸਤੀਫਾ ਦੇਣ ਦੀ ਇੱਛਾ ਪ੍ਰਗਟਾਈ ਹੈ।

ਮੁਲੇਨ ਦੇ ਤਰਜਮਾਨ ਰਹੇ ਕੈਪਟਨ ਜੌਹਨ ਕਿਰਬੇ ਨੇ ਪੈਂਟਾਗਨ 'ਚ ਦੱਸਿਆ ਕਿ ਮੀਮੋ ਵਿਚਲੇ ਸ਼ਬਦਾਂ ਨੇ ਜਾਂ ਇਹਦੇ ਹੋਣ ਜਾਂ ਨਾ ਹੋਣ ਦੇ ਸਬੂਤ ਦਾ ਐਡਮਿਰਲ ਮੁਲੇਨ ਦੇ ਜਨਰਲ ਕਿਆਨੀ ਤੇ ਪਾਕਿਸਤਾਨ ਸਰਕਾਰ ਨਾਲ ਸਬੰਧਾਂ ਜਾਂ ਵਰਤਾਓ 'ਤੇ ਕੋਈ ਅਸਰ ਨਹੀਂ ਪਿਆ। ਕਿਰਬੇ ਅਨੁਸਾਰ ਮੁਲੇਨ ਨੂੰ ਇਹ ਮੀਮੋ ਬਹੁਤਾ ਵਜ਼ਨੀ ਨਹੀਂ ਜਾਪਿਆ ਤੇ ਉਸ ਨੇ ਉਦੋਂ ਜਾਂ ਮਗਰੋਂ ਇਹ ਦਾ ਕੋਈ ਨੋਟਿਸ ਨਹੀਂ ਲਿਆ ਤੇ ਇਸੇ ਕਰਕੇ ਕਿਸੇ ਕੋਲ ਇਹ ਦਾ ਜ਼ਿਕਰ ਨਹੀਂ ਕੀਤਾ।

## ਮਹਾਤਮਾ ਗਾਂਧੀ ਦੀ ਰਿਹਾਇਸ਼ ਹੋਟਲ 'ਚ ਤਬਦੀਲ

**ਜੋਹੈੱਨਸਬਰਗ:** ਜੋਹੈਨਸਬਰਗ ਵਿਚ ਬਗੀਚਿਆਂ ਦੇ ਵਿਚਕਾਰ ਬਣਿਆ ਘਰ ਜਿਸ ਵਿਚ ਕਦੇ ਮਹਾਤਮਾ ਗਾਂਧੀ ਰਿਹਾ ਕਰਦੇ ਸੀ, ਨੂੰ ਵੱਖਰੀ ਕਿਸਮ ਦੇ ਹੋਟਲ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਹੋਟਲ ਦੇ ਨਾਲ-ਨਾਲ ਇਸ ਵਿਚ ਮਹਾਤਮਾ ਗਾਂਧੀ ਨੂੰ ਸਮਰਪਿਤ ਅਜਾਇਬਘਰ ਵੀ ਬਣਾਇਆ ਗਿਆ ਹੈ। 'ਸੱਤਿਆਗ੍ਰਹਿ ਹਾਊਸ' ਨੂੰ ਫਰਾਂਸ ਦੀ ਟਰੈਵਲ ਕੰਪਨੀ 'ਵੋਏਜਰਜ਼ ਦੂ ਮੋਨੇ' ਦੇ ਮੁੱਖ ਪ੍ਰਬੰਧਕ ਜੀਨ ਫਰੈਂਕੋਜ਼ ਰਿਆਲ ਨੇ ਜਨਤਾ ਲਈ ਖੋਲ੍ਹਿਆ। ਉਸ ਨੇ ਇਹ ਘਰ ਦੋ ਸਾਲ ਪਹਿਲਾਂ ਇਸ ਦੇ ਮਾਲਕਾਂ ਤੋਂ ਖਰੀਦਿਆ ਸੀ।

ਕੰਪਨੀ ਨੇ ਇਤਿਹਾਸਕਾਰਾਂ ਦੀ ਮਦਦ ਨਾਲ ਇਸ ਪੁਰਾਤਨ ਘਰ ਦਾ ਮੁੜ ਨਿਰਮਾਣ ਕਰਵਾਇਆ ਤੇ ਇਸ ਘਰ ਨੂੰ ਅਜਾਇਬਘਰ 'ਚ ਤਬਦੀਲ ਕਰ ਦਿੱਤਾ ਜਿਥੇ ਮਹਾਤਮਾ ਗਾਂਧੀ ਨਾਲ ਜੁੜੀਆਂ ਅਜਿਹੀਆਂ ਵਸਤਾਂ ਰੱਖੀਆਂ ਗਈਆਂ ਹਨ।

## ਮਿਆਂਮਾਰ 2014 'ਚ ਬਣੇਗਾ ਆਸੀਆਨ ਦਾ ਮੁਖੀ

**ਬਾਲੀ:** ਦੱਖਣ-ਪੂਰਬੀ ਏਸ਼ੀਆ ਦੇ ਆਗੂ ਫੌਜ ਵੱਲੋਂ ਸ਼ਾਸਿਤ ਮਿਆਂਮਾਰ ਨੂੰ 2014 ਵਿਚ ਆਪਣੀ ਜਥੇਬੰਦੀ ਆਸੀਆਨ ਦਾ ਮੁਖੀ ਬਣਾਉਣ ਲਈ ਸਹਿਮਤ ਹੋ ਗਏ ਹਨ।

ਚੇਤੇ ਰਹੇ ਐਸੋਸੀਏਸ਼ਨ ਆਫ ਸਾਊਥ ਈਸਟ ਏਸ਼ੀਅਨ ਨੇਸ਼ਨਜ਼ (ਆਸੀਆਨ) ਦੀ ਚੇਅਰਮੈਨੀ ਹਰ ਸਾਲ ਬਦਲ-ਬਦਲ ਕੇ ਇਸ ਦੇ 10 ਮੈਂਬਰਾਂ ਵਿਚੋਂ ਕਿਸੇ ਇਕ ਨੂੰ ਦਿੱਤੀ ਜਾਂਦੀ ਹੈ ਪਰ ਮਿਆਂਮਾਰ ਨੂੰ ਪਿਛਲੀ ਵਾਰ ਇਹ ਮੌਕਾ ਨਹੀਂ ਦਿੱਤਾ ਗਿਆ ਸੀ ਕਿਉਂਕਿ ਇਸ ਕੋਸ਼ਿਸ਼ ਦਾ ਮਿਆਂਮਾਰ ਹਕੂਮਤ ਦੇ ਜਮਹੂਰੀਅਤ ਵਿਰੋਧੀ ਸਟੈਂਡ ਕਾਰਨ ਕੌਮਾਂਤਰੀ ਪੱਧਰ 'ਤੇ ਸਖ਼ਤ ਵਿਰੋਧ ਹੋਇਆ ਸੀ।ਮਿਆਂਮਾਰ ਵਿਚ 2000 ਤੋਂ ਵੱਧ ਸਿਆਸੀ ਕੈਦੀ ਹਨ।

# ਰਿਓ ਲਿੰਡਾ ਗੁਰੂ ਘਰ ਦੀਆਂ ਸੰਗਤਾਂ ਨੇ ਗੁਰੂ ਨਾਨਕ ਗੁਰਪੁਰਬ ਮਨਾਇਆ

**ਸੈਕਰਾਮੈਂਟੋ:** ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰਿਓ ਲਿੰਡਾ ਵਿਚ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਰੱਖੇ ਗਏ ਅਖੰਡ ਪਾਠ ਦੀ ਸੇਵਾ ਸੁਰਿੰਦਰ ਮੱਲ੍ਹ ਅਤੇ ਉਨ੍ਹਾਂ ਦੇ





ਪਰਿਵਾਰ ਵਲੋਂ ਕੀਤੀ ਗਈ। ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਅਤੇ ਉਨ੍ਹਾਂ ਦੇ ਜਥੇ ਤੋਂ ਇਲਾਵਾ ਭਾਈ ਜਸਵਿੰਦਰਪਾਲ ਸਿੰਘ ਅਤੇ ਅਮਰਜੀਤ ਸਿੰਘ ਨੇ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬੀਬੀ ਸੁਰਜੀਤ ਕੌਰ ਅਤੇ ਭਾਈ ਕੇਹਰ ਸਿੰਘ ਦੇ ਜਥੇ ਨੇ ਵੀ ਸ਼ਬਦ ਕੀਰਤਨ ਅਤੇ ਵਿਆਖਿਆ ਰਾਹੀਂ ਗੁਰੂ ਚਰਨਾਂ ਵਿਚ ਹਾਜ਼ਰੀ ਲਵਾਈ। ਭਾਈ ਸੋਹਣ ਸਿੰਘ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਰਾਹੀਂ ਗੁਰੂ ਨਾਨਕ ਪਾਤਸ਼ਾਹ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।

ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਰਮੇਸ਼ ਬੰਗੜ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਗੁਰੂ ਘਰ ਦੀ ਨਵੀਂ ਇਮਾਰਤ ਦੇ ਡਿਜ਼ਾਈਨ ਬਾਰੇ ਜਾਣਕਾਰੀ ਦਿੱਤੀ। ਗੁਰੂ ਘਰ ਦੇ ਪ੍ਰਧਾਨ ਸ੍ਰੀ ਸਤੀਸ਼ ਰੱਲ੍ਹ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਦੱਸਿਆ ਕਿ ਗੁਰੂ ਘਰ ਦੇ ਨਵੇਂ ਹਾਲ ਦੀ ਉਸਾਰੀ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਜਲਦੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਮੌਕੇ ਸੁਰਿੰਦਰ ਮੱਲ੍ਹ ਤੇ ਪਰਿਵਾਰ ਵਲੋਂ 1100 ਡਾਲਰ, ਡਾ. ਦਵਿੰਦਰ ਕੁਮਾਰ ਵਲੋਂ 1100 ਡਾਲਰ ਅਤੇ ਜੋਗਿੰਦਰ ਮੱਲ੍ਹ ਦੇ ਪਰਿਵਾਰ ਵਲੋਂ 5100 ਡਾਲਰ ਗੁਰੂ ਘਰ ਦੀ ਨਵੀਂ ਇਮਾਰਤ ਲਈ ਦਿੱਤੇ ਗਏ। ਮੱਲ੍ਹ ਪਰਿਵਾਰ ਦੇ ਮਾਤਾ ਸ੍ਰੀਮਤੀ ਗੁਰਮੇਜ ਕੌਰ ਅਤੇ ਡਾ. ਦਵਿੰਦਰ ਮੱਲ੍ਹ ਦਾ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਸਟੇਜ ਸਕੱਤਰ ਸ੍ਰੀ ਰਮੇਸ਼ ਬੰਗੜ ਨੇ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੇ ਪੁਰਬ ਸਬੰਧੀ 11 ਮਾਰਚ ਨੂੰ ਸਜਾਏ ਜਾ ਰਹੇ ਨਗਰ ਕੀਰਤਨ ਤੋਂ ਪਹਿਲਾਂ ਅਖੰਡ ਪਾਠ ਦੀ ਸੇਵਾ ਲੈਣ ਦੀ ਬੇਨਤੀ ਕੀਤੀ। ਉਨ੍ਹਾਂ ਦੱਸਿਆ ਕਿ ਗੁਰੂ ਘਰ ਵਲੋਂ ਇਸ ਵਾਰ ਇਸ ਸੈਮੀਨਾਰ ਵੀ ਛਾਪਿਆ ਜਾ ਰਿਹਾ ਹੈ। ਉਸ ਲਈ ਲੇਖ ਵਗੈਰਾ ਦੇਣ ਵਾਸਤੇ ਸ੍ਰੀ ਜੱਸੀ ਬੰਗਾ ਨਾਲ ਫੋਨ 916-796-5003 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੱਟੜਪੰਥੀਆਂ ਵੱਲੋਂ ਭਾਰਤ ਨੂੰ ਤਰਜੀਹੀ ਮੁਲਕ ਦੇ ਰੁਤਬੇ ਦਾ ਵਿਰੋਧ

**ਇਸਲਾਮਾਬਾਦ:** ਜਮਾਤ-ਉਦ-ਦਾਵਾ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਪਾਕਿਸਤਾਨ ਨੇ ਭਾਰਤ ਨੂੰ ਅੱਵਲ ਤਰਜੀਹੀ ਮੁਲਕ ਦਾ ਦਰਜਾ ਦਿੱਤਾ ਤਾਂ ਉਹ ਇਸ ਦਾ ਵਿਰੋਧ ਕਰਦਿਆਂ ਵਾਹਗਾ ਬਾਰਡਰ 'ਤੇ ਧਰਨਾ ਦੇਣਗੇ। ਇਸ ਅਤਿਵਾਦੀ ਸੰਗਠਨ ਨੂੰ 2008 ਦੇ ਮੁੰਬਈ ਹਮਲਿਆਂ ਦਾ ਦੋਸ਼ੀ ਮੰਨਿਆ ਜਾਂਦਾ ਹੈ। ਪਾਕਿ ਸਰਕਾਰ ਵੱਲੋਂ ਭਾਰਤ ਨੂੰ ਅੱਵਲ ਤਰਜੀਹੀ ਮੁਲਕ ਦਾ ਦਰਜਾ ਦੇਣ ਦੇ ਫੈਸਲੇ ਦੇ ਵਿਰੋਧ ਵਿਚ ਰੋਸ ਮੁਜ਼ਾਹਰਾ ਕਰਦਿਆਂ ਲਾਹੌਰ ਦੇ ਚੌਬੁਰਜੀ ਵਿਖੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਜਮਾਤ-ਉਦ-ਦਾਵਾ ਦੇ ਆਗੂਆਂ ਨੇ ਚਿਤਾਵਨੀ ਦਿੱਤੀ। ਇਸ ਮੌਕੇ ਸੰਗਠਨ ਦੇ ਕਾਰਕੁਨਾਂ ਨੇ ਭਾਰਤੀ ਝੰਡੇ ਸਾੜੇ ਅਤੇ ਭਾਰਤ ਵਿਰੁੱਧ ਨਾਅਰੇਬਾਜ਼ੀ ਕੀਤੀ। ਆਗੂਆਂ ਨੇ ਕਿਹਾ ਕਿ ਲੋਕ ਲਹਿਰ ਦੀ ਸੁਨਾਮੀ ਅਮਰੀਕਾ ਤੇ ਭਾਰਤ ਦੀ ਇਜ਼ਾਰੇਦਾਰੀ ਦਾ ਖਾਤਮਾ ਕਰ ਦੇਵੇਗੀ।

## Matrimonials

### ਵਰ ਦੀ ਲੋੜ ਹੈ

Wanted Sikh Saini US/ Canadian match for Sikh Saini US citizen girl, 24, 5'-0" studying hospital/ medical billing & coding after bachelor in Bussiness Admn. Contact: singhp1@hotmail.com

Seeking a suitable Jatt Sikh US citizen match for a pretty 24, 5'-3" Dentist girl in India. Contact at skgurdeep7@gmail.com.

Parents seek US citizen Jatt Sikh boy in Medical profession for Jatt Sikh, 27, 5'-7" MBBS girl, preparing for USMLE, 1st step cleared. Call:510-304-9292 or e-mail: jassi@jassigill.com

Wanted US/Canadian/UK/ Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਚੀਮਾ 29, ਕੱਦ 5'-11" ਅਮਰੀਕੀ ਸਿਟੀਜ਼ਨ 10+2 ਪਾਸ ਲੜਕੇ ਲਈ ਇੰਡੀਆ ਤੋਂ ਪੜ੍ਹੀ ਲਿਖੀ 22 ਤੋਂ 26 ਸਾਲ ਉਮਰ ਦੀ ਘਟੋ ਘਟ 5' 4" ਕੱਦ ਦੀ ਘਰੇਲੂ ਲੜਕੀ ਦੀ ਲੋੜ ਹੈ। ਮੰਗਣੀ ਇੰਡੀਆ ਤੇ ਵਿਆਹ ਅਮਰੀਕਾ ਵਿਚ। ਲੜਕੇ ਦੇ ਮਾਪੇ ਇੰਡੀਆ ਵਿਚ ਹਨ। ਸੰਪਰਕ ਕਰੋ:ਫੋਨ 91-80591-27952 ਜਾਂ ਈਮੇਲ ਕਰੋ js.cheema@yahoo.com

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/ photo: psingh03850@gmail.com


SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

MRP TRAVEL

Lowest International and Domestic Fares

A·R·C FLY ANY AIRLINE OF YOUR CHOICE IATA

Providing the lowest Air-fare, Cruise and Travel Packages to Asia, Africa, Europe, the Middle East and North America

408-929-8005

E-mail:mrptravel@gmail.com
2123 Port Way, San Jose, CA 95133
CST: 2097308-40

Passport & Visa services also available



India Vacation tour package also available.

Asiana Airlines, Emirates, KOREAN AIR, SINGAPORE AIRLINES, CATHAY PACIFIC, Lufthansa, CHINA AIRLINES

BUS tickets also available from Delhi to Punjab with lowest fare.




Business Opportunity

International Company looking for serious people to work from home-part time or full time. Great earning potential, full training and support provided. To attend training in your area.

For more info. call:

Sukhpreet Kaur Indiana
Ph:317-884-3557
Sharanjeet Kaur
Ph:317-332-1387

spkaurus@yahoo.co.in - www.shopherbalife.com/skaur

FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਮਨਪ੍ਰੀਤ ਡੇਰਾ ਸਿਰਸਾ ਜਾਣ ਕਰਕੇ ਵਿਵਾਦ 'ਚ ਘਿਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਵੀ ਡੇਰਾ ਸਿਰਸਾ ਦੀ ਫੇਰੀ ਪਾ ਆਏ ਹਨ ਜਿਸ ਦਾ ਸਿੱਖ ਭਾਈਚਾਰੇ 'ਚ ਸਖਤ ਨੋਟਿਸ ਵੀ ਲਿਆ ਜਾ ਰਿਹਾ ਹੈ। ਚਰਚਾ ਹੈ ਕਿ ਸਾਂਝਾ ਮੋਰਚਾ ਦੇ ਆਗੂ ਮਨਪ੍ਰੀਤ ਬਾਦਲ ਨੇ ਆ ਰਹੀ ਵਿਧਾਨ ਸਭਾ ਚੋਣ ਦੇ ਮੱਦੇਨਜ਼ਰ ਡੇਰਾ ਸੱਚਾ ਸੌਦਾ ਸਿਰਸਾ ਦੀ ਫੇਰੀ ਪਾਈ ਹੈ। ਮਨਪ੍ਰੀਤ ਬਾਦਲ ਦੀ ਇਸ ਫੇਰੀ ਤੋਂ ਲੱਗਦਾ ਹੈ ਕਿ ਸਾਂਝਾ ਮੋਰਚਾ ਨੂੰ ਵੀ ਡੇਰਾ ਸਿਰਸਾ ਦੀਆਂ ਵੋਟਾਂ 'ਤੇ ਟੇਕ ਹੈ।



ਇਸ ਬਾਰੇ ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਉਹ ਤਾਂ ਆਪਣੇ ਹਲਕੇ ਦੀ ਸੰਗਤ ਨਾਲ ਉੱਥੇ ਗਏ ਸਨ ਜਿਸ ਪਿੱਛੇ ਕੋਈ ਸਿਆਸੀ ਮਕਸਦ ਨਹੀਂ ਸੀ। ਉਨ੍ਹਾਂ ਆਖਿਆ ਕਿ ਹਲਕੇ ਦੇ ਲੋਕਾਂ 'ਤੇ ਕਹਿਣ 'ਤੇ ਹੀ ਉਹ ਉਨ੍ਹਾਂ ਨਾਲ ਡੇਰਾ ਸਿਰਸਾ ਚਲੇ ਗਏ ਸਨ। ਉਹ ਤਾਂ ਪਹਿਲਾਂ ਹਲਕੇ ਦੇ ਲੋਕਾਂ ਨਾਲ ਚਿੰਤਪੁਰਨੀ ਵੀ ਜਾ ਕੇ ਆਏ ਹਨ ਤੇ ਉਹ ਹਰ ਧਰਮ ਦਾ ਸਤਿਕਾਰ ਕਰਦੇ ਹਨ।

ਹਾਸਲ ਜਾਣਕਾਰੀ ਅਨੁਸਾਰ ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਪਿਛਲੇ ਹਫ਼ਤੇ ਸ਼ਾਮ ਵੇਲੇ ਡੇਰਾ ਸਿਰਸਾ ਗਏ ਸਨ। ਪੀ.ਪੀ.ਪੀ. ਦੇ ਗਠਨ ਮਗਰੋਂ ਇਹ ਉਨ੍ਹਾਂ ਦੀ ਪਹਿਲੀ ਡੇਰਾ ਸਿਰਸਾ ਦੀ ਫੇਰੀ ਹੈ। ਮਨਪ੍ਰੀਤ ਬਾਦਲ ਨੇ ਡੇਰਾ ਮੁਖੀ ਤੋਂ ਆਸ਼ੀਰਵਾਦ ਲਿਆ ਤੇ ਸਾਂਝੇ ਮੋਰਚੇ ਦੀ ਹਮਾਇਤ ਲਈ ਅਪੀਲ ਕੀਤੀ। ਉਨ੍ਹਾਂ ਤਕਰੀਬਨ 20 ਮਿੰਟ ਡੇਰਾ ਸਿਰਸਾ ਦੇ ਸਿਆਸੀ ਵਿੰਗ ਨਾਲ ਵੀ ਮੀਟਿੰਗ ਕੀਤੀ। ਮੀਟਿੰਗ ਵਿਚ ਡੇਰੇ ਦੇ ਸਿਆਸੀ ਵਿੰਗ ਪੰਜਾਬ ਦੇ ਚੇਅਰਮੈਨ ਰਾਮ ਸਿੰਘ ਤੋਂ ਇਲਾਵਾ ਚਾਰ ਹੋਰ ਮੈਂਬਰ ਵੀ ਮੌਜੂਦ ਸਨ।

ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮਨਪ੍ਰੀਤ ਦੀ ਫੇਰੀ ਕਾਫੀ ਅਹਿਮ ਸਮਝੀ ਜਾ ਰਹੀ ਹੈ। ਸੂਤਰਾਂ ਅਨੁਸਾਰ ਮਨਪ੍ਰੀਤ ਨੇ ਅਸਿੱਧੇ ਤੌਰ 'ਤੇ ਅਗਾਮੀ ਵਿਧਾਨ ਸਭਾ ਚੋਣਾਂ ਲਈ ਸਾਂਝੇ ਮੋਰਚੇ ਦੇ ਉਮੀਦਵਾਰਾਂ ਲਈ ਡੇਰਾ ਸਿਰਸਾ ਤੋਂ ਹਮਾਇਤ ਮੰਗੀ। ਭਾਵੇਂ ਡੇਰੇ ਵੱਲੋਂ ਕੋਈ ਹੁੰਗਾਰਾ ਤਾਂ ਨਹੀਂ ਭਰਿਆ ਗਿਆ ਪਰ ਏਨਾ ਜ਼ਰੂਰ ਆਖਿਆ ਗਿਆ ਕਿ ਡੇਰਾ ਚੰਗੇ ਉਮੀਦਵਾਰਾਂ ਨੂੰ ਅੱਗੇ ਲਿਆਉਣ ਦਾ ਹਾਮੀ ਹੈ। ਡੇਰਾ ਮੁਖੀ ਨੇ ਸਾਬਕਾ ਖਜ਼ਾਨਾ ਮੰਤਰੀ ਨੂੰ ਆਸ਼ੀਰਵਾਦ ਦਿੱਤਾ ਪਰ ਕੋਈ ਸਿਆਸੀ ਗੱਲ ਨਹੀਂ ਕੀਤੀ।

ਸੂਤਰਾਂ ਅਨੁਸਾਰ ਸਾਬਕਾ ਖਜ਼ਾਨਾ ਮੰਤਰੀ ਨੇ ਸਿਆਸੀ ਵਿੰਗ ਨਾਲ ਮੀਟਿੰਗ 'ਚ ਆਖਿਆ ਕਿ ਦੇਸ਼ ਨੂੰ ਬਚਾਉਣ ਖਾਤਰ ਚੰਗੇ ਉਮੀਦਵਾਰਾਂ ਦਾ ਸਾਥ ਦਿੱਤਾ ਜਾਵੇ। ਉਨ੍ਹਾਂ ਨੇ ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ ਤੇ ਵਧ ਰਹੀ ਬੇਚੈਨੀ ਦਾ ਮਸਲਾ ਵੀ ਰੱਖਿਆ। ਮਨਪ੍ਰੀਤ ਨੇ ਇਹ ਫੇਰੀ ਗੁਪਤ ਹੀ ਰੱਖੀ। ਇਹ ਫੇਰੀ ਇਸ ਗੱਲੋਂ ਵੀ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿ ਡੇਰੇ ਵੱਲੋਂ ਹਾਲੇ ਤੱਕ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪਾਰਟੀ ਤੋਂ ਇਕੋ ਜਿੰਨੀ ਦੂਰੀ ਰੱਖੀ ਜਾ ਰਹੀ ਹੈ।

ਇੱਥੋਂ ਤੱਕ ਕਿ ਡੇਰੇ ਦੇ ਅਖਬਾਰ ਵਿਚ ਵੀ ਕਾਂਗਰਸ ਦੀ ਪਿਛਲੇ ਸਮੇਂ ਤੋਂ ਕਵਰੇਜ ਘਟ ਗਈ ਹੈ। ਡੇਰੇ ਦੇ ਸਿਆਸੀ ਵਿੰਗ ਅਨੁਸਾਰ ਮਨਪ੍ਰੀਤ ਬਾਦਲ ਕੁਝ ਦਿਨ ਪਹਿਲਾਂ ਡੇਰਾ ਸਿਰਸਾ ਆਏ ਸਨ ਤੇ ਉਨ੍ਹਾਂ ਨੇ ਮਜਲਿਸ ਸੁਣਨ ਮਗਰੋਂ ਡੇਰਾ ਸਿਰਸਾ ਦੀ ਮੈਨੇਜਮੈਂਟ ਤੇ ਸਿਆਸੀ ਵਿੰਗ ਨਾਲ ਮੀਟਿੰਗ ਵੀ ਕੀਤੀ ਸੀ। ਮਨਪ੍ਰੀਤ ਨੇ ਵੋਟਾਂ ਦੀ ਸਿਆਸਤ ਦੀ ਗੱਲ ਨਹੀਂ ਕੀਤੀ ਤੇ ਸਿਰਫ਼ ਦੇਸ਼ ਨੂੰ ਬਚਾਉਣ ਲਈ ਸਹਿਯੋਗ ਦੀ ਮੰਗ ਕੀਤੀ ਸੀ।

ਉਨ੍ਹਾਂ ਮੀਟਿੰਗ ਵਿਚ ਆਖਿਆ ਕਿ ਦੇਸ਼ ਨੂੰ ਬਚਾਉਣ ਲਈ ਸਾਰਿਆਂ ਨੂੰ ਰਲ ਕੇ ਹੰਭਲਾ ਮਾਰਨਾ ਚਾਹੀਦਾ ਹੈ। ਰਾਮ ਸਿੰਘ ਨੇ ਦੱਸਿਆ ਕਿ ਡੇਰਾ ਮੁਖੀ ਵੱਲੋਂ ਮਨਪ੍ਰੀਤ ਨੂੰ ਆਸ਼ੀਰਵਾਦ ਜ਼ਰੂਰ ਦਿੱਤਾ ਗਿਆ ਪਰ ਕੋਈ ਗੱਲ ਨਹੀਂ ਕੀਤੀ ਗਈ।

## ਮਨਪ੍ਰੀਤ ਵੱਲੋਂ ਬੱਜਰ ਗੁਨਾਹ:ਜਥੇਦਾਰ ਨੰਦਗੜ੍ਹ

**ਚੰਡੀਗੜ੍ਹ:** ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਸਿੰਘ ਸਾਹਿਬ ਬਲਵੰਤ ਸਿੰਘ ਨੰਦਗੜ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਹਿਬ ਤੋਂ ਹੁਕਮਨਾਮੇ ਜਾਰੀ ਕਰਕੇ ਸਮੂਹ ਸਿੱਖ ਭਾਈਚਾਰੇ ਨੂੰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਕਿਸੇ ਕਿਸਮ ਦਾ ਕੋਈ ਵਾਸਤਾ ਨਾ ਰੱਖਣ ਦੇ ਸਪੱਸ਼ਟ ਆਦੇਸ਼ ਦਿੱਤੇ ਹਨ ਪਰ ਇਸ ਦੇ ਬਾਵਜੂਦ ਮਨਪ੍ਰੀਤ ਬਾਦਲ ਜਾਂ ਕੋਈ ਹੋਰ ਸਿੱਖ ਡੇਰਾ ਸਿਰਸਾ ਜਾ ਕੇ ਸਿਰ ਝੁਕਾਉਂਦਾ ਹੈ ਤੇ ਸਹਿਯੋਗ ਮੰਗਦਾ ਹੈ ਤਾਂ ਉਸ ਨੂੰ ਸਿੱਖ ਨਹੀਂ ਮੰਨਿਆ ਜਾ ਸਕਦਾ।



ਜਥੇਦਾਰ ਬਲਵੰਤ ਸਿੰਘ ਨੰਦਗੜ ਨੇ ਕਿਹਾ ਕਿ ਮਨਪ੍ਰੀਤ ਨੇ ਪਹਿਲਾਂ ਅੰਮ੍ਰਿਤ ਛਕਿਆਂ ਤੇ ਫ਼ਿਰ ਇਸ ਨੂੰ ਭੰਗ ਕਰਕੇ ਬਜ਼ਰ ਗਲਤੀ ਕੀਤੀ । ਹੁਣ ਜੇ ਉਸ ਨੇ ਡੇਰਾ ਸਿਰਸਾ ਜਾ ਕੇ ਡੇਰਾ ਮੁਖੀ ਦੀ ਸਤਸੰਗ ਵਿਚ ਹਿੱਸਾ ਲਿਆ ਹੈ ਤਾਂ ਇਹ ਬਹੁਤ ਮੰਦਭਾਗੀ ਗੱਲ ਹੈ ਕਿਉਂਕਿ ਸ੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋ ਉਹ ਗਿੱਦੜਬਾਹਾ ਹਲਕੇ ਤੋਂ ਚਾਰ ਵਾਰ ਪੰਥਕ ਉਮੀਵਾਰ ਵਜੋਂ ਜਿੱਤ ਕੇ ਵਿਧਾਇਕ ਬਣਿਆ। ਉਹ ਮਨਪ੍ਰੀਤ ਨੂੰ ਸਿੱਖ ਹੀ ਨਹੀ ਮੰਨਦੇ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਹੁਕਮਨਾਮੇ ਦੀ ਉਲੰਘਣਾ ਕਰਨ ਬਦਲੇ ਉਸ ਨੂੰ ਅਕਾਲ ਤਖ਼ਤ ਸਾਹਿਬ ਤੇ ਤਲਬ ਨਹੀਂ ਕੀਤਾ ਜਾ ਸਕਦਾ ਪਰ ਉਹ ਦੇਸ ਵਿਦੇਸ ਰਹਿੰਦੇ ਸਿੱਖਾਂ ਨੂੰ ਇਹ ਜ਼ਰੂਰ ਕਹਿਣਾ ਚਾਹੁੰਣਗੇ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਵਾਲੇ ਆਗੂਆਂ ਤੋਂ ਆਪਣੀ ਦੂਰੀ ਬਣਾ ਕੇ ਰੱਖਣ । ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਇਹ ਦੁਖਦਾਇਕ ਤੇ ਮਾੜੀ ਗੱਲ ਹੈ ਕਿਉਂਕਿ ਮਨਪ੍ਰੀਤ ਬਾਦਲ ਨੇ ਅਕਾਲੀ ਦਲ ਉਮੀਦਵਾਰ ਵਜੋਂ ਪਿਛਲੀ ਚੋਣ ਗਿੱਦੜਬਾਹਾ ਹਲਕੇ ਤੋਂ ਕੀਤੀ ਸੀ ਉਸ ਨੂੰ ਆਪਣੇ ਸਿੱਖ ਵੋਟਰਾਂ ਦੇ ਜਜ਼ਬਾਤਾਂ ਦੀ ਅਣਦੇਖੀ ਨਹੀਂ ਕਰਨੀ ਚਾਹੀਦੀ ਸੀ।

# ਸਾਬਕਾ ਪੁਲਿਸ ਮੁਖੀ ਨੂੰ ਟਿਕਟ ਦੇਣ ਦਾ ਵਿਰੋਧ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਮੋਗਾ ਵਿਧਾਨ ਸਭਾ ਹਲਕੇ ਤੋਂ ਸਾਬਕਾ ਪੁਲਿਸ ਮੁਖੀ ਪਰਮਦੀਪ ਸਿੰਘ ਗਿੱਲ ਨੂੰ ਟਿਕਟ ਦੇਣ ਦੇਣ ਦੇ ਫ਼ੈਸਲੇ ਦਾ ਸਖ਼ਤ ਵਿਰੋਧ ਸ਼ੁਰੂ ਹੋ ਗਿਆ ਹੈ। ਮੋਗਾ ਦੇ ਮਿਉਂਸਪਲ ਕੌਂਸਲਰਾਂ ਤੇ ਟਕਸਾਲੀ ਅਕਾਲੀ ਆਗੂਆਂ ਵੱਲੋਂ ਲਗਾਤਾਰ ਪਾਏ ਜਾ ਰਹੇ ਦਬਾਅ ਕਾਰਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਫੈਸਲੇ 'ਤੇ ਮੁੜ ਗੌਰ ਕਰਨਾ ਪੈ ਸਕਦਾ ਹੈ। ਸਾਬਕਾ ਪੁਲਿਸ ਮੁਖੀ ਨੂੰ ਪਹਿਲਾਂ ਇਹ ਚੋਣਾਂ ਲੜਨ ਲਈ ਹਰੀ ਝੰਡੀ ਦੇ ਦਿੱਤੀ ਗਈ ਸੀ ਪਰ ਬਾਅਦ ਵਿਚ ਸਥਾਨਕ ਅਕਾਲੀ ਆਗੂਆਂ ਤੇ ਵਰਕਰਾਂ ਵੱਲੋਂ ਵਿਰੋਧ ਕਰਨ ਕਾਰਨ ਹੁਣ ਬਾਦਲ ਧੜੇ ਨੂੰ ਇਸ ਮੁੱਦੇ 'ਤੇ ਮੁੜ ਸੋਚਣਾ ਪਵੇਗਾ। ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਪਰਮਦੀਪ ਸਿੰਘ ਗਿੱਲ ਦਾ ਪਿਛੋਕਲ ਕਾਂਗਰਸ ਸਮਰਥਕ ਰਿਹਾ ਹੈ।



ਇਸ ਬਾਰੇ ਇਲਾਕੇ ਦੇ ਅਕਾਲੀ -ਭਾਜਪਾ ਕੌਂਸਲਰਾਂ ਤੇ ਉੱਘੇ ਅਕਾਲੀ ਆਗੂਆਂ ਦਾ ਵਫ਼ਦ ਅਕਾਲੀ ਦਲ ਦੀ ਸਥਾਨਕ ਇਕਾਈ ਦੇ ਸਾਬਕਾ ਪ੍ਰਧਾਨ ਡਾ. ਕੇ.ਐਸ. ਗਿੱਲ ਦੀ ਅਗਵਾਈ ਵਿਚ ਪਿੰਡ ਬਾਦਲ ਵਿਖੇ ਸੁਖਬੀਰ ਸਿੰਘ ਬਾਦਲ ਨੂੰ ਮਿਲਿਆ ਤੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਜੇਕਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਮੋਗਾ ਹਲਕੇ ਤੋਂ ਸਾਬਕਾ ਪੁਲਿਸ ਮੁਖੀ ਨੂੰ ਟਿਕਟ ਦਿੱਤੀ ਜਾਂਦੀ ਹੈ ਤਾਂ ਉਹ ਇਸ ਦਾ ਵਿਰੋਧ ਕਰਨਗੇ। ਉਨ੍ਹਾਂ ਤਰਕ ਦਿੱਤਾ ਕਿ ਸ. ਗਿੱਲ ਦੇ ਪਿਤਾ ਮਰਹੂਮ ਨਛੱਤਰ ਸਿੰਘ ਗਿੱਲ ਨੇ ਆਪਣੇ ਰਾਜਨੀਤਕ ਕਰੀਅਰ ਵਿਚ ਦੋ ਵਾਰ ਅਕਾਲੀ ਦਲ ਨਾਲ 'ਧੋਖਾਧੜੀ' ਕੀਤੀ ਤੇ ਕਾਂਗਰਸ ਪਾਰਟੀ 'ਚ ਸ਼ਾਮਲ ਹੋਇਆ। ਉਨ੍ਹਾਂ ਕਿਹਾ ਕਿ ਪਰਮਦੀਪ ਸਿੰਘ ਗਿੱਲ ਇਸ ਹਾਲਤ ਵਿਚ ਨਹੀਂ ਕਿ ਕਾਂਗਰਸ ਦੇ ਮੌਜੂਦਾ ਵਿਧਾਇਕ ਜੋਗਿੰਦਰਦਪਾਲ ਜੈਨ ਨੂੰ ਸਖ਼ਤ ਟੱਕਰ ਦੇ ਸਕੇ। ਸੂਤਰਾਂ ਅਨੁਸਾਰ ਸੁਖਬੀਰ ਬਾਦਲ ਹਰ ਸੀਟ 'ਤੇ ਅਕਾਲੀ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣਾ ਚਾਹੁੰਦੇ ਹਨ। ਇਸ ਲਈ ਚਰਚਾ ਹੈ ਕਿ ਹੁਣ ਮੋਗਾ ਤੇ ਧਰਮਕੋਟ ਹਲਕਿਆਂ ਤੋਂ ਚੋਣਾਂ ਜਿੱਤ ਸਕਣ ਵਾਲੇ ਉਮੀਦਵਾਰਾਂ ਨੂੰ ਹੀ ਟਿਕਟ ਦੇਣ 'ਤੇ ਵਿਚਾਰ ਕੀਤਾ ਜਾਵੇਗਾ। ਅਕਾਲੀ ਹਲਕਿਆਂ ਵਿਚ ਇਹ ਵੀ ਗੱਲ ਵੀ ਕੀਤੀ ਜਾ ਰਹੀ ਹੈ ਕਿ ਪਰਮਦੀਪ ਸਿੰਘ ਗਿੱਲ ਨੂੰ ਬਾਘਾਪੁਰਾਣਾ ਹਲਕੇ ਤੋਂ ਟਿਕਟ ਦਿੱਤੀ ਜਾ ਸਕਦੀ ਹੈ।

# ਭਾਜਪਾ ਨੇ ਅਕਾਲੀ ਦਲ ਬਾਦਲ ਨੂੰ ਫਿਕਰਾਂ ਵਿਚ ਪਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਜਨਤਾ ਪਾਰਟੀ ਲਈ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ 19 ਦਾ ਅੰਕੜਾ ਬਰਕਰਾਰ ਰੱਖਣਾ ਔਖਾ ਹੋ ਗਿਆ ਹੈ ਜਿਸ ਬਾਰੇ ਸਿਰ-ਧੜ ਦੀ ਬਾਜ਼ੀ ਲਾ ਰਿਹਾ ਸ਼੍ਰੋਮਣੀ ਅਕਾਲੀ ਦਲ ਕਾਫੀ ਫਿਕਰਮੰਦ ਹੈ। ਪਾਰਟੀ ਦੀ ਅੰਦਰੂਨੀ ਖਿੱਚੋਤਾਣ ਕਾਰਨ ਹਾਈ ਕਮਾਂਡ ਨੂੰ ਵੀ ਹਾਲ ਦੀ ਘੜੀ ਬੇੜੀ ਕਿਸੇ ਤਣ ਪੱਤਣ ਲਗਦੀ ਨਜ਼ਰ ਨਹੀਂ ਆ ਰਹੀ ਹੈ। ਪਾਰਟੀ ਦੇ ਸੀਨੀਅਰ ਆਗੂ ਐਲ.ਕੇ. ਅਡਵਾਨੀ ਦੀ ਰੱਥ ਯਾਤਰਾ ਵੀ ਕੋਈ ਬਾਹਲਾ ਰੰਗ ਨਹੀਂ ਵਿਖਾ ਸਕੀ ਤੇ ਉਨ੍ਹਾਂ ਨੂੰ ਨਿਰਾਸ਼ ਹੀ ਪਰਤਣਾ ਪਿਆ। ਪਾਰਟੀ ਦੀ ਅੰਦਰੂਨੀ ਫੁੱਟ ਦਾ ਮਾਮਲਾ ਹਾਈ ਕਮਾਂਡ ਦੇ ਧਿਆਨ ਵਿਚ ਹੈ ਪਰ ਚੋਣਾਂ ਸਿਰ 'ਤੇ ਹੋਣ ਕਰਕੇ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ ਜਦੋਂਕਿ ਕੌਮੀ ਪ੍ਰਧਾਨ ਨਿਤਿਨ ਗਡਕਰੀ ਤੇ ਲਾਲ ਕ੍ਰਿਸ਼ਨ ਅਡਵਾਨੀ ਦੀ ਘੁਰਕੀ ਦਾ ਕਿਸੇ 'ਤੇ ਕੋਈ ਅਸਰ ਨਹੀਂ ਹੋਇਆ ਹੈ।

ਭਾਜਪਾ ਨੇ ਪਿਛਲੀਆਂ ਚੋਣਾਂ ਵਿਚ ਆਪਣੇ ਹਿੱਸੇ ਦੀਆਂ ਕੁੱਲ 23 ਸੀਟਾਂ ਵਿਚੋਂ 19 ਸੀਟਾਂ ਜਿੱਤ ਕੇ ਪਿਛਲੇ ਸਾਰੇ ਰਿਕਾਰਡ ਤੋੜੇ ਸਨ ਪਰ ਇਸ ਵਾਰ ਭਾਜਪਾ ਦਾ ਹਾਲ ਮੁੜ ਤੋਂ 2002 ਦੀਆਂ ਚੋਣਾਂ ਵਾਲਾ ਹੋਣ ਦੇ ਆਸਾਰ ਹਨ। ਭਾਜਪਾ ਨੂੰ ਸਾਲ 2002 ਦੀਆਂ ਚੋਣਾਂ ਵਿਚ 23 'ਚੋਂ ਸਿਰਫ ਚਾਰ ਸੀਟਾਂ ਹੀ ਮਿਲੀਆਂ ਸਨ। ਉਸ ਤੋਂ ਪਹਿਲਾਂ ਸਾਲ 1997 ਦੀਆਂ ਚੋਣਾਂ ਵਿਚ ਭਾਜਪਾ ਨੇ 23 'ਚੋਂ ਸਿਰਫ ਪੰਜ ਸੀਟਾਂ ਹਾਰੀਆਂ ਸਨ ਤੇ 18 ਉੱਤੇ ਜਿੱਤ ਪ੍ਰਾਪਤ ਕੀਤੀ ਸੀ।

ਭਾਜਪਾ ਵੱਲੋਂ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਰਲ ਕੇ ਪਿਛਲੀਆਂ ਚਾਰੋਂ ਚੋਣਾਂ ਲੜੀਆਂ ਗਈਆਂ ਸਨ ਤੇ ਅਗਲੀਆਂ ਚੋਣਾਂ ਵਿਚ ਵੀ ਪਿਛਲਾ ਫਾਰਮੂਲਾ ਹੀ ਅਪਣਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ 1980 ਤੋਂ ਲੈ ਕੇ 1992 ਤੱਕ ਭਾਜਪਾ ਪੰਜਾਬ ਵਿਚ ਆਪਣੇ ਤੌਰ 'ਤੇ ਚੋਣਾਂ ਲੜਦੀ ਰਹੀ ਹੈ। ਭਾਜਪਾ ਨੇ ਪੰਜਾਬ ਵਿਚ ਪਹਿਲੀ ਵਾਰ ਆਪਣੇ ਤੌਰ 'ਤੇ ਚੋਣ 1980 ਵਿਚ 65 ਸੀਟਾਂ ਉੱਤੇ ਲੜੀ ਸੀ ਤੇ ਉਸ ਵੇਲੇ ਪਾਰਟੀ ਦੀ ਝੋਲੀ ਵਿਚ ਸਿਰਫ ਛੇ ਸੀਟਾਂ ਹੀ ਪਈਆਂ ਸਨ।

ਉਸ ਤੋਂ ਬਾਅਦ 1985 ਵਿਚ ਭਾਜਪਾ ਦੀ ਕਾਰਗੁਜ਼ਾਰੀ ਵਿਚ ਮਾਮੂਲੀ ਸੁਧਾਰ ਹੋਇਆ ਤੇ ਪਾਰਟੀ ਨੂੰ 55 ਵਿਚੋਂ ਸੱਤ ਸੀਟਾਂ 'ਤੇ ਜਿੱਤ ਪ੍ਰਾਪਤ ਕਰਨ ਵਿਚ ਸਫਲਤਾ ਮਿਲੀ। ਸਾਲ 1991 ਦੀਆਂ ਚੋਣਾਂ ਵਿਚ ਭਾਜਪਾ ਨੂੰ ਕਾਫ਼ੀ ਵੱਡੀ ਆਸ ਸੀ ਪਰ ਉਦੋਂ ਵੋਟਾਂ ਅੱਗੇ ਪੈ ਗਈਆਂ ਤੇ 1992 'ਚ ਭਾਜਪਾ ਨੂੰ ਚੋਣਾਂ ਤੋਂ ਦੂਰ ਰਹਿਣਾ ਪਿਆ ਸੀ। ਅਸਲ ਵਿਚ ਭਾਜਪਾ ਦੇ ਪੰਜਾਬ ਵਿਚ ਪੈਰ ਸ਼੍ਰੋਮਣੀ ਅਕਾਲੀ ਦਲ ਨਾਲ ਸਾਂਝ ਪਾਉਣ ਪਿੱਛੋਂ ਹੀ ਲੱਗਣੇ ਸ਼ੁਰੂ ਹੋਏ ਹਨ।

ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵੱਲੋਂ ਵਿਧਾਨ ਸਭਾ ਦੀਆਂ ਹੀ ਨਹੀਂ ਸਗੋਂ ਲੋਕ ਸਭਾ ਦੀਆਂ ਚੋਣਾਂ ਵੀ ਰਲ ਕੇ ਲੜੀਆਂ ਗਈਆਂ ਹਨ ਤੇ ਅਹੁਦਿਆਂ ਦੀ ਵੰਡ ਵੀ ਇਕ ਨਿਰਧਾਰਤ ਫਾਰਮੂਲੇ ਤਹਿਤ ਕੀਤੀ ਜਾਂਦੀ ਰਹੀ ਹੈ। ਇਸ ਵਾਰ ਭਾਜਪਾ ਦੇ ਸਰਕਾਰ ਵਿਚ ਪੰਜ ਮੰਤਰੀ ਤੇ ਪੰਜ ਹੀ ਸੰਸਦੀ ਸਕੱਤਰ ਹਨ। ਬੋਰਡ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਦੀ ਗਿਣਤੀ ਇਸ ਤੋਂ ਵੱਖਰੀ ਹੈ ਪਰ ਇਸ ਵਾਰ ਪਾਰਟੀ ਦਾ ਅੰਦਰੂਨੀ ਤਾਣਾ ਬਾਣਾ ਇੰਨਾ ਬਿਖਰ ਗਿਆ ਹੈ ਕਿ ਅਗਲੀਆਂ ਚੋਣਾਂ ਨੂੰ ਲੈ ਕੇ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਫਿਕਰ ਵਿਚ ਪਾ ਦਿੱਤਾ ਹੈ ਕਿਉਂਕਿ ਅਗਲੀਆਂ ਚੋਣਾਂ ਵਿਚ ਭਾਜਪਾ ਦੀਆਂ ਸੀਟਾਂ ਘੱਟ ਜਾਣ ਨਾਲ ਅਕਾਲੀ ਦਲ ਦੀ ਵਧੀਆ ਕਾਰਗੁਜ਼ਾਰੀ ਰਹਿਣ ਦੇ ਬਾਵਜੂਦ ਸਰਕਾਰ ਬਨਾਉਣ ਲਈ ਅੰਕੜਾ ਪੂਰਾ ਕਰਨ ਵਿੱਚ ਦਿੱਕਤ ਆ ਸਕਦੀ ਹੈ।



ਪੰਜਾਬ ਭਾਜਪਾ ਵਿਚ ਭਾਵੇਂ ਅੰਦਰੂਨੀ ਜੰਗ ਕਾਫ਼ੀ ਪੁਰਾਣੀ ਚੱਲ ਰਹੀ ਹੈ ਪਰ ਹਾਈ ਕਮਾਂਡ ਵੱਲੋਂ ਤਿੰਨ ਮੰਤਰੀਆਂ ਨੂੰ ਸੱਤਾ ਤੋਂ ਬਾਹਰ ਕਰਨ ਨਾਲ ਇਹ ਜੰਗ ਹੋਰ ਤੇਜ਼ ਹੋ ਗਈ ਹੈ। ਪਾਰਟੀ ਵੱਲੋਂ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਦੋਸ਼ਾਂ ਤਹਿਤ ਨਹੀਂ ਹਟਾਇਆ ਗਿਆ ਹੈ ਉਹ ਖ਼ੁਦ ਹੀ ਪਾਰਟੀ ਨਾਲ ਤੁਰਨ ਲਈ ਰਾਜ਼ੀ ਨਹੀਂ ਹੋ ਰਹੇ ਹਨ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਨਾਰਾਜ਼ ਹੋਏ ਸਾਬਕਾ ਮੰਤਰੀ 'ਆਪਣਿਆਂ' ਦੇ ਹੀ ਰਾਹ ਵਿਚ ਅੜਿੱਕਾ ਬਣ ਰਹੇ ਹਨ।

## ਅਡਵਾਨੀ ਦੀ ਯਾਤਰਾ ਦੌਰਾਨ ਭਾਜਪਾ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਭਾਜਪਾ ਦੇ ਕੌਮੀ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਪੰਜਾਬ ਯਾਤਰਾ ਨੇ ਪੰਜਾਬ ਭਾਜਪਾ ਨੂੰ ਵਿਧਾਨ ਸਭਾ ਚੋਣਾਂ ਲਈ ਮਜ਼ਬੂਤ ਕਰਨ ਦੀ ਥਾਂ ਉਸ ਦੀ ਫੁੱਟ ਤੇ ਸਿਆਸੀ ਕਮਜ਼ੋਰੀਆਂ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਹੈ। ਲੁਧਿਆਣਾ ਵਰਗੇ ਸਨਅਤੀ ਸ਼ਹਿਰ 'ਚ ਵੀ 10 ਹਜ਼ਾਰ ਦਾ ਇਕੱਠ ਸੀ। ਬਠਿੰਡਾ ਤੇ ਅੰਮ੍ਰਿਤਸਰ 'ਚ ਰੈਲੀਆਂ ਸਮੇਂ ਕੁਰਸੀਆਂ ਖ਼ਾਲੀ ਪਈਆਂ ਰਹੀਆਂ। ਸਿਰਫ਼ ਜ਼ਿਲ੍ਹਾ ਗੁਰਦਾਸਪੁਰ ਦੇ ਸਨਅਤੀ ਸ਼ਹਿਰ ਬਟਾਲਾ ਤੇ ਨਵੇਂ ਬਣੇ ਜ਼ਿਲ੍ਹਾ ਪਠਾਨਕੋਟ 'ਚ ਹੀ ਦੋ ਵਿਧਾਇਕਾਂ ਨੇ ਇਕੱਠ ਕਰ ਕੇ ਭਾਜਪਾ ਦੀ ਇੱਜ਼ਤ ਬਚਾਈ।

ਬਟਾਲਾ 'ਚ ਭਾਜਪਾ ਵਿਧਾਇਕ ਜਗਦੀਸ਼ ਸਾਹਨੀ ਨੇ ਅਡਵਾਨੀ ਦੇ ਸਵਾਗਤ ਲਈ ਦੋ ਥਾਵਾਂ 'ਤੇ ਵੱਖਰਾ ਪ੍ਰਬੰਧ ਕੀਤਾ ਤੇ ਦੋਹਾਂ ਹੀ ਥਾਵਾਂ 'ਤੇ ਪੰਜ-ਪੰਜ ਹਜ਼ਾਰ ਦੀ ਭੀੜ ਇਕੱਠੀ ਕੀਤੀ ਪਰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਜ਼ਿਲ੍ਹਾ ਪ੍ਰਧਾਨਾਂ ਨੇ ਵੱਖਰੇ ਸਵਾਗਤੀ ਬੋਰਡ ਲਾ ਕੇ ਪਾਰਟੀ ਦੀ ਫੁੱਟ ਉਜਾਗਰ ਕਰ ਦਿੱਤੀ। ਇਸੇ ਤਰ੍ਹਾਂ ਪਠਾਨਕੋਟ ਹਲਕੇ ਤੋਂ ਸਾਬਕਾ ਮੰਤਰੀ ਮਾਸਟਰ ਮੋਹਨ ਸਿਰਫ ਪੰਜ ਹਜ਼ਾਰ ਦਾ ਇਕੱਠ ਕਰ ਸਕੇ। ਜ਼ਿਕਰਯੋਗ ਹੈ ਕਿ ਪੰਜਾਬ ਭਾਜਪਾ ਦੀ ਕੋਰ ਕਮੇਟੀ ਦੇ ਆਗੂਆਂ ਨੇ ਪਹਿਲਾਂ ਤਾਂ ਮਾਸਟਰ ਮੋਹਨ ਲਾਲ ਦੀ ਮੰਤਰੀ ਮੰਡਲ 'ਚੋਂ ਛੁੱਟੀ ਕਰਵਾਈ ਤੇ ਹੁਣ ਪਠਾਨਕੋਟ ਹਲਕੇ ਤੋਂ ਉਸ ਨੂੰ ਟਿਕਟ ਨਾ ਦੇਣ ਦੀ ਵੀ ਚਰਚਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਖ਼ੁਦ ਇਥੋਂ ਚੋਣ ਲੜਨ ਦੇ ਇਛੁੱਕ ਹਨ ਤੇ ਸਾਰੇ ਸੰਘੀ ਸ਼ਰਮਾ ਨੂੰ ਟਿਕਟ ਦੇਣ ਦੀ ਵਕਾਲਤ ਕਰ ਰਹੇ ਹਨ। ਪਹਿਲਾਂ ਤਾਂ ਅੰਦਰਖਾਤੇ ਚਰਚਾ ਸੀ ਕਿ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਕਾਰਗੁਜ਼ਾਰੀ ਕਾਫ਼ੀ ਮਾੜੀ ਰਹੇਗੀ ਪਰ ਅਡਵਾਨੀ ਦੀ ਯਾਤਰਾ ਸਮੇਂ ਪੰਜਾਬ ਭਾਜਪਾ ਦੀ ਫੁਟ ਤੇ ਲੋਕਾਂ 'ਚ ਉਸ ਦਾ ਅਕਸ ਵੀ ਸਾਹਮਣੇ ਆ ਗਿਆ।

ਪੰਜਾਬ ਮੰਤਰੀ ਮੰਡਲ 'ਚੋਂ ਜਿਵੇਂ ਹੀ ਤਿੰਨ ਮੰਤਰੀਆਂ ਮਨੋਰੰਜਨ ਕਾਲੀਆ, ਸਵਰਨਾ ਰਾਮ ਤੇ ਮਾਸਟਰ ਮੋਹਨ ਲਾਲ ਦੀ ਛੁੱਟੀ ਹੋਈ ਤੇ ਮੁੱਖ ਪਾਰਲੀਮਾਨੀ ਸਕੱਤਰ ਰਾਜ ਖੁਰਾਨਾ ਨੂੰ ਸੀ.ਬੀ.ਆਈ. ਨੇ ਰਿਸ਼ਵਤ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ, ਉਸ ਤੋਂ ਬਾਅਦ ਭਾਜਪਾ ਲਗਾਤਾਰ ਕਮਜ਼ੋਰ ਹੁੰਦੀ ਗਈ। ਇਸ ਤੋਂ ਬਾਅਦ ਪੰਜਾਬ ਭਾਜਪਾ 'ਚ ਪਈ ਫੁੱਟ ਨੇ ਰਹਿੰਦੀ-ਖੂੰਹਦੀ ਕਸਰ ਵੀ ਪੂਰੀ ਕਰ ਦਿੱਤੀ। ਭਾਜਪਾ ਦੇ ਪੁਰਾਣੇ ਆਗੂਆਂ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਨੇਤਾ ਉਹੀ ਬਣਦਾ ਸੀ ਜੋ ਲੋਕਾਂ ਦੀ ਸੇਵਾ ਕਰ ਕੇ ਅੱਗੇ ਆਉਂਦਾ ਸੀ। ਹੁਣ ਨੇਤਾ ਉਪਰ ਤੋਂ ਡਿੱਗਣ ਲੱਗੇ ਹਨ। ਉਨ੍ਹਾਂ ਨਾਲ ਜਨਤਾ ਨੂੰ ਕੋਈ ਲੈਣ-ਦੇਣ ਨਹੀਂ।

# ਭਾਰਤ 'ਚ ਸਿੱਖਾਂ ਨੂੰ ਇਨਸਾਫ ਲੈਣ ਦੇ ਰਾਹ ਵਿਚ ਬੇਸ਼ੁਮਾਰ ਦੁਸ਼ਵਾਰੀਆਂ:ਬੈਂਸ

**ਸਟਾਕਟਨ (ਬਿਊਰੋ):** ਭਾਰਤ ਵਿਚ ਸਰਕਾਰੀ ਜ਼ਬਰ ਦਾ ਸ਼ਿਕਾਰ ਹੋਏ ਸਿੱਖਾਂ ਲਈ ਇਨਸਾਫ ਲੈਣ ਦੇ ਰਾਹ ਵਿਚ ਬੇਪਨਾਹ ਰੁਕਾਵਟਾਂ ਹਨ। ਸਮੁੱਚਾ ਪੁਲਿਸ ਤੰਤਰ ਅਤੇ ਕਈ ਵਾਰ ਨਿਆਂ ਪ੍ਰਣਾਲੀ ਵੀ ਸਿੱਖਾਂ ਦੇ ਵਿਰੁਧ ਭੁਗਤਦੇ ਹਨ। ਇਹ ਵਿਚਾਰ ਇਥੇ ਗੁਰਦੁਆਰਾ ਸਟਾਕਟਨ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਉਘੇ ਵਕੀਲ ਸ. ਰਾਜਵਿੰਦਰ ਸਿੰਘ ਬੈਂਸ ਨੇ ਪ੍ਰਗਟਾਏ। ਉਨ੍ਹਾਂ ਕਿਹਾ ਕਿ ਇੰਨਾ ਹੀ ਨਹੀਂ, ਸਿੱਖਾਂ ਲਈ ਇਨਸਾਫ ਲਈ ਲੜਾਈ ਲੜ ਰਹੇ ਵਕੀਲਾਂ ਨੂੰ ਵੀ ਲੱਖ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਫਿਰ ਵੀ ਲੰਮੀ ਲੜਾਈ ਲੜਨ 'ਤੇ ਇਨਸਾਫ ਕਈ ਵਾਰ ਮਿਲ ਹੀ ਜਾਂਦਾ ਹੈ ਜਿਵੇਂ ਕਿ ਮਾਨਵੀ ਹੱਕਾਂ ਦੀ ਲੜਾਈ ਲਈ ਸ਼ਹੀਦ ਹੋਏ ਸ. ਜਸਵੰਤ ਸਿੰਘ ਖਾਲੜਾ ਦੇ ਕੇਸ ਵਿਚ ਹੋਇਆ ਹੈ।

ਸੁਪਰੀਮ ਕੋਰਟ ਵਲੋਂ ਹਾਲ ਹੀ ਵਿਚ ਦਿੱਤੇ ਗਏ ਫੈਸਲੇ ਦਾ ਜ਼ਿਕਰ ਕਰਦਿਆਂ ਅਟਾਰਨੀ ਬੈਂਸ ਨੇ ਕਿਹਾ ਕਿ ਸ. ਖਾਲੜਾ ਨੂੰ ਸ਼ਹੀਦ ਕਰਨ ਵਾਲੇ ਸਾਰੇ ਪੁਲਿਸ ਅਫਸਰ ਹੁਣ ਬਾਕੀ ਉਮਰ ਜੇਲ੍ਹ ਵਿਚ ਗੁਜ਼ਾਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਹੁਣ ਸ. ਖਾਲੜਾ ਨੂੰ ਸ਼ਹੀਦ ਕਰਨ ਦਾ ਹੁਕਮ ਦੇਣ ਵਾਲੇ ਜਾਲਮ ਪੁਲਿਸ ਅਫਸਰ ਕੇ ਪੀ ਐਸ ਗਿੱਲ ਦੀ ਵਾਰੀ ਹੈ ਜਿਸ ਵਿਰੁਧ ਕਿ ਮੁਕੱਦਮਾ ਚੱਲ ਰਿਹਾ ਹੈ।

ਜ਼ਿਕਰਯੋਗ ਹੈ ਕਿ ਅਟਾਰਨੀ ਬੈਂਸ ਨੇ ਮਨੁਖੀ ਹੱਕਾਂ ਲਈ ਪੁਲਿਸ ਹਥੋਂ ਮਾਰੇ ਗਏ ਜਸਵੰਤ ਸਿੰਘ ਖਾਲੜਾ ਦੇ ਪਰਿਵਾਰ ਲਈ ਇਨਸਾਫ ਵਾਸਤੇ ਲੰਬੀ ਕਾਨੂੰਨੀ ਲੜਾਈ ਲੜੀ। ਇਸ ਕੇਸ ਵਿਚ ਹਾਲ ਹੀ ਵਿਚ ਭਾਰਤੀ ਸੁਪਰੀਮ ਕੋਰਟ ਨੇ ਪੁਲਿਸ ਦੇ 5 ਅਫਸਰਾਂ ਨੂੰ ਹੇਠਲੀ ਅਦਾਲਤ ਵਲੋਂ ਦਿਤੀ ਗਈ ਕੈਦ ਦੀ ਸਜ਼ਾ ਬਹਾਲ ਰਖੀ ਹੈ। ਸ. ਖਾਲੜਾ ਨੇ ਪੰਜਾਬ ਦੀ ਖਾੜਕੂ ਲਹਿਰ ਦੌਰਾਨ ਪੰਜਾਬ ਵਿਚ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਵਲੋਂ 25,000 ਸਿੱਖਾਂ ਨੂੰ ਝੂਠੇ ਮੁਕਾਬਲਿਆਂ ਵਿਚ ਜਾਂ ਤਸ਼ਦਦ ਕਰ ਕੇ ਮਾਰੇ ਜਾਣ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਲਾਵਾਰਸ ਕਰਾਰ ਦੇ ਕੇ ਸਸਕਾਰ ਕਰ ਦਿਤੇ ਜਾਣ ਦਾ ਮਾਮਲਾ ਜੱਗ ਜਾਹਰ ਕੀਤਾ ਸੀ। 1995 ਵਿਚ ਪੁਲਿਸ ਨੇ ਸ. ਖਾਲੜਾ ਨੂੰ ਘਰੋਂ ਚੁਕ ਕੇ ਤਸ਼ਦਦ ਕਰਨ ਪਿਛੋਂ ਖਤਮ ਕਰ ਦਿਤਾ ਸੀ।

ਸਮਾਗਮ 'ਚ ਬੋਲਦਿਆਂ ਸ. ਜਸਵੰਤ ਸਿੰਘ ਖਾਲੜਾ ਦੀ ਧੀ ਬੀਬੀ ਨਵਕਿਰਨ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਨੇ ਇਨਸਾਫ ਦੇ ਸਰਬਸਾਂਝੇ ਨਿਸ਼ਾਨੇ ਲਈ ਕੁਰਬਾਨੀ ਦਿੱਤੀ ਜਿਸ ਉਤੇ ਉਨ੍ਹਾਂ ਨੂੰ ਫਖਰ ਹੈ। ਦੱਸਣਯੋਗ ਹੈ ਕਿ ਬੀਬੀ ਨਵਕਿਰਨ ਕੌਰ ਅਮਰੀਕਾ ਵਿਚ ਹੀ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਇਨਸਾਫ ਦੀ ਮਿਸ਼ਾਲ ਨੂੰ ਜਗਦੀ ਰੱਖਣ ਲਈ ਉਨ੍ਹਾਂ ਦਾ ਪਰਿਵਾਰ ਸੰਗਤਾਂ ਦੇ ਸਹਿਯੋਗ ਨਾਲ ਆਪਣੀ ਲੜਾਈ ਜਾਰੀ ਰੱਖੇਗਾ।

ਗੁਰਦੁਆਰਾ ਕਮੇਟੀ ਵਲੋਂ ਅਟਾਰਨੀ ਬੈਂਸ ਅਤੇ ਬੀਬੀ ਨਵਕਿਰਨ ਕੌਰ ਨੂੰ ਗੁਰੂ ਘਰ ਦੀ ਤਰਫੋਂ ਸਨਮਾਨ ਵਜੋਂ ਸਿਰੋਪਾਓ ਦੀ ਬਖਸ਼ਿਸ਼ ਵੀ ਕੀਤੀ ਗਈ।

ਸਿੱਖ ਇਨਫਰਮੇਸ਼ਨ ਸੈਂਟਰ ਦੇ ਸੰਚਾਲਕ ਭਾਈ ਭਜਨ ਸਿੰਘ ਭਿੰਡਰ ਨੇ ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਭਾਈ ਖਾਲੜਾ ਨੇ ਅਮੀਰ ਸਿੱਖ ਵਿਰਸੇ ਦੀ ਪੈਰਵਾਈ ਕਰਦਿਆਂ ਉਸ ਉਤੇ ਅਮਲ ਕੀਤਾ ਅਤੇ ਇਨਸਾਫ ਲਈ ਆਪਣੀ ਜਾਨ ਕੁਰਬਾਨ ਕੀਤੀ। ਉਨ੍ਹਾਂ ਦੀ ਕੁਰਬਾਨੀ ਮਨੁੱਖੀ ਹੱਕਾਂ ਲਈ ਇਨਸਾਫ ਦੀ ਲੜਾਈ ਨੂੰ ਹਮੇਸ਼ਾ ਹੁਲਾਰਾ ਦਿੰਦੀ ਰਹੇਗੀ।

ਇਸ ਤੋਂ ਪਹਿਲਾਂ ਗੁਰਦੁਆਰਾ ਸਟਾਕਟਨ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰੂ ਘਰ ਅੰਦਰ ਸ. ਜਸਵੰਤ ਸਿੰਘ ਖਾਲੜਾ ਨੂੰ ਸਮਰਪਿਤ ਮਨੁੱਖੀ ਅਧਿਕਾਰਾਂ ਬਾਰੇ ਇਕ ਰੋਜ਼ਾ ਸੈਮੀਨਾਰ ਵੀ ਕੀਤਾ ਗਿਆ। ਇਸ ਗੋਸ਼ਟੀ ਵਿਚ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਸ਼ਹੀਦ ਖਾਲੜਾ ਦੀ ਕੁਰਬਾਨੀ ਅਤੇ ਮਾਨਵੀ ਹੱਕਾਂ ਦੀ ਰਾਖੀ ਬਾਰੇ ਉਨ੍ਹਾਂ ਦੇ ਸੰਘਰਸ਼ ਉਪਰ ਚਾਨਣਾ ਪਾਇਆ। ਇਸ ਮੌਕੇ ਇਹ ਅਹਿਦ ਵੀ ਲਿਆ ਗਿਆ ਕਿ ਨਾ ਕਿਸੇ ਨੂੰ ਡਰਾਉਣ ਅਤੇ ਨਾ ਕਿਸੇ ਤੋਂ ਡਰਨ ਦੇ ਸਿੱਖ ਸਿਧਾਂਤ ਨੂੰ ਪ੍ਰਣਾਈ ਭਾਈ ਖਾਲੜਾ ਦੀ ਸ਼ਹਾਦਤ ਨੂੰ ਹਮੇਸ਼ਾ ਚੇਤੇ ਰੱਖਿਆ ਜਾਏਗਾ ਅਤੇ ਅਜਿਹੇ ਸਮਾਗਮ ਹਰ ਸਾਲ ਕਰਾਏ ਜਾਣਗੇ।

ਇਸ ਤੋਂ ਪਹਿਲਾਂ ਅਟਾਰਨੀ ਰਾਜਵਿੰਦਰ ਬੈਂਸ ਦਾ ਕੈਲੀਫੋਰਨੀਆ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਸ. ਬੈਂਸ ਕੈਲੀਫੋਰਨੀਆ ਦੇ ਆਪਣੇ ਦੌਰੇ ਦੌਰਾਨ ਵਖ ਵਖ ਥਾਂਈਂ ਗਏ ਜਿਥੇ ਉਨ੍ਹਾਂ ਪੰਜਾਬ ਵਿਚ ਅਜੇ ਵੀ ਮਨੁਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਦੀ ਵੇਰਵੇ ਸਹਿਤ ਗੱਲ ਕੀਤੀ।

ਯੂਨੀਅਨ ਸਿਟੀ ਵਿਚ ਇਕ ਸਮਾਗਮ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਭਾਰਤ ਵਿਚ ਮਾਨਵੀ ਹੱਕਾਂ ਦੀ ਸੁਰੱਖਿਆ ਏਜੰਸੀਆਂ ਵਲੋਂ ਨਿਰੰਤਰ ਅਣਦੇਖੀ ਕੀਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸ. ਜਸਵੰਤ ਸਿੰਘ ਖਾਲੜਾ ਦੀ ਬੇਟੀ ਨਵਕਿਰਨ ਕੌਰ ਖਾਲੜਾ ਵੀ ਮੌਜੂਦ ਸੀ। 5 ਨਵੰਬਰ ਨੂੰ ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ. ਬੈਂਸ ਨੇ ਸਮੂਹ ਸਿੱਖਾਂ ਨੂੰ ਮਨੁਖੀ ਹੱਕਾਂ ਲਈ ਸੰਘਰਸ਼ ਦੀ ਡਟਵੀਂ ਹਮਾਇਤ ਕਰਨ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਅਟਾਰਨੀ ਬੈਂਸ ਨੇ ਸੈਨ ਫਰਾਂਸਿਸਕੋ ਵਿਚ ਮਨੁਖੀ ਅਧਿਕਾਰਾਂ ਬਾਰੇ ਵਖ ਵਖ ਵਕੀਲਾਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਵਿਚ ਮਨੁਖੀ ਅਧਿਕਾਰ ਕੇਂਦਰ ਵਿਚ ਮਨੁਖੀ ਅਧਿਕਾਰ ਕਾਰਕੁਨਾਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ।

## ਪਾਕਿਸਤਾਨ ਨੂੰ ਅਤਿਵਾਦੀ ਹਮਲੇ ਰੋਕਣ ਦੀ ਚਿਤਾਵਨੀ

**ਵਾਸ਼ਿੰਗਟਨ:** ਪਾਕਿਸਤਾਨ ਦੇ ਸਰਹੱਦੀ ਇਲਾਕਿਆਂ ਤੋਂ ਅਫ਼ਗਾਨਿਸਤਾਨ ਵਿਚਲੇ ਅਮਰੀਕੀ ਫੌਜੀ ਇਲਾਕਿਆਂ 'ਤੇ ਹੋ ਰਹੇ ਹਮਲਿਆਂ ਤੋਂ ਦੁਖੀ ਅਮਰੀਕੀ ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਜੇਕਰ ਪਾਕਿਸਤਾਨ ਨੇ ਹਮਲਿਆਂ ਨੂੰ ਰੋਕਣ ਲਈ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਅਗਲੀ ਕਾਰਵਾਈ ਆਪ ਕਰਨ ਬਾਰੇ ਸੋਚੇਗਾ।

ਏਸ਼ੀਆ ਤੇ ਪ੍ਰਸ਼ਾਂਤ ਸੁਰੱਖਿਆ ਮਾਮਲਿਆਂ ਲਈ ਸਹਾਇਕ ਰੱਖਿਆ ਮੰਤਰੀ ਵਜੋਂ ਸੈਨਾ ਵੱਲੋਂ ਨਿਯੁਕਤੀ ਦੀ ਪੁਸ਼ਟੀ ਕਰਨ ਤੋਂ ਬਾਅਦ ਮਾਰਕ ਲਿਪਰਟ ਨੇ ਕਿਹਾ ਕਿ ਇਹ ਪਾਕਿਸਤਾਨ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਖੇਤਰ ਵਿਚ ਹੋਰ ਮੁਲਕਾਂ ਖਾਸ ਤੌਰ 'ਤੇ ਅਫ਼ਗਾਨਿਸਤਾਨ 'ਚ ਸਾਡੀਆਂ ਫੌਜਾਂ 'ਤੇ ਹਮਲੇ ਰੁਕਵਾਏ।


ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ

ਬਹੁਤ ਹੀ ਵਧੀਆ ਕੁਆਲਿਟੀ

- > Royal Bazar, San Jose
- > Preet Fabric, Fremont
- > Sidhartha International, Fremont
- > Roshni, Union City
- > Kash Fabrics, Hayward
- > Maya Fashion, Newark
- > LA Merchandise, Yuba City

ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਗੁਰਚਰਨ ਸਿੰਘ ਮਾਨ ਫੋਨ 510-557-0061

ਲਖਬੀਰ ਸਿੰਘ ਫੋਨ 510-760-9882

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*

***Radio CK, PO Box 296, Fremont, CA 94537***



FARMERS INSURANCE GROUP Symbol of Superior Service

FARMERS®

Now at new location: 2774 Aborn Road , San Jose, CA 95121

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation

**Ph: 408-771-2438**

*408-580-6063, 408-687-7566*

Fax: 408-273-6001

*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Fax: 209-836-0706
www.gotracy.com

**Gurbans Gill 209-815-1869**

# ਇਜ਼ਹਾਰ ਨੇ ਬਾਦਲ ਨੂੰ 'ਧਰਮ ਸੰਕਟ' 'ਚ ਫਸਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਖਾੜਕੂਵਾਦ ਦੌਰਾਨ ਸਿੱਖ ਨੌਜਵਾਨਾਂ ਦੇ ਕਤਲ ਕਰਨ ਵਾਲੀ 'ਆਲਮ ਸੈਨਾ' ਦੇ ਮੁਖੀ ਇਜ਼ਹਾਰ ਆਲਮ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਵੱਲੋਂ 'ਕਲੀਨ-ਚਿੱਟ' ਦੇਣ ਦਾ ਮਾਮਲਾ ਤੂਲ ਫੜ ਰਿਹਾ ਹੈ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਤੇ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਨੇ ਇਜ਼ਹਾਰ ਆਲਮ ਦੇ 'ਕਾਰਨਾਮਿਆਂ' ਦਾ ਕੱਚਾ ਚਿੱਠਾ ਪੇਸ਼ ਕਰਦਿਆਂ ਸ. ਬਾਦਲ ਤੇ ਢੀਂਡਸਾ ਸਣੇ ਸਮੁੱਚੇ ਅਕਾਲੀ ਦਲ ਨੂੰ ਆਖਿਆ ਹੈ ਕਿ ਉਹ ਇਜ਼ਹਾਰ ਆਲਮ ਦੀਆਂ ਸਰਗਰਮੀਆਂ ਤੋਂ ਅਣਜਾਣ ਨਾ ਬਣਨ ਤੇ ਆਲਮ ਜਿਹੇ ਪੰਥ ਦੋਖੀ ਨੂੰ ਮਲੇਰਕੋਟਲਾ ਵਰਗੀ ਪਵਿੱਤਰ ਧਰਤੀ ਤੋਂ ਚੋਣ ਲੜਾਉਣ ਦਾ ਇਰਾਦਾ ਤਿਆਗ ਦੇਣ।

ਜਲੰਧਰ ਵਿਖੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਦੋਵਾਂ ਸੰਗਠਨਾਂ ਦੇ ਆਗੂਆਂ ਨੇ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਨੇ ਆਲਮ ਨੂੰ ਉਮੀਦਵਾਰ ਐਲਾਨਿਆ ਤਾਂ ਦੋਵੇਂ ਜਥੇਬੰਦੀਆਂ ਇਸ ਫ਼ੈਸਲੇ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਇਸ ਪੰਥ ਦੋਖੀ ਫ਼ੈਸਲੇ ਵਿਰੁੱਧ ਪੰਜਾਬ ਭਰ ਵਿਚ ਪ੍ਰਚਾਰ ਕਰਨਗੀਆਂ। ਉਪਰੋਕਤ ਜਥੇਬੰਦੀਆਂ ਨੇ ਮੁੱਖ ਮੰਤਰੀ ਦੇ ਨਾਂ ਚਿੱਠੀ ਲਿਖਦਿਆਂ ਇਜ਼ਹਾਰ ਆਲਮ ਦੇ ਅੰਮ੍ਰਿਤਸਰ ਦੇ ਐਸ.ਐਸ.ਪੀ. ਹੁੰਦਿਆਂ 1 ਜੁਲਾਈ 1986 ਤੋਂ 19 ਅਪਰੈਲ 1988 ਤਕ ਅਣਪਛਾਤੀਆਂ ਲਾਸ਼ਾਂ ਦੱਸ ਕੇ ਅਣਮਨੁੱਖੀ ਤਰੀਕੇ ਨਾਲ ਸਾੜੇ ਗਏ 34 ਨੌਜਵਾਨਾਂ ਦੀ ਸੂਚੀ ਵੀ ਪੇਸ਼ ਕੀਤੀ ਜਿਸ ਵਿਚ ਬਾਕਾਇਦਾ ਨੌਜਵਾਨਾਂ ਦੇ ਨਾਂਵਾਂ, ਪਤਿਆਂ ਤੋਂ ਇਲਾਵਾ ਇਹ ਵੀ ਲਿਖਿਆ ਹੋਇਆ ਹੈ ਕਿ ਉਨ੍ਹਾਂ ਨੂੰ ਪੁਲਿਸ ਨੇ ਕਿਹੜੇ ਦਿਨ ਚੁੱਕਿਆ ਤੇ ਮਾਰ ਮੁਕਾਉਣ ਉਪਰੰਤ ਕਿਹੜੇ ਦਿਨ ਉਨ੍ਹਾਂ ਦਾ ਅਣਮਨੁੱਖੀ ਤੇ ਗ਼ੈਰ-ਮਰਿਆਦਾ ਢੰਗ-ਤਰੀਕੇ ਨਾਲ ਸਸਕਾਰ ਕਰ ਦਿਤਾ।

ਇਹ ਸੂਚੀ ਕੋਈ ਅਣਅਧਿਕਾਰਤ ਸੂਚੀ ਨਹੀਂ ਸਗੋਂ ਅਣਪਛਾਤੀਆਂ ਲਾਸ਼ਾਂ ਦੀ ਉਹ ਸੂਚੀ ਹੈ ਜਿਹੜੀ ਮਨੁੱਖੀ ਅਧਿਕਾਰ ਕਾਰਕੁਨ, ਸ਼ਹੀਦ ਜਸਵੰਤ ਸਿੰਘ ਖਾਲੜਾ ਵੱਲੋਂ ਬੜੀ ਮਿਹਨਤ ਤੇ ਹਿੰਮਤ ਨਾਲ ਤਿਆਰ ਤੇ ਜਾਰੀ ਕੀਤੀ ਗਈ ਸੀ। ਇਹੀ ਸੂਚੀ ਸੁਪਰੀਮ ਕੋਰਟ ਵਿਚ ਗਈ ਜਿਸ ਨੇ ਇਹ ਜਾਂਚ ਲਈ ਸੀ.ਬੀ.ਆਈ. ਨੂੰ ਸੌਂਪੀ ਤੇ ਜਾਂਚ ਉਪਰੰਤ ਸਹੀ ਪਾਏ ਜਾਣ ਮਗਰੋਂ ਇਸੇ ਦੇ ਆਧਾਰ 'ਤੇ ਸੁਪਰੀਮ ਕੋਰਟ ਵੱਲੋਂ ਦਿੱਤੀ ਹਦਾਇਤ 'ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਾਰੇ 34 ਸਿੱਖ ਨੌਜਵਾਨਾਂ ਦੇ ਪਰਿਵਾਰਾਂ ਨੂੰ ਢਾਈ ਲੱਖ ਰੁਪਏ ਪ੍ਰਤੀ ਪਰਿਵਾਰ ਮੁਆਵਜ਼ਾ ਅਦਾ ਕੀਤਾ।

## 'ਆਲਮ ਸੈਨਾ' ਦੇ ਕਾਰੇ ਬੇਨਕਾਬ



## ਆਪਣੀਆਂ ਕਾਰਵਾਈਆਂ ਖਾੜਕੂਆਂ ਸਿਰ ਮੜ੍ਹੀਆਂ

**ਚੰਡੀਗੜ੍ਹ:** ਮਨੁੱਖੀ ਅਧਿਕਾਰ ਕਾਰਕੁਨਾਂ ਨੇ ਇਹ ਵੀ ਦੋਸ਼ ਲਾਇਆ ਕਿ 'ਆਲਮ ਸੈਨਾ' ਨੇ ਤਾਂ ਸਿੱਖ ਖਾੜਕੂਆਂ ਨੂੰ ਬਦਨਾਮ ਕਰਨ ਤੇ ਉਨ੍ਹਾਂ ਵਿਰੁੱਧ ਨਫ਼ਰਤ ਪੈਦਾ ਕਰਨ ਲਈ ਵੱਖ-ਵੱਖ ਜਗ੍ਹਾ ਹਮਲੇ ਕਰ ਕੇ ਸਿੱਖਾਂ ਤੇ ਹੋਰ ਲੋਕਾਂ ਨੂੰ ਮਾਰ ਮੁਕਾਇਆ ਤੇ ਕਾਰਵਾਈਆਂ ਖਾੜਕੂਆਂ ਸਿਰ ਮੜ੍ਹ ਦਿੱਤੀਆਂ। ਉਨ੍ਹਾਂ ਦੱਸਿਆ ਕਿ 31 ਦਸੰਬਰ 1987 ਨੂੰ ਸ਼ੁਰੂ ਹੋਏ ਇਸ ਸਿਲਸਿਲੇ ਵਿਚ ਪਹਿਲੀ ਘਟਨਾ ਚੀਮਾ ਬਾਠ ਪਿੰਡ ਵਿਖੇ ਵਾਪਰੀ ਜਿਥੇ ਇਕੋ ਪਰਿਵਾਰ ਦੇ 7 ਜੀਅ ਆਲਮ ਸੈਨਾ ਵੱਲੋਂ ਮਾਰ ਦਿੱਤੇ ਗਏ।

7 ਤੇ 17 ਜਨਵਰੀ 1988 ਨੂੰ ਹੋਈਆਂ ਦੋ ਵੱਖ-ਵੱਖ ਘਟਨਾਵਾਂ ਵਿਚ ਦੋ ਪਰਿਵਾਰਾਂ ਦੇ ਪੰਜ-ਪੰਜ ਜੀਅ ਕਤਲ ਕਰ ਦਿੱਤੇ ਗਏ। ਇਸੇ ਤਰ੍ਹਾਂ 2 ਫ਼ਰਵਰੀ 1988 ਨੂੰ ਅੰਮ੍ਰਿਤਸਰ ਦੇ ਪਿੰਡ ਸਹਿੰਸਰਾ ਵਿਚ ਇਕੋ ਪਰਵਾਰ ਦੇ 8 ਜੀਅ ਮਾਰ ਦਿੱਤੇ ਗਏ। ਮਾਰਚ, 1988 ਵਿਚ 11 ਵੱਖ-ਵੱਖ ਪਿੰਡਾਂ ਵਿਚ ਵੱਖ-ਵੱਖ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚੋਂ ਇਕ ਘਟਨਾ ਅੰਮ੍ਰਿਤਸਰ ਦੇ ਪਿੰਡ ਥੇਹ ਰਜਬ ਦੀ ਸੀ ਜਿਥੇ ਇਕੋ ਪਰਿਵਾਰ ਦੇ 18 ਜੀਅ ਮਾਰ ਦਿੱਤੇ ਗਏ।

ਪਹਿਲੀ ਅਪਰੈਲ 1988 ਨੂੰ 37 ਵਿਅਕਤੀ ਕਤਲ ਕਰ ਦਿੱਤੇ ਗਏ ਜਿਨ੍ਹਾਂ ਵਿਚ ਪੱਟੀ ਨੇੜਲੇ ਪਿੰਡ ਪਨਗੋਟਾ ਦੇ ਇਕੋ ਪਰਿਵਾਰ ਦੇ 18 ਜੀਅ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ 'ਆਲਮ ਸੈਨਾ' ਵੱਲੋਂ ਅੰਜਾਮ ਦਿੱਤੀਆਂ ਇਨ੍ਹਾਂ ਘਟਨਾਵਾਂ ਨੂੰ ਸਿੱਖ ਖਾੜਕੂਆਂ ਸਿਰ ਮੜੇ ਜਾਣ ਤੋਂ ਬਾਅਦ 4 ਅਪਰੈਲ 1988 ਨੂੰ ਖਾੜਕੂ ਜਥੇਬੰਦੀਆਂ ਨੇ ਇਸ ਬਾਰੇ ਆਪਣਾ ਪੱਖ ਰੱਖਦਿਆਂ ਸਪੱਸ਼ਟੀਕਰਨ ਦਿੱਤਾ ਕਿ ਇਨ੍ਹਾਂ ਘਟਨਾਵਾਂ ਦਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ।

ਇਕ ਹੋਰ ਘਟਨਾ ਦਾ ਵੇਰਵਾ ਦਿੰਦਿਆਂ ਉਨ੍ਹਾਂ ਦੱਸਿਆ ਕਿ 4 ਫ਼ਰਵਰੀ 1986 ਨੂੰ ਆਲਮ ਨੇ ਜਲੰਧਰ ਦੇ ਐਸ.ਐਸ.ਪੀ. ਹੁੰਦਿਆਂ ਨਕੋਦਰ ਵਿਖੇ ਹੋਈ ਇਕ ਘਟਨਾ ਸਬੰਧੀ 4 ਸਿੱਖ ਨੌਜਵਾਨਾਂ ਨੂੰ ਮਰਵਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਅਗਨ ਭੇਟ ਕਰਨ ਦੀ ਇਕ ਘਟਨਾ ਮਗਰੋਂ ਪੰਜ ਬੇਕਸੂਰ ਸਿੱਖ ਨੌਜਵਾਨ, ਪੰਜ ਪਿਆਰਿਆਂ ਦੇ ਰੂਪ ਵਿਚ, ਕਰਫ਼ਿਊ ਦੌਰਾਨ ਅਗਨ ਭੇਟ ਹੋਏ ਸਰੂਪ ਨੂੰ ਗੋਇੰਦਵਾਲ ਸਾਹਿਬ ਵੱਲ ਲੈ ਕੇ ਜਾ ਰਹੇ ਸਨ ਜਿਨ੍ਹਾਂ ਨੂੰ ਗੋਲੀਆਂ ਮਰਵਾ ਦਿੱਤੀਆਂ ਗਈ। ਚਾਰ ਨੌਜਵਾਨ ਜਲੰਧਰ ਲਿਆਂਦੇ ਗਏ ਜਿਨ੍ਹਾਂ ਵਿਚੋਂ 3 ਮਰ ਚੁੱਕੇ ਸਨ ਤੇ ਇਕ ਜ਼ਿੰਦਾ ਸੀ ਪਰ ਪਤਾ ਲੱਗਣ 'ਤੇ ਜ਼ਿੰਦਾ ਨੌਜਵਾਨ ਨੂੰ ਜਲੰਧਰ ਦੇ ਸਿਵਲ ਹਸਪਤਾਲ ਤੋਂ ਵਾਪਸ ਲਿਜਾ ਕੇ ਮੁੜ ਗੋਲੀ ਮਾਰ ਕੇ ਮਾਰ ਦੇਣ ਉਪਰੰਤ ਵਾਪਸ ਹਸਪਤਾਲ ਲਿਆਂਦਾ ਗਿਆ। ਉਨ੍ਹਾਂ ਕਿਹਾ ਕਿ ਉਕਤ ਰਿਪੋਰਟਾਂ ਤੋਂ ਇਲਾਵਾ ਉਸ ਸਮੇਂ ਦੀਆਂ ਵੱਖ-ਵੱਖ ਅਖ਼ਬਾਰਾਂ ਵੀ ਇਨ੍ਹਾਂ ਘਟਨਾਵਾਂ ਤੇ ਇਨ੍ਹਾਂ ਮਗਰਲੇ ਸੱਚ ਦਾ ਜ਼ਿਕਰ ਕਰਦੀਆਂ ਹਨ ਪਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਇਨ੍ਹਾਂ ਤੋਂ ਅਣਜਾਣ ਹੋਣਾ ਹੈਰਾਨ ਕਰਨ ਵਾਲੀ ਗੱਲ ਹੈ।

ਸ. ਬਾਦਲ ਵੱਲੋਂ ਇਜ਼ਹਾਰ ਆਲਮ ਨੂੰ ਕਲੀਨ ਚਿੱਟ ਦੇਣ ਦਾ ਸਖ਼ਤ ਨੋਟਿਸ ਲੈਂਦਿਆਂ ਦੋਹਾਂ ਜਥੇਬੰਦੀਆਂ ਨੇ ਕਿਹਾ ਕਿ ਮੁੱਖ ਮੰਤਰੀ ਦੇ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਵਿਅਕਤੀ ਤੋਂ ਇਹੋ ਜਿਹੇ ਸ਼ਬਦ ਸੁਣ ਕੇ ਹਰ ਸਿੱਖ ਦਾ ਹਿਰਦਾ ਸੁੰਨ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਜ਼ਹਾਰ ਆਲਮ ਦੇ ਜ਼ੁਲਮਾਂ ਦੀ ਪੁਸ਼ਟੀ ਤਾਂ ਅਮਰੀਕਾ ਵਰਗੇ ਸਿਰਕੱਢ ਦੇਸ਼ ਦੇ ਰਾਜਦੂਤ ਵੱਲੋਂ ਆਪਣੇ ਦੇਸ਼ ਨੂੰ ਭੇਜੀ ਜਾਣਕਾਰੀ ਵਿਚੋਂ ਵੀ ਹੁੰਦੀ ਹੈ ਜਿਸ ਨੂੰ 'ਵਿਕੀਲੀਕਸ' ਨੇ ਵੀ ਉਜਾਗਰ ਕੀਤਾ ਹੈ। ਇਸ ਤੋਂ ਇਲਾਵਾ ਉਸ ਵੇਲੇ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਇਸ ਬਾਰੇ ਜਾਰੀ ਕੀਤੀਆਂ ਗਈਆਂ ਰੀਪੋਰਟਾਂ ਵੀ ਮੌਜੂਦ ਹਨ।

ਮਨੁੱਖੀ ਅਧਿਕਾਰ ਕਾਰਕੁਨਾਂ ਨੇ ਉਸ ਵੇਲੇ ਛਪਦੇ ਖੱਬੇ-ਪੱਖੀ ਮਾਸਿਕ ਪਰਚੇ 'ਪੈਗਾਮ' ਵੱਲੋਂ ਆਪਣੇ ਸਤੰਬਰ 1987 ਦੇ ਅੰਕ ਵਿਚ ਛਾਪੀ ਹੋਰ ਸੂਚੀ ਵੀ ਜਾਰੀ ਕੀਤੀ ਹੈ ਜਿਸ ਵਿਚ ਆਲਮ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦੇ ਬਣਾਏ ਗਏ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਜਾਣਕਾਰੀ ਦਿੱਤੀ ਗਈ ਸੀ। ਇਸ ਵਿਚ ਦਰਜ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਸੱਚਮੁੱਚ ਹੀ ਸਿੱਖ ਨੌਜਵਾਨਾਂ ਦੀ ਖ਼ੂਨੀ ਕਤਲਗਾਹ ਦੀ ਤਸਵੀਰ ਪੇਸ਼ ਕਰਦਾ ਹੈ।

ਆਗੂਆਂ ਨੇ ਕਿਹਾ ਕਿ ਇਸੇ ਤਰ੍ਹਾਂ ਦੀ ਇਕ ਰੀਪੋਰਟ ਉਸ ਵੇਲੇ ਖੱਬੇ-ਪੱਖੀ ਵਿਦਿਆਰਥੀ ਜਥੇਬੰਦੀ ਦੇਸ਼ ਪੰਜਾਬ ਸਟੂਡੈਂਟਸ ਯੂਨੀਅਨ ਨੇ ਜਾਰੀ ਕੀਤੀ ਸੀ ਜਿਸ ਵਿਚ ਦਸਤਾਵੇਜ਼ੀ ਸਬੂਤਾਂ ਨਾਲ ਇਜ਼ਹਾਰ ਆਲਮ ਵੱਲੋਂ ਬਣਾਈ ਗਈ ਗ਼ੈਰ-ਕਾਨੂੰਨੀ 'ਆਲਮ ਸੈਨਾ' ਦੇ ਜ਼ੁਲਮਾਂ ਦਾ ਕੱਚਾ ਚਿੱਠਾ ਫੋਲਿਆ ਗਿਆ ਸੀ। ਸ. ਢੀਂਡਸਾ ਵੱਲੋਂ ਆਲਮ ਦੇ 1989 ਤੋਂ 1995 ਤਕ ਪੰਜਾਬ ਤੋਂ ਬਾਹਰ ਹੋਣ ਬਾਰੇ ਬਿਆਨ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਉਨ੍ਹਾਂ ਆਖਿਆ ਕਿ ਸ. ਢੀਂਡਸਾ ਵੱਲੋਂ ਇੰਜ ਆਖ ਕੇ ਆਲਮ ਨੂੰ ਬਰੀ ਕਰਨਾ ਹੋਰ ਵੀ ਹੈਰਾਨੀਜਨਕ ਹੈ ਕਿਉਂਕਿ ਇਹ ਸਾਰੇ ਦੋਸ਼ 1989 ਤੋਂ ਪਹਿਲਾਂ ਦੇ ਹਨ। ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਸਤੰਬਰ 1987 ਦੇ ਖੱਬੇ-ਪੱਖੀ ਮਾਸਿਕ ਪਰਚੇ 'ਪੈਗਾਮ' ਵਿਚ ਛਪੀ 'ਇਜ਼ਹਾਰ ਆਲਮ ਖਾਂ ਦੇ ਜ਼ੁਲਮਾਂ ਦੀ ਕਹਾਣੀ, ਉਸ ਵਲੇ ਛਪੀ ਰੀਪੋਰਟ ਦੀ ਜ਼ੁਬਾਨੀ' ਸਿਰਲੇਖ ਹੇਠ ਵਿਸਤਾਰਤ ਰਿਪੋਰਟ ਪੱਤਰਕਾਰਾਂ ਨੂੰ ਸੌਂਪੀ ਗਈ ਜਿਸ ਵਿਚ ਬੇਕਸੂਰ ਸਿੱਖ ਨੌਜਵਾਨਾਂ ਨੂੰ ਚੁੱਕ ਲੈਣ ਤੇ ਉਨ੍ਹਾਂ ਨੂੰ ਮਾਰ ਮੁਕਾਉਣ ਦੇ ਅਨੇਕਾਂ ਦਿਲ-ਕੰਬਾਊ ਮਾਮਲੇ ਦਰਜ ਹਨ। ਆਗੂਆਂ ਨੇ ਦਾਅਵਾ ਕੀਤਾ ਕਿ 'ਆਲਮ ਸੈਨਾ' ਵੱਲੋਂ ਕਤਲ ਕੀਤੇ ਨੌਜਵਾਨਾਂ ਵਿਚੋਂ ਵਧੇਰੇ ਲੋਕ ਬੇਕਸੂਰ ਸਨ ਤੇ ਉਨ੍ਹਾਂ ਦਾ ਕਿਸੇ ਵੀ ਖਾੜਕੂ ਜਾਂ ਅਪਰਾਧਕ ਕਾਰਵਾਈ ਨਾਲ ਕੋਈ ਸਬੰਧ ਹੀ ਨਹੀਂ ਸੀ।

# ਲੰਡਨ ਓਲੰਪਿਕ 'ਚ ਸਿੱਖਾਂ ਨੂੰ ਕਿਰਪਾਨ ਲਿਜਾਣ ਦੀ ਆਗਿਆ

**ਲੰਡਨ:** ਲੰਡਨ ਓਲੰਪਿਕ ਖੇਡਾਂ ਦੇ ਪ੍ਰਬੰਧਕਾਂ ਵੱਲੋਂ ਸਿੱਖਾਂ ਨੂੰ ਯਕੀਨ ਦਿਵਾਇਆ ਗਿਆ ਹੈ ਕਿ ਉਨ੍ਹਾਂ ਨੂੰ ਓਲੰਪਿਕ ਖੇਡਾਂ ਦੌਰਾਨ ਆਪਣੇ ਧਰਮ ਦੇ ਪੰਜ ਕਕਾਰਾਂ ਸਣੇ ਕਿਰਪਾਨ ਲਿਆਉਣ ਦੀ ਆਗਿਆ ਦਿੱਤੀ ਜਾਵੇਗੀ ਪਰ ਕਿਰਪਾਨ ਦੀ ਮਿਆਨ ਛੇ ਇੰਚ ਤੋਂ ਲੰਬੀ ਨਹੀਂ ਹੋਵੇਗੀ। ਅਜਿਹਾ ਫੈਸਲਾ ਇਸ ਕਰਕੇ ਲਿਆ ਜਾ ਰਿਹਾ ਹੈ ਤਾਂ ਜੋ ਲੰਡਨ ਓਲੰਪਿਕ ਖੇਡਾਂ ਤੱਕ ਵੱਧ ਤੋਂ ਵੱਧ ਲੋਕਾਂ ਦੀ ਰਸਾਈ ਸੰਭਵ ਬਣਾਈ ਜਾ ਸਕੇ। ਓਲੰਪਿਕ ਖੇਡਾਂ ਦੇ ਅਧਿਕਾਰੀਆਂ ਅਨੁਸਾਰ ਜੋ ਸਿੱਖ ਖੇਡਾਂ ਮੌਕੇ ਕਿਰਪਾਨ ਲੈ ਕੇ ਜਾਣੀ ਚਾਹੇਗਾ, ਉਸ ਨੂੰ ਆਪਣੇ ਧਰਮ ਦੇ ਬਾਕੀ ਦੇ ਚਿੰਨ੍ਹ (ਕਕਾਰ) ਕੜਾ, ਕੇਸ, ਕੰਘਾ, ਕਛਹਿਰਾ ਵੀ ਲਾਜ਼ਮੀ ਪਹਿਨਣੇ ਪੈਣਗੇ।

ਕਿਰਪਾਨ ਦਾ ਮਾਮਲਾ ਸਭ ਤੋਂ ਪਹਿਲਾਂ ਬੀਤੇ ਮਾਰਚ ਮਹੀਨੇ ਯੂ.ਕੇ. ਦੀ ਸਿੱਖ ਫੈਡਰੇਸ਼ਨ ਵੱਲੋਂ ਉਠਾਇਆ ਗਿਆ ਸੀ। ਫੈਡਰੇਸ਼ਨ ਨੇ ਓਲੰਪਿਕ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਮੁਖੀ ਲਾਰਡ ਕੋਏ ਕੋਲ ਇਹ ਮਾਮਲਾ ਉਠਾਇਆ ਸੀ ਤੇ ਉਨ੍ਹਾਂ ਤੋਂ ਮੰਗ ਕੀਤੀ ਸੀ ਕਿ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਸੰਬੋਧਨ ਕਰਨ ਲਈ ਆਉਣ। ਲਾਰਡ ਕੋਏ ਨੇ ਕਿਹਾ ਕਿ ਕਿਰਪਾਨ ਦਾ ਮਸਲਾ ਬੇਹੱਦ ਸਪੱਸ਼ਟ ਹੈ ਕਿ ਇਸ ਦਾ ਮਿਆਨ ਛੇ ਇੰਚ ਤੇ ਬਲੇਡ ਤਿੰਨ ਇੰਚ ਤੋਂ ਵੱਧ ਨਹੀਂ ਹੋਣਾ ਚਾਹੀਦਾ ਤੇ ਇਹ ਚਿੰਨ੍ਹਾਤਮਕ ਹੋਣੀ ਚਾਹੀਦੀ ਹੈ।

ਲੰਡਨ ਓਲੰਪਿਕ ਪ੍ਰਬੰਧਕੀ ਕਮੇਟੀ ਦੇ ਬੁਲਾਰੇ ਨੇ ਕਿਹਾ ਕਿ ਸਿੱਖ ਦਰਸ਼ਕ, ਖਿਡਾਰੀ ਜਾਂ ਕੋਈ ਪ੍ਰਬੰਧਕ ਕਿਰਪਾਨ ਲਿਆ ਸਕੇਗਾ, ਇਸ ਬਾਰੇ ਸਹਿਮਤੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਔਰਤਾਂ ਨੂੰ ਵੀ ਬੁਰਕਾ ਪਹਿਨਣ ਦੀ ਆਗਿਆ ਦਿੱਤੀ ਜਾ ਸਕਦੀ ਹੈ। ਸਿੱਖ ਕੌਮ ਨੇ ਲੰਡਨ 2012 ਓਲੰਪਿਕ ਤੇ ਪੈਰਾਲੰਪਿਕ ਖੇਡਾਂ ਦੀ ਮੇਜ਼ਬਾਨੀ 'ਚ ਅਹਿਮ ਭੂਮਿਕਾ ਅਦਾ ਕੀਤੀ ਹੈ। ਲੰਡਨ ਓਲੰਪਿਕ ਖੇਡਾਂ ਦੀ ਪ੍ਰਬੰਧਕੀ ਕਮੇਟੀ ਨੇ ਸਾਡੇ ਭਰੋਸੇ 'ਤੇ ਤਿੰਨ ਸਾਲ ਸਿੱਖ ਕੌਮ ਦੇ ਨੁਮਾਇੰਦਿਆਂ ਨਾਲ ਮਿਲ ਕੇ ਕੰਮ ਕੀਤਾ ਹੈ ਤੇ ਭਰੋਸੇ ਬਾਰੇ ਮਾਮਲਿਆਂ 'ਚ ਸਾਡੇ ਨਾਲ ਤਸੱਲੀ ਵੀ ਪ੍ਰਗਟਾਈ ਹੈ।

ਉਨ੍ਹਾਂ ਆਸ ਪ੍ਰਗਟਾਈ ਕਿ ਅਗਲੇ 18 ਮਹੀਨੇ ਵੀ ਗਰੁੱਪ ਆਪਣਾ ਕੰਮ ਜਾਰੀ ਰੱਖੇਗਾ। ਸਿੱਖਾਂ ਨੇ ਪੈਰਿਸ ਨੂੰ ਫਰਾਂਸ ਸਰਕਾਰ ਦੀ ਜਨਤਕ ਥਾਵਾਂ 'ਤੇ ਧਾਰਮਿਕ ਚਿੰਨ੍ਹ ਲੈ ਕੇ ਜਾਣ 'ਤੇ ਲਾਈ ਰੋਕ ਦੀ ਨੀਤੀ ਕਾਰਨ ਨਕਾਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਸਹਿਮਤੀ ਹੈ ਕਿ ਕਿਰਪਾਨ ਦੀ ਮਿਆਨ ਛੇ ਇੰਚ ਤੇ ਬਲੇਡ ਤਿੰਨ ਇੰਚ ਹੋਵੇ। ਇਸ ਮਾਮਲੇ 'ਤੇ ਕੋਈ ਵਖਰੇਵਾਂ ਨਹੀਂ।

# ਪੰਜਾਬੀਆਂ ਦੀਆਂ ਦੁਰਲੱਭ ਨਿਸ਼ਾਨੀਆਂ ਹੋਈਆਂ ਨਿਲਾਮ

**ਲੰਡਨ:** ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਵਜੋਂ ਉਨ੍ਹਾਂ ਦੇ ਫਰਜ਼ਾਂ ਤੋਂ ਜਾਣੂ ਕਰਾਉਂਦੇ 1854 ਦੇ ਵਿਵਾਦਗ੍ਰਸਤ ਮੈਮੋਰੰਡਮ ਬਰਤਾਨੀਆ ਵਿਚ ਨਿਲਾਮ ਹੋਇਆ। ਇਸ ਮੈਮੋਰੰਡਮ 'ਚ ਈਸਾਈ ਵਾਰਸ ਨੂੰ ਨਾਮਜ਼ਦ ਕੀਤੇ ਜਾਣ ਦੀ ਲੋੜ ਵੀ ਦਰਸਾਈ ਗਈ ਸੀ। ਇਸ ਹੱਥ ਲਿਖਤ ਮੈਮੋਰੰਡਮ ਦੇ ਲੇਖਕ ਸਰ ਜੌਹਨ ਸਪੈਂਸਰ ਲੌਗਿਨ ਸਨ ਜਿਸ ਨੂੰ ਈਸਟ ਇੰਡੀਆ ਕੰਪਨੀ ਨੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸ ਨਾਤਜਰਬੇਕਾਰ ਤੇ ਬਾਲਵਰੇਸ ਦਲੀਪ ਸਿੰਘ ਦਾ ਸਰਪ੍ਰਸਤ ਲਾਇਆ ਗਿਆ ਸੀ। ਬਰਤਾਨੀਆ ਨੇ 1849 ਨੂੰ ਦਲੀਪ ਸਿੰਘ ਨੂੰ ਤਖ਼ਤ ਤੋਂ ਲਾਂਭੇ ਕਰ ਦਿੱਤਾ ਸੀ। 1838 'ਚ ਜਨਮਿਆ ਦਲੀਪ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਸੀ। 1839 'ਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਅੰਦਰੋਗਤੀ ਚੱਲੀ ਲੜਾਈ ਦੌਰਾਨ 1843 'ਚ ਦਲੀਪ ਸਿੰਘ ਸਿਰ ਤਾਜ ਸਜਾ ਦਿੱਤਾ ਗਿਆ ਸੀ ਪਰ 1849 'ਚ ਅੰਗਰੇਜ਼ਾਂ ਨੇ ਉਸ ਨੂੰ ਤਖਤੋਂ ਲਾਹ ਦਿੱਤਾ ਤੇ 1853 'ਚ ਈਸਾਈ ਬਣਾ ਕੇ 1854 'ਚ ਬਰਤਾਨੀਆ ਜਲਵਤਨ ਕਰ ਦਿੱਤਾ ਗਿਆ।

ਭਾਰਤ ਵਿਚ ਰਹਿੰਦੇ ਇਕ ਗੁਪਤ ਖਰੀਦਦਾਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੀ ਸੁਨਹਿਰੀ ਮੋਹਰ 10 ਹਜ਼ਾਰ ਪੌਂਡ ਸਟਰਲਿੰਗ (ਤਕਰੀਬਨ 8 ਲੱਖ ਰੁਪਏ) ਦੀ ਬੋਲੀ ਦੇ ਕੇ ਖਰੀਦ ਲਈ ਹੈ। ਸੋਨੇ ਦੀ ਇਸ ਮੋਹਰ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਇਹ ਸਵਰਗੀ ਡਾ. ਜੌਹਨ ਲੌਗਿਨ ਦੀ ਅਸਟੇਟ ਤੋਂ ਨਿਲਾਮੀ ਲਈ ਆਈ। ਲੌਗਿਨ ਉਹ ਸਕੌਟਿਸ਼



ਡਾਕਟਰ ਸੀ ਜਿਸ ਨੂੰ ਈਸਟ ਇੰਡੀਆ ਕੰਪਨੀ ਨੇ 19ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਸਰਪ੍ਰਸਤ ਥਾਪਿਆ ਸੀ। ਸੁਨਹਿਰੀ ਮੋਹਰ ਦੀ ਬੋਲੀ 6500 ਪੌਂਡ ਸਟਰਲਿੰਗ (5.3 ਲੱਖ ਰੁਪਏ) ਤੋਂ ਸ਼ੁਰੂ ਹੋਈ ਤੇ ਇਸ ਵਿਚ ਪੰਜ-ਪੰਜ ਸੌ ਪੌਂਡ ਦਾ ਇਜ਼ਾਫਾ ਹੁੰਦਾ ਗਿਆ।

ਰਣਜੀਤ ਸਿੰਘ ਤੋਂ ਵਿਰਾਸਤ 'ਚ ਮਿਲਿਆ ਸ਼ਾਨਾਮੱਤਾ ਕੋਹੇਨੂਰ ਹੀਰਾ, ਦਲੀਪ ਸਿੰਘ ਤੋਂ ਖੋਹ ਕੇ ਮਲਿਕਾ ਵਿਕਟੋਰੀਆ ਨੂੰ ਦੇ ਦਿੱਤਾ ਗਿਆ। ਸਮੇਂ ਦੇ ਬਰਤਾਨਵੀ ਹਾਕਮਾਂ ਦੀ ਜ਼ੋਰ ਜਬਰੀ ਦੇ ਬਾਵਜੂਦ 33 ਸਾਲ ਮਗਰੋਂ ਦਲੀਪ ਸਿੰਘ ਨੇ ਆਪਣੇ ਸਿੱਖ ਮੂਲ ਦੀ ਆਵਾਜ਼ ਨੂੰ ਹੁੰਗਾਰਾ ਦਿੱਤਾ। ਨਜ਼ਦੀਕੀ ਰਿਸ਼ਤਿਓਂ ਭਰਾ ਲੱਗਦੇ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਦੀ ਮਦਦ ਨਾਲ ਉਹ 1886 'ਚ ਸਿੱਖੀ ਦੇ ਕਲਾਵੇ 'ਚ ਆ ਗਿਆ ਤੇ ਉਦੋਂ ਹੀ ਅਦਨ ਦੀ ਬੰਦਰਗਾਹ ਪੁੱਜ ਗਿਆ ਤਾਂ ਕਿ ਉਹ ਪੰਜਾਬ ਜਾ ਸਕੇ ਪਰ ਉਸ ਦੀ ਇਹ ਕੋਸ਼ਿਸ਼ ਸਫਲ ਨਾ ਹੋ ਸਕੀ।

ਲੌਗਿਨ ਦਾ ਮੈਮੋਰੰਡਮ, ਦਲੀਪ ਸਿੰਘ ਨੂੰ ਆਪਣਾ ਕਿਸੇ ਸਮੇਂ ਬੇਹੱਦ ਸ਼ਕਤੀਸ਼ਾਲੀ ਤੇ ਅਮੀਰ ਰਾਜ ਮੁੜ ਹਾਸਲ ਕਰਨੋਂ ਰੋਕਣ ਲਈ ਵੱਡਾ ਉਪਰਾਲਾ ਸੀ। ਇਹ ਪੰਜਾਬ ਦੀ ਵੱਡੀ ਮਹੱਤਤਾ ਹੀ ਦਰਸਾਉਂਦਾ ਸੀ ਜਦੋਂ ਸੇਵਾਮੁਕਤੀ ਮਗਰੋਂ ਲੌਗਿਨ ਨੂੰ (ਉਸ ਦੀਆਂ ਸੇਵਾਵਾਂ ਬਦਲੇ), ਉਸ ਸਮੇਂ 300 ਪੌਂਡ ਸਾਲਾਨਾ ਪੈਨਸ਼ਨ ਲਾਈ ਗਈ ਸੀ ਜੋ ਅੱਜ 800,000 ਪੌਂਡ (6.5 ਕਰੋੜ ਰੁਪਏ) ਸਾਲਾਨਾ ਬਣਦੀ ਹੈ।

ਬੋਲੀ 'ਚ ਸਿੱਖ, ਪੰਜਾਬੀ ਤੇ ਹੋਰ ਭਾਰਤੀ ਯਾਦਗਾਰਾਂ ਸ਼ਾਮਲ ਸਨ। ਇਹ ਬੋਲੀ ਸ਼ਰੌਪਸ਼ਾਇਰ ਦੇ ਇੰਗਲਿਸ਼ ਕਾਊਂਟੀ 'ਚ ਮੁਲੌਕ ਵੱਲੋਂ ਕਰਾਈ ਗਈ। ਨੌਜਵਾਨ ਮਹਾਰਾਜੇ ਦੀ ਜਰਮਨ ਪ੍ਰਾਰਥਨਾ ਪੁਸਤਕ, 19ਵੀਂ ਸਦੀ ਦੇ ਪੰਜਾਬ ਦੇ ਨਕਸ਼ੇ, ਹਰਿਮੰਦਰ ਸਾਹਿਬ ਦੀਆਂ ਤਸਵੀਰਾਂ, ਰਣਜੀਤ ਸਿੰਘ ਦਾ ਬੈਠੇ ਹੋਏ ਬੁੱਤ, ਗੁਰੂ ਹਰਕ੍ਰਿਸ਼ਨ ਦੀ ਡਰਾਇੰਗ, ਪੈੱਨ ਤੇ ਸਿਆਹੀ ਵਾਲਾ ਗੁਰੂ ਗੋਬਿੰਦ ਸਿੰਘ ਦਾ ਸਕੈੱਚ ਤੇ ਸ਼ਹੀਦ ਭਗਤ ਸਿੰਘ ਦੀ ਤਸਵੀਰ ਵੀ ਬੋਲੀ ਵਾਲੀਆਂ ਵਸਤਾਂ 'ਚ ਸ਼ੁਮਾਰ ਸੀ।

ਦਲੀਪ ਸਿੰਘ ਨੇ ਦੋ ਈਸਾਈ ਔਰਤਾਂ ਨਾਲ ਵਿਆਹ ਕਰਾਏ। ਪਹਿਲੀ ਬਾਂਬਾ ਮੁਲਰ ਸੀ ਜੋ ਜਰਮਨ ਬੈਂਕਰ ਤੇ ਉਸ ਦੀ ਇਥੋਪੀਆਈ ਸਾਥਣ ਦੀ ਬਿਨ ਵਿਆਹੋਂ ਔਲਾਦ ਸੀ। ਉਨ੍ਹਾਂ ਦੇ ਛੇ ਬੱਚੇ ਹੋਏ ਜਿਨ੍ਹਾ 'ਚ ਦੋ ਲੜਕੇ ਵੀ ਸਨ ਜੋ ਇਟੌਨ 'ਚ ਪੜ੍ਹੇ ਸਨ। 1887 'ਚ ਬਾਂਬਾ ਦੀ ਮੌਤ ਮਗਰੋਂ ਉਸ ਨੇ ਐਡਾ ਡਗਲੱਸ ਵੈਦੇਰਿਲ ਨਾਲ ਵਿਆਹ ਕਰਾਇਆ। ਇਸ ਰਿਸ਼ਤੇ 'ਚ ਉਨ੍ਹਾਂ ਦੇ ਦੋ ਬੱਚੇ ਹੋਏ। ਇਨ੍ਹਾਂ ਅੱਠਾਂ ਬੱਚਿਆਂ ਦੇ ਅੱਗੇ ਜਾਇਜ਼ ਔਲਾਦ ਨਾ ਹੋਈ।

ਦਲੀਪ ਸਿੰਘ ਨਾਲ ਰਣਜੀਤ ਸਿੰਘ ਦੇ ਘਰਾਣੇ ਦਾ ਅੰਤ ਹੋ ਗਿਆ। ਸੰਗ੍ਰਹਿਕਰਤਾਵਾਂ ਦੀ ਦਿਲਚਸਪੀ ਲਈ ਛੇ ਸਫਿਆਂ ਦਾ ਇਕ ਹੋਰ ਮੈਮੋਰੰਡਮ ਵੀ ਹੈ ਜਿਸ 'ਚ ਇਹ ਖੁਲਾਸਾ ਹੁੰਦਾ ਹੈ ਕਿ ਕਿਵੇਂ ਦਲੀਪ ਸਿੰਘ ਦੇ ਮੰਤਰੀਆਂ ਨੇ ਆਪਣੇ ਲਈ ਪੈਨਸ਼ਨਾਂ ਤੇ ਹੋਰ ਤਰਜੀਹਾਂ ਲਈ ਉਸ ਦੀ ਪ੍ਰਭੂਸੱਤਾ ਅੰਗਰੇਜ਼ਾਂ ਨੂੰ ਸੌਂਪ ਦਿੱਤੀ। ਇਨ੍ਹਾਂ 'ਚ ਗੁਲਾਬ ਸਿੰਘ ਵੀ ਸ਼ਾਮਲ ਸੀ ਜਿਸ ਨੂੰ 68 ਲੱਖ ਰੁਪਏ 'ਚ 'ਕਸ਼ਮੀਰ ਦੀ ਰਿਆਸਤ' ਖਰੀਦਣ ਦੀ ਆਗਿਆ ਦੇ ਦਿੱਤੀ ਗਈ ਸੀ।

Are You Tired Of All Treatments?
Try
**Homeopathic** Natural Medicines [HNM]

Well Experienced as:
Director, Principal, Professor, and Chief Medical Officer in Medical Colleges and Hospitals of Punjab - India
Practice Under State of California Act SB 577.

EX Member:
☑ The California Homeopathic Society
☑ National Center For Homeopathy- USA

Homeopathic Natural Medicines
Serving Since 1973

Gurdip Singh Sandhu
Homeopathic Practitioner/Consultant
DHMS-Gold Medalist, DHMS, BAMS, MDEh.- India
21272 Mission Blvd. Hayward, CA 94541
1188 E Santa Clara St.San Jose Ca95116

Natural Medicines Medical Supply
☎ (510) 870 - 5045
(408) 729 – 6691
Fax: (408)292-6200
Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)




ਕੀ ਤੁਹਾਡਾ ਕਰੈਡਿਟ ਖਰਾਬ ਹੈ????
ਤੁਹਾਨੂੰ ਮਾਰਟਗੇਜ, ਕਾਰ ਲੋਨ, ਕਰੈਡਿਟ ਕਾਰਡ ਜਾਂ ਇੰਸ਼ੋਰੈਂਸ ਕਿਸ ਭਾਅ ਮਿਲੇਗੀ, ਇਹ ਸਭ ਤੁਹਾਡੇ ਕਰੈਡਿਟ ਸਕੋਰ 'ਤੇ ਹੀ ਨਿਰਭਰ ਹੈ।

**We Can Help**

We specialize in repairing credit reports. We Improve your credit by removing negative items you identify as inaccurate, misleading or unverifiable. *Damaging Items include:*

*Bankruptcies *Late Payments *Judgements *Collections
*Foreclosures *Charge Offs *Garnishments *Repossessions
*Liens *Partial Payments *all credit killers!*

ਅੱਜ ਹੀ ਕਰੈਡਿਟ ਠੀਕ ਕਰਨ ਵਾਲੇ ਮਾਹਰਾਂ ਨੂੰ ਕਾਲ ਕਰੋ

ZiNU CREDIT REPAIR
Call 1-800-400-ZINU(9468)
Visit:www.Zinucreditrepair.com

**Indian Oven**
11000, I-40 East, Amarillo Texas, 79118 (Exit 77, Right Hand Side)
**Ph:1-806-335-3600**



Breakfast, Lunch & Dinner (Buffet 11 to 3, Every Day)

ਬਹਿ ਕੇ ਖਾਓ ਜਾਂ ਨਾਲ ਲੈ ਜਾਓ
ਪੰਜਾਬੀ ਵੈਸ਼ਨੂ ਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਤੇ ਨਾਨ

*ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ*

Easy Truck Parking, Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ, ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

24 ਘੰਟੇ 11
ਸਟੇਸ਼ਨਾਂ ਤੋਂ ਚੱਲਣ ਵਾਲਾ
ਪੰਜਾਬੀ ਰੇਡੀਓ
San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

PUNJABI RADIO USA
ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
I-Phone ਤੇ Android Application
ਤੁਸੀਂ ਕਿਸੇ ਸਮੇਂ ਵੀ
ਮੁਫ਼ਤ ਡਾਊਨਲੋਡ
ਕਰ ਸਕਦੇ ਹੋ।

ਸਾਡੇ ਵਲੋਂ ਸਾਰੇ ਸਹਿਯੋਗੀਆਂ ਦਾ ਬਹੁਤ-ਬਹੁਤ ਧੰਨਵਾਦ, ਜਿੰਨਾਂ ਸਦਕਾ ਦੋ ਹਫਤੇ ਸ੍ਰੀ ਨਨਕਾਣਾ ਸਾਹਿਬ ਤੋਂ ਅਤੇ ਦੋ ਹਫਤੇ ਯੂਬਾ ਸਿਟੀ ਨਗਰ ਕੀਰਤਨ ਦਾ ਪ੍ਰੋਗਰਾਮ ਆਪ ਸਰੋਤਿਆਂ ਤੱਕ ਪਹੁੰਚਾ ਸਕੇ ਹਾਂ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ
ਪੰਜਾਬੀ ਰੇਡੀਓ ਯੂਐਸਏ • 24 ਘੰਟੇ, 7 ਦਿਨ

*ਸੁਣਨ ਲਈ ਕਾਲ ਕਰੋ ਜੀ*

**1-832.551.5029**

ਹੋਰ ਜਾਣਕਾਰੀ ਲਈ **408.722.7698**
Listen LIVE
www.punjabiradiousa.com
Email: info@punjabiradiousa.com
3750 McKee Road, # B, San Jose CA 95127

ਪੰਜਾਬ ਟਾਈਮਜ਼

*ਸਨਿਚਰਵਾਰ, 26 ਨਵੰਬਰ 2011*

## ਕਬੱਡੀ ਦਾ ਪੰਜਾਬ ਪ੍ਰਸੰਗ

ਵਿਸ਼ਵ ਕਬੱਡੀ ਕੱਪ ਬਾਰੇ ਸਭ ਤੋਂ ਖਾਸ ਅਤੇ ਬਿਹਤਰ ਗੱਲ ਤਾਂ ਇਹੀ ਹੋਈ ਹੈ ਕਿ ਇਸ ਨੇ ਕਬੱਡੀ ਖਿਡਾਰੀਆਂ ਦਾ ਮੁੱਲ ਪੁਆ ਦਿੱਤਾ ਹੈ; ਨਹੀਂ ਤਾਂ ਕ੍ਰਿਕਟ ਦੇ ਭਾਰ ਥੱਲੇ ਕੀ ਕਬੱਡੀ ਤੇ ਕੀ ਹਾਕੀ, ਸਭ ਖੇਡਾਂ ਰੁਲੀਆਂ ਪਈਆਂ ਸਨ। ਕਬੱਡੀ ਪੰਜਾਬ ਦੀ ਸਦੀਆਂ ਪੁਰਾਣੀ ਖੇਡ ਹੈ। ਇਹ ਭਾਵੇਂ ਭਾਰਤ ਦੇ ਹੋਰ ਵੀ ਕਈ ਹਿੱਸਿਆਂ ਵਿਚ ਖੇਡੀ ਜਾਂਦੀ ਹੈ ਪਰ ਪੰਜਾਬ ਵਾਲੀ ਕਬੱਡੀ ਦਾ ਰੰਗ ਨਿਆਰਾ ਹੀ ਹੈ। ਕਬੱਡੀ ਦਾ ਪੰਜਾਬੀਆਂ ਨਾਲ ਨਹੁੰ ਮਾਸ ਦਾ ਰਿਸ਼ਤਾ ਹੈ। ਇਹ ਅਸਲ ਵਿਚ ਪੰਜਾਬੀਆਂ ਦੇ ਇਤਿਹਾਸ ਦੀ ਹੀ ਅਗਲੀ ਕੜੀ ਹੈ। ਕਬੱਡੀ ਦੇ ਹਮਲਾਵਰ ਰੁਖ ਦੀਆਂ ਜੜ੍ਹਾਂ ਵਿਦਵਾਨ ਸੱਜਣਾਂ ਨੇ ਪੰਜਾਬ ਉਤੇ ਹੁੰਦੇ ਵਿਦੇਸ਼ੀ ਹਮਲਿਆਂ ਵਿਚੋਂ ਲੱਭੀਆਂ ਹਨ। ਇਨ੍ਹਾਂ ਹਮਲਿਆਂ ਦਾ ਸਿੱਧਾ ਅਰਥ ਵਿਦੇਸ਼ੀ ਹਮਲਾਵਰਾਂ ਦੀ ਆਮਦ ਹੀ ਸੀ ਜਿਹੜੀ ਪੰਜਾਬ ਰਾਹੀਂ ਲਗਾਤਾਰ ਹੁੰਦੀ ਰਹੀ ਹੈ। ਪੰਜਾਬੀਆਂ ਦੇ ਇਨ੍ਹਾਂ ਹਮਲਾਵਰਾਂ ਨਾਲ ਭਿੜਨ ਦੇ ਤੌਰ-ਤਰੀਕੇ ਅਤੇ ਰੰਗ-ਢੰਗ ਕਬੱਡੀ ਦੇ ਭੇੜਾਂ ਵਿਚੋਂ ਬਾਖੂਬੀ ਦੇਖੇ ਜਾ ਸਕਦੇ ਹਨ। ਪਤਾ ਨਹੀਂ ਉਹ ਕਿਹੜੇ ਸੁਲੱਖਣੇ ਪਲ-ਛਿਣ ਹੋਣਗੇ ਜਦੋਂ ਹਮਲਾਵਰਾਂ ਨਾਲ ਟੱਕਰ ਲੈਣ ਦਾ ਤਰਜਮਾ ਕਬੱਡੀ ਦੇ ਇਨ੍ਹਾਂ ਸਿੱਧੇ ਭੇੜਾਂ ਵਿਚ ਹੋਇਆ ਹੋਵੇਗਾ! ਆਪਣਾ ਇਤਿਹਾਸ ਖੇਡ ਦੇ ਮੈਦਾਨ ਵਿਚ ਸਾਕਾਰ ਹੁੰਦਾ ਦੇਖ ਕੇ ਪੰਜਾਬੀ ਹੁੱਬਦੇ ਫਿਰਦੇ ਹਨ। ਇਸੇ ਕਰਕੇ ਹੀ ਹੁਣ ਇਨ੍ਹਾਂ ਕਬੱਡੀ ਕੱਪਾਂ ਅਤੇ ਮੇਲਿਆਂ ਨੂੰ ਇੰਨਾ ਮਿਸਾਲੀ ਹੁੰਗਾਰਾ ਮਿਲਿਆ ਹੈ। ਕਬੱਡੀ ਦੀ ਇਸ ਪ੍ਰਚੰਡਤਾ ਦੀ ਚਰਚਾ ਤਾਂ ਪੰਜਾਬ ਦੇ ਮੌਲੇ ਕਵੀ ਪ੍ਰੋ. ਪੂਰਨ ਸਿੰਘ ਨੇ ਵੀ ਕੀਤੀ ਹੈ: ਉਹ ਖੇਡਾਂ ਉਹ ਕੌਡੀਆਂ, ਉਹ ਖੁੱਲ੍ਹੇ ਖੇਤਾਂ ਵਿਚ ਦੌੜਾਂ ਖੁਸ਼ੀ ਦੀਆਂ/ਉਹ ਦਰਿਆਵਾਂ ਦਾ ਨਹਾਣ ਜਾਣਾ ਢੋਲਕੀਆਂ ਵੱਜਦੇ/ਉਹ ਸੌਂਚੀਆਂ ਉਹ ਕੁਸ਼ਤੀਆਂ ਅਖਾੜੇ ਤੇ ਕਬੱਡੀਆਂ...। ਕਬੱਡੀ ਸ਼ਬਦ ਨੂੰ ਕੁਝ ਵਿਦਵਾਨਾਂ ਨੇ ਕਟਾ-ਵੱਢੀ ਦਾ ਬਦਲਿਆ ਰੂਪ ਵੀ ਦੱਸਿਆ ਹੈ। ਕੁੱਲ ਮਿਲਾ ਕੇ ਕਬੱਡੀ ਵਿਚ ਜਿਹੜਾ ਅੱਥਰਾਪਣ ਹੈ, ਉਹਦੀ ਚਰਚਾ ਹੁਣ ਚਹੁੰ ਕੂੰਟੀਂ ਫੈਲ ਗਈ ਹੈ। ਇਹ ਪੰਜਾਬੀਆਂ ਦੇ ਮੂਲ ਸੁਭਾਅ ਨਾਲ ਮੇਚਾ ਵੀ ਮਾਰਦਾ ਹੈ।

ਉਂਜ, ਹੁਣ ਹੋਇਆ ਵਿਸ਼ਵ ਕਬੱਡੀ ਕੱਪ ਬਹੁਤ ਸਾਰੇ ਅਜਿਹੇ ਨੁਕਤੇ ਵੀ ਉਭਾਰ ਗਿਆ ਹੈ ਜਿਨ੍ਹਾਂ ਬਾਰੇ ਨਿੱਠ ਕੇ ਗੱਲ ਕਰਨੀ ਬਣਦੀ ਹੈ। ਇਨ੍ਹਾਂ ਵਿਚ ਸਿਆਸੀ ਅਤੇ ਗੈਰ-ਸਿਆਸੀ, ਦੋਹਾਂ ਤਰ੍ਹਾਂ ਦੇ ਨੁਕਤੇ ਸ਼ੁਮਾਰ ਹਨ। ਇਨ੍ਹਾਂ ਨੁਕਤਿਆਂ ਨੇ ਆਉਣ ਵਾਲੇ ਦਿਨਾਂ ਦੀ 'ਸਿਆਸਤ ਦੀ ਖੇਡ' ਬਾਰੇ ਸੂਹ ਤਾਂ ਦੇ ਹੀ ਦਿੱਤੀ ਹੈ, ਨਾਲ ਹੀ 'ਖੇਡਾਂ ਦੀ ਸਿਆਸਤ' ਦਾ ਅਸਲ ਰੰਗ-ਰੂਪ ਵੀ ਦਿਖਾ ਦਿੱਤਾ ਹੈ। ਇਸ ਨਾਲ ਹਾਂ ਅਤੇ ਨਾਂਹ ਪੱਖ, ਦੋਵੇਂ ਹੀ ਪੂਰੀ ਨਿਸ਼ੰਗਤਾ ਨਾਲ ਜੁੜੇ ਹੋਏ ਹਨ। ਦੋ ਸਾਲ ਪਹਿਲਾਂ ਹੋਏ ਪਹਿਲੇ ਵਿਸ਼ਵ ਕਬੱਡੀ ਕੱਪ ਦੀ ਸ਼ੁਰੂਆਤ ਮੌਕੇ ਮੁੱਖ ਪ੍ਰਚਾਰ ਇਹੀ ਕੀਤਾ ਗਿਆ ਸੀ ਕਿ ਨਸ਼ਿਆਂ ਦੀ ਜਕੜ ਵਿਚ ਆਈ ਜਵਾਨੀ ਨੂੰ ਇਸ ਦਲ-ਦਲ ਵਿਚੋਂ ਕੱਢ ਕੇ ਖੇਡਾਂ ਵੱਲ ਲਾਉਣਾ ਹੈ। ਨਿਸ਼ਾਨਾ ਅੱਛਾ ਸੀ ਪਰ ਉਦੋਂ ਵਿਸ਼ਵ ਕੱਪ ਦੇ ਨਾਲ ਨਾਲ ਇਹ ਖਬਰਾਂ ਵੀ ਨਸ਼ਰ ਹੋ ਗਈਆਂ ਕਿ ਵਿਸ਼ਵ ਕੱਪ ਕਰਵਾਉਣ ਵਾਲਿਆਂ ਵਿਚ ਸ਼ਰਾਬ ਦੇ ਠੇਕੇਦਾਰਾਂ ਦਾ ਪੈਸਾ ਵੀ ਲੱਗਿਆ ਸੀ। ਇਹ ਗੱਲ ਤਾਂ ਪੱਕੀ ਹੈ ਕਿ ਕਾਰੋਬਾਰੀ ਬੰਦੇ ਬਿਨਾ ਖੱਟੀ ਤੋਂ ਤਾਂ ਪੈਸੇ ਕਦੀ ਨਹੀਂ ਲਾਉਂਦੇ! ਇਹ ਸੱਚ-ਮੁੱਚ ਫਿਕਰ ਕਰਨ ਵਾਲੀ ਗੱਲ ਸੀ। ਹੁਣ ਦੂਜੇ ਕੱਪ ਦੌਰਾਨ ਜਿੰਨੀ ਵੱਡੀ ਪੱਧਰ 'ਤੇ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਫੇਲ੍ਹ ਹੋਏ ਹਨ, ਉਸ ਨੇ ਇਸ ਫਿਕਰ ਨੂੰ ਹੋਰ ਵੀ ਵਧਾ ਦਿੱਤਾ ਹੈ। ਇਸ ਤਾਣੇ-ਬਾਣੇ ਨੂੰ ਕਬੱਡੀ ਦੇ ਵਪਾਰਕ ਲੀਹਾਂ ਉਤੇ ਪੈਣ ਨਾਲ ਵੀ ਜੋੜਿਆ ਜਾ ਰਿਹਾ ਹੈ। ਇਸ ਨਾਲ ਸਪਾਂਸਰਸ਼ਿਪ ਦੇ ਰਹੀਆਂ ਕੰਪਨੀਆਂ ਦਾ ਕਾਰੋਬਾਰ ਸਿੱਧਾ ਜੁੜਿਆ ਹੋਇਆ ਹੈ। ਇਸ ਸੂਰਤ ਵਿਚ ਜ਼ਬਤ ਅਤੇ ਜ਼ਾਬਤੇ ਤੋਂ ਬਗੈਰ, ਸਾਰੀ ਕੀਤੀ ਕਰਾਈ ਖੇਡ ਅਕਸਰ ਹੀ ਵਿਗੜਦੀ ਚਲੀ ਜਾਂਦੀ ਹੈ। ਇਸ ਲਈ ਇਸ ਪਾਸੇ ਸਭ ਤੋਂ ਪਹਿਲਾਂ ਅਤੇ ਹਰ ਹੀਲੇ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ।

ਇਤਿਹਾਸ ਦੱਸਦਾ ਹੈ ਕਿ ਕਬੱਡੀ ਨੂੰ ਕਦੇ 'ਕੌਡ ਕਬੱਡੀ', ਮਤਲਬ 'ਜਾਹਲਾਂ ਦੀ ਜੰਗ' ਕਿਹਾ ਜਾਂਦਾ ਸੀ। ਇਕੀਵੀਂ ਸਦੀ ਵਿਚ ਪੁੱਜ ਕੇ ਇਹ 'ਸਿਆਸਤ ਦੀ ਜੰਗ' ਦਾ ਪੈਰ-ਧਰਾਵਾ ਵੀ ਹੋ ਨਿਬੜੀ ਹੈ। ਹੈਰਾਨੀ ਹੁੰਦੀ ਹੈ ਕਿ ਸਾਰਾ ਕੁਝ ਸਿਆਸਤ ਦੀ ਅੰਨ੍ਹੀ ਗਲੀ ਵਿਚ ਹੀ ਕਿਸ ਤਰ੍ਹਾਂ ਸਿਮਟਦਾ ਜਾ ਰਿਹਾ ਹੈ? ਸੱਤਾਧਾਰੀਆਂ ਨੇ ਕਬੱਡੀ ਕੱਪ ਨੂੰ ਆ ਰਹੀਆਂ ਵਿਧਾਨ ਸਭਾ ਚੋਣਾਂ ਦਾ ਹੀ ਪਿੜ ਬਣਾ ਦਿੱਤਾ। ਸਿਆਸਤ ਦੀ ਇਸ ਅੰਨ੍ਹੀ ਗਲੀ ਨੇ ਮੁੰਬਈ ਤੋਂ ਆਏ ਕਲਾਕਾਰਾਂ ਨੂੰ ਖਿਡਾਰੀਆਂ ਉਤੇ ਭਾਰੀ ਪਾ ਦਿੱਤਾ। ਸਟੇਜ ਉਤੇ ਅੱਧ-ਕੱਜੀਆਂ ਕੁੜੀਆਂ ਨਚਾਉਣ ਨੇ ਤਾਂ ਸਭ ਨੂੰ ਹੀ ਪ੍ਰੇਸ਼ਾਨ ਕੀਤਾ ਹੈ। ਕਲਾ ਅਤੇ ਸਭਿਆਚਾਰ ਦੇ ਖੇਤਰ ਵਿਚ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਅ ਰਹੇ ਇਨ੍ਹਾਂ 'ਮੁੰਬਈ ਮਾਰਕਾ ਕਲਾਕਾਰਾਂ' ਉਤੇ ਪੈਸਾ ਵੀ ਖੁੱਲ੍ਹੇ ਹੱਥਾਂ ਨਾਲ ਵਾਰਿਆ ਗਿਆ ਹੈ। ਇਹ ਸਿਰਫ ਤੇ ਸਿਰਫ, ਭੀੜ ਇਕੱਠੀ ਕਰਨ ਲਈ ਹੀ ਕੀਤਾ ਗਿਆ। ਇਸੇ ਕਰਕੇ ਜਦੋਂ ਸਮਾਪਤੀ ਸਮਾਗਮ ਵੇਲੇ ਇਹ ਕਲਾਕਾਰ ਆਪਣਾ ਪ੍ਰੋਗਰਾਮ ਖਤਮ ਕਰਕੇ ਹਟੇ ਤਾਂ ਨਾਲੋ-ਨਾਲ ਸਟੇਡੀਅਮ ਖਾਲੀ ਹੋਣਾ ਸ਼ੁਰੂ ਹੋ ਗਿਆ। ਟੈਲੀਵਿਜ਼ਨ ਵਾਲਿਆਂ ਨੇ ਤਾਂ ਸਰਕਾਰ ਅਤੇ ਸੁਖਬੀਰ ਦੀ ਖੁਸ਼ਾਮਦ ਕਰਨੀ ਹੀ ਸੀ, ਕੁਮੈਂਟਰੀ ਕਰ ਰਹੇ ਵੀਰ ਵੀ ਸੁਖਬੀਰ ਦੀ ਖੁਸ਼ਾਮਦ ਕਰਨ ਤੋਂ ਪਿੱਛੇ ਨਹੀਂ ਰਹੇ। ਖੇਡਾਂ ਸੱਚ-ਮੁੱਚ ਨਸ਼ਿਆਂ ਦੀ ਦਲ-ਦਲ ਵਿਚ ਧਸ ਰਹੇ ਪੰਜਾਬ ਲਈ ਸਹੀ ਜਵਾਬ ਹਨ ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜਿਹੜੇ ਲੋਕ ਇਹ ਖੇਡਾਂ ਆਪਣੇ ਸਿਆਸੀ ਮੁਫਾਦ ਲਈ ਕਰਵਾ ਰਹੇ ਹਨ, ਉਨ੍ਹਾਂ ਦੀ ਸਰਪ੍ਰਸਤੀ ਹੇਠ ਹੀ ਤਾਂ ਨਸ਼ਿਆਂ ਦਾ ਕਾਰੋਬਾਰ ਇੰਨਾ ਵਧ-ਫੁੱਲ ਰਿਹਾ ਹੈ। ਜਿਹੜੇ 'ਖੇਡਾਂ ਰਾਹੀਂ ਸਿਆਸਤ' ਚਲਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਈ ਬੈਠੇ ਹਨ, ਉਨ੍ਹਾਂ ਨੂੰ ਸਹੀ ਜਵਾਬ ਦੇਣ ਦੀ ਇਹੀ ਇਕ ਘੜੀ ਹੈ। ਕਬੱਡੀ ਇਕੱਲਾ ਮਨਪ੍ਰਚਾਵਾ ਨਹੀਂ, ਇਹ ਪੰਜਾਬੀਆਂ ਦੇ ਇਤਿਹਾਸ ਦੀ ਅਗਲੀ ਕੜੀ ਹੈ, ਇਹ ਪੰਜਾਬੀਆਂ ਦੇ ਜੀਣ-ਥੀਣ ਦਾ ਜਸ਼ਨ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਜਾਨ ਹੂਲਣ ਵਾਲਿਆਂ ਅਤੇ ਸਰਬੱਤ ਦੇ ਭਲੇ ਦਾ ਹੋਕਾ ਦੇਣ ਵਾਲਿਆਂ ਲਈ ਇਹ 'ਸੋਚਣ ਕੀ ਬੇਲਾ' ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਡੋਪ ਡੰਗੀ ਕਬੱਡੀ!*

ਲਾਈ ਹੋਈ ਪੰਜਾਬ ਦੀ 'ਸੇਲ' ਦੇਖੋ, ਵੇਚਣ ਵਾਸਤੇ ਹੋਏ ਨੇ ਤਿਆਰ ਬੇਲੀ।
ਬੁਰੇ ਹਾਲ ਮਹਿੰਗਾਈ ਨੇ ਲੱਕ ਤੋੜੇ, ਪੈਣਾ ਹੋਰ ਗਰੀਬਾਂ 'ਤੇ ਭਾਰ ਬੇਲੀ।
ਦੋਹੀਂ ਹੱਥੀਂ ਖਜ਼ਾਨੇ ਨੂੰ ਲੁੱਟ ਚੱਲੇ, ਕਿੱਦਾਂ ਚੱਲੂਗੀ ਨਵੀਂ ਸਰਕਾਰ ਬੇਲੀ।
ਅੱਖਾਂ ਦੇਖ ਕੇ ਸ਼ਰਮ ਨਾਲ ਝੁਕੀਆਂ ਨੇ, ਨੱਚ ਰਹੀ ਅਧਨੰਗੀ ਹੋ ਨਾਰ ਬੇਲੀ।
ਪਾ ਕੇ 'ਖੇਡ' ਕਬੱਡੀ ਦਾ ਰਾਮ ਰੌਲਾ, ਕਰਿਆ ਵੋਟਾਂ ਦਾ ਨਿਰ੍ਹਾ ਵਪਾਰ ਬੇਲੀ।
ਡੰਗ 'ਡੋਪ' ਨੇ ਮਾਰਿਆ ਪਿੱਠ ਉਤੇ, ਡਿਗ ਪਈ ਕਬੱਡੀ ਮੂੰਹ ਭਾਰ ਬੇਲੀ!

# ਕੀ ਕਰਵਟ ਲੈ ਰਹੀ ਹੈ ਪੰਜਾਬ ਦੀ ਸਿਆਸਤ?

***ਪੰਜਾਬ ਲਈ ਮੌਜੂਦਾ ਦੌਰ ਇਤਿਹਾਸ ਦੇ ਕਿਸੇ ਵੀ ਸਮੇਂ ਨਾਲੋਂ ਸਭ ਤੋਂ ਵੱਧ ਖ਼ਤਰਨਾਕ ਦੌਰ ਹੈ...ਜਿਉਂ-ਜਿਉਂ ਆਰਥਿਕ ਸੰਕਟ ਵਧ ਰਿਹਾ ਹੈ, ਤਿਉਂ-ਤਿਉਂ ਭ੍ਰਿਸ਼ਟਾਚਾਰ ਦਾ ਤਾਣਾ-ਬਾਣਾ ਸੰਘਣਾ ਹੋ ਰਿਹਾ ਹੈ। ਨਤੀਜਨ, ਕਾਰਪੋਰੇਟ ਨੀਤੀਆਂ ਬੜੀ ਤੇਜ਼ੀ ਨਾਲ ਪੰਜਾਬ ਦੇ ਸਭਿਆਚਾਰ, ਆਰਥਿਕਤਾ, ਖੇਤੀ-ਬਾੜੀ, ਧਰਮ, ਵਾਤਾਵਰਨ ਆਦਿ ਉਤੇ ਗਹਿਰੇ ਢੰਗ ਨਾਲ ਅਸਰਅੰਦਾਜ਼ ਹੋਈਆਂ ਹਨ। ਸ਼ਹਿਰੀਕਰਨ ਤੇਜ਼ੀ ਨਾਲ ਵਧਣ ਦੇ ਸਿੱਟੇ ਵਜੋਂ ਕਾਰਪੋਰੇਟ ਸੈਕਟਰ ਨੇ ਆਪਣੀ ਪੂੰਜੀ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਆਪਣੇ ਕਬਜ਼ੇ ਵਿਚ ਕਰਨ ਲਈ ਵਰਤੀ ਹੈ। ਇਉਂ ਪੰਜਾਬ ਵਿਚ ਤਾਕਤਵਰ ਭੂ-ਮਾਫ਼ੀਆ ਸਰਗਰਮ ਹੋਇਆ ਹੈ।***

**■ ਡਾ. ਭੀਮ ਇੰਦਰ ਸਿੰਘ**

ਪੰਜਾਬ ਦੀ ਸਿਆਸਤ ਵਿਚ ਸੱਤਾ ਪ੍ਰਾਪਤੀ ਲਈ ਸੰਘਰਸ਼ ਤੇਜ਼ ਹੋ ਗਿਆ ਹੈ। ਸਿਆਸਤਦਾਨ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਪੂਰਾ ਤਾਣ ਲਗਾ ਰਹੇ ਹਨ। ਵੱਖ-ਵੱਖ ਜਾਤਾਂ, ਜਮਾਤਾਂ, ਧਰਮਾਂ, ਫਿਰਕਿਆਂ, ਖਿੱਤਿਆਂ ਆਦਿ ਨਾਲ ਸਬੰਧਤ ਪਾਰਟੀਆਂ, ਸੰਗਠਨ ਜਾਂ ਗਰੁੱਪ, ਲੋਕ-ਲੁਭਾਊ ਨਾਅਰਿਆਂ ਰਾਹੀਂ ਪੰਜਾਬ ਦੀ ਸਿਆਸੀ ਸੱਤਾ ਉਤੇ ਕਬਜ਼ਾ ਕਰਨ ਦੀ ਤਾਕ ਵਿਚ ਹਨ। ਇਸ ਘੜਮੱਸ ਵਿਚ ਸੱਚ-ਝੂਠ, ਚੰਗੇ-ਮਾੜੇ ਆਦਿ ਦੀ ਪਛਾਣ ਕਰਨੀ ਕਾਫ਼ੀ ਮੁਸ਼ਕਲ ਹੋ ਗਈ ਹੈ।

ਪੰਜਾਬ ਦੀ ਵਰਤਮਾਨ ਪੀੜ੍ਹੀ ਸਾਹਮਣੇ ਵੀ ਇਸ ਸਿਆਸਤ ਨੂੰ ਸਮਝਣ ਦਾ ਗੰਭੀਰ ਮਸਲਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਕੀਵੀਂ ਸਦੀ ਤੱਕ ਪਹੁੰਚਦਿਆਂ ਪੰਜਾਬ ਦੀਆਂ ਸਿਆਸੀ ਸੰਸਥਾਵਾਂ ਵਿਚ ਰੂਪ ਅਤੇ ਤੱਤ ਦੇ ਪੱਖ ਤੋਂ ਬਹੁਤ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਸੂਚਨਾ ਕ੍ਰਾਂਤੀ, ਤਕਨੀਕੀ ਵਿਕਾਸ, ਖੁੱਲ੍ਹੀ ਮੰਡੀ, ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ, ਸ਼ੇਅਰ ਬਾਜ਼ਾਰ ਆਦਿ ਦੇ ਹੋਂਦ ਵਿਚ ਆਉਣ ਨਾਲ ਰਾਜ (ਸਟੇਟ) ਹੁਣ ਸੱਤਾ ਦਾ ਇਕੋ-ਇਕ ਕੇਂਦਰ ਨਹੀਂ ਰਿਹਾ। ਹੁਣ ਇਸਨੂੰ ਦੂਸਰੀਆਂ ਸੰਸਥਾਵਾਂ, ਵਿਸ਼ੇਸ਼ ਤੌਰ 'ਤੇ ਕਾਰਪੋਰੇਟਸ ਦਾ ਪ੍ਰਭਾਵ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਹਿਣ ਕਰਨਾ ਪੈ ਰਿਹਾ ਹੈ। ਕਾਰਪੋਰੇਟਸ ਦੁਆਰਾ ਖੜ੍ਹਾ ਕੀਤਾ ਗਿਆ ਅੰਨਾ ਹਜ਼ਾਰੇ ਦਾ ਅੰਦੋਲਨ ਇਸ ਦੀ ਮੁੱਖ ਉਦਾਹਰਣ ਹੈ। ਇਸ ਦੇ ਬਾਵਜੂਦ ਅੱਜ ਵੀ ਸਟੇਟ ਦਾ ਪੰਜਾਬ ਦੇ ਆਮ ਲੋਕਾਂ ਦੀ ਜ਼ਿੰਦਗੀ ਨਾਲ ਗਹਿਰਾ ਸੰਬੰਧ ਹੈ। ਅੱਜ ਵੀ ਸਟੇਟ ਪੰਜਾਬ ਵਿਚ ਵਿਸ਼ਵੀਕਰਨ ਦੀਆਂ ਨੀਤੀਆਂ ਕੰਟਰੋਲ ਕਰਨ ਵਾਲੀਆਂ ਜਮਾਤਾਂ ਦੇ ਹੱਥ ਵਿਚ ਸੰਦ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਸਿਆਸਤ ਉੱਪਰ ਅੱਜ ਪਹਿਲਾਂ ਨਾਲੋਂ ਕਿਤੇ ਵੱਧ ਪ੍ਰਾਈਵੇਟ ਨਿਰਕੁੰਸ਼ ਸ਼ਕਤੀਆਂ ਹਾਵੀ ਹੋ ਗਈਆਂ ਹਨ। ਅੱਜ ਵੀ ਪੰਜਾਬ ਦੀਆਂ ਹਾਕਮ ਸਿਆਸੀ ਪਾਰਟੀਆਂ ਦੁਆਰਾ ਲੋਕਾਂ ਦੇ ਵਿਚਾਰਾਂ ਅਤੇ ਵਿਰੋਧਾਂ ਨੂੰ ਆਪਣੇ ਹਿੱਤਾਂ ਅਨੁਕੂਲ ਢਾਲਣ ਲਈ ਚੇਤੰਨ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿੱਟੇ ਵਜੋਂ ਹਾਕਮ ਧਿਰਾਂ ਦੀ ਮੌਜੂਦਾ ਸਿਆਸਤ ਨਵ-ਸਾਮਰਾਜੀ ਪੂੰਜੀ ਦੇ ਵਾਧੇ ਲਈ ਜ਼ਮੀਨ ਤਿਆਰ ਕਰ ਰਹੀ ਹੈ। ਤੱਤ ਰੂਪ ਵਿਚ ਪੰਜਾਬ ਦੀ ਇਹ ਸਿਆਸਤ ਵਪਾਰਕ ਅਦਾਰਾ ਬਣੀ ਹੋਈ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿਚ ਮਿਲ ਰਹੀ ਹੈ। ਇਸ ਸਿਆਸਤ ਨੇ ਪੰਜਾਬ ਦੀਆਂ ਕਲਾਵਾਂ, ਖੇਡਾਂ, ਸੰਗੀਤ, ਸਾਹਿਤ, ਭਾਸ਼ਾ ਅਤੇ ਪੰਜਾਬੀਅਤ ਦੇ ਗੁਣਾਂ ਨੂੰ ਮੰਡੀ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਹੈ। ਇਸੇ ਕਰਕੇ ਪੰਜਾਬ ਵਿਚ ਸਿਆਸਤ ਦਾ ਅਪਰਾਧੀਕਰਨ ਅਤੇ ਅਪਰਾਧ ਦਾ ਸਿਆਸੀਕਰਨ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਭੂ-ਮਾਫ਼ੀਆ, ਹੋਟਲ-ਸਨਅਤ, ਠੇਕੇਦਾਰ, ਡੇਰੇਦਾਰ, ਨਸ਼ਿਆਂ ਦੇ ਸਮੱਗਲਰ, ਬਲੈਕੀਏ ਆਦਿ ਨਵ-ਧਨਾਢ ਲੋਕ ਪੰਜਾਬ ਦੀ ਸਿਆਸਤ ਵਿਚ ਪੈਰ ਪਾਸਾਰ ਰਹੇ ਹਨ।

ਪੰਜਾਬ ਲਈ ਮੌਜੂਦਾ ਦੌਰ ਇਤਿਹਾਸ ਦੇ ਕਿਸੇ ਵੀ ਸਮੇਂ ਨਾਲੋਂ ਸਭ ਤੋਂ ਵੱਧ ਖਤਰਨਾਕ ਦੌਰ ਹੈ। ਕਾਂਗਰਸ ਅਤੇ ਅਕਾਲੀ ਦਲ-ਬੀ.ਜੇ.ਪੀ. ਸਰਕਾਰਾਂ ਨੇ ਪੂਰੇ ਜ਼ੋਰ-ਸ਼ੋਰ ਨਾਲਪੰਜਾਬ ਵਿਚ ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ ਹਨ। ਇਨ੍ਹਾਂ ਸਰਕਾਰਾਂ ਨੇ ਕੇਂਦਰੀ ਸਰਕਾਰਾਂ ਦੇ ਛੋਟੇ ਭਾਈਵਾਲ ਦੇ ਤੌਰ 'ਤੇ ਆਪਣਾ ਰੋਲ ਅਦਾ ਕੀਤਾ ਹੈ। ਪੰਜਾਬ ਦੀਆਂ ਹਾਕਮ ਧਿਰਾਂ ਨੇ ਇਕ-ਦੂਸਰੇ ਤੋਂ ਵਧ ਕੇ ਬਹੁ-ਕੌਮੀ ਅਤੇ ਕੌਮੀ ਕਾਰਪੋਰੇਸ਼ਨਾਂ ਨੂੰ ਜੀ ਆਇਆ ਨੂੰ ਕਿਹਾ ਹੈ ਅਤੇ ਵੱਡੇ ਪੱਧਰ 'ਤੇ ਕਮਿਸ਼ਨ ਵੀ ਖਾਧਾ ਹੈ। ਪੰਜਾਬ ਵਿਚ ਫੈਲ ਰਿਹਾ ਭ੍ਰਿਸ਼ਟਾਚਾਰ ਨਵ-ਸਾਮਰਾਜੀ ਆਰਥਿਕਤਾ ਦੇ ਰੋਗੀ ਹੋ ਜਾਣ ਦੀ ਅਲਾਮਤ ਹੈ। ਜਿਉਂ-ਜਿਉਂ ਆਰਥਿਕ ਸੰਕਟ ਵਧ ਰਿਹਾ ਹੈ, ਤਿਉਂ-ਤਿਉਂ ਭ੍ਰਿਸ਼ਟਾਚਾਰ ਦਾ ਤਾਣਾ-ਬਾਣਾ ਸੰਘਣਾ ਹੋ ਰਿਹਾ ਹੈ। ਨਤੀਜਨ, ਕਾਰਪੋਰੇਟ ਨੀਤੀਆਂ ਬੜੀ ਤੇਜ਼ੀ ਨਾਲ ਪੰਜਾਬ ਦੇ ਸਭਿਆਚਾਰ, ਆਰਥਿਕਤਾ, ਖੇਤੀ-ਬਾੜੀ, ਧਰਮ, ਵਾਤਾਵਰਨ ਆਦਿ ਉਤੇ ਗਹਿਰੇ ਢੰਗ ਨਾਲ ਅਸਰਅੰਦਾਜ਼ ਹੋਈਆਂ ਹਨ। ਸ਼ਹਿਰੀਕਰਨ ਤੇਜ਼ੀ ਨਾਲ ਵਧਣ ਦੇ ਸਿੱਟੇ ਵਜੋਂ ਕਾਰਪੋਰੇਟ ਸੈਕਟਰ ਨੇ ਆਪਣੀ ਪੂੰਜੀ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਆਪਣੇ ਕਬਜ਼ੇ ਵਿਚ ਕਰਨ ਲਈ ਵਰਤੀ ਹੈ। ਇਉਂ ਪੰਜਾਬ ਵਿਚ ਤਾਕਤਵਰ ਭੂ-ਮਾਫ਼ੀਆ ਸਰਗਰਮ ਹੋਇਆ ਹੈ। ਇਸ ਭੂ-ਮਾਫ਼ੀਏ ਦੀ ਸਿਆਸਤ ਵਿਚ ਸ਼ਮੂਲੀਅਤ ਪੰਜਾਬ ਲਈ ਨਵੀਂ ਤਰ੍ਹਾਂ ਦੇ ਸੰਕਟਾਂ ਦਾ ਆਗਾਜ਼ ਸਮਝਣਾ ਚਾਹੀਦਾ ਹੈ।

ਪੂੰਜੀਵਾਦ ਅਤੇ ਕਾਰਪੋਰੇਟ ਦੁਆਰਾ ਖੇਤੀਬਾੜੀ ਨੂੰ ਕੰਟਰੋਲ ਕਰ ਲੈਣ ਕਾਰਨ ਦਰਮਿਆਨੀ ਅਤੇ ਗਰੀਬ ਕਿਸਾਨੀ ਦਾ ਸਰਕਾਰਾਂ, ਕਾਰਪੋਰੇਟ, ਨੌਕਰਸ਼ਾਹੀ ਅਤੇ ਅਮੀਰ ਕਿਸਾਨੀ ਨਾਲ ਵਿਰੋਧ ਤਿੱਖਾ ਹੋਇਆ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਸਦਕਾ ਅਮੀਰ ਵਿਧਾਇਕਾਂ, ਪੰਚਾਂ, ਸਰਪੰਚਾਂ ਆਦਿ ਦੀ ਸਿਆਸਤ ਬੜੀ ਤੇਜ਼ੀ ਨਾਲ ਅਗਾਂਹ ਵਧ ਰਹੀ ਹੈ। ਗਰੀਬੀ ਦੀ ਦਲਦਲ ਵਿਚ ਫਸੇ ਛੋਟੇ ਕਿਸਾਨ, ਮਜ਼ਦੂਰ, ਦਲਿਤ ਅਤੇ ਕਿਰਤੀ ਵਰਗ ਤੰਗੀਆਂ ਤੁਰਸ਼ੀਆਂ ਵਿਚ ਜੀਵਨ ਜਿਉਣ ਲਈ ਮਜਬੂਰ ਹਨ। ਇਹ ਵਰਗ ਸਿਆਸੀ ਚੇਤਨਾ ਦੀ ਅਣਹੋਂਦ ਕਾਰਨ ਭਾਰਤੀ ਲੋਕਤੰਤਰ ਦਾ 'ਵੋਟ ਬੈਂਕ' ਬਣ ਕੇ ਰਹਿ ਗਏ ਹਨ। ਦੂਜੇ ਪਾਸੇ, ਪੰਜਾਬ ਦੀ ਧਨੀ ਕਿਸਾਨੀ, ਸਰਮਾਏਦਾਰੀ, ਵੱਡੇ ਵਪਾਰੀ ਆਦਿ ਨਾਲ ਸਬੰਧਤ ਪਾਰਟੀਆਂ ਗਰੀਬ ਵਰਗਾਂ ਨੂੰ ਆਪਣੇ ਪਿੱਛੇ ਲਾਮਬੰਦ ਕਰਕੇ ਸਿਆਸੀ ਸੱਤਾ 'ਤੇ ਕਾਬਜ਼ ਹਨ। ਪੰਜਾਬ ਦੀ ਧਨੀ ਕਿਸਾਨੀ ਦਾ ਇਕ ਹਿੱਸਾ ਖੇਤੀ ਪੈਦਾਵਾਰ ਦੀ ਬਰਾਮਦ ਕਰਕੇ ਸੰਸਾਰ ਮੰਡੀ ਨਾਲ ਜੁੜਨ ਦਾ ਚਾਹਵਾਨ ਹੈ। ਕਿਸਾਨੀ ਦਾ ਇਹ ਹਿੱਸਾ ਸਰਕਾਰ ਵੱਲੋਂ ਮਿਲਣ ਵਾਲੀਆਂ ਖੇਤੀ ਸਹੂਲਤਾਂ ਅਤੇ ਸਬਸਿਡੀਆਂ ਇਕੱਲਿਆਂ ਹੀ ਡਕਾਰ ਜਾਣਾ ਚਾਹੁੰਦਾ ਹੈ। ਕਿਸਾਨੀ ਦਾ ਇਹ ਵਰਗ ਅਨਾਜ ਦੀਆਂ ਕੀਮਤਾਂ ਵਿਚ ਵਾਧਾ ਕਰਵਾਉਣ ਦੀ ਮੰਗ ਸਮੇਂ ਗਰੀਬ ਕਿਸਾਨੀ ਵਰਗ ਨੂੰ ਅਣਡਿਠ ਕਰਕੇ ਸਿਰਫ਼ ਆਪਣੇ ਮੁਨਾਫ਼ੇ ਵਿਚ ਵਾਧਾ ਕਰਨ ਦੀ ਸਿਆਸਤ ਕਰਦਾ ਹੈ।

ਪੰਜਾਬ ਦੇ ਮੌਜੂਦਾ ਦੌਰ ਵਿਚ ਮਜ਼ਦੂਰਾਂ, ਖੇਤ ਮਜ਼ਦੂਰਾਂ, ਮਕਾਨ ਉਸਾਰੀ ਮਜ਼ਦੂਰਾਂ ਆਦਿ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ ਹੈ। ਇਸ ਹਾਲਤ ਵਿਚ ਪੰਜਾਬ ਦਾ ਦਲਿਤ ਮਜ਼ਦੂਰ ਵਰਗ ਬੇਰੁਜ਼ਗਾਰੀ ਦੀ ਮਾਰ ਹੇਠ ਸਭ ਤੋਂ ਵੱਧ ਆਇਆ ਹੈ। ਜਿਥੇ ਇਸ ਨੂੰ ਘੋਰ ਗਰੀਬੀ ਦੀ ਮਾਰ ਸਹਿਣੀ ਪੈਂਦੀ ਹੈ, ਉਥੇ ਇਹ ਜਾਤੀ ਅਪਮਾਨ ਵੀ ਸਹਿੰਦਾ ਹੈ। ਮਸ਼ੀਨੀਕਰਨ ਦੇ ਸਿੱਟੇ ਵਜੋਂ ਇਸ ਵਰਗ ਲਈ ਕੰਮ ਕਰਨ ਦੇ ਮੌਕੇ ਸੀਮਤ ਹੋ ਗਏ ਹਨ। ਖੇਤੀਬਾੜੀ ਵਿਚ ਜ਼ਿਆਦਾ ਕੰਮ ਸੀਜ਼ਨਲ ਹੋਣ ਕਰਕੇ ਦਲਿਤ ਖੇਤ ਮਜ਼ਦੂਰ ਨੂੰ ਆਪਣਾ ਗੁਜ਼ਾਰਾ ਕਰਨ ਲਈ ਖੇਤੀ ਤੋਂ ਬਾਹਰ ਕੰਮ ਦੀ ਤਲਾਸ਼ ਕਰਨੀ ਪੈਂਦੀ ਹੈ। ਭਾਰਤ ਦੇ ਪਿਛੜੇ ਸੂਬਿਆਂ ਵਿਚੋਂ ਪਰਵਾਸੀ ਮਜ਼ਦੂਰਾਂ ਦੇ ਪੰਜਾਬ ਵਿਚ ਆਉਣ ਕਾਰਨ ਸਥਾਨਕ ਦਲਿਤ ਮਜ਼ਦੂਰਾਂ ਲਈ ਰੁਜ਼ਗਾਰ ਦੇ ਮੌਕੇ ਹੋਰ ਵੀ ਘਟ ਰਹੇ ਹਨ। ਸਿੱਟੇ ਵਜੋਂ, ਇਨ੍ਹਾਂ ਵਿਚ ਕਈ ਤਰ੍ਹਾਂ ਦੇ ਵਿਰੋਧ ਤਿੱਖੇ ਹੋ ਰਹੇ ਹਨ। ਇਹ ਵਿਰੋਧ ਜੱਟ ਕਿਸਾਨੀ ਨਾਲ ਵੀ ਹਨ ਅਤੇ ਪਰਵਾਸੀ ਮਜ਼ਦੂਰਾਂ ਨਾਲ ਵੀ। ਜਮਾਤੀ ਚੇਤਨਾ ਦੀ ਘਾਟ ਕਾਰਨ ਇਹ ਵਰਗ ਜਾਤ ਆਧਾਰਿਤ ਸਿਆਸਤ ਦਾ ਸ਼ਿਕਾਰ ਹੋ ਰਿਹਾ ਹੈ। ਧਾਰਮਿਕ ਅਤੇ ਸਿਆਸੀ ਤੌਰ 'ਤੇ ਇਹ ਵਰਗ ਸਿੱਖ ਧਰਮ, ਅਕਾਲੀ ਦਲ ਅਤੇ ਕਾਂਗਰਸ ਤੋਂ ਦੂਰ ਹੁੰਦਾ ਜਾ ਰਿਹਾ ਹੈ ਅਤੇ ਡੇਰਿਆਂ ਦੇ ਚੁੰਗਲ ਵਿਚ ਫਸ ਰਿਹਾ ਹੈ। ਸਿੱਟੇ ਵਜੋਂ ਪੰਜਾਬ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਡੇਰਿਆਂ ਦਾ ਹੜ੍ਹ ਜਿਹਾ ਆ ਗਿਆ।

ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਸਨਅਤੀ ਮਜ਼ਦੂਰਾਂ ਦੀ ਗਿਣਤੀ ਕਾਫ਼ੀ ਵਧ ਰਹੀ ਹੈ। ਇਨ੍ਹਾਂ ਮਜ਼ਦੂਰਾਂ ਵਿਚ ਵੱਡੀ ਗਿਣਤੀ ਪਰਵਾਸੀ ਮਜ਼ਦੂਰਾਂ ਦੀ ਹੈ। ਸਿਆਸੀ ਚੇਤਨਾ ਦੀ ਘਾਟ ਕਾਰਨ ਇਨ੍ਹਾਂ ਮਜ਼ਦੂਰਾਂ ਦਾ ਵਿਰੋਧ ਸਥਾਨਕ ਪੰਜਾਬੀ ਮਜ਼ਦੂਰਾਂ ਨਾਲ ਹੈ। ਸਰਮਾਏਦਾਰ ਜਮਾਤ ਇਨ੍ਹਾਂ ਨੂੰ ਘੱਟ ਮਜ਼ਦੂਰੀ ਦਿੰਦੀ ਹੈ ਅਤੇ ਆਪਣੇ ਵਿਰੁੱਧ ਸੰਘਰਸ਼ ਤੋਂ ਰੋਕਣ ਲਈ ਸਥਾਨਕ ਮਜ਼ਦੂਰਾਂ ਅਤੇ ਕਿਸਾਨੀ ਨਾਲ ਲੜਾਉਂਦੀ ਹੈ। ਹੁਣ ਇਨ੍ਹਾਂ ਵਿਚ ਚੇਤਨਾ ਆਉਣੀ ਸ਼ੁਰੂ ਹੋਈ ਹੈ। ਹੁਣ ਇਹ ਮਜ਼ਦੂਰ ਹੜਤਾਲਾਂ ਅਤੇ ਤਾਲਾਬੰਦੀ ਰਾਹੀਂ ਆਪਣਾ ਸੰਘਰਸ਼ ਚਲਾਉਣ ਲੱਗੇ ਹਨ। ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਵੱਡੇ ਸ਼ਹਿਰਾਂ ਵਿਚਲੇ ਇਹ ਪਰਵਾਸੀ ਮਜ਼ਦੂਰ ਪੰਜਾਬ ਦੀ ਸਿਆਸਤ ਉਪਰ ਆਪਣਾ ਵੱਖਰਾ ਪ੍ਰਭਾਵ ਛੱਡ ਸਕਦੇ ਹਨ।

ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਬਾਅਦ ਪੰਜਾਬ ਦੀ ਛੋਟੀ ਅਤੇ ਹੇਠਲੀ ਮੱਧ-ਵਰਗੀ ਕਿਸਾਨੀ ਦਾ ਵੀ ਆਰਥਿਕ ਤੌਰ 'ਤੇ ਬੁਰਾ ਹਾਲ ਹੋ ਚੁੱਕਾ ਹੈ। ਖੇਤੀ ਭਾਵੇਂ ਇਨ੍ਹਾਂ ਵਰਗਾਂ ਲਈ ਲਾਹੇਵੰਦ ਨਹੀਂ ਰਹੀ, ਫਿਰ ਵੀ ਇਹ ਵਰਗ ਖੇਤੀ ਕਰਨ ਲਈ ਮਜਬੂਰ ਹਨ। ਕਿਸੇ ਹੋਰ ਖੇਤਰ ਵਿਚ ਯੋਗ ਸਿੱਖਿਆ ਅਤੇ ਤਜਰਬਾ ਨਾ ਹੋਣ ਕਾਰਨ ਇਨ੍ਹਾਂ ਦੀਆਂ ਆਰਥਿਕ, ਸਮਾਜਿਕ, ਸਿਆਸੀ ਤੇ ਸੱਭਿਆਚਾਰਕ ਸਮੱਸਿਆਵਾਂ ਵਧ ਰਹੀਆਂ ਹਨ। ਕਿਸਾਨੀ ਦਾ ਇਹ ਵਰਗ ਹੀ ਸਭ ਤੋਂ ਵੱਧ ਆਤਮ-ਹੱਤਿਆਵਾਂ ਕਰ ਰਿਹਾ ਹੈ। ਗਰੀਬ ਕਿਸਾਨੀ ਦੇ ਇਸ ਵਰਗ ਨੂੰ ਪੰਥ ਦੇ ਨਾਂ 'ਤੇ ਅਕਾਲੀ ਦਲ ਆਪਣੇ ਹਿੱਤਾਂ ਅਨੁਕੂਲ ਵਰਤਦਾ ਰਿਹਾ ਹੈ ਪਰ ਆ ਰਹੀਆਂ ਚੋਣਾਂ ਵਿਚ ਕਿਸਾਨੀ ਦੇ ਇਸ ਵਰਗ ਵਿਚੋਂ ਵੱਡਾ ਹਿੱਸਾ ਤੀਜੇ ਮੋਰਚੇ ਵੱਲ ਖਿਸਕ ਸਕਦਾ ਹੈ। ਪੰਜਾਬ ਵਿਚ ਬਣਿਆ ਤੀਜਾ ਮੋਰਚਾ ਹਾਲ ਦੀ ਘੜੀ ਪੰਜਾਬ ਦੀ ਰਾਜਸੱਤਾ ਨੂੰ ਕਬਜ਼ੇ ਵਿਚ ਕਰਨ ਦੀ ਸੂਰਤ ਵਿਚ ਭਾਵੇਂ ਨਹੀਂ ਹੈ ਪਰ ਇਹ ਅਕਾਲੀ ਦਲ (ਬਾਦਲ) ਅਤੇ ਕਾਂਗਰਸ ਨੂੰ ਘੱਟ ਜਾਂ ਵੱਧ ਨੁਕਸਾਨ ਜ਼ਰੂਰ ਪਹੁੰਚਾ ਸਕਦਾ ਹੈ।

ਪੰਜਾਬ ਦਾ ਮੱਧ-ਵਰਗ ਜਿਸ ਵਿਚ ਵੱਡੀ ਗਿਣਤੀ ਵਿਚ ਦਰਮਿਆਨੀ ਕਿਸਾਨੀ, ਮੁਲਾਜ਼ਮ, ਦਰਮਿਆਨਾ ਵਪਾਰੀ ਵਰਗ, ਛੋਟਾ ਕਾਰਖਾਨੇਦਾਰ, ਦੁਕਾਨਦਾਰ ਆਦਿ ਸ਼ਾਮਲ ਹੈ; ਮਾਨਸਿਕ, ਸਿਆਸੀ ਤੇ ਆਰਥਿਕ ਤੌਰ 'ਤੇ ਹਾਕਮ ਜਮਾਤਾਂ ਨਾਲ ਜੁੜਨਾ ਚਾਹੁੰਦਾ ਹੈ। ਇਹ ਵਰਗ ਭਾਵੇਂ ਆਰਥਿਕ ਤੇ ਸਿਆਸੀ ਤੌਰ 'ਤੇ ਹਾਕਮ ਜਮਾਤਾਂ ਹੱਥੋਂ ਕਾਫ਼ੀ ਮਾਰ ਖਾਂਦਾ ਹੈ ਪਰ ਇਹ ਕਦੇ ਕਾਂਗਰਸ ਅਤੇ ਕਦੇ ਅਕਾਲੀ ਦਲ-ਬੀ.ਜੇ.ਪੀ. ਪਾਰਟੀਆਂ ਵੱਲ ਝੁਕ ਜਾਂਦਾ ਹੈ। ਇਸ ਦੀ ਮਾਨਸਿਕਤਾ ਸਿਆਸੀ ਦੁਬਿਧਾ ਦਾ ਸ਼ਿਕਾਰ ਰਹਿੰਦੀ ਹੈ। ਇਸ ਵਰਗ ਦੇ ਹੱਥਾਂ ਵਿਚ ਪੈਦਾਵਾਰੀ ਸਾਧਨਾਂ ਦੀ ਥੋੜ੍ਹੀ ਬਹੁਤ ਮਾਲਕੀ ਹੋਣ ਕਾਰਨ ਇਹ ਆਪਣੇ ਤੋਂ ਹੇਠਲੇ ਵਰਗਾਂ ਦੀ ਲੁੱਟ-ਖਸੁੱਟ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਪੰਜਾਬ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ ਅਤੇ ਸਿਆਸਤ ਨੂੰ ਮਕਬੂਲ ਅਤੇ ਪਕੇਰਾ ਕਰਨ ਲਈ ਇਸ ਵਰਗ ਦਾ ਵਡੇਰਾ ਯੋਗਦਾਨ ਹੈ। ਇਸ ਵਰਗ ਦੀ ਸਿਆਸੀ ਸਰਗਰਮੀ ਸਰਕਾਰਾਂ ਬਣਾਉਣ ਅਤੇ ਉਲਟਾਉਣ ਵਿਚ ਅਹਿਮ ਰੋਲ ਅਦਾ ਕਰਦੀ ਹੈ। ਦਰਮਿਆਨੀ ਕਿਸਾਨੀ ਨੇ ਪੰਜਾਬ ਦੀਆਂ ਪਿਛਲੀਆਂ ਸਿਆਸੀ ਲਹਿਰਾਂ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ। ਭਵਿੱਖ ਵਿਚ ਵੀ ਇਹ ਵਰਗ ਸਰਕਾਰਾਂ ਬਣਾਉਣ ਅਤੇ ਬਦਲਣ ਵਿਚ ਮੁੱਖ ਭੂਮਿਕਾ ਨਿਭਾਵੇਗਾ।

ਪੰਜਾਬ ਦੀ ਸਿਆਸਤ ਵਿਚੋਂ ਅੱਜ ਭਾਵੇਂ ਧਾਰਮਿਕ ਮੂਲਵਾਦ ਅਤੇ ਕੇਂਦਰ ਨਾਲ ਤਣਾਅ ਵਿਚ ਕਮੀ ਆਈ ਹੈ ਪਰ ਵੱਖ-ਵੱਖ ਪਾਰਟੀਆਂ ਵਿਚ ਮੌਕਾਪ੍ਰਸਤੀ ਅਤੇ ਗਰੁੱਪਬਾਜ਼ੀ ਦੀ ਸਿਆਸਤ ਵਧੀ ਹੈ। ਕਾਰਪੋਰੇਟ ਤੋਂ ਕਮਿਸ਼ਨ ਅਤੇ ਰਿਸ਼ਵਤਾਂ ਦੇ ਲਾਲਚ ਵਿਚ ਕਾਂਗਰਸ ਅਤੇ ਅਕਾਲੀ ਦਲ-ਬੀ.ਜੇ.ਪੀ. ਸਰਕਾਰਾਂ ਵੱਲੋਂ ਵਿਕਾਸ ਦੇ ਨਾਂ ਤੇ ਪੰਜਾਬ ਦੇ ਜਲ, ਜਲਵਾਯੂ ਅਤੇ ਜਵਾਨੀ ਦਾ ਘਾਣ ਕੀਤਾ ਜਾ ਰਿਹਾ ਹੈ। ਪੰਜਾਬੀ ਭਾਸ਼ਾ, ਸਭਿਆਚਾਰ, ਸਾਹਿਤ, ਸਿਹਤ ਆਦਿ ਦੇ ਮੁੱਦੇ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੀ ਸਿਆਸਤ ਵਿਚੋਂ ਲਗਭਗ ਗਾਇਬ ਹੋ ਚੁੱਕੇ ਹਨ। ਸਰਕਾਰਾਂ ਦੀਆਂ ਨਵ-


*(ਬਾਕੀ ਸਫਾ 27 'ਤੇ)*

# ਦੋ ਕਰੋੜ ਦਾ ਕਸੀਦਾ

ਸਵਾਲ ਸੰਵਾਦ

ਦਲਜੀਤ ਅਮੀ

ਫੋਨ:+91-97811-21873



ਖ਼ੁਰਾਕ ਮਨੁੱਖ ਦਾ ਪਹਿਲਾ ਅਤੇ ਖੇਡ ਮਨੁੱਖ ਦਾ ਉੱਤਮ ਸਕੂਨ ਹੈ। ਖੇਡ ਮਨੁੱਖੀ 'ਮਨ ਕੇ ਚਾਅ' ਦਾ ਜ਼ਾਹਰਾ ਰੂਪ ਹੈ। ਪੰਜਾਬੀਆਂ ਦੇ 'ਮਨ ਕੇ ਚਾਅ' ਦੀ ਨੁਮਾਇੰਦਗੀ ਕਰਨ ਵਾਲੀ ਕਬੱਡੀ ਨੂੰ ਕੱਖਾਂ ਤੋਂ ਕਰੋੜਾਂ ਦੀ ਕਰਨ ਦਾ 'ਸਿਹਰਾ' ਗਾਉਣ ਵਾਲਿਆਂ ਦੀ ਅਕਲ ਦਾ ਇਮਤਿਹਾਨ ਕਿਹੜਾ ਇਤਿਹਾਸ ਲਵੇਗਾ? ਸ਼ਾਹਰੁਖ਼ ਖ਼ਾਨ ਨੇ ਆਪਣੀ ਫ਼ਿਲਮ 'ਰਾ-ਵਨ' ਦੇ ਇਸ਼ਤਿਹਾਰ ਨਾਲ ਦੂਜੇ ਪਰਲਜ਼ ਵਿਸ਼ਵ ਕਬੱਡੀ ਕੱਪ-2011 ਦਾ ਉਦਘਾਟਨ ਕੀਤਾ। ਅਕਸ਼ੈ ਕੁਮਾਰ ਨੇ ਆਪਣੀ ਫ਼ਿਲਮ 'ਦੇਸੀ ਬੁਆਇਜ਼' ਦੇ ਇਸ਼ਤਿਹਾਰ ਨਾਲ ਸਮਾਪਤੀ ਸਮਾਗਮ ਨੂੰ ਸਿਖ਼ਰ ਉੱਤੇ ਪਹੁੰਚਾਇਆ। ਟੈਲੀਵਿਜ਼ਨ ਦੇ ਕਸੀਦਾਕਾਰਾਂ ਨੇ ਅਗਲੇ ਸਾਲ ਆਉਂਦੇ 'ਅਸਲੀ' ਮੁਕਾਬਲੇ ਦੀ ਦੁਹਾਈ ਦਿੱਤੀ ਅਤੇ ਬਿਨਾ ਬੋਲੇ ਕਬੱਡੀ ਦੇ ਮੁਕਾਬਲੇ ਨੂੰ 'ਨਕਲੀ' ਕਰਾਰ ਦਿੱਤਾ। ਖਿਡਾਰੀਆਂ ਨੇ ਚੰਗੇ ਜੌਹਰ ਦਿਖਾਏ। ਮੌਜੂਦਾ ਦੌਰ ਵਿਚ ਖੇਡ ਮੈਦਾਨ ਵਿਚੋਂ ਸਿਆਸਤ ਦੇ ਮੂੰਹਜ਼ੋਰ ਪ੍ਰਗਟਾਵੇ ਨੂੰ ਨੈਤਿਕ, ਸਮਾਜਿਕ, ਵਿਰਾਸਤੀ ਅਤੇ ਮਨੁੱਖੀ ਪੈਂਤੜੇ ਤੋਂ ਪਰਖਣਾ ਕੁਥਾਂ ਜਾਪ ਸਕਦਾ ਹੈ। ਜੇ ਯੂਰਪੀ ਫੁੱਟਬਾਲ ਕੱਪ ਦੀ ਮੇਜ਼ਬਾਨੀ ਬਦਲੇ ਯੂਕਰੇਨ ਨੂੰ ਯੂਰਪੀ ਯੂਨੀਅਨ ਵਿਚ ਸ਼ੁਮਾਰ ਕੀਤੇ ਜਾਣ ਦੀ ਗੱਲ ਚੱਲ ਸਕਦੀ ਹੈ ਜਾਂ ਇੰਗਲੈਂਡ, ਓਲਪਿੰਕ ਖੇਡਾਂ ਦੀ ਕਾਮਯਾਬੀ ਨਾਲ ਇਰਾਕ ਵਿਚ ਹੋਈ ਪਸ਼ੇਮਾਨੀ ਦਾ ਦਾਗ਼ ਧੋਣ ਬਾਬਤ ਸੋਚ ਸਕਦਾ ਹੈ ਤਾਂ ਬਾਦਲਕੇ ਕਬੱਡੀ ਦੀ 'ਆਲਮੀ' ਪ੍ਰਾਪਤੀ ਦੇ 'ਇਨਾਮ' ਵਿਚ ਵੋਟਾਂ ਤਾਂ ਮੰਗ ਹੀ ਸਕਦੇ ਹਨ।

ਮੌਜੂਦਾ ਖੇਡ ਮੇਲਿਆਂ ਦਾ ਖ਼ਾਸਾ ਖੇਡ ਮੈਦਾਨ ਦੀਆਂ ਕਦਰਾਂ-ਕੀਮਤਾਂ ਅਤੇ ਖੇਡ-ਭਾਵਨਾ ਨਾਲ ਮੇਲ ਨਹੀਂ ਖਾਂਦਾ। ਸਰਕਾਰੀ ਸਰਪ੍ਰਸਤੀ ਵਿਚ ਹੁੰਦੇ ਖੇਡ ਮੇਲਿਆਂ ਦੇ ਖ਼ਾਸੇ ਨੂੰ ਰਾਜਤੰਤਰ ਦੇ ਖ਼ਾਸੇ ਨਾਲ ਜੋੜ ਕੇ ਹੀ ਸਮਝਿਆ ਜਾ ਸਕਦਾ ਹੈ। ਪਿਛਲੇ ਕਈ ਸਾਲਾਂ ਤੋਂ ਖੇਡ ਮੇਲਿਆਂ ਦਾ ਸਿਆਸੀ-ਅਰਥਚਾਰਾ ਲਗਾਤਾਰ ਸਵਾਲਾਂ ਦੇ ਘੇਰੇ ਵਿਚ ਹੈ। ਗਰੀਸ ਦੀ ਮੌਜੂਦਾ ਮੰਦੀ ਦੀਆਂ ਜੜ੍ਹਾਂ 2004 ਦੀਆਂ ਏਥਨਜ਼ ਓਲੰਪਿਕ ਖੇਡਾਂ ਵਿਚ ਲੱਗੀਆਂ ਹੋਈਆਂ ਹਨ। ਦੱਖਣੀ ਅਫ਼ਰੀਕਾ ਦੇ ਵਿਦੇਸ਼ੀ ਕਰਜ਼ੇ ਦਾ ਵੱਡਾ ਹਿੱਸਾ ਫੁੱਟਬਾਲ ਦਾ ਆਲਮੀ ਕੱਪ ਹੈ। ਯੂਕਰੇਨ ਦੇ ਅਰਥਚਾਰੇ ਦੀਆਂ ਚੂਲਾਂ ਯੂਰਪੀ ਫੁੱਟਬਾਲ ਕੱਪ ਨਾਲ ਹਿੱਲੀਆਂ ਹਨ। ਭਾਰਤ ਵਿਚ ਰਾਸ਼ਟਰਮੰਡਲ ਖੇਡਾਂ ਦੇ ਹਵਾਲੇ ਨਾਲ ਫੈਲਿਆ ਭ੍ਰਿਸ਼ਟਾਚਾਰ ਘਪਲੇਬਾਜ਼ਾਂ ਦੇ ਹਵਾਲੇ ਨਾਲ ਵਿਚਾਰਿਆ ਗਿਆ ਹੈ ਪਰ ਇਸ ਨੂੰ ਆਵਾਮੀ ਪੈਂਤੜੇ ਤੋਂ ਸਮਝਣਾ ਬਾਕੀ ਹੈ। ਇਸੇ ਦੌਰਾਨ ਭਾਰਤੀ ਕ੍ਰਿਕਟ ਕੰਟਰੋਲ ਬੋਰਡ, ਫੀਫਾ ਅਤੇ ਇਟਾਲੀਅਨ ਫੁੱਟਬਾਲ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਚਰਚਾ ਲਗਾਤਾਰ ਹੁੰਦੀ ਰਹਿੰਦੀ ਹੈ। ਕਾਰਗੁਜ਼ਾਰੀ ਵਧਾਉਣ ਲਈ ਵਰਤੀਆਂ ਜਾਂਦੀਆਂ ਪਾਬੰਦੀਸ਼ੁਦਾ ਦਵਾਈਆਂ ਦਾ ਮਸਲਾ ਨੈਸ਼ਨਲ ਐਂਟੀ ਡੋਪਿੰਗ ਐਸੋਸੀਏਸ਼ਨ (ਨਾਡਾ) ਅਤੇ ਵਰਲਡ ਐਂਟੀ ਡੋਪਿੰਗ ਐਸੋਸੀਏਸ਼ਨ (ਵਾਡਾ) ਦੇ ਹਵਾਲੇ ਨਾਲ ਅਖ਼ਬਾਰਾਂ ਦੀ ਸੁਰਖ਼ੀਆਂ ਵਿਚ ਕਾਇਮ ਰਹਿੰਦਾ ਹੈ। ਇਸ ਤੋਂ ਬਿਨਾਂ ਸੱਟਾਬਾਜ਼ਾਰੀ ਅਤੇ ਖਿਡਾਰੀਆਂ ਦੇ ਇਖ਼ਲਾਕੀ ਮਾਮਲੇ ਅਦਾਲਤੀ ਕਾਰਵਾਈਆਂ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਹਾਲਾਤ ਵਿਚ ਦੂਜੇ ਪਰਲਜ਼ ਵਰਲਡ ਕਬੱਡੀ ਕੱਪ-2011 ਦਾ ਲੇਖਾ-ਜੋਖਾ ਸਮੁੱਚੇ ਰੁਝਾਨ ਨੂੰ ਸਮਝਣ ਵਿਚ ਸਹਾਈ ਹੋ ਸਕਦਾ ਹੈ।


ਸੂਚਨਾ ਦੇ ਅਧਿਕਾਰ ਤਹਿਤ ਪਿਛਲੇ ਸਾਲ ਦੇ ਕਬੱਡੀ ਖੇਡ ਮੇਲੇ ਬਾਬਤ ਮਿਲੀ ਜਾਣਕਾਰੀ ਉੱਤੇ ਬਣੀਆਂ ਖ਼ਬਰਾਂ ਮੁਤਾਬਕ ਜ਼ਿਆਦਾਤਰ ਖ਼ਰਚਾ ਨਿੱਜੀ ਕਾਰੋਬਾਰੀਆਂ ਵੱਲੋਂ ਕੀਤਾ ਗਿਆ ਸੀ। ਇਸ਼ਤਿਹਾਰਾਂ ਅਤੇ ਸਪੌਂਸਰਸ਼ਿਪ ਵਜੋਂ ਇਕੱਠੀ ਹੋਈ ਰਕਮ ਨਾਲ ਇਹ ਖੇਡ ਮੁਕਾਬਲਾ ਕਰਵਾਇਆ ਗਿਆ। ਇਸ ਵਾਰ ਵੀ ਇਸੇ ਤਰ੍ਹਾਂ ਹੋਇਆ ਹੈ। ਇਸ ਵਿਸ਼ਵ ਕਬੱਡੀ ਕੱਪ ਦੇ ਨਾਮ ਅੱਗੇ ਅਗੇਤਰ ਦੇ ਰੂਪ ਵਿਚ ਜੁੜੀ 'ਪਰਲਜ਼' ਰੀਅਲ ਅਸਟੇਟ ਕੰਪਨੀ ਹੈ। ਇਸ ਦਾ ਵੰਨ-ਸਵੰਨੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਇਮਾਰਤਾਂ ਦਾ ਕਾਰੋਬਾਰ ਕਈ ਸੂਬਿਆਂ ਵਿਚ ਫੈਲਿਆ ਹੋਇਆ ਹੈ। ਇਸ ਤੋਂ ਬਾਅਦ ਹੋਰ ਮੁਕਾਮੀ, ਕੌਮੀ ਅਤੇ ਕੌਮਾਂਤਰੀ ਕੰਪਨੀਆਂ ਨੇ ਇਸ ਖੇਡ ਮੇਲੇ ਦੀ ਇਸ਼ਤਿਹਾਰ ਨਾਲ ਸਰਪ੍ਰਸਤੀ ਕੀਤੀ। ਇਹ ਕੌਮਾਂਤਰੀ ਰੁਝਾਨ ਹੈ ਕਿਉਂਕਿ ਸਰਕਾਰਾਂ ਦਾ ਕੰਮ ਖੇਡ ਮੇਲਿਆਂ ਲਈ ਢਾਂਚਾਗਤ ਸਹੂਲਤਾਂ ਅਤੇ ਸਰਕਾਰੀ ਮਹਿਕਮਿਆਂ ਦੀ ਮਾਹਰਾਨਾ ਨਿਗਰਾਨੀ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ। ਢਾਂਚੇ ਵਿਚ ਪੱਕੀਆਂ ਉਸਾਰੀਆਂ ਕਰਨ ਦਾ ਖ਼ਰਚ ਸਰਕਾਰਾਂ ਸਿਰ ਪੈਂਦਾ ਹੈ ਜਿਸ ਬਾਬਤ ਕੌਮਾਂਤਰੀ ਪੱਧਰ ਉੱਤੇ ਲਗਾਤਾਰ ਸਵਾਲ ਹੋ ਰਹੇ ਹਨ। ਜਦੋਂ ਪੱਕੀਆਂ ਉਸਾਰੀਆਂ ਇਨ੍ਹਾਂ ਖੇਡ ਮੇਲਿਆਂ ਤੋਂ ਬਿਨਾਂ ਜ਼ਿਆਦਾ ਕੰਮ ਨਹੀਂ ਆਉਂਦੀਆਂ ਤਾਂ ਇਨ੍ਹਾਂ ਦਾ ਕੰਮ ਨੁਮਾਇਸ਼ ਤੱਕ ਮਹਿਦੂਦ ਹੋ ਜਾਂਦਾ ਹੈ। ਇਸੇ ਰਕਮ ਨਾਲ ਖੇਡ ਸੱਭਿਆਚਾਰ ਦੀ ਉਸਾਰੀ ਲਈ ਜ਼ਿਆਦਾ ਸਹੂਲਤਾਂ ਦੀ ਉਸਾਰੀ ਹੋ ਸਕਦੀ ਹੈ ਜੋ ਲਗਾਤਾਰ ਆਵਾਮ ਦੇ ਕੰਮ ਆ ਸਕਦੀਆਂ ਹਨ। ਇਸ ਤਰ੍ਹਾਂ ਸਰਕਾਰੀ ਪੈਸਾ ਨੁਮਾਇਸ਼ੀ ਕੰਮਾਂ ਉੱਤੇ ਖ਼ਰਚ ਹੁੰਦਾ ਹੈ ਅਤੇ ਕਾਰੋਬਾਰੀ ਰਿਆਇਤਾਂ ਤੇ ਛੋਟਾਂ ਰਾਹੀਂ ਆਪਣਾ ਮੁਨਾਫ਼ਾ ਵਧਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਇਹ ਧਾਰਨਾ ਆਲਮੀ ਪੱਧਰ ਉੱਤੇ ਪੱਕੇ ਪੈਰੀਂ ਹੋ ਚੁੱਕੀ ਹੈ ਕਿ ਨਿੱਜੀ ਮੁਨਾਫ਼ੇ ਦੀ ਸਰਕਾਰੀ ਸਰਪ੍ਰਸਤੀ ਲਈ ਖੇਡ ਮੇਲਿਆਂ ਦਾ ਖ਼ਾਸਾ ਬਦਲ ਦਿੱਤਾ ਗਿਆ ਹੈ।

ਅਖ਼ਬਾਰਾਂ ਅਤੇ ਟੈਲੀਵਿਜ਼ਨਾਂ ਬਾਬਤ ਵਿਦਵਾਨਾਂ ਨੇ ਇਹ ਸਮਝ ਉਸਾਰ ਦਿੱਤੀ ਹੈ ਕਿ ਇਸ਼ਤਿਹਾਰ ਇਨ੍ਹਾਂ ਦੀ ਚੋਣ ਅਤੇ ਸੰਪਾਦਕੀ ਵਿਚ ਠੋਸ ਦਖ਼ਲਅੰਦਾਜ਼ੀ ਕਰਦੇ ਹਨ। ਜਗਿਆਸੂ ਮਨੁੱਖ ਨੂੰ 'ਜਾਣਕਾਰੀ' ਵਿਚ ਲਪੇਟ ਕੇ ਸੀਲ ਖਪਤਕਾਰ ਹੋਣ ਦੀ ਗੁੜਤੀ ਦਿੱਤੀ ਜਾਂਦੀ ਹੈ। ਮੀਡੀਆ ਪ੍ਰਬੰਧਕਾਂ ਨੇ ਆਪਣੇ ਪਾਠਕਾਂ, ਦਰਸ਼ਕਾਂ ਅਤੇ ਸਰੋਤਿਆਂ ਨੂੰ ਇਸ਼ਤਿਹਾਰਾਂ ਦੀ ਝੋਲੀ ਪਾ ਦਿੱਤਾ ਹੈ। ਇਸ ਰੁਝਾਨ ਦੀ ਅਗਲੀ ਕੜੀ ਤਿੱਥ, ਤਿਓਹਾਰ ਅਤੇ ਸਮਾਜਿਕ ਸਮਾਗਮ ਹਨ। ਇਨ੍ਹਾਂ ਸਾਰੇ ਮੌਕਿਆਂ ਦੀ ਪਛਾਣ ਸੌਗਾਤਾਂ, ਕੈਮਰਿਆਂ ਅਤੇ ਨੁਮਾਇਸ਼ ਨਾਲ ਜੋੜ ਕੇ 'ਚਾਅ' ਦੀ ਥਾਂ ਖਪਤਕਾਰੀ ਭਰੀ ਜਾ ਰਹੀ ਹੈ। ਰੱਖੜੀ ਵਿਚ ਭਾਵਨਾ ਦੀ ਥਾਂ 'ਕੀਮਤ' ਅਹਿਮ ਹੋ ਗਈ ਹੈ। ਬਾਦਲਕਿਆਂ ਦਾ ਖੇਡ ਮੇਲਾ ਇਸੇ ਰੁਝਾਨ ਦੀ ਅਗਲੀ ਕੜੀ ਵਜੋਂ ਵੇਖਿਆ ਜਾ ਸਕਦਾ ਹੈ। ਪੰਜਾਬੀਆਂ ਦੀ ਭਾਵੁਕ ਰਗ ਨੂੰ ਸਿਆਸੀ ਲਾਹੇ ਅਤੇ ਨਿੱਜੀ ਮੁਨਾਫ਼ੇ ਦੀ ਝੋਲੀ ਪਾਉਣ ਦਾ ਕੰਮ ਕਸੀਦਾਕਾਰਾਂ (ਟੈਲੀਵਿਜ਼ਨ ਦੇ ਟਿੱਪਣੀਕਾਰ, ਗਾਇਕ ਅਤੇ ਮੰਚ ਸੰਚਾਲਕ) ਨੇ ਕੀਤਾ ਹੈ। 'ਰਾ-ਵਨ' ਦਾ ਖੇਡ ਭਾਵਨਾ ਜਾਂ ਖੇਡ ਸੱਭਿਆਚਾਰ ਨਾਲ ਕੋਈ ਰਾਬਤਾ ਨਹੀਂ ਹੈ। ਇਸ ਦੀ ਕਹਾਣੀ ਮਨੁੱਖੀ ਜ਼ਿੰਦਗੀ ਦੀ ਹਕੀਕਤ ਨਾਲ ਨਹੀਂ ਸਗੋਂ ਕੰਪਿਊਟਰ ਦੀ ਸਿਰਜੀ ਮਨਸੂਈ ਹਕੀਕਤ (ਵਰਚੂਅਲ ਰਿਐਲਟੀ) ਨਾਲ ਜੁੜੀ ਹੋਈ ਹੈ। ਦੂਜੇ ਪਾਸੇ 'ਦੇਸੀ ਬੁਆਇਜ਼' ਨੂੰ ਭਾਰਤ ਸੈਂਸਰ ਬੋਰਡ ਬੱਚਿਆਂ ਦੇ ਦੇਖਣ ਲਾਇਕ ਵੀ ਨਹੀਂ ਮੰਨਦਾ। ਇਸ ਨੂੰ 'ਏ' ਸਰਟੀਫਿਕੇਟ (ਸਿਰਫ਼ ਬਾਲਗਾਂ ਲਈ) ਜਾਰੀ ਹੋਇਆ ਹੈ। ਸ਼ਾਹਰੁਖ਼ ਖ਼ਾਨ ਅਤੇ ਅਕਸ਼ੈ ਕੁਮਾਰ ਨੇ ਆਪਣੀਆਂ ਫ਼ਿਲਮਾਂ ਦੀ ਮਸ਼ਹੂਰੀ ਤੋਂ ਇਲਾਵਾ ਸਿਰਫ਼ ਬਾਦਲਕਿਆਂ ਦੇ ਸੋਹਲੇ ਗਾਏ। ਅਕਸ਼ੈ ਕੁਮਾਰ ਨੇ ਪਹਿਲਾਂ ਮੋਟਰਸਾਈਕਲ ਉੱਤੇ ਪਹਿਲਵਾਨੀ ਚੱਕਰ ਲਗਾਇਆ ਜੋ 'ਦੇਸੀ ਬੁਆਇਜ਼' ਵਿਚ ਉਸ ਦੇ ਕਿਰਦਾਰ ਦਾ ਹਿੱਸਾ ਹੈ। ਇਸ ਤੋਂ ਬਾਅਦ ਉਸ ਨੇ ਦੀਪਿਕਾ ਪਾਦੂਕੋਨ ਅਤੇ ਚਿਤਰਾਂਗਦਾ ਸਿੰਘ ਨਾਲ ਦਰਸ਼ਕਾਂ ਨੂੰ ਫ਼ਿਲਮ ਦੇਖਣ ਲਈ ਸੱਦਾ ਦਿੱਤਾ। ਸੁਖਬੀਰ ਬਾਦਲ ਨਾਲ ਕਾਰ ਵਿਚ ਸਟੇਡੀਅਮ ਦਾ ਪਹਿਲਵਾਨੀ ਗੇੜਾ ਲਗਾਇਆ। ਪਹਿਲੇ ਗੇੜੇ ਨਾਲ ਦੂਜਾ ਗੇੜਾ ਮੁਫ਼ਤ ਹੋਏਗਾ। ਇਹ ਸਵਾਲ ਤਾਂ ਪੱਤਰਕਾਰਾਂ ਨੂੰ ਪੁੱਛਿਆ ਜਾਣਾ ਜਾਇਜ਼ ਹੀ ਹੋਵੇਗਾ ਕਿ ਇਸ ਵਿਚ ਮਨੋਰੰਜਨ ਕਿੱਥੇ ਸੀ? ਪੰਜਾਬ ਦੇ ਸਿਆਸਤਦਾਨ ਕਬੱਡੀ ਦੇਖਣ ਆਏ ਪੰਜਾਬੀਆਂ ਨੂੰ ਫ਼ਿਲਮ ਮੰਡੀ ਦੀ ਝੋਲੀ ਕਿਉਂ ਪਾ ਰਹੇ ਸਨ?


'ਪੰਜਾਬੀਆਂ ਦੀ ਸ਼ਾਨ ਵੱਖਰੀ' ਦਾ ਗਾਇਨ ਬਹੁਤ ਹੋਇਆ। 'ਸ਼ੇਰਾਂ ਦੀ ਕੌਮ ਪੰਜਾਬੀ' ਅਤੇ 'ਸਿੰਘ ਇਜ਼ ਕਿੰਗ' ਦਾ ਜਾਪ ਰੋਕਣ ਦੀਆਂ ਬੇਨਤੀਆਂ ਤਾਂ ਕਸੀਦਾਕਾਰਾਂ ਨੂੰ ਵੀ ਕਰਨੀਆਂ ਪਈਆਂ। ਪੰਜਾਬੀਆਂ ਦਾ ਫ਼ਿਲਮਸਾਜ਼ ਮਨਮੋਹਨ ਸਿੰਘ ਵਾਰ-ਵਾਰ ਕਹਿੰਦਾ ਹੈ ਕਿ ਪੰਜਾਬੀ ਦਰਸ਼ਕਾਂ ਦੇ ਮਿਆਰ ਕਾਰਨ ਵਿਸ਼ਾਮੁਖੀ ਚੰਗੀਆਂ ਫ਼ਿਲਮਾਂ ਨਹੀਂ ਬਣ ਸਕਦੀਆਂ। ਹਰਭਜਨ ਮਾਨ ਹੁਰਾਂ ਨੇ ਲੁਧਿਆਣੇ ਦੇ ਗੁਰੂ ਨਾਨਕ ਸਟੇਡੀਅਮ ਵਿਚ ਬਾਬੂ ਸਿੰਘ ਮਾਨ ਦਾ ਲਿਖਿਆ ਲੋਕ ਗੀਤ ਸੁਣਾ ਕੇ ਪੰਜਾਬੀਆਂ ਅਤੇ ਕਬੱਡੀ ਦੀ ਸਿਫ਼ਤ ਕੀਤੀ। 'ਅਸਲੀ' ਮੁਕਾਬਲੇ ਦੀ ਤਿਆਰੀ ਦਾ ਸੱਦਾ ਦਿੱਤਾ। ਬਾਪੂ ਕਰਨੈਲ ਸਿੰਘ ਪਾਰਸ ਦੀ ਸ਼ਗਿਰਦੀ ਕਰਨ ਵਾਲੇ ਹਰਭਜਨ ਮਾਨ ਨੂੰ ਇਹ ਪਤਾ ਹੈ ਕਿ 'ਲੋਕ ਗੀਤ' ਅਤੇ ਗੀਤ ਵਿਚ ਕੀ ਫ਼ਰਕ ਹੁੰਦਾ ਹੈ। ਬਾਬੂ ਸਿੰਘ ਮਾਨ ਦਾ ਲਿਖਿਆ 'ਲੋਕ ਗੀਤ' ਪੰਜਾਬੀਆਂ ਦੇ ਨੀਵੇਂ ਮਿਆਰ ਦੀ ਨਿਸ਼ਾਨੀ ਹੈ ਜਾਂ ਕਾਰੋਬਾਰੀ ਮੰਤਰ? ਹਰਭਜਨ ਮਾਨ ਤੋਂ ਬਾਅਦ ਸਤਿੰਦਰ ਸੱਤੀ, ਰਾਜ ਬਰਾੜ ਜਾਂ ਇੰਗਲੈਂਡ ਦੇ ਮੁੰਡਿਆਂ ਤੋਂ ਪੰਜਾਬੀਆਂ ਨਾਲ ਸੁਹਿਰਦ ਹੋ ਕੇ ਨਿਭਣ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ? ਜਦੋਂ ਖਿਡਾਰੀਆਂ ਦੀ ਥਾਂ ਖੇਡ ਮੈਦਾਨ ਦਾ ਗੇੜਾ 'ਕਲਾਕਾਰ' ਲਗਾਉਂਦੇ ਹਨ ਤਾਂ ਸਰਕਾਰੀ ਤਰਜੀਹ ਦਾ ਖੁਲਾਸਾ ਕਰਨ ਦੀ ਲੋੜ ਨਹੀਂ ਰਹਿ ਜਾਂਦੀ। ਇਨ੍ਹਾਂ ਹਾਲਾਤ ਵਿਚ 'ਪੰਜਾਬੀਆਂ ਦੀ ਸ਼ਾਨ ਵੱਖਰੀ', 'ਸ਼ੇਰਾਂ ਦੀ ਕੌਮ ਪੰਜਾਬੀ' ਅਤੇ 'ਸਿੰਘ ਇਜ਼ ਕਿੰਗ' ਦਾ ਗਾਇਨ ਪੰਜਾਬੀ ਬੰਦੇ ਦੀ ਬੰਦਿਆਈ ਨੂੰ ਰੱਦ ਕਰਕੇ ਕਿਸੇ ਖਰੂਦੀ ਗ਼ੈਰ-ਸਮਾਜਿਕ ਬੰਦੇ ਦੀ ਪਿੱਠ ਠੋਕਦਾ ਹੈ। 'ਨੀਵੇਂ ਬੌਧਿਕ ਮਿਆਰ' ਦੇ ਹਾਣ ਦਾ ਹੋਣ ਲਈ 'ਕਲਾਕਾਰ' ਇਮਤਿਹਾਨ ਦੇ ਰਹੇ ਹਨ।

ਪੰਜਾਬੀਆਂ ਦੀ ਮੋਟੀ ਮੱਤ ਦੇ ਕਿੱਸੇ ਬਥੇਰੇ ਹਨ ਜਿਨ੍ਹਾਂ ਦੀਆਂ ਜੜ੍ਹਾਂ 'ਖਾਧਾ ਪੀਤਾ ਲਾਹੇ ਦਾ...' ਨਾਲ ਜੁੜ ਜਾਂਦੀਆਂ ਹਨ। ਇਸ ਥਾਂ ਪੰਜਾਬੀ ਦੇ ਇਤਿਹਾਸ ਵਿਚ ਦਰਜ ਭਲਵਾਨਾਂ ਅਤੇ ਕਲਾਕਾਰਾਂ ਦਾ ਬੇਮਿਸਾਲ ਰਿਸ਼ਤਾ ਯਾਦ ਕਰਨਾ ਲਾਜ਼ਮੀ ਹੈ। ਪੰਜਾਬੀਆਂ ਦੇ ਚੇਤਿਆਂ ਵਿਚ ਗਾਮਾ ਭਲਵਾਨ ਖ਼ੁਸ਼ੀ ਦਾ ਅਹਿਸਾਸ ਸੱਜਰਾ ਕਰਨ ਦਾ ਸਬੱਬ ਬਣਦਾ ਹੈ। ਉਸ ਦੀ ਭਲਵਾਨੀ ਦੇ ਕਿੱਸੇ ਬਹੁਤ ਹਨ ਪਰ ਇਹ ਕੁਝ ਵੱਖਰਾ ਹੈ। ਜਦੋਂ ਲਾਹੌਰ ਵਿਚ ਆਧੁਨਿਕ ਚਿੱਤਰਕਾਰੀ ਅਤੇ ਬੁੱਤਸਾਜ਼ੀ ਦੀ ਪੜ੍ਹਾਈ ਸ਼ੁਰੂ ਹੋਈ ਤਾਂ ਮਾਇਓ ਸਕੂਲ ਆਫ਼ ਆਰਟਸ ਬਹੁਤ ਅਹਿਮ ਸੀ। ਚਿੱਤਰਕਾਰੀ ਅਤੇ ਬੁੱਤਸਾਜ਼ੀ ਇਕੋ ਵੇਲੇ ਦ੍ਰਿੜਤਾ ਅਤੇ ਕੋਮਲਤਾ ਦੀ ਮੰਗ ਕਰਦੇ ਹਨ। ਇਕੋ ਗ਼ਲਤੀ ਨਾਲ ਪੱਥਰ ਵਿਚੋਂ ਉਭਰਦਾ ਬੁੱਤ ਹੱਥੋਂ ਨਿਕਲ ਜਾਂਦਾ ਹੈ। ਵਿਦਿਆਰਥੀਆਂ ਦੇ ਅਧਿਐਨ ਲਈ ਕਿਸੇ (ਮਾਡਲ) ਨੂੰ ਲਗਾਤਾਰ ਉਨ੍ਹਾਂ ਦੇ ਸਾਹਮਣੇ ਬੈਠਣਾ ਜਾਂ ਖੜ੍ਹਨਾ ਪੈਂਦਾ ਹੈ। ਮਾਇਓ ਸਕੂਲ ਆਫ਼ ਆਰਟ ਦੇ ਵਿਦਿਆਰਥੀਆਂ ਸਾਹਮਣੇ ਬੈਠਣ ਵਾਲਿਆਂ ਵਿਚ ਗਾਮਾ ਸ਼ਾਮਿਲ ਸੀ। ਬੀ.ਸੀ. ਸਾਨਿਆਲ ਨੇ ਗਾਮੇ ਦਾ ਬੁੱਤ ਬਣਾਉਣ ਦਾ ਫ਼ੈਸਲਾ ਕੀਤਾ। ਧਾਤ ਵਿਚ ਢਾਲਣ ਤੋਂ ਪਹਿਲਾਂ ਮਿੱਟੀ ਦਾ ਬੁੱਤ ਬਣਦਾ ਹੈ। ਗਾਮਾ ਲਗਾਤਾਰ ਬੈਠਦਾ ਸੀ। ਕਈ ਦਿਨਾਂ ਦੀ ਮਿਹਨਤ ਤੋਂ ਬਾਅਦ ਮਿੱਟੀ ਦਾ ਬੁੱਤ ਤਿਆਰ ਹੋਇਆ। ਸਵੇਰੇ ਜਾ ਕੇ ਦੇਖਿਆ ਤਾਂ ਬੁੱਤ ਖਿੰਡਿਆ ਪਿਆ ਸੀ। ਕਲਾਕਾਰ ਨੂੰ ਦੁਬਾਰਾ ਮਨ ਬਣਾਉਣ ਵਿਚ ਸਮਾਂ ਲੱਗਿਆ ਪਰ ਗਾਮਾ ਇਸ ਮਨ ਦੀ ਥਾਹ ਪਾ ਕੇ ਪਹਿਲਾਂ ਤਿਆਰ ਬੈਠਾ ਸੀ। ਪੰਜਾਬ ਦੇ ਮੁੱਖ ਮੰਤਰੀ ਸਹਿਜ ਸੁਭਾਅ ਕਹਿੰਦੇ ਹਨ, "ਮੈਨੂੰ ਨਹੀਂ ਲੱਗਦਾ ਕਿ ਥੋਡੇ 'ਚੋਂ ਕਿਸੇ ਨੇ ਬੀ.ਏ. ਪਾਸ ਕੀਤੀ ਹੋਵੇ।" ਸਵਾਲ ਇਹ ਹੈ ਕਿ ਖਿਡਾਰੀਆਂ ਨੂੰ ਘੱਟ ਦਿਮਾਗ ਵਾਲੇ ਕਿਉਂ ਮੰਨਿਆ ਜਾਂਦਾ ਹੈ? ਕਿਤੇ ਇਹ ਉਨ੍ਹਾਂ ਨੂੰ ਪੜ੍ਹਾਈ-ਲਿਖਾਈ ਤੋਂ ਦੂਰ ਰਹਿਣ ਲਈ ਦਿੱਤੀ ਹੱਲਾਸ਼ੇਰੀ ਤਾਂ ਨਹੀਂ? ਇਸ ਰੁਝਾਨ ਦੀਆਂ ਕੜੀਆਂ ਖਿਡਾਰੀਆਂ ਨੂੰ ਨਕਲ ਮਰਵਾਉਣ ਦੀ ਵਕਾਲਤ ਕਰਨ ਵਾਲੇ ਕੋਚਾਂ ਤੇ ਖੇਡ ਪ੍ਰਬੰਧਕਾਂ ਨਾਲ ਜੁੜਦੀਆਂ ਹਨ।

*ਬੀ.ਸੀ. ਸਾਨਿਆਲ ਨੇ ਗਾਮੇ ਦਾ ਬੁੱਤ ਬਣਾਉਣ ਦਾ ਫ਼ੈਸਲਾ ਕੀਤਾ। ਧਾਤ ਵਿਚ ਢਾਲਣ ਤੋਂ ਪਹਿਲਾਂ ਮਿੱਟੀ ਦਾ ਬੁੱਤ ਬਣਦਾ ਹੈ। ਗਾਮਾ ਲਗਾਤਾਰ ਬੈਠਦਾ ਸੀ। ਕਈ ਦਿਨਾਂ ਦੀ ਮਿਹਨਤ ਤੋਂ ਬਾਅਦ ਮਿੱਟੀ ਦਾ ਬੁੱਤ ਤਿਆਰ ਹੋਇਆ। ਸਵੇਰੇ ਜਾ ਕੇ ਦੇਖਿਆ ਤਾਂ ਬੁੱਤ ਖਿੰਡਿਆ ਪਿਆ ਸੀ। ਕਲਾਕਾਰ ਨੂੰ ਦੁਬਾਰਾ ਮਨ ਬਣਾਉਣ ਵਿਚ ਸਮਾਂ ਲੱਗਿਆ ਪਰ ਗਾਮਾ ਇਸ ਮਨ ਦੀ ਥਾਹ ਪਾ ਕੇ ਪਹਿਲਾਂ ਤਿਆਰ ਬੈਠਾ ਸੀ। ਪੰਜਾਬ ਦੇ ਮੁੱਖ ਮੰਤਰੀ ਸਹਿਜ ਸੁਭਾਅ ਕਹਿੰਦੇ ਹਨ, "ਮੈਨੂੰ ਨਹੀਂ ਲੱਗਦਾ ਕਿ ਥੋਡੇ 'ਚੋਂ ਕਿਸੇ ਨੇ ਬੀ.ਏ. ਪਾਸ ਕੀਤੀ ਹੋਵੇ।" ਸਵਾਲ ਇਹ ਹੈ ਕਿ ਖਿਡਾਰੀਆਂ ਨੂੰ ਘੱਟ ਦਿਮਾਗ ਵਾਲੇ ਕਿਉਂ ਮੰਨਿਆ ਜਾਂਦਾ ਹੈ? ਕਿਤੇ ਇਹ ਉਨ੍ਹਾਂ ਨੂੰ ਪੜ੍ਹਾਈ-ਲਿਖਾਈ ਤੋਂ ਦੂਰ ਰਹਿਣ ਲਈ ਦਿੱਤੀ ਹੱਲਾਸ਼ੇਰੀ ਤਾਂ ਨਹੀਂ? ਇਸ ਰੁਝਾਨ ਦੀਆਂ ਕੜੀਆਂ ਖਿਡਾਰੀਆਂ ਨੂੰ ਨਕਲ ਮਰਵਾਉਣ ਦੀ ਵਕਾਲਤ ਕਰਨ ਵਾਲੇ ਕੋਚਾਂ ਤੇ ਖੇਡ ਪ੍ਰਬੰਧਕਾਂ ਨਾਲ ਜੁੜਦੀਆਂ ਹਨ।*



ਗਾਮੇ ਨਾਲ ਪੰਜਾਬ ਦੇ ਹਰਜੀਤ ਬਾਜਾਖ਼ਾਨਾ ਦੀ ਗੱਲ ਵੀ ਕਰਨੀ ਬਣਦੀ ਹੈ। ਹਰਜੀਤ ਦੀ ਕਬੱਡੀ ਪਾਉਣ ਦੇ ਕਿੱਸੇ ਤੁਰੇ ਹੀ ਸਨ ਕਿ ਉਹ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਦੇਖਣ ਵਾਲੇ ਪਾਰਖੂ ਮੰਨਦੇ ਹਨ ਕਿ ਉਸ ਨੇ ਫਿੱਡੂ ਵਾਂਗ ਧੁੰਮਾਂ ਪਾਉਣੀਆਂ ਸਨ। ਜਦੋਂ ਹਰਜੀਤ ਸੜਕ ਹਾਦਸੇ ਦਾ ਸ਼ਿਕਾਰ ਹੋਇਆ ਤਾਂ ਪੰਜਾਬ, ਕਾਰ ਨੂੰ ਕੰਪਨੀਆਂ ਦੇ ਨਾਮ ਨਾਲ ਸੱਦਣ ਦੀ ਜਾਚ ਸਿੱਖ ਰਿਹਾ ਸੀ। ਉਸ ਦੀ ਸੂਮੋ ਦੀ ਬਰੇਕ ਹੇਠ ਬੋਤਲ ਆ ਗਈ ਸੀ। ਲੋੜ ਪੈਣ ਉੱਤੇ ਬਰੇਕ ਨਹੀਂ ਲੱਗੀ। ਇਸ ਤੋਂ ਬਾਅਦ ਬਰੇਕ ਹੇਠੋਂ ਬੋਤਲ ਕੱਢਣ ਦਾ ਸੁਹਿਰਦ ਉਪਰਾਲਾ ਨਹੀਂ ਹੋਇਆ। ਇਸ ਬੋਤਲ ਦੀ ਮਹਿਮਾ ਪੰਜਾਬ ਦੇ ਗਾਇਕ ਗਾ ਰਹੇ ਹਨ। ਗਾਇਕਾਂ ਦੀ ਸਰਪ੍ਰਸਤੀ ਕੰਪਨੀਆਂ ਅਤੇ ਸਿਆਸਤਦਾਨ ਕਰ ਰਹੇ ਹਨ। ਇਸ ਗੱਠਜੋੜ ਦੀ ਮੂੰਹਜ਼ੋਰ ਨੁਮਾਇਸ਼ ਕਬੱਡੀ ਦੇ ਮੈਦਾਨ ਵਿਚੋਂ ਕੀਤੀ ਗਈ ਹੈ।



*ਗਾਮੇ ਨਾਲ ਪੰਜਾਬ ਦੇ ਹਰਜੀਤ ਬਾਜਾਖ਼ਾਨਾ ਦੀ ਗੱਲ ਵੀ ਕਰਨੀ ਬਣਦੀ ਹੈ। ਹਰਜੀਤ ਦੀ ਕਬੱਡੀ ਪਾਉਣ ਦੇ ਕਿੱਸੇ ਤੁਰੇ ਹੀ ਸਨ ਕਿ ਉਹ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਦੇਖਣ ਵਾਲੇ ਪਾਰਖੂ ਮੰਨਦੇ ਹਨ ਕਿ ਉਸ ਨੇ ਫਿੱਡੂ ਵਾਂਗ ਧੁੰਮਾਂ ਪਾਉਣੀਆਂ ਸਨ। ਜਦੋਂ ਹਰਜੀਤ ਸੜਕ ਹਾਦਸੇ ਦਾ ਸ਼ਿਕਾਰ ਹੋਇਆ ਤਾਂ ਪੰਜਾਬ, ਕਾਰ ਨੂੰ ਕੰਪਨੀਆਂ ਦੇ ਨਾਮ ਨਾਲ ਸੱਦਣ ਦੀ ਜਾਚ ਸਿੱਖ ਰਿਹਾ ਸੀ। ਉਸ ਦੀ ਸੂਮੋ ਦੀ ਬਰੇਕ ਹੇਠ ਬੋਤਲ ਆ ਗਈ ਸੀ। ਲੋੜ ਪੈਣ ਉੱਤੇ ਬਰੇਕ ਨਹੀਂ ਲੱਗੀ। ਇਸ ਤੋਂ ਬਾਅਦ ਬਰੇਕ ਹੇਠੋਂ ਬੋਤਲ ਕੱਢਣ ਦਾ ਸੁਹਿਰਦ ਉਪਰਾਲਾ ਨਹੀਂ ਹੋਇਆ। ਇਸ ਬੋਤਲ ਦੀ ਮਹਿਮਾ ਪੰਜਾਬ ਦੇ ਗਾਇਕ ਗਾ ਰਹੇ ਹਨ। ਗਾਇਕਾਂ ਦੀ ਸਰਪ੍ਰਸਤੀ ਕੰਪਨੀਆਂ ਅਤੇ ਸਿਆਸਤਦਾਨ ਕਰ ਰਹੇ ਹਨ।*


ਸਵਾਲ ਇਸ ਮੈਦਾਨ ਦੀ ਚੋਣ ਬਾਬਤ ਕਰਨਾ ਬਣਦਾ ਹੈ। ਕਬੱਡੀ ਪੰਜਾਬੀਆਂ ਨੂੰ ਹੁਲਾਰਾ ਦਿੰਦੀ ਹੈ। ਜਦੋਂ ਦੁੱਲਾ, ਗੁਲਜ਼ਾਰੀ, ਗੱਗੀ ਅਤੇ ਸਰਾਵਾਂਵਾਲਾ ਕਬੱਡੀ ਪਾਉਂਦੇ ਹਨ ਜਾਂ ਏਕਮ ਤੇ ਮੰਗੀ ਜੱਫ਼ੇ ਲਗਾਉਂਦੇ ਹਨ ਤਾਂ ਪੰਜਾਬੀ ਅਸ਼-ਅਸ਼ ਕਰ ਉੱਠਦੇ ਹਨ। ਇਸ ਅਹਿਸਾਸ ਦੀ ਥਾਹ ਪਾਉਣ ਲਈ ਵਿਦਵਾਨ ਹੋਣ ਦੀ ਲੋੜ ਨਹੀਂ। ਇਸ ਚੋਣ ਦਾ ਇਕ ਸਿਰਾ ਇਸੇ ਅਹਿਸਾਸ ਨਾਲ ਜੁੜਦਾ ਹੈ। ਦੂਜਾ ਸਿਰਾ ਮੰਡੀ ਦੀ ਸਮਝ ਨਾਲ ਜੁੜਦਾ ਹੈ। ਮੰਡੀ ਵਿਚ ਬੰਦੇ ਦੇ ਖਪਤਕਾਰ ਨਾਲ ਰਾਬਤੇ ਦੇ ਦੋ ਮੰਤਰ ਹਨ। ਪਹਿਲਾ: ਪ੍ਰਚਾਰੀ ਜਾ ਰਹੀ ਸ਼ੈਅ ਨਾਲ ਬੰਦੇ ਦੀ ਵੁਕਅਤ ਵਿਚ ਹੋਣ ਵਾਲਾ ਵਾਧਾ ਅਹਿਮ ਲਾਲਚ ਬਣਦਾ ਹੈ। (ਦੂਜੇ ਦੀ ਗੋਰੀ ਮਾਂ ਦੇ ਖਾਂਚੇ ਵਿਚ ਆਪਣੀ ਮਾਂ ਨੂੰ ਢਾਲਣ ਲਈ) ਦੂਜਾ: ਖਪਤਕਾਰ ਦੀ ਪਛਾਣ ਨੂੰ ਮਜ਼ਬੂਤ ਕਰਨ ਲਈ ਪ੍ਰਚਾਰੀ ਜਾ ਰਹੀ ਸ਼ੈਅ ਦੀ ਅਹਿਮੀਅਤ ਦਰਸਾਉਣਾ। (ਮਰਦਾਨਗੀ ਲਈ ਕੱਪੜੇ ਜਾਂ ਸ਼ਰਾਬ ਪੀਣਾ) ਪੰਜਾਬੀਆਂ ਨੂੰ 'ਸ਼ਾਨ ਵੱਖਰੀ' ਦੇ ਨਾਮ ਉੱਤੇ ਕੁਝ ਵੀ ਵੇਚਿਆ ਜਾ ਸਕਦਾ ਹੈ। ਇਹੋ 'ਵੱਖਰੀ ਸ਼ਾਨ' ਮੰਡੀ ਲਈ ਸਾਜ਼ਗਾਰ ਮਾਹੌਲ ਸਿਰਜਦੀ ਹੈ। ਕਬੱਡੀ ਨੂੰ 'ਕੱਖ ਤੋਂ ਕਰੋੜਾਂ ਦੀ' ਕਰਨ ਦਾ ਇਸ਼ਤਿਹਾਰੀ ਮੰਤਰ ਇਸੇ ਸਮਝ ਵਿਚੋਂ ਨਿਕਲਦਾ ਹੈ। ਪਤਤ ਗੁਆ ਚੁੱਕੇ ਸਿਆਸਤਦਾਨ ਪੰਜਾਬੀਆਂ ਦੇ ਭਾਵੁਕ ਆਪੇ ਵਿਚੋਂ ਆਪਣੀ ਅਹਿਮੀਅਤ ਦੀ ਸੁਰ ਛੇੜਨ ਦਾ ਉਪਰਾਲਾ ਕਰ ਰਹੇ ਹਨ। ਕੈਨੇਡਾ ਤੋਂ ਸੁਖਬੀਰ ਬਾਦਲ ਦੇ ਨਾਮ ਆਈ ਰਸਮੀ ਸਰਕਾਰੀ ਚਿੱਠੀ ਟੈਲੀਵਿਜ਼ਨ ਉੱਤੇ ਪੜ੍ਹ ਕੇ ਇਸੇ ਲਈ ਸੁਣਾਈ ਜਾਂਦੀ ਹੈ। ਮੰਗੀ ਤੇ ਏਕਮ ਦੇ ਜੱਫ਼ੇ ਦੇਖਣ ਆਏ ਦਰਸ਼ਕਾਂ ਨੂੰ ਅਕਸ਼ੈ ਕੁਮਾਰ ਤੇ ਸੁਖਬੀਰ ਬਾਦਲ ਦੀ ਬੁੱਕਲ ਵੱਲ ਧੱਕਿਆ ਜਾ ਰਿਹਾ ਹੈ।

ਕਬੱਡੀ ਨਾਲ ਪੰਜਾਬ ਦੀ ਪਛਾਣ ਨਰੋਏ ਜੁੱਸੇ ਅਤੇ ਸਮਾਜੀਕਰਨ ਦੀ ਪੌੜੀ ਵਜੋਂ ਹੈ। ਪੰਜਾਬ ਸਰਕਾਰ ਖੇਡ ਸੱਭਿਆਚਾਰ ਦੇ ਪਸਾਰੇ ਤੋਂ ਕੰਨੀ ਕਤਰਾ ਰਹੀ ਹੈ। ਖੇਡ ਮੈਦਾਨ ਵਿਚ ਪੰਜਾਬੀਆਂ ਦੀ ਗਿਣਤੀ ਘਟ ਰਹੀ ਹੈ। ਨੈਸ਼ਨਲ ਕਬੱਡੀ ਵਿਚ ਪੰਜਾਬ ਦਾ ਕੌਮੀ ਪੱਧਰ ਉੱਤੇ ਕੋਈ ਤਮਗਾ ਨਹੀਂ ਆਇਆ। ਪੰਜਾਬ ਸਟਾਇਲ ਕਬੱਡੀ ਦੇ ਆਲਮੀ ਕੱਪ ਦਾ ਮਤਲਬ ਹੈ ਕਿ ਵੱਖ-ਵੱਖ ਮੁਲਕਾਂ ਵਿਚ ਵਸੇ ਪੰਜਾਬੀ ਇਸ ਵਿਚ ਭਾਗ ਲੈਣਗੇ। ਕੁਝ ਗੋਰਿਆਂ-ਗੋਰੀਆਂ ਦੀ ਨੁਮਾਇਸ਼ੀ ਸ਼ਮੂਲੀਅਤ ਤੋਂ ਬਿਨਾਂ 14 ਮੁਲਕਾਂ ਦੇ ਨਾਮ ਉੱਤੇ ਸਿਰਫ਼ ਪੰਜਾਬੀ ਖੇਡ ਰਹੇ ਸਨ। ਇਹੋ ਜਿਹੇ ਮੁਕਾਬਲੇ ਬਹੁਤ ਸਾਲਾਂ ਤੋਂ ਯੂਰਪ ਅਤੇ ਉੱਤਰੀ ਅਮਰੀਕਾ ਵਿਚ ਹੋ ਰਹੇ ਹਨ। ਕਬੂਤਰਬਾਜ਼ੀ ਅਤੇ ਡੋਪਿੰਗ ਦੇ ਹਵਾਲੇ ਨਾਲ ਵਿਵਾਦ ਲਗਾਤਾਰ ਉਭਰਦੇ ਰਹੇ ਹਨ। ਪੰਜਾਬ ਵਿਚ ਪਰਵਾਸੀਆਂ ਪੰਜਾਬੀਆਂ ਦੀ ਸਰਪ੍ਰਸਤੀ ਨਾਲ ਚੱਲਦੇ ਖੇਡ ਮੇਲੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੇ ਹਨ। ਕਦੇ-ਕਦਾਈ ਇਨ੍ਹਾਂ ਖੇਡ ਮੇਲਿਆਂ ਉੱਤੇ ਲੱਗਦੇ ਪੈਸੇ ਦੇ ਨਾਜਾਇਜ਼ ਪੱਖ ਅਤੇ ਜਸ਼ਨਾਂ ਵਿਚ ਹੁੰਦੇ ਖਰੂਦ ਵੀ ਖ਼ਬਰਾਂ ਦਾ ਵਿਸ਼ਾ ਬਣਦੇ ਰਹੇ ਹਨ। ਇਨ੍ਹਾਂ ਖੇਡ ਮੇਲਿਆਂ ਦਾ ਵਧੇਰੇ ਪ੍ਰਚਾਰਿਆ ਰੂਪ ਪਰਲਜ਼ ਕਬੱਡੀ ਵਰਲਡ ਕੱਪ ਹੈ। ਪੰਜਾਬੀ ਦੇ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਸਾਹਿਤਕਾਰਾਂ ਦੀ ਆਲਮੀ, ਇੰਟਰਨੈਸ਼ਨਲ ਅਤੇ ਵਰਲਡ ਕਾਨਫਰੰਸਾਂ ਬਾਬਤ ਲਿਖਦੇ ਹਨ ਕਿ ਇਹ ਸ਼ਬਦ ਸਮਾਗਮ ਦੇ ਮਿਆਰ ਦੀ ਥਾਂ ਆਪਣੀ ਅਹਿਮੀਅਤ ਵਧਾਉਣ ਨਾਲ ਜੁੜੇ ਹੋਏ ਹਨ। ਇਹ ਧਾਰਨਾ ਕਬੱਡੀ ਵਰਲਡ ਕੱਪ ਉੱਤੇ ਵੀ ਲਾਗੂ ਹੁੰਦੀ ਹੈ।

ਕਬੱਡੀ ਵਿਚ ਹੁਣ ਕਬੱਡੀ-ਕਬੱਡੀ ਬੋਲਣ ਦੀ ਲੋੜ ਨਹੀਂ ਕਿਉਂਕਿ ਅੱਧੇ ਮਿੰਟ ਦਾ ਸਮਾਂ ਘੜੀ ਨਾਲ ਨਾਪਿਆ ਜਾਂਦਾ ਹੈ। ਬਾਬਾ ਰਾਮਦੇਵ ਕਬੱਡੀ ਦੀ ਥਾਂ ਯੋਗ-ਯੋਗ ਦੀ ਵਕਾਲਤ ਰਾਹੀਂ ਆਪਣਾ ਪ੍ਰਚਾਰ ਕਰ ਗਏ। ਟੈਲੀਵਿਜ਼ਨ ਦੇ ਕਸੀਦਾਕਾਰ ਬਾਦਲ-ਬਾਦਲ ਕਰਦੇ ਰਹੇ। ਉਨ੍ਹਾਂ ਨੇ ਹਰ ਬੰਦੇ ਨੂੰ ਸੁਖਬੀਰ ਬਾਦਲ ਦੇ ਸੋਹਲੇ ਗਾਉਣ ਲਈ ਮਜਬੂਰ ਕੀਤਾ। ਹਰ ਖਿਡਾਰੀ ਤੋਂ ਸੁਖਬੀਰ ਬਾਦਲ ਦੇ ਯੋਗਦਾਨ ਬਾਬਤ ਸਵਾਲ ਪੁੱਛੇ ਅਤੇ ਉਨ੍ਹਾਂ ਨੇ ਤਿਆਰ ਪਟਕਥਾ ਮੁਤਾਬਕ ਜਵਾਬ ਦਿੱਤੇ। ਪੰਜਾਬੀਆਂ ਦੀ ਖੇਡ ਨੂੰ ਪਿੰਡਾਂ ਤੋਂ ਸ਼ਹਿਰਾਂ ਅਤੇ ਕੱਖ ਤੋਂ ਕਰੋੜ ਦੀ ਕਰਨ ਦੇ ਮਿਹਣੇ ਮਾਰਨ ਵਾਲੇ ਸ਼ੰਮੀ ਡਾਵਰਾ, ਮੱਖਣ ਸਿੰਘ, ਮੱਖਣ ਅਲੀ ਅਤੇ ਸਰਵਣ ਸਿੰਘ ਵਰਗੇ ਸੁਨਹਿਰੀ ਵੇਲ ਦੇ ਹੱਕਦਾਰ ਬਣ ਗਏ ਹਨ। ਇਨ੍ਹਾਂ ਭਾਣੇ 'ਅਸਲੀ' ਮੁਕਾਬਲਾ ਤਾਂ ਹੋਣਾ ਹੈ ਪਰ 'ਨਕਲੀ' ਮੁਕਾਬਲੇ ਵਿਚ ਪੰਜਾਬ ਦੇ ਫੌਰੀ ਤੇ ਚਿਰਕਾਲੀ ਮਸਲੇ ਜ਼ਰੂਰ ਚਿੱਤ ਕਰ ਦਿੱਤੇ ਗਏ ਹਨ। 'ਮਨ ਕਾ ਚਾਅ' ਦੀ ਮੰਡੀ ਵਿਚ ਬੋਲੀ ਦੋ ਕਰੋੜ ਲੱਗ ਗਈ ਹੈ। ਬੀ.ਸੀ. ਸਾਨਿਆਲ ਸਾਹਮਣੇ ਬੈਠਾ ਗਾਮਾ ਗੋਡਿਆਂ ਵਿਚ ਸਿਰ ਦੇਈ ਬੈਠਾ ਹੈ ਅਤੇ ਬਰੇਕ ਥੱਲੇ ਆਈ ਬੋਤਲ ਪੰਜਾਬ ਦੀ ਹੋਣੀ ਬਣ ਗਈ ਜਾਪਦੀ ਹੈ।

# ਅਣਖੀਲੀਆਂ ਖਬਰਾਂ ਦੀ ਇਬਾਰਤ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

ਇੰਟਰਨੈਟ ਅਤੇ ਟੀ.ਵੀ. ਜਿਹੇ ਤੇਜ਼ ਤਰਾਰ ਸੰਚਾਰ ਸਾਧਨਾਂ ਦੀ ਬਦੌਲਤ ਅੱਜ ਕੱਲ੍ਹ ਸੂਚਨਾ ਦੇ ਆਦਾਨ-ਪ੍ਰਦਾਨ ਦੀ ਅੱਠੇ ਪਹਿਰ ਹਨ੍ਹੇਰੀ ਚੜ੍ਹੀ ਰਹਿੰਦੀ ਹੈ। ਅੱਖ ਝਪਕਣ ਜਿੰਨੇ ਸਮੇਂ ਵਿਚ ਹਾਲਾਤ-ਏ-ਹਾਜ਼ਰਾ ਹੋਰ ਦਾ ਹੋਰ ਹੀ ਹੋ ਜਾਂਦਾ ਹੈ। ਗਰਮੀਆਂ ਦੇ ਮੌਸਮ ਵਿਚ ਚਾਣਚੱਕ ਉਠਣ ਵਾਲੇ ਵਾਅ-ਵਰੋਲਿਆ ਵਾਂਗ ਕਦੇ ਕਿਤਿਉਂ ਨਵੀਂ ਖਬਰ ਆ ਜਾਂਦੀ ਹੈ, ਕਦੇ ਕਿਤਿਉਂ। ਲੋਕਾਂ ਵਿਚ ਹਾਲੇ ਪਹਿਲੀ ਖਬਰ 'ਤੇ ਤਬਸਰਾ ਚੱਲ ਰਿਹਾ ਹੁੰਦਾ ਹੈ, ਤਦੋਂ ਕੋਈ ਹੋਰ ਸਨਸਨੀਖੇਜ਼ ਜਾਣਕਾਰੀ ਮਿਲ ਜਾਂਦੀ ਹੈ। ਬਿੰਦ ਝੱਟੇ ਪਹਿਲੀ ਚਰਚਾ ਠੰਢੇ ਬਸਤੇ 'ਚ ਪੈ ਜਾਂਦੀ ਹੈ ਅਤੇ ਨਵੀਂ ਖਬਰ ਦੀਆਂ ਪਰਤਾਂ ਖੁੱਲ੍ਹਣ ਲੱਗ ਪੈਂਦੀਆਂ ਹਨ। ਕਿਸੇ ਨਮਕੀਨ ਮਾਮਲੇ ਦੀ ਖੁੰਢ ਚਰਚਾ ਨੂੰ ਕੋਈ ਗਮਗੀਨ ਖਬਰ ਬਰੇਕਾਂ ਲਾ ਦਿੰਦੀ ਹੈ। ਸ਼ੂਕਦੀ ਜਾ ਰਹੀ ਰੇਲ ਗੱਡੀ ਦੇ ਡੱਬਿਆਂ ਦੀ ਨਿਆਈਂ ਵਾਪਰ ਰਹੀਆਂ ਘਟਨਾਵਾਂ ਦੀਆਂ ਖਬਰਾਂ ਆ ਰਹੀਆਂ ਨੇ, ਤੇ ਜਾ ਰਹੀਆਂ ਹਨ।

ਆਪੋ-ਆਪਣੇ ਨਜ਼ਰੀਏ ਮੁਤਾਬਕ ਕੋਈ ਕਿਸੇ ਖਬਰ ਦਾ ਲੁਤਫ਼ ਉਠਾਉਂਦਾ 'ਬਹਿ ਜਾ ਬਹਿ ਜਾ ਕਰਾਂਤੀ' ਕਹਿ ਦਿੰਦਾ ਹੈ। ਕੋਈ ਦੂਸਰਾ ਉਸੇ ਖਬਰ ਨੂੰ ਸੁਣ ਕੇ ਮੱਥੇ 'ਤੇ ਹੱਥ ਮਾਰਦਾ ਹੈ। ਕੋਈ ਉਸ ਨੂੰ ਠੀਕ ਕਹਿੰਦਾ ਹੈ ਤੇ ਕੋਈ ਗਲਤ, ਪਰ ਖੂਹ ਦੀਆਂ ਟਿੰਡਾਂ ਵਾਂਗ ਬਿਨਾ ਰੋਕ-ਟੋਕ ਇਹ ਪ੍ਰਵਾਹ ਨਿਰੰਤਰ ਚੱਲੀ ਜਾ ਰਿਹਾ ਹੈ। ਜਿਵੇਂ ਕੱਟੇ ਨੂੰ ਮੱਝ ਦੇ ਮਣ ਦੁੱਧ ਨਾਲ ਨਹੀਂ, ਸਗੋਂ ਆਪਣੇ ਇਕੋ ਥਣ ਦਾ ਭਾਅ ਹੁੰਦਾ ਹੈ; ਇਵੇਂ ਹੀ ਸਾਡੀ ਪਰਵਾਸੀ ਪੰਜਾਬੀਆਂ ਦੀ ਅੱਖ, ਅਰਜਨ ਨੂੰ ਦਿਖਾਈ ਦਿੰਦੀ ਚਿੜੀ ਦੀ ਸਿਰਫ਼ ਅੱਖ ਵਾਂਗ, ਬੱਸ ਪੰਜਾਬ 'ਤੇ ਹੀ ਟਿਕੀ ਰਹਿੰਦੀ ਹੈ।

ਮਾਲਵੇ ਦੇ ਸ਼ਹਿਰ ਬਠਿੰਡਾ ਵਿਚ ਪੰਜਾਬ ਸਰਕਾਰ ਵਲੋਂ ਵਿਸ਼ਵ ਕਬੱਡੀ ਕੱਪ ਦੇ ਉਦਘਾਟਨੀ ਸਮਾਗਮ ਮੌਕੇ ਕਰਵਾਏ ਗਏ ਅਧ-ਨੰਗੇ ਨਾਚ ਕਾਰਨ ਹਾਲੇ ਦੋਹਾਂ ਬਾਦਲਾਂ ਦੀ ਦੁਰ-ਦੁਰ ਹੋ ਰਹੀ ਸੀ ਕਿ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦਾ ਚੇਤਨਾ ਰੱਥ ਪੰਜਾਬ ਆ ਵੜਿਆ। ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਵਾਉਣ ਦਾ ਲਿਖਤੀ ਦਾਅਵਾ ਕਰਨ ਵਾਲੇ ਸ੍ਰੀ ਅਡਵਾਨੀ ਦੇ ਰੱਥ ਮੋਹਰੇ ਬਾਦਲ ਦਲੀਆਂ ਵਲੋਂ ਭੰਗੜੇ ਪਾਉਣ ਦੀ ਖਬਰ ਦਾ ਮੂੰਹ ਮੋੜਨ ਲਈ ਮਾਨ ਦਲੀਆਂ ਦਾ ਕਾਲੇ ਝੰਡਿਆਂ ਨਾਲ ਪ੍ਰਦਰਸ਼ਨ ਕਾਫ਼ੀ ਸੀ ਪਰ ਚੇਤਨਾ ਰੱਥ ਦੀਆਂ ਸੁਆਰ ਕੇ ਚੂਲਾਂ ਢਿੱਲੀਆਂ ਕਰ ਦਿੱਤੀਆਂ ਭਾਈ ਹਵਾਰੇ ਦੇ ਫੁਰਤੀਲੇ ਘਸੁੰਨ ਨੇ।

ਜਿਸ ਦਿਨ ਇਸ 'ਥੱਪੜ ਕਾਂਡ' ਨੇ ਅਖਬਾਰਾਂ ਦੇ ਮੋਹਰਲੇ ਸਫ਼ਿਆਂ ਦੀ ਅਹਿਮ ਥਾਂ ਮੱਲੀ, ਉਸੇ ਦਿਨ ਦੀਆਂ ਅਖਬਾਰਾਂ ਵਿਚ ਫਿਲਮ ਸਿਟੀ ਮੁੰਬਈ ਦੀ ਇਕ ਵਿਸ਼ੇਸ਼ ਖਬਰ ਛਪੀ। ਇਸ ਵਿਚ ਹਿੰਦੂ ਭਾਈਚਾਰੇ ਦੇ ਕਪੂਰ ਖਾਨਦਾਨ ਦੀ ਬੜੀ ਪ੍ਰਸਿੱਧ ਐਕਟਰੈਸ ਦਾ ਬਿਆਨ ਸੀ ਕਿ ਉਹ ਜਲਦੀ ਹੀ ਕਿਸੇ ਮੁਸਲਿਮ ਐਕਟਰ ਨਾਲ ਨਿਕਾਹ ਕਰਵਾ ਰਹੀ ਹੈ। ਦੋਹਾਂ ਜਣਿਆਂ ਦੀ ਕ੍ਰਿੰਗੜੀ ਪਾਈ ਹੋਈ ਫ਼ੋਟੋ ਵੀ ਖਬਰ ਦੇ ਨਾਲ ਹੀ



ਸਵਾ ਕੁਇੰਟਲ ਦਾ ਢਿੱਡਲ ਨਿਸ਼ਾਂਤ ਸ਼ਰਮਾ

ਛਪੀ ਹੋਈ ਸੀ। ਪੰਜਾਬ ਦੇ ਇਤਿਹਾਸ ਤੋਂ ਵਾਕਫ਼ ਪਾਠਕ ਜਾਣਦੇ ਹੋਣਗੇ ਕਿ ਕਾਬਲ ਕੰਧਾਰ ਵਲੋਂ ਦੇਸ਼ ਨੂੰ ਲੁੱਟਣ ਆਉਂਦੇ ਮੁਗ਼ਲ ਧਾੜਵੀਆਂ ਤੋਂ ਆਪਣੀ ਆਬਰੂ ਬਚਾਉਣ ਲਈ ਭਾਰਤੀ ਦੇਵੀਆਂ ਖੂਹਾਂ ਤਲਾਬਾਂ ਵਿਚ ਛਾਲਾਂ ਮਾਰ ਕੇ ਜੀਵਨ ਲੀਲ੍ਹਾ ਸਮਾਪਤ ਕਰ ਲੈਂਦੀਆਂ ਸਨ। ਧਿੰਗੋਜ਼ੋਰੀ ਗਜ਼ਨੀ ਲਿਜਾਈਆਂ ਜਾ ਰਹੀਆਂ ਕੁੜੀਆਂ ਨੂੰ ਸਿੰਘ ਸੂਰਮੇ ਜਾਨਾਂ ਤਲੀ 'ਤੇ ਰੱਖ ਕੇ ਵਾਪਸ ਘਰੋ-ਘਰੀ ਪਹੁੰਚਾ ਦਿੰਦੇ ਸਨ, ਪਰ ਹੁਣ ਆਪਣੇ-ਆਪ ਨੂੰ ਹਿੰਦੂ ਸੁਰੱਖਿਆ ਸਮਿਤੀ ਦਾ ਕਾਰਕੁਨ ਦੱਸਣ ਵਾਲੇ ਸ੍ਰੀ ਨਿਸ਼ਾਂਤ ਸ਼ਰਮਾ ਨਾਂ ਦੇ ਸਵਾ ਕੁਇੰਟਲ ਭਾਰੇ ਬੰਦੇ ਨੇ ਹਿੰਦੂ ਲੜਕੀ ਵੱਲੋਂ ਮੁਸਲਿਮ ਲੜਕੇ ਨਾਲ 'ਗੰਢ ਵੱਜ ਕੇ' ਕੀਤੇ ਜਾ ਰਹੇ ਨਿਕਾਹ ਦਾ ਕੋਈ ਨੋਟਿਸ ਲੈਣ ਦੀ ਬਜਾਏ ਹੱਥਕੜੀਆਂ ਤੇ ਬੇੜੀਆਂ ਨਾਲ ਜਕੜੇ ਹੋਏ ਭਾਈ ਹਵਾਰੇ ਨਾਲ ਪੰਗਾ ਲੈਣਾ ਜ਼ਰੂਰੀ ਸਮਝਿਆ।

ਨਿਸ਼ਾਂਤ ਸ਼ਰਮਾ ਦੀ ਭਾਈ ਹਵਾਰੇ ਨਾਲ 'ਮਿਲਣੀ' ਕਿਹੋ ਜਿਹੀ ਹੋਈ, ਇਹ ਯਾਦਗਾਰੀ ਦ੍ਰਿਸ਼ ਸਾਰੀ ਦੁਨੀਆਂ ਨੇ ਦੇਖਿਆ। ਸਿਰਫ਼ ਦੇਖਿਆ ਹੀ ਨਹੀਂ, ਸਗੋਂ ਫੇਸ ਬੁੱਕ 'ਤੇ ਹਾਲੇ ਤੱਕ ਹਵਾਰੇ-ਤਾਰੇ ਹੀ ਚਮਕੀ ਜਾ ਰਹੇ ਹਨ। ਕਿਸੇ ਨੇ ਇਸ ਘਟਨਾ ਬਾਬਤ ਕੋਈ ਸ਼ਿਅਰ ਲਿਖਿਆ, ਕਈਆਂ ਨੇ ਕੋਲੋਂ ਘੜੇ ਟੱਪੇ ਤੇ ਬੋਲੀਆਂ ਲਿਖ ਛੱਡੀਆਂ। ਇਕ ਨੌਜਵਾਨ ਨੇ ਭਾਈ ਹਵਾਰੇ ਵਰਗੇ 'ਵਿਰਲੇ ਪੁੱਤ' ਹੋਣ ਦੇ ਪ੍ਰਥਾਏ ਵਾਰਤਾਲਾਪ ਲਿਖਿਆ।

ਖੇਤੀਬਾੜੀ ਕਰਦੇ ਕਿਸੇ ਪੇਂਡੂ ਨੇ ਆਪਣੇ ਭਾਈਬੰਦ ਨੂੰ ਪੁੱਤਰਾਂ ਦੀਆਂ ਜੋੜੀਆਂ ਹੋਣ ਦੀ ਚਾਹਤ ਬਾਰੇ ਦੱਸਿਆ, "ਧੰਨਾ ਸਿੰਹਾਂ, ਪੁੱਤਰ ਹੋਣ ਚਾਰ ਤਾਂ ਲੱਗ ਜਾਏ ਗੁਲਜ਼ਾਰ।" ਅੱਗਿਉਂ ਧੰਨਾ ਸਿੰਘ ਨੇ ਬੜੀ ਪਤੇ ਦੀ ਗੱਲ ਕਹੀ, "ਨਹੀਂ ਓ ਭਾਈ, ਪੁੱਤਰ ਹੋਵੇ ਏਕ ਪਰ ਹੋਵੇ ਨੇਕ!"

'ਤਮਾਚਾ ਕਾਂਡ' ਉਤੇ ਟਿੱਪਣੀ ਕਰਦਿਆਂ ਕਿਸੇ ਪਰਵਾਸੀ ਵੀਰ ਨੇ ਇਸ ਵਾਰਤਾਲਾਪ ਹੇਠਾਂ ਕੌਮੀ ਫਰਜ਼ਾਂ ਤੋਂ ਮੂੰਹ ਮੋੜ ਕੇ ਅਹੁਦਿਆਂ ਦੀ ਦੌੜ ਲਈ ਭੱਜੇ ਫਿਰਦੇ ਗੱਭਰੂਆਂ ਬਾਬਤ ਲਿਖਿਆ ਹੈ,

'ਇੱਕ ਆਹ 'ਯੂਥ ਪੁੱਤ' ਹਨ ਜੋ ਪੰਜਾਬ ਨੂੰ ਲੁੱਟਣ ਵਾਲੀਆਂ ਸਿਆਸੀ ਪਾਰਟੀਆਂ ਦੇ 'ਅੰਨ੍ਹੇ ਭਗਤ' ਬਣ ਕੇ, ਧੜਾ-ਧੜ ਵਿਦੇਸ਼ੀ ਯੂਥ ਦੇ ਗ਼ਲਾਂ ਵਿਚ ਪਰਨੇ ਪਾਉਂਦੇ ਹੋਏ 'ਨਿਯੁਕਤੀ ਪੱਤਰਾਂ' ਦੀਆਂ ਰਿਉੜੀਆਂ ਵੰਡੀ ਜਾਂਦੇ ਹਨ। ਬੋਕ ਦੇ ਭਾਅ ਵੰਡੇ ਜਾਂਦੇ ਇਨ੍ਹਾਂ ਤਥਾ-ਕਥਿਤ ਨਿਯੁਕਤੀ ਪੱਤਰਾਂ ਦੇ ਮੁਕਾਬਲੇ ਭਾਈ ਹਵਾਰੇ ਦਾ ਇਕੋ 'ਤਮਾਚਾ ਪੱਤਰ' ਸਾਰੀ ਦੁਨੀਆਂ ਦੇ ਸਿੱਖ ਯੂਥ ਦੀਆਂ ਮੁੱਛਾਂ ਨੂੰ ਤਾਅ ਦੇ ਗਿਆ।'

ਇਸ ਅਣਖੀਲੀ ਇਬਾਰਤ ਹੇਠਾਂ ਕਿਸੇ ਨੇ ਰਮਨ ਕਵੀ ਦੀਆਂ ਸ਼ਰਤਾਂ ਲਿਖੀਆਂ,

ਗਧੇ ਹਿਣਕਦੇ ਨੇ<br>
ਹਿਣਕਦੇ ਰਹਿਣਗੇ।<br>
ਭਾੜੇ ਦੇ ਟੱਟੂ ਵੀ, ਪਰ...<br>
ਨਾ ਹੀ ਗਧੇ,<br>
ਨਾ ਹੀ ਭਾੜੇ ਦੇ ਟੱਟੂ<br>
ਸ਼ਾਨਾਂਮੱਤੀ ਦੌੜ ਦੌੜਦੇ ਨੇ।

ਕੇਵਲ ਘੋੜਿਆਂ ਦਾ ਸਰਪੱਟ ਸੰਗੀਤ ਹੀ ਇਤਿਹਾਸ ਦੀ ਸੁਰਮਈ ਸੰਧਿਆ 'ਚ ਜਾਦੂਮਈ ਮਿਠਾਸ ਭਰਦਾ ਹੈ।

ਸੁੱਤੀਆਂ ਪਈਆਂ ਅਣਖਾਂ ਝੰਜੋੜਨ ਵਾਲੀਆਂ ਇਨ੍ਹਾਂ ਸ਼ਰਤਾਂ ਦਾ ਉਲੇਖ ਕਰਨ ਵਾਲਾ ਕਵੀ ਮਨ ਸੱਜਣ ਇਸ ਕੌੜੀ ਹਕੀਕਤ ਤੋਂ ਵੀ ਜ਼ਰੂਰ ਜਾਣੂ ਹੋਵੇਗਾ ਕਿ ਲੋਕ ਰਾਜ ਵਿਚ ਸਿਰਫ਼ ਸਿਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਸਿਰ ਕਿਨ੍ਹਾਂ ਦੇ ਨੇ, ਗਧਿਆਂ ਦੇ ਕਿ ਘੋੜਿਆਂ ਦੇ, ਇਸ ਦੀ ਪਰਖ ਨਹੀਂ ਕੀਤੀ ਜਾਂਦੀ। ਸਿਆਸਤਦਾਨਾਂ ਨੂੰ ਆਪਣੇ ਇਸ਼ਾਰਿਆਂ 'ਤੇ ਹਿਣਕਣ ਲਾਉਣ ਵਾਲੇ ਜਾਂ ਪੂਛ ਹਿਲਾਉਣ ਵਾਲੇ ਭਾੜੇ ਦੇ ਟੱਟੂ ਜ਼ਿਆਦਾ ਸੂਤ ਬਹਿੰਦੇ ਨੇ। ਬੇਸ਼ੱਕ, ਸੱਤਾ ਦੀ ਕੁਰਸੀ ਹਿਣਕਣ ਵਾਲੇ ਗਧਿਆਂ ਦੀ ਕ੍ਰਿਪਾ ਨਾਲ ਹੀ ਮਿਲਦੀ ਹੈ, ਲੇਕਿਨ ਅੱਥਰੇ ਘੋੜੇ ਵੀ ਮੌਕਾ ਮਿਲਦਿਆਂ ਹੀ ਇਤਿਹਾਸ ਦੀ ਸੰਧਿਆ ਨੂੰ ਅਣਖੀਲੇ ਪੌੜ ਮਾਰ ਕੇ ਖ਼ੁਸ਼-ਨੁਮਾ ਬਣਾ ਦਿੰਦੇ ਹਨ।

ਇਸੇ ਪ੍ਰਸੰਗ ਵਿਚ ਦੋ ਹਿੰਦੂ ਵੀਰਾਂ ਦੀਆਂ ਟਿੱਪਣੀਆਂ ਵੀ ਕੰਨ ਖੋਲ੍ਹਣ ਵਾਲੀਆਂ ਹਨ। ਇਕ ਵੀਰ ਜੀ ਲਿਖਦੇ ਹਨ,

"...ਜਿਵੇਂ ਸ੍ਰੀ ਅਡਵਾਨੀ ਦੇ ਰੱਥ ਮੋਹਰੇ ਲੁੱਡੀਆਂ ਧਮਾਲਾਂ ਪਾ ਕੇ ਉਨ੍ਹਾਂ ਦਾ ਸਵਾਗਤ ਕਰਨ ਵਾਲੇ ਬਾਦਲ ਦਲੀਏ ਸਮੂਹ ਸਿੱਖਾਂ ਦੇ ਨੁਮਾਇੰਦੇ ਨਹੀਂ ਸਮਝੇ ਜਾਂਦੇ, ਇਸੇ ਤਰ੍ਹਾਂ ਹਵਾਰਾ ਕਾਂਡ ਵਾਲਾ ਸਿਰਫਿਰਿਆ ਨਿਸ਼ਾਂਤ ਸ਼ਰਮਾ ਸਮੁੱਚੇ ਹਿੰਦੂ ਜਗਤ ਦੀ ਪ੍ਰਤੀਨਿਧਤਾ ਨਹੀਂ ਕਰਦਾ। ਇਸ ਸ਼ੱਕੀ ਸ਼ਖਸ ਬਦਲੇ ਸਾਰੀ ਹਿੰਦੂ ਕੌਮ ਨੂੰ ਕੋਸਣ ਵਾਲੇ ਸਿੱਖ ਭਰਾ ਇਹ ਦੇਖਣ ਕਿ ਹਵਾਰਾ ਤੇ ਉਸ ਦੇ ਸਾਥੀਆਂ ਦੇ ਮੁਕੱਦਮੇ ਲੜਨ ਵਾਲਾ ਨਾਮੀ ਗਰਾਮੀ ਵਕੀਲ ਸ੍ਰੀ ਅਰਵਿੰਦ ਠਾਕੁਰ ਵੀ ਹਿੰਦੂ ਹੀ ਹੈ।" ਉਸ ਦੀ ਗੱਲ ਵਿਚ ਵਾਕਿਆ ਹੀ ਵਜ਼ਨ ਹੈ।

ਦੂਸਰਾ ਹਿੰਦੂ ਭਰਾ ਵੀ ਸਿੱਖ ਜਥੇਬੰਦੀਆਂ ਅੱਗੇ ਫੇਸ ਬੁੱਕ ਰਾਹੀਂ ਪੁਕਾਰ ਕਰਦਾ ਹੈ,

"...ਨਿਸ਼ਾਂਤ ਸ਼ਰਮਾ ਮੇਰੇ ਮਕਾਨ 'ਤੇ ਜਬਰਨ ਕਬਜ਼ਾ ਕਰੀ ਬੈਠਾ ਹੈ...ਨਾ ਮੈਨੂੰ ਕੋਈ ਕਿਰਾਇਆ ਦਿੰਦਾ ਹੈ ਅਤੇ ਨਾ ਹੀ ਮਕਾਨ ਖਾਲੀ ਕਰਦਾ ਹੈ...ਕੀ ਸਿੱਖ ਜਥੇਬੰਦੀਆਂ ਮੇਰੀ ਮੱਦਦ ਕਰਨਗੀਆਂ?"

ਦੱਰਾ ਖੈਬਰ ਤੋਂ ਲੈ ਕੇ ਲੇਹ-ਲਦਾਖ ਦੀਆਂ ਚੋਟੀਆਂ ਤੱਕ ਦੇਸ਼ ਉਪਰ ਬਾਦਸ਼ਾਹੀ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਨੂੰ ਧਾਰਮਿਕ ਅਵੱਗਿਆ ਦੇ ਦੋਸ਼ ਕਾਰਨ ਕੋਰੜੇ ਮਾਰਨ ਵਾਲੇ ਜਥੇਦਾਰ ਦੀ ਮਾਣਯੋਗ ਪਦਵੀ 'ਤੇ ਸਜੇ ਬੈਠੇ ਅਜੋਕੇ 'ਸਿੰਘ ਸਾਹਿਬ' ਅਤੇ ਉਨ੍ਹਾਂ ਦੇ ਸਾਥੀ ਜਥੇਦਾਰ ਪੂਰਨ ਖਮੋਸ਼ੀ ਧਾਰ ਕੇ ਪੰਥ ਨਾਲ ਖਿਲਵਾੜ ਹੁੰਦਾ ਦੇਖ ਰਹੇ ਹਨ ਪਰ ਇਸ ਕਾਲੀ-ਬੋਲੀ ਰਾਤ ਵਿਚ ਵੀ ਕਦੇ-ਕਦੇ ਕੋਈ 'ਤਾਰਾ' ਚਮਕ ਮਾਰ ਹੀ ਜਾਂਦਾ ਹੈ। ਕਿਸੇ ਨਾ ਕਿਸੇ ਦੇ ਜਿਸਮ ਵਿਚ ਰਚੀਆਂ ਅੰਮ੍ਰਿਤ ਦੀਆਂ ਬੂੰਦਾਂ ਜਲਵਾਗਰ ਹੋ ਈ ਜਾਂਦੀਆਂ ਨੇ।

ਸੰਸਾਰ ਭਰ ਦੇ ਸਿੱਖਾਂ ਨੂੰ ਉਸ ਵੇਲੇ ਵੱਡੀ ਰਾਹਤ ਮਿਲੀ ਹੋਵੇਗੀ ਜਦੋਂ ਉਨ੍ਹਾਂ ਸੁਣਿਆ ਹੋਵੇਗਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਹੰਕਾਰੀਆਂ ਵਾਂਗ ਖੜ੍ਹੇ ਰਹੇ ਸ੍ਰੀ ਅਡਵਾਨੀ ਨੂੰ ਸਿਰੋਪਾ ਦੇਣ ਤੋਂ ਇਨਕਾਰ ਹੋ ਗਿਆ। ਅੰਤਾਂ ਦੀ ਜ਼ੁਰਅਤ ਨਾਲ ਇਨਕਾਰ ਕਰਨ ਵਾਲਾ ਸਿੱਖ ਕੋਈ ਵੱਡਾ ਜਥੇਦਾਰ ਨਹੀਂ ਸਗੋਂ ਗੁਰੂਘਰ ਦਾ ਇਕ ਨਿਮਾਣਾ ਅਰਦਾਸੀਆ ਹੈ।

ਸ਼ਾਹਾਂ ਦੇ ਵਡ ਕਹਿਰ ਵੀ<br>
ਜਿੰਦ ਜੇ ਦੇਵਣ ਲੂਹ,<br>
ਭੁੱਲੇਗਾ ਨਾ ਖਾਲਸਾ<br>
ਅੰਮ੍ਰਿਤ ਦੀ ਖੁਸ਼ਬੂ।

# ਭਰੂਣ ਹੱਤਿਆ: ਇਕ ਪੱਖ ਇਹ ਵੀ

ਅੱਜ ਕੱਲ੍ਹ ਭਰੂਣ ਹੱਤਿਆ ਰੋਕਣ ਲਈ ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਬਹੁਤ ਸਰਗਰਮ ਹਨ। ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਇਹ ਕੋਹੜ ਰੁਕ ਨਹੀਂ ਰਿਹਾ। ਹੁਣ ਤਾਂ ਪੰਜਾਬ ਨੂੰ ਕੁੜੀਮਾਰਾਂ ਦਾ ਸੂਬਾ ਵੀ ਕਿਹਾ ਜਾਣ ਲੱਗਾ ਹੈ,

ਅੰਮ੍ਰਿਤਪਾਲ ਸਿੰਘ ਵਿਰਕ<br>
ਫੋਨ:817-262-7938

ਜਿਥੇ ਮੁੰਡਿਆਂ ਤੇ ਕੁੜੀਆਂ ਦਾ ਅਨੁਪਾਤ 1000/750 ਹੈ। ਭਰੂਣ ਹੱਤਿਆ ਸਾਡੇ ਸਮਾਜ 'ਤੇ ਕਲੰਕ ਹੈ। ਸਿੱਧੀ ਨਜ਼ਰੇ ਭਰੂਣ ਹੱਤਿਆ ਕਰਨ ਵਾਲਾ ਆਮ ਮੱਧ ਵਰਗੀ ਆਦਮੀ ਸਾਨੂੰ ਕਾਤਲ ਜਿਹਾ ਲੱਗਦਾ ਹੈ ਪਰ ਕੁਝ ਹੋਰ ਵੀ ਕਾਰਨ ਹਨ ਜਿਨ੍ਹਾਂ ਕਰਕੇ ਰੱਬ ਦਾ ਸ਼ੁਕਰਾਨਾ ਕਰਨ ਵਾਲਾ ਆਮ ਇਨਸਾਨ ਇਹ ਕਹਿਰ ਕਰ ਗੁਜ਼ਰਦਾ ਹੈ।

ਸਾਡਾ ਸਮਾਜ ਹੁਣ ਸਾਫ਼-ਸੁਥਰਾ ਨਹੀਂ ਹੈ। ਮੱਧ ਵਰਗੀ ਇਨਸਾਨ ਜੋ ਪਹਿਲਾਂ ਹੀ ਦੋ ਜਾਂ ਤਿੰਨ ਧੀਆਂ ਦਾ ਬਾਪ ਹੈ, ਨੂੰ ਜਦੋਂ ਇਹ ਪਤਾ ਲੱਗਦਾ ਹੈ ਕਿ ਉਸ ਦੇ ਘਰ ਇਕ ਹੋਰ ਧੀ ਜਨਮ ਲੈਣ ਵਾਲੀ ਹੈ ਤਾਂ ਉਸ ਦੇ ਪੈਰਾਂ ਥੱਲਿਉਂ ਜ਼ਮੀਨ ਖਿਸਕ ਜਾਂਦੀ ਹੈ। ਚਾਰ ਧੀਆਂ ਦੀ ਜ਼ਿੰਮੇਵਾਰੀ, ਤੇ ਕਮਾਊ ਇਕੱਲਾ ਬਾਪ-ਉਹ ਸੋਚਦਾ ਹੈ ਕਿ ਜੇ ਉਸ ਨੂੰ ਕੁਝ ਹੋ ਗਿਆ ਤਾਂ ਫਿਰ? ਉਹਦੀਆਂ ਅੱਖਾਂ ਅੱਗੇ ਉਹ ਸਾਰੇ ਦ੍ਰਿਸ਼ ਘੁੰਮ ਜਾਂਦੇ ਹਨ ਜੋ ਉਸ ਨੇ ਕਈ ਵਾਰ ਨਾ ਚਾਹੁੰਦਿਆਂ ਵੀ ਵੇਖੇ ਹੋਣਗੇ-ਲਾਚਾਰੀ ਵੱਸ ਬਾਜ਼ਾਰਾਂ ਵਿਚ ਵਿਕਦਾ ਜਿਸਮ, ਮੰਤਰੀਆਂ-ਸੰਤਰੀਆਂ ਦੀਆਂ ਕੋਠੀਆਂ ਵਿਚ ਰੁਲਦੀ ਇੱਜ਼ਤ ਜਿਨ੍ਹਾਂ ਦੀ ਕਿਸੇ ਨੇ ਕਦੇ ਵੀ ਨਹੀਂ ਸੁਣੀ। ਥਾਣਿਆਂ ਵਿਚ ਰੁਲਦੀਆਂ ਬਿਨਾ ਸਬੂਤ ਤੋਂ ਬੇਪੱਤ ਹੋਈਆਂ ਕੁਆਰੀਆਂ। ਅਜਿਹੇ ਦ੍ਰਿਸ਼ ਵੇਖ ਕੇ ਸ਼ਾਇਦ ਉਹ ਸੋਚਦਾ ਹੈ ਕਿ ਜੇ ਕਿਸੇ ਕਾਰਨ ਉਹ ਮੰਜੇ 'ਤੇ ਪੈ ਗਿਆ ਤਾਂ ਧੀਆਂ ਦੀ ਅਜਿਹੀ ਹਾਲਤ ਕਿਸ ਤਰ੍ਹਾਂ ਬਰਦਾਸ਼ਤ ਕਰੇਗਾ? ਤੇ ਇਹ ਸੋਚ ਕੇ ਉਹ ਕੁਝ ਅਜਿਹਾ ਕਰਨ ਲਈ ਰਾਜ਼ੀ ਹੋ ਜਾਂਦਾ ਹੈ ਜੋ ਉਹ ਨਹੀਂ ਕਰਨਾ ਚਾਹੁੰਦਾ!

ਆਮ ਮੱਧ ਵਰਗੀ ਪਰਿਵਾਰਾਂ ਜਾਂ ਗਰੀਬਾਂ ਨਾਲ ਅਮੀਰਾਂ ਵਲੋਂ ਆਮ ਹੀ ਧੱਕੇਸ਼ਾਹੀਆਂ ਹੁੰਦੀਆਂ ਆਈਆਂ ਹਨ। ਦੁਨੀਆਂ ਦਾ ਅੰਨਦਾਤਾ ਕਹਾਉਣ ਵਾਲਾ ਪੰਜਾਬ ਦਾ ਕਿਸਾਨ ਆਰਥਿਕ ਪੱਖੋਂ ਟੁੱਟ ਕੇ ਚੂਰ ਹੋ ਚੁੱਕਾ ਹੈ। ਦਿਨ-ਬ-ਦਿਨ ਕਰਜ਼ਿਆਂ ਦੀ ਮਾਰ ਵਿਚ ਡੁੱਬ ਰਿਹਾ ਹੈ। ਜੇ ਉਹਦੇ ਘਰ ਦੋ-ਤਿੰਨ ਧੀਆਂ ਨੇ, ਤਾਂ ਉਹਨੂੰ ਰਾਤਾਂ ਨੂੰ ਨੀਂਦ ਨਹੀਂ ਆਉਂਦੀ ਕਿਉਂਕਿ ਸਮਾਜ ਵਿਚ ਕੋਈ ਧੀ ਨੂੰ ਬਿਨਾ ਦਾਜ ਦੇ ਨੂੰਹ ਨਹੀਂ ਬਣਾਉਂਦਾ। ਸੋ, ਦਾਜ ਦੀ ਇਸ ਲਾਹਨਤ ਨੂੰ ਰੋਕਣ ਲਈ ਵੀ ਸਾਨੂੰ ਉਨਾ ਹੀ ਜ਼ੋਰ ਲਾਉਣਾ ਚਾਹੀਦਾ ਹੈ ਜਿੰਨਾ ਭਰੂਣ ਹੱਤਿਆ ਰੋਕਣ ਲਈ ਲਾ ਰਹੇ ਹਾਂ। ਫਿਰ ਦੋ ਧੀਆਂ ਵਾਲੇ ਬਾਪ ਦੀ ਤੀਜੀ ਧੀ ਲਈ ਸਰਕਾਰ ਮੁਫ਼ਤ ਸਿੱਖਿਆ, ਡਾਕਟਰੀ ਸਹੂਲਤਾਂ ਤੇ ਨੌਕਰੀ ਦਾ ਬੰਦੋਬਸਤ ਕਿਉਂ ਨਹੀਂ ਕਰਦੀ ਤਾਂ ਕਿ ਉਹ ਖੁਦ ਹੀ ਕਾਤਲ ਨਾ ਬਣੇ? ਸਰਕਾਰ ਕਿਉਂ ਨਹੀਂ ਕੋਈ ਅਜਿਹਾ ਸਰਕਾਰੀ ਆਸ਼ਰਮ ਬਣਾਉਂਦੀ ਜਿਥੇ ਆਰਥਿਕ ਪੱਖੋਂ ਡਾਵਾਂਡੋਲ ਲੋਕ ਆਪਣੀ ਧੀ ਨੂੰ ਸਨਮਾਨ ਨਾਲ ਛੱਡ ਦੇਣ ਤੇ ਖਰਚਾ ਸਰਕਾਰ ਦੇਵੇ।

ਭਾਰਤ ਵਿਚ ਹਰ ਰੋਜ਼ ਹਜ਼ਾਰਾਂ ਧੀਆਂ ਬੇਪੱਤ ਹੁੰਦੀਆਂ ਨੇ, ਬਲਾਤਕਾਰ ਹੁੰਦੇ ਨੇ, ਜਿਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਕਿਉਂਕਿ ਅਜਿਹੇ ਬਹੁਤੇ ਕੇਸ ਅਮੀਰਾਂ ਦੇ ਕਾਕਿਆਂ ਨਾਲ ਸਬੰਧਤ ਹੁੰਦੇ ਹਨ। ਸਰਕਾਰ ਅਜਿਹੇ ਲੋਕਾਂ, ਜੋ ਸਮਾਜ 'ਤੇ ਕਲੰਕ ਹਨ ਤੇ ਸਮਾਜ ਨੂੰ ਗੰਧਲਾ ਕਰ ਰਹੇ ਹਨ, ਨੂੰ ਫਾਹੇ ਕਿਉਂ ਨਹੀਂ ਲਾਉਂਦੀ? ਜੇ ਸਮਾਜ ਸਾਫ਼-ਸੁਥਰਾ ਹੋਵੇਗਾ ਤਾਂ ਕਿਸੇ ਨੂੰ ਧੀ ਜੰਮਣ ਦਾ ਡਰ ਵੀ ਨਹੀਂ ਹੋਵੇਗਾ।

ਭਰੂਣ ਹੱਤਿਆ ਦੇ ਬਹੁਤੇ ਕੇਸ ਗ਼ਰੀਬੀ ਦੀ ਰੇਖਾ ਤੋਂ ਥੱਲੇ ਰਹਿਣ ਵਾਲਿਆਂ ਦੇ ਹਨ। ਗਰੀਬਾਂ ਅਤੇ ਨਿੱਘਰ ਰਹੀ ਕਿਸਾਨੀ ਨੂੰ ਆਰਥਕ ਪੱਖੋਂ ਖੁਸ਼ਹਾਲ ਬਣਾਉਣ ਦੀ ਲੋੜ ਹੈ ਅਤੇ ਇਹ ਜ਼ਿੰਮੇਵਾਰੀ ਸਰਕਾਰ ਦੀ ਹੈ। ਜਦੋਂ ਕਿਸਾਨਾਂ ਨਾਲ ਸਬੰਧਤ ਕੋਈ ਮਸਲਾ ਲੋਕ ਸਭਾ ਜਾਂ ਰਾਜ ਸਭਾ ਵਿਚ ਉਠਦਾ ਹੈ ਤਾਂ ਹੰਗਾਮੇ ਹੁੰਦੇ ਹਨ, ਕੁਰਸੀਆਂ ਚੱਲਦੀਆਂ ਹਨ, ਵਾਕਆਊਟ ਹੁੰਦੇ ਹਨ ਪਰ ਮਸਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ਜਦੋਂ ਕੋਈ ਮਸਲਾ ਮੰਤਰੀਆਂ ਦੇ ਫੰਡ ਵਧਾਉਣ ਦਾ ਆਉਂਦਾ ਹੈ ਤਾਂ ਝੱਟ ਸਹਿਮਤੀ ਨਾਲ ਹੀ ਪਾਸ ਹੋ ਜਾਂਦਾ ਹੈ। ਆਮ ਆਦਮੀ ਨੂੰ ਕੁੜੀਮਾਰ ਬਣਾਉਣ ਲਈ ਕੀ ਇਹ ਲੋਕ ਜ਼ਿੰਮੇਵਾਰ ਨਹੀਂ?

ਜਦੋਂ ਕੋਈ ਲੜਕੀ ਪੜ੍ਹ-ਲਿਖ ਕੇ ਕਿਸੇ ਨੌਕਰੀ ਦੇ ਕਾਬਲ ਹੋ ਜਾਂਦੀ ਹੈ ਤਾਂ ਨੌਕਰੀ ਲਈ ਉਸ ਦੀ ਯੋਗਤਾ ਹੋਣ ਦੇ ਬਾਵਜੂਦ ਕੁਝ ਹੋਰ ਸਿਫ਼ਾਰਸ਼ਾਂ ਦੀ ਲੋੜ ਹੁੰਦੀ ਹੈ। ਅਸੀਂ ਸਭ ਜਾਣਦੇ ਹਾਂ ਕਿ ਕਿਸੇ ਕੋਲ ਪੈਸਾ ਹੈ, ਕਿਸੇ ਕੋਲ ਰਾਜਨੀਤਕ ਪਹੁੰਚ ਹੈ ਪਰ ਜਿਸ ਵਿਚਾਰੀ ਕੋਲ ਸਿਰਫ਼ ਯੋਗਤਾ ਹੈ, ਉਹ ਫਿਰ ਕੀ ਕਰੇ? ਇਹ ਪਹਿਲੂ ਵੀ ਭਰੂਣ ਹੱਤਿਆ ਨਾਲ ਜੁੜਿਆ ਹੋਇਆ ਹੈ।

ਮੇਰਾ ਇਹ ਸਭ ਲਿਖਣ ਦਾ ਮਤਲਬ ਇਹ ਨਹੀਂ ਕਿ ਮੈਂ ਭਰੂਣ ਹੱਤਿਆ ਦੇ ਪੱਖ ਵਿਚ ਹਾਂ। ਮੈਂ ਤਾਂ ਧਿਆਨ ਉਨ੍ਹਾਂ ਪੱਖਾਂ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ ਜੋ ਇਸ ਨਾਲ ਜੁੜੇ ਹੋਏ ਹਨ। ਇਸ ਨੂੰ ਰੋਕਣ ਲਈ ਇਨ੍ਹਾਂ 'ਤੇ ਵੀ ਨਜ਼ਰ ਮਾਰਨੀ ਪਵੇਗੀ।

# ਸਤਿਗੁਰ ਮੇਰਾ ਵਡ ਸਮਰਥਾ

ੴ ਸਤਿਗੁਰ ਪ੍ਰਸਾਦਿ॥<br>
ਦੁਖੁ ਤਦੇ ਜਾ ਵਿਸਰਿ ਜਾਵੈ<br>
ਭੁਖ ਵਿਆਪੈ ਬਹੁਬਿਧਿ ਧਾਵੈ॥<br>
ਸਿਮਰਤ ਨਾਮੁ ਸਦਾ ਸੁਹੇਲਾ<br>
ਜਿਸੁ ਦੇਵੈ ਦੀਨ ਦਇਆਲਾ ਜੀਉ॥<br>
ਸਤਿਗੁਰ ਮੇਰਾ ਵਡ ਸਮਰਥਾ<br>
ਜੀਇ ਸਮਾਲੀ ਤਾ ਸਭੁ ਦੁਖ ਲਥਾ॥<br>
ਚਿੰਤਾ ਰੋਗੁ ਗਈ ਹਉ ਪੀੜਾ<br>
ਆਪਿ ਕਰੇ ਪ੍ਰਤਿਪਾਲਾ ਜੀਉ॥<br>
ਬਾਰਿਕ ਵਾਗੀ ਹਉ ਸਭ ਕਿਛੁ ਮੰਗਾ<br>
ਦੇਦੇ ਤੋਟਿ ਨਹੀ ਪ੍ਰਭ ਰੰਗਾ॥<br>
ਪੈਰੀ ਪੈ ਪੈ ਬਹੁਤੁ ਮਨਾਈ<br>
ਦੀਨ ਦਇਆਲਾ ਗੋਪਾਲਾ ਜੀਉ॥<br>
ਹਉ ਬਲਿਹਾਰੀ ਸਤਿਗੁਰ ਪੂਰੇ<br>
ਜਿਨਿ ਬੰਧਨ ਕਾਟੇ ਸਗਲੇ ਮੇਰੇ॥<br>
ਹਿਰਦੈ ਨਾਮੁ ਦੇ ਨਿਰਮਲ ਕੀਏ<br>
ਨਾਨਕ ਰੰਗਿ ਰਸਾਲਾ ਜੀਉ॥

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਹੇ ਭਾਈ, ਇਸ ਜੀਵ ਨੂੰ ਦੁਖ ਉਦੋਂ ਸਤਾਉਂਦੇ ਹਨ ਜਦੋਂ ਉਹ ਪਰਮੇਸ਼ਰ ਪ੍ਰਭੂ ਦੇ ਨਾਮ ਨੂੰ ਭੁਲਾ ਦਿੰਦਾ ਹੈ ਅਤੇ ਉਸ ਨਾਮ ਵਿਹੂਣੇ ਜੀਵ ਉਤੇ ਮਾਇਆ ਦੀ ਪਕੜ ਮਜ਼ਬੂਤ ਹੋ ਜਾਂਦੀ ਹੈ। ਉਹ ਭੁੱਖੇ ਪ੍ਰਾਣੀ ਵਾਂਗ ਚਾਰੇ ਪਾਸੇ ਭਟਕਦਾ ਫਿਰਦਾ ਹੈ ਪਰ ਉਹ ਦੀਨਾਂ 'ਤੇ ਦਿਆ ਕਰਨ ਵਾਲਾ ਪ੍ਰਭੂ ਜਿਸ ਜੀਵ 'ਤੇ ਕਿਰਪਾ ਕਰਕੇ ਆਪਣੇ ਨਾਮ ਦੀ ਦਾਤ ਦੇਵੇ, ਉਹ ਹੀ ਸਦਾ ਸੁਖੀ ਰਹਿੰਦਾ ਹੈ।

ਗੁਰੂ ਜੀ ਫੁਰਮਾਉਂਦੇ ਹਨ, ਹੇ ਭਾਈ, ਮੈਨੂੰ ਜੋ ਪੂਰਨ ਗੁਰੂ ਮਿਲਿਆ ਹੈ ਉਹ ਸਮਰਥ ਭਾਵ ਵੱਡੀ ਤਾਕਤ ਦਾ ਮਾਲਕ ਹੈ ਅਤੇ ਜਦੋਂ ਮੈਂ ਗੁਰੂ ਦੀ ਕਿਰਪਾ ਸਦਕਾ ਉਸ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ ਵਸਾ ਲਿਆ ਤਾਂ ਮੇਰਾ ਸਾਰਾ ਹੀ ਦੁੱਖ ਦੂਰ ਹੋ ਗਿਆ। ਹਉਮੈ ਦੇ ਰੋਗ ਤੇ ਦੁਨਿਆਵੀ ਚਿੰਤਾਵਾਂ ਤੋਂ ਵੀ ਮੇਰਾ ਮਾਲਕ ਪ੍ਰਭੂ ਆਪ ਹੀ ਰਖਵਾਲੀ ਕਰਦਾ ਹੈ ਅਤੇ ਪ੍ਰਤਿਪਾਲਣਾ ਵੀ ਕਰਦਾ ਹੈ।

ਬਾਰਿਕ ਵਾਗੀ ਹਉ ਸਭ ਕਿਛੁ ਮੰਗਾ<br>
ਦੇ ਦੇ ਤੋਟਿ ਨਹੀ ਪ੍ਰਭ ਰੰਗਾ॥<br>
ਪੈਰੀ ਪੈ ਪੈ ਬਹੁਤ ਮਨਾਈ<br>
ਦੀਨ ਦਇਆਲਾ ਗੋਪਾਲਾ ਜੀਉ॥

ਹੇ ਭਾਈ, ਗੁਰੂ ਦੀ ਮਿਹਰ ਸਦਕਾ ਹੁਣ ਮੈਂ ਆਪਣੇ ਪ੍ਰਭੂ ਪਿਤਾ ਦੇ ਕੋਲੋਂ ਨਿੱਕੇ ਜਿਹੇ ਬਾਲਕ ਵਾਂਗ ਹਰ ਇਕ ਚੀਜ਼ ਮੰਗ ਲੈਂਦਾ ਹਾਂ ਅਤੇ ਉਹ ਮੇਰਾ ਪਾਲਣਹਾਰ ਪਿਤਾ, ਜੋ ਮੈਂ

## ਗੁਰਬਾਣੀ ਗਿਆਨ

ਮੰਗਦਾ ਹਾਂ, ਮੇਰੀ ਝੋਲੀ ਪਾ ਦਿੰਦਾ ਹੈ। ਜੋ ਚੀਜ਼ਾਂ ਉਹ ਦਿੰਦਾ ਹੈ, ਉਸ ਵਿਚ ਕਦੀ ਤੋਟ ਨਹੀਂ ਆਉਂਦੀ। ਹੇ ਭਾਈ, ਉਹ ਪ੍ਰਭੂ ਤਾਂ ਮਿਹਰਵਾਰ ਹੈ, ਦੀਨਾਂ ਉਤੇ ਦਿਆ ਕਰਨ ਵਾਲਾ ਵੀ ਹੈ ਅਤੇ ਮੈਂ ਉਸ ਦੇ ਚਰਨਾਂ 'ਤੇ ਡਿਗ ਡਿਗ ਕੇ ਉਸ ਨੂੰ ਮਨਾਉਂਦਾ ਹਾਂ, ਭਾਵ ਸਤਿਕਾਰ ਕਰਦਾ ਹਾਂ।

ਹਉ ਬਲਿਹਾਰੀ ਸਤਿਗੁਰ ਪੂਰੇ<br>
ਜਿਨ ਬੰਧਨ ਕਾਟੇ ਸਗਲੇ ਮੇਰੇ॥<br>
ਹਿਰਦੇ ਨਾਮੁ ਦੇ ਨਿਰਮਲ ਕੀਏ<br>
ਨਾਨਕ ਰੰਗਿ ਰਸਾਲਾ ਜੀਉ॥

ਗੁਰਦੇਵ ਆਖਦੇ ਹਨ, ਹੇ ਭਾਈ ਮੈਂ ਤਾਂ ਆਪਣੇ ਸਤਿਗੁਰ ਪੂਰੇ ਤੋਂ ਬਲਿਹਾਰ ਭਾਵ ਸਦਕੇ ਜਾਂਦਾ ਹਾਂ ਜਿਸ ਪੂਰੇ ਸਤਿਗੁਰੂ ਨੇ ਮੇਰੇ ਇਸ ਜੀਵਨ ਵਿਚ ਮਾਇਆ ਦੇ ਭਰਮ ਭੁਲੇਖਿਆਂ ਦੇ ਪਏ ਬੰਧਨਾਂ ਨੂੰ ਕੱਟ ਦਿੱਤਾ ਹੈ ਅਤੇ ਮੈਨੂੰ ਆਪਣੇ ਨਾਲ ਜੋੜ ਲਿਆ ਹੈ। ਹੇ ਨਾਨਕ, ਪੂਰੇ ਗੁਰੂ ਨੇ ਜਿਨ੍ਹਾਂ ਜੀਵਾਂ ਨੂੰ ਹਰੀ ਪਰਮਾਤਮਾ ਦੇ ਨਾਮ ਦੀ ਦਾਤ ਦਿੱਤੀ ਅਤੇ ਨਾਮ ਸਿਮਰਨ ਦੇ ਕੇ ਜੀਵਾਂ ਨੂੰ ਪ੍ਰਭੂ ਦੇ ਰੰਗ ਵਿਚ ਰੰਗ ਦਿਤਾ ਤਾਂ ਉਹ ਜੀਵ ਪ੍ਰੇਮ ਵਿਚ ਮਗਨ ਹੋਕੇ ਆਤਮਿਕ ਅਨੰਦ ਮਾਣਦੇ ਹਨ।

ਗੁਰੂ ਪਿਆਰਿਓ, ਆਓ ਸ਼ਬਦ ਗੁਰੂ ਨਾਲ ਜੁੜੀਏ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ<br>
ਫੋਨ:916-687-3536

# ‘ਜਾਹ ਜਾਂਦੀਏ’ ਸੋਚ ਕੇ ਚੱਲ ਰਹੇ ਪੰਜਾਬ ਦੇ ਹੁਕਮਰਾਨ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ

**ਸਰਕਾਰ ਵਿਚ ਬੈਠੇ ਲੋਕ, ਖਾਸ ਕਰ ਕੇ ਵੱਡੇ ਅਫਸਰ, ਫਾਈਲਾਂ ਨੂੰ ਸਿਰੇ ਚਾੜ੍ਹਨ ਦੀ ਬਜਾਏ ਇੱਕ ਤੋਂ ਦੂਜੇ ਵੱਲ ਖਿਸਕਾ ਕੇ ਸਮਾਂ ਲੰਘਾਉਣ ਵਿਚ ਵੱਧ ਰੁਚੀ ਰੱਖਦੇ ਹਨ। ਕਈ ਦਫਤਰਾਂ ਵਿਚ ਇਹ ਹਾਲ ਹੈ ਕਿ ਉਥੇ ਕਈ-ਕਈ ਦਿਨ ਅਫਸਰਾਂ ਦੇ ਦਰਸ਼ਨ ਨਹੀਂ ਹੁੰਦੇ ਜਾਂ ਉਹ ਆ ਕੇ ਝਲਕ ਵਿਖਾ ਕੇ ਮੁੜ ਜਾਂਦੇ ਹਨ ਤੇ ਦਫਤਰ ਦਾ ਸਟਾਫ ਸਾਰਾ ਦਿਨ ਇਹੋ ਕਹੀ ਜਾਂਦਾ ਹੈ ਕਿ ਸਾਹਿਬ ਜ਼ਰੂਰੀ ਮੀਟਿੰਗ ਜਾਂ ਹਾਈ ਕੋਰਟ ਦੀ ਪੇਸ਼ੀ ਲਈ ਗਏ ਹੋਏ ਹਨ। ਮਤਲਬ ਸਿੱਧਾ ਜਿਹਾ ਇੱਕੋ ਹੈ ਕਿ ਜਿਹੜੇ ਕੰਮ ਸਰਕਾਰ ਜਾਂਦੇ-ਜਾਂਦੇ ਦਬਾਅ ਪਾ ਕੇ ਕਰਾਉਣਾ ਚਾਹੁੰਦੀ ਹੈ ਅਤੇ ਮਗਰੋਂ ਉਨ੍ਹਾਂ ਨੂੰ ਭੁਗਤਣੇ ਪੈ ਸਕਦੇ ਹਨ, ਉਨ੍ਹਾਂ ਕੰਮਾਂ ਤੋਂ ਪਾਸਾ ਵੱਟ ਲਿਆ ਜਾਵੇ।**

ਇਹ ਸਤਰਾਂ ਲਿਖਣ ਵੇਲੇ ਆਖ ਸਕਣਾ ਔਖਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਕਦੋਂ ਹੋ ਜਾਵੇਗਾ? ਸਮਾਂ ਜਦੋਂ ਸਿਰਫ ਸਵਾ ਤਿੰਨ ਮਹੀਨੇ ਦਾ ਬਾਕੀ ਹੈ, ਇਹ ਐਲਾਨ ਕਿਸੇ ਵੀ ਸਮੇਂ ਆ ਸਕਦਾ ਹੈ। ਜਦੋਂ ਹੀ ਚੋਣਾਂ ਦਾ ਪ੍ਰੋਗਰਾਮ ਐਲਾਨ ਕਰ ਦਿੱਤਾ ਗਿਆ, ਚੋਣ ਜ਼ਾਬਤਾ ਵੀ ਲਾਗੂ ਹੋ ਜਾਵੇਗਾ। ਇਸ ਕਰ ਕੇ ਸਰਕਾਰ ਚਲਾਉਣ ਵਾਲੀ ਅਕਾਲੀ-ਭਾਜਪਾ ਧਿਰ ਇਸ ਵੇਲੇ ਰਹਿੰਦੇ ਕੰਮਾਂ ਦੀਆਂ ਫਾਈਲਾਂ ਨਿਪਟਾਉਣ ਵਿਚ ਰਾਤ-ਦਿਨ ਰੁੱਝੀ ਪਈ ਹੈ ਪਰ ਵਾਦੜੀਆਂ-ਸਜਾਦੜੀਆਂ ਸਿਰਾਂ ਨਾਲ ਨਿਭਣ ਦੀ ਰੀਤ ਵਾਂਗ ਇਸ ਸਮੇਂ ਵੀ ਕਿਸੇ ਕੰਮ ਦੇ ਜਾਇਜ਼-ਨਾਜਾਇਜ਼ ਹੋਣ ਜਾਂ ਉਸ ਦੇ ਸਿਰੇ ਚੜ੍ਹ ਸਕਣ ਦੀ ਸੰਭਾਵਨਾ ਨੂੰ ਨਹੀਂ ਵੇਖਿਆ ਜਾ ਰਿਹਾ, ਸਗੋਂ ਪੰਜਾਬੀ ਵਿਚ ‘ਸਾਡੇ ਵੱਲੋਂ ਭਾਵੇਂ ਜਾਂਦੀ ਰੰਡੀ ਹੋ ਜਾਵੇ, ਲਾਗੀਆਂ ਨੇ ਲਾਗ ਹੀ ਲੈਣਾ ਹੈ’ ਦੇ ਮੁਹਾਵਰੇ ਵਾਂਗ ਫਰਵਰੀ ਵਿਚ ਆ ਰਹੀਆਂ ਵੋਟਾਂ ਦੀ ਲੋੜ ਹੀ ਮੁੱਖ ਰੱਖੀ ਜਾ ਰਹੀ ਹੈ। ਜਿਸ ਗੱਲ ਨੂੰ ਉਹ ਯਾਦ ਨਹੀਂ ਰੱਖ ਰਹੇ, ਉਹ ਇਹ ਹੈ ਕਿ ਹੁਣ ਰਾਜ ਵਿਚ ਉਨ੍ਹਾਂ ਦੀ ਅੱਗੇ ਵਾਲੀ ਧੌਂਸ ਨਹੀਂ ਰਹਿ ਗਈ ਤੇ ਸਰਕਾਰ ਵਿਚ ਬੈਠੇ ਲੋਕ, ਖਾਸ ਕਰ ਕੇ ਵੱਡੇ ਅਫਸਰ, ਫਾਈਲਾਂ ਨੂੰ ਸਿਰੇ ਚਾੜ੍ਹਨ ਦੀ ਬਜਾਏ ਇੱਕ ਤੋਂ ਦੂਜੇ ਵੱਲ ਖਿਸਕਾ ਕੇ ਸਮਾਂ ਲੰਘਾਉਣ ਵਿਚ ਵੱਧ ਰੁਚੀ ਰੱਖਦੇ ਹਨ। ਕਈ ਦਫਤਰਾਂ ਵਿਚ ਇਹ ਹਾਲ ਹੈ ਕਿ ਉਥੇ ਕਈ-ਕਈ ਦਿਨ ਅਫਸਰਾਂ ਦੇ ਦਰਸ਼ਨ ਨਹੀਂ ਹੁੰਦੇ ਜਾਂ ਉਹ ਆ ਕੇ ਝਲਕ ਵਿਖਾ ਕੇ ਮੁੜ ਜਾਂਦੇ ਹਨ ਤੇ ਦਫਤਰ ਦਾ ਸਟਾਫ ਸਾਰਾ ਦਿਨ ਇਹੋ ਕਹੀ ਜਾਂਦਾ ਹੈ ਕਿ ਸਾਹਿਬ ਜ਼ਰੂਰੀ ਮੀਟਿੰਗ ਜਾਂ ਹਾਈ ਕੋਰਟ ਦੀ ਪੇਸ਼ੀ ਲਈ ਗਏ ਹੋਏ ਹਨ। ਮਤਲਬ ਸਿੱਧਾ ਜਿਹਾ ਇੱਕੋ ਹੈ ਕਿ ਜਿਹੜੇ ਕੰਮ ਸਰਕਾਰ ਜਾਂਦੇ-ਜਾਂਦੇ ਦਬਾਅ ਪਾ ਕੇ ਕਰਾਉਣਾ ਚਾਹੁੰਦੀ ਹੈ ਅਤੇ ਮਗਰੋਂ ਉਨ੍ਹਾਂ ਨੂੰ ਭੁਗਤਣੇ ਪੈ ਸਕਦੇ ਹਨ, ਉਨ੍ਹਾਂ ਕੰਮਾਂ ਤੋਂ ਪਾਸਾ ਵੱਟ ਲਿਆ ਜਾਵੇ।

ਅਫਸਰਸ਼ਾਹੀ ਇਸ ਵਕਤ ਜਿਵੇਂ ਸਰਕਾਰੀ ਹੁਕਮਾਂ ਨੂੰ ਟਾਲ ਰਹੀ ਹੈ, ਉਸ ਦੀ ਇੱਕ ਮਿਸਾਲ ਇਹ ਵੀ ਹੈ ਕਿ ਗ੍ਰਹਿ ਵਿਭਾਗ ਦੇ ਇੰਚਾਰਜ ਦੇ ਤੌਰ ’ਤੇ ਸੁਖਬੀਰ ਸਿੰਘ ਬਾਦਲ ਨੇ ਪਿੱਛੇ ਜਿਹੇ ਇਹ ਪਾਸ ਕਰਵਾ ਦਿੱਤਾ ਕਿ ਪੰਜਾਬ ਵਿਚ ਚਾਰ ਹਜ਼ਾਰ ਦੇ ਕਰੀਬ ਹਵਾਲਦਾਰਾਂ ਨੂੰ ਥਾਣੇਦਾਰੀ ਦੇ ਤਾਰੇ ਲਾ ਦੇਣੇ ਹਨ। ਇਸ ਸੰਬੰਧੀ ਲੋੜੀਂਦੇ ਹੁਕਮ ਇੱਕ ਹਫਤੇ ਦੇ ਅੰਦਰ ਜਾਰੀ ਕਰ ਕੇ ਰਿਪੋਰਟ ਕਰਨ ਨੂੰ ਕਿਹਾ ਗਿਆ। ਜ਼ਬਾਨੀ-ਕਲਾਮੀ ਅਮਲ ਤਾਂ ਹੋ ਗਿਆ, ਹਵਾਲਦਾਰਾਂ ਨੂੰ ਤਾਰੇ ਵੀ ਮੋਢਿਆਂ ਉਤੇ ਲਾ ਦਿੱਤੇ ਗਏ ਪਰ ਇੱਕ ਮਹੀਨਾ ਲੰਘਣ ਪਿੱਛੋਂ ਵੀ ਕਿਸੇ ਅਫਸਰ ਨੇ ਇਸ ਉਤੇ ਦਸਤਖਤ ਨਹੀਂ ਕੀਤੇ। ਨਤੀਜੇ ਵਜੋਂ ਇਹ ਹਵਾਲਦਾਰ ਮੋਢੇ ਦੇ ਤਾਰੇ ਨਾਲ ਥਾਣੇਦਾਰ ਹਨ, ਡਿਊਟੀ ਥਾਣੇਦਾਰ ਦੀ ਕਰਦੇ ਹਨ ਪਰ ਕਾਗਜ਼ਾਂ ਵਿਚ ਹਵਾਲਦਾਰ ਹਨ। ਜੇ ਕੱਲ੍ਹ ਨੂੰ ਕਿਸੇ ਅਦਾਲਤ ਵਿਚ ਪੇਸ਼ੀ ਹੋ ਗਈ ਤਾਂ ਉਥੇ ਜਾ ਕੇ ਇਹ ਕਾਨੂੰਨੀ ਨੁਕਤਾ ਉਠ ਪੈਣਾ ਹੈ ਕਿ ਜਿਹੜੀ ਸਰਕਾਰੀ ਜ਼ਿੰਮੇਵਾਰੀ ਥਾਣੇਦਾਰ ਨੂੰ ਕਰਨੀ ਬਣਦੀ ਸੀ, ਉਹ ਹਵਾਲਦਾਰ ਤੋਂ ਕਿਉਂ ਕਰਵਾਈ ਗਈ? ਇਹੋ ਨਹੀਂ, ਇਸ ਵਕਤ ਮੋਗੇ ਵਿਚ ਚੋਣ ਲੜਨ ਲਈ ਸਰਗਰਮ ਦਿੱਸਦਾ ਬੰਦਾ ਪਿਛਲੇ ਮਹੀਨੇ ਤੱਕ ਪੰਜਾਬ ਪੁਲਿਸ ਦੇ ਮੁਖੀ ਵਜੋਂ ਜਿਹੜੇ ਹੁਕਮ ਜਾਰੀ ਕਰ ਕੇ ਗਿਆ ਸੀ, ਨਵੇਂ ਪੁਲਿਸ ਮੁਖੀ ਦੇ ਆਉਂਦੇ ਸਾਰ ਉਨ੍ਹਾਂ ਵਿਚੋਂ ਕਈਆਂ ਉਤੇ ਅਮਲ ਵੀ ਰੁਕ ਗਿਆ ਹੈ। ਅਫਸਰਸ਼ਾਹੀ ਦਾ ਇੱਕ ਹਿੱਸਾ ਇਹ ਕਹਿਣ ਤੋਂ ਨਹੀਂ ਝਿਜਕਦਾ ਕਿ ਸਾਢੇ ਚਾਰ ਸਾਲ ਜੋ ਕੁਝ ਸਹਿੰਦੇ ਰਹੇ ਹਾਂ, ਹੁਣ ਉਸ ਦਾ ਹਿਸਾਬ ਚੁਕਤਾ ਕਰਨ ਦਾ ਮੌਕਾ ਆ ਗਿਆ ਹੈ।

ਜਦੋਂ ਇਹੋ ਜਿਹਾ ਹਾਲ ਹੋਵੇ, ਉਦੋਂ ਸਰਕਾਰ ਦੇ ਮੁਖੀ ਨੂੰ ਸਥਿਤੀ ਨੂੰ ਸਮਝਣ ਅਤੇ ਵਿਵਾਦਾਂ ਤੋਂ ਬਚ ਕੇ ਕੰਮ ਕਰਨ ਦੀ ਲੋੜ ਹੁੰਦੀ ਹੈ। ਮੌਜੂਦਾ ਮੁੱਖ ਮੰਤਰੀ ਦੇ ਹੱਥਾਂ ਵਿਚ ਜਾਂ ਤਾਂ ਰਾਜ ਦੀ ਅਸਲੀ ਕਮਾਨ ਨਹੀਂ ਰਹਿ ਗਈ ਜਾਂ ਉਹ ਸਥਿਤੀ ਨੂੰ ਸਮਝ ਸਕਣ ਦੇ ਪਹਿਲਾਂ ਵਾਂਗ ਸਮਰੱਥ ਨਹੀਂ ਰਹਿ ਗਏ, ਜਿਸ ਕਰ ਕੇ ਹਾਲਾਤ ਦਾ ਜਿਹੜਾ ਵਹਿਣ ਪਹਿਲਾਂ ਵਗ ਰਿਹਾ ਸੀ, ਉਹ ਹੁਣ ਵੀ ਉਸੇ ਤਰ੍ਹਾਂ ਵਗ ਰਿਹਾ ਹੈ ਅਤੇ ਗਲਤ ਕੰਮ ਕਰਵਾਉਣ ਵਾਲੇ ਬੰਦੇ ਜਾਂਦੀ ਹੋਈ ਸਰਕਾਰ ਤੋਂ ਵੀ ਹੱਦਾਂ ਉਲੰਘ ਕੇ ਕੁਝ ਨਾ ਕੁਝ ਝਪਟ ਲੈਣਾ ਚਾਹੁੰਦੇ ਹਨ। ਇਸ ਦਾ ਨਮੂਨਾ ਰਾਜ ਦੇ ਸੂਚਨਾ ਕਮਿਸ਼ਨਰਾਂ ਦੀ ਨਿਯੁਕਤੀ ਦਾ ਉਹ ਮਾਮਲਾ ਹੈ, ਜਿਸ ਉਤੇ ਹਾਈ ਕੋਰਟ ਨੇ ਉਨ੍ਹਾਂ ਹੀ ਹੁਕਮਾਂ ਉਤੇ ਚੱਲਣ ਦਾ ਆਦੇਸ਼ ਜਾਰੀ ਕਰ ਦਿੱਤਾ ਹੈ, ਜਿਹੜੇ ਪਿਛਲੇ ਮਹੀਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮਾਮਲੇ ਵਿਚ ਕੀਤੇ ਗਏ ਸਨ।

ਪੰਜਾਬ ਪਬਲਿਕ ਸਰਵਿਸ ਕਮਿਸ਼ਨ ਚਰਚਾ ਦਾ ਕੇਂਦਰ ਤਾਂ ਪਹਿਲਾਂ ਵੀ ਕਈ ਵਾਰ ਰਿਹਾ ਪਰ ਬਹੁਤਾ ਜਲੂਸ ਇਸ ਦਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਇਸ ਕਮਿਸ਼ਨ ਦੇ ਮੁਖੀ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜੇ ਜਾਣ ਨਾਲ ਨਿਕਲਿਆ ਸੀ। ਫਿਰ ਜਦੋਂ ਉਸ ਦੇ ਬੈਂਕ ਲਾਕਰਾਂ ਵਿਚੋਂ ਨਿਕਲੇ ਨੋਟਾਂ ਨਾਲ ਬੈਂਕ ਦਾ ਫਰਸ਼ ਵੀ ਦਰੀ ਵਾਂਗ ਢੱਕਿਆ ਗਿਆ ਤਾਂ ਕੇਸ ਕਿਸੇ ਪਾਸੇ ਲੱਗਾ ਜਾਂ ਨਹੀਂ ਲੱਗਾ, ਇਸ ਨੂੰ ਮੋਟੀ ਕਮਾਈ ਦਾ ਅੱਡਾ ਮੰਨ ਕੇ ਇਸ ਵਿਚ ਲੱਗਣ ਦੇ ਚਾਹਵਾਨਾਂ ਦੀ ਦੌੜ ਲੱਗ ਗਈ। ਜਿਨ੍ਹਾਂ ਲੋਕਾਂ ਨੂੰ ਅਮਰਿੰਦਰ ਸਿੰਘ ਦੀ ਸਰਕਾਰ ਨੇ ਲਾਇਆ ਸੀ, ਚਰਚਾ ਤਾਂ ਉਨ੍ਹਾਂ ਵਿਚੋਂ ਵੀ ਕਈਆਂ ਬਾਰੇ ਚੱਲਦੀ ਰਹੀ ਪਰ ਜਿਹੜੇ ਬਾਦਲ ਸਰਕਾਰ ਨੇ ਇਸ ਵਾਰੀ ਆ ਕੇ ਲਾਏ ਸਨ, ਉਨ੍ਹਾਂ ਦੇ ਕੇਸ ਹਾਈ ਕੋਰਟ ਵਿਚ ਤੱਤੇ ਘਾਹ ਹੀ ਜਾਣ ਲੱਗ ਪਏ। ਡਾਕਟਰਾਂ ਦੀ ਭਰਤੀ ਦੇ ਮਾਮਲੇ ਵਿਚ ਇਸ ਕਮਿਸ਼ਨ ਦੇ ਕਈ ਮੌਜੂਦਾ ਮੈਂਬਰਾਂ ਦੇ ਨਾਂ ਅਖਬਾਰਾਂ ਵਿਚ ਛਪ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ। ਪਿੱਛੋਂ ਇਹ ਖਬਰਾਂ ਆਈਆਂ ਕਿ ਅੰਦਰੋ ਅੰਦਰ ਇਹ ਲੜਾਈ ਵੀ ਵਾਹਵਾ ਭਖਵੀਂ ਚੱਲ ਰਹੀ ਹੈ ਕਿ ਕੌਣ ਕਿਸ ਪੋਸਟ ਦੀ ਇੰਟਰਵਿਊ ਕਰੇਗਾ, ਕਿਉਂਕਿ ਕੁਝ ਖਾਸ ਪੋਸਟਾਂ ਦੀ ਭਰਤੀ ਵੱਧ ਕਮਾਈ ਵਾਲੀ ਸਮਝੀ ਜਾਂਦੀ ਹੈ। ਇਸ ਨਾਲ ਕਈ ਹੋਰ ਲੋਕਾਂ ਦਾ ਜੀਅ ਵੀ ਇਸ ਕਮਿਸ਼ਨ ਦੀ ਕੋਈ ਨਾ ਕੋਈ ਕੁਰਸੀ ਸਾਂਭਣ ਲਈ ਲਲਚਾਉਣ ਲੱਗਾ ਤੇ ਇੱਕ ਦਿਨ ਇਹ ਖਬਰ ਆ ਗਈ ਕਿ ਇੱਕ ਅਕਾਲੀ ਵਿਧਾਇਕ ਦਾ ਅਸਤੀਫਾ ਦਿਵਾ ਕੇ ਉਸ ਨੂੰ ਇਸ ਕਮਿਸ਼ਨ ਦਾ ਮੁਖੀ ਲਾ ਦਿੱਤਾ ਗਿਆ ਹੈ। ਵਿਚਾਰੇ ਦੀ ਹਾਲਤ ਉਦੋਂ ‘ਨ੍ਹਾਤੀ-ਧੋਤੀ ਰਹਿ ਗਈ, ਮੂੰਹ ’ਤੇ ਮੱਖੀ ਬਹਿ ਗਈ’ ਵਾਲੀ ਹੋ ਗਈ, ਜਦੋਂ ਇਸ ਨਿਯੁਕਤੀ ਵਿਰੁਧ ਹਾਈ ਕੋਰਟ ਵਿਚ ਅਰਜ਼ੀ ਦਾਖਲ ਹੋ ਗਈ ਤੇ ਫਿਰ ਕਈ ਪੇਸ਼ੀਆਂ ਤੋਂ ਬਾਅਦ ਉਸ ਦੀ ਨਿਯੁਕਤੀ ਵੀ ਰੱਦ ਹੋਈ ਅਤੇ ਅੱਗੋਂ ਲਈ ਉਸ ਦੀ ਸੀਟ ਤੋਂ ਅਕਾਲੀ ਉਮੀਦਵਾਰ ਵੀ ਕੋਈ ਹੋਰ ਸਿਹਰੇ ਬੰਨ੍ਹ ਤੁਰਿਆ ਹੈ। ਇਹ ਝਟਕਾ ਸਿਰਫ ਉਸ ਲਈ ਨਹੀਂ, ਪੰਜਾਬ ਦੀ ਸਰਕਾਰ ਲਈ ਵੀ ਸੀ ਪਰ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਹੁਣ ਮਾਮਲਾ ਪੰਜਾਬ ਦੇ ਸੂਚਨਾ ਕਮਿਸ਼ਨ ਵਿਚ ਨਿਯੁਕਤੀਆਂ ਦਾ ਹਾਈ ਕੋਰਟ ਵਿਚ ਜਾ ਕੇ ਅਟਕ ਗਿਆ ਹੈ, ਕਿਉਂਕਿ ਇਸ ਵਾਰੀ ਫਿਰ ਉਹੋ ਗਲਤੀ ਦੁਹਰਾ ਦਿੱਤੀ ਗਈ ਹੈ, ਜਿਹੜੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮਾਮਲੇ ਵਿਚ ਕੀਤੀ ਗਈ ਸੀ। ਉਦੋਂ ਹਾਈ ਕੋਰਟ ਨੇ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਸੀ ਕਿ ਇਹੋ ਜਿਹੀਆਂ ਨਿਯੁਕਤੀਆਂ ਕਰਨ ਦੀ ਇੱਕ ਬਾਕਾਇਦਾ ਪ੍ਰਕ੍ਰਿਆ ਬਣਾਈ ਜਾਵੇ, ਜਿਹੜੀ ਬਾਅਦ ਵਿਚ ਅਪਨਾਉਣੀ ਪਈ ਸੀ। ਹੁਣ ਸੂਚਨਾ ਕਮਿਸ਼ਨ ਦੀਆਂ ਨਿਯੁਕਤੀਆਂ ਲਈ ਫਿਰ ‘ਬੱਚੇ ਸੱਕੇ ਦਾ ਰਾਜ’ ਸਮਝ ਲਿਆ ਗਿਆ। ਅਕਾਲੀ ਲੀਡਰਸ਼ਿਪ ਦੀ ਅੱਖ ਦਾ ਤਾਰਾ ਗਿਣੇ ਜਾਂਦੇ ਇੱਕ ਟਰੱਕ ਯੂਨੀਅਨ ਦੇ ਪ੍ਰਧਾਨ ਨੂੰ ਸੂਚਨਾ ਕਮਿਸ਼ਨ ਦੀਆਂ ਖਾਲੀ ਹੋਈਆਂ ਥਾਂਵਾਂ ਵਿਚੋਂ ਇੱਕ ਲਈ ਜਦੋਂ ਲੱਗਭੱਗ ਚੁਣਿਆ ਜਾ ਚੁੱਕਾ ਸੀ, ਹੁਕਮ ਜਾਰੀ ਕਰਨੇ ਹੀ ਬਾਕੀ ਸਨ, ਉਦੋਂ ਇਸ ਉਤੇ ਵੀ ਅਦਾਲਤ ਨੇ ਰੋਕ ਲਾ ਦਿੱਤੀ ਹੈ। ਜੇ ਸਮਝ ਕੇ ਚੱਲਦੇ ਤਾਂ ਬੇਇੱਜ਼ਤੀ ਨਹੀਂ ਸੀ ਹੋਣੀ।

ਜਦੋਂ ਇੱਕ ਪਾਸੇ ਅਦਾਲਤਾਂ ਵਿਚ ਇਹੋ ਜਿਹੇ ਮਾਮਲੇ ਉਠਣ ਨਾਲ ਸਰਕਾਰ ਹੋਰ ਤੋਂ ਹੋਰ ਉਲਝਦੀ ਜਾ ਰਹੀ ਹੈ, ਉਦੋਂ ਸਰਕਾਰ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਦਾ ਆਪਣਾ ਨਾਂ ਇੱਕ ਜ਼ਮੀਨੀ ਸਕੈਂਡਲ ਵਿਚ ਆ ਗਿਆ ਹੈ। ਰੋਪੜ ਜ਼ਿਲ੍ਹੇ ਦੇ ਪਿੰਡ ਬੜਾ ਫੂਲ ਦੀ ਜਿਸ 282 ਏਕੜ ਜ਼ਮੀਨ ਦਾ ਮਾਮਲਾ ਲੋਕਪਾਲ ਨੇ ਲੈ ਕੇ ਨੋਟਿਸ ਜਾਰੀ ਕੀਤਾ ਹੈ, ਉਹ ਕਈ ਕਰੋੜ ਰੁਪਏ ਦੀ ਹੈ ਤੇ ਇਸ ਉਤੇ ਇੱਕ ਤੀਸਰੇ ਵਿਅਕਤੀ ਨੂੰ ਖੜਾ ਕਰ ਕੇ ਨਾਜਾਇਜ਼ ਕਬਜ਼ਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਪਹਿਲਾਂ ਬੇਗੋਵਾਲ ਵਿਚ ਜ਼ਮੀਨ ਉਤੇ ਬੀਬੀ ਜਗੀਰ ਕੌਰ ਵੱਲੋਂ ਨਾਜਾਇਜ਼ ਕਬਜ਼ੇ ਦਾ ਦੋਸ਼ ਲੱਗਾ ਸੀ, ਜਿਸ ਦੀ ਸਰਕਾਰੀ ਅਧਿਕਾਰੀਆਂ ਨੇ ਵੀ ਤਸਦੀਕ ਕੀਤੀ ਸੀ ਤੇ ਮੁੱਖ ਮੰਤਰੀ ਬਾਦਲ ਉਤੇ ਇਸ ਕੰਮ ਵਿਚ ਬੀਬੀ ਦੀ ਸਰਪ੍ਰਸਤੀ ਕਰਨ ਦਾ ਦੋਸ਼ ਸੀ ਪਰ ਹੁਣ ਵਾਲਾ ਕੇਸ ਉਸ ਤੋਂ ਵੱਧ ਗੰਭੀਰ ਹੈ। ਇਸ ਵਾਰ ਨਾਜਾਇਜ਼ ਕਬਜ਼ੇ ਵਿਚ ਸ਼ਮੂਲੀਅਤ ਦਾ ਦੋਸ਼ ਲੱਗ ਰਿਹਾ ਹੈ। ਕੇਸ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਦਾ ਵੀ ਹਾਲੇ ਤੱਕ ਲੋਕਪਾਲ ਦੇ ਦਫਤਰ ਵਿਚ ਹੈ ਅਤੇ ਜਾਂਚ ਕਰਨ ਵਾਲੇ ਇੰਸਪੈਕਟਰ ਜਨਰਲ ਪੁਲਿਸ ਦੀ ਬਦਲੀ ਕਰ ਦੇਣ ਦੇ ਬਾਵਜੂਦ ਉਸ ਦੀ ਜਾਂਚ ਨਹੀਂ ਰੋਕੀ ਜਾ ਸਕੀ। ਅੱਗੋਂ ਆਏ ਦਿਨ ਨਵੇਂ ਸਕੈਂਡਲ ਸਾਹਮਣੇ ਆ ਰਹੇ ਹਨ।

ਐਨ ਇਸ ਮੌਕੇ ਹਾਈ ਕੋਰਟ ਵਿਚ ਪੁਲਿਸ ਦੇ ਦਾਗੀ ਅਫਸਰਾਂ ਦਾ ਮੁੱਦਾ ਭਖ ਪਿਆ ਹੈ। ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਤੋਂ ਇਹ ਮਾਮਲਾ ਲਟਕਾ ਰੱਖਿਆ ਸੀ ਪਰ ਹੁਣ ਹਾਈ ਕੋਰਟ ਨੇ ਸਿਰਫ ਇੱਕ ਹਫਤੇ ਦੇ ਅੰਦਰ ਕਾਰਵਾਈ ਕਰਨ ਦੇ ਹੁਕਮ ਦੇ ਕੇ ਫਸਾ ਦਿੱਤਾ ਹੈ। ਪਹਿਲਾਂ ਸਰਕਾਰ ਨੇ ਇਹ ਕਹਿ ਕੇ ਪਿੱਛਾ ਛੁਡਾਉਣਾ ਚਾਹਿਆ ਕਿ ਪੁਲਿਸ ਦੇ ਕਾਨੂੰਨ ਵਿਚ ਦਾਗੀ ਅਫਸਰ ਦੀ ਪਰਿਭਾਸ਼ਾ ਹੀ ਨਹੀਂ ਹੈ। ਫਿਰ ਜਦੋਂ ਇਹ ਦਲੀਲ ਆ ਗਈ ਕਿ ਚੱਲਦੇ ਕੇਸਾਂ ਵਾਲੇ ਦਾਗੀ ਕਿਧਰੇ ਰਹੇ, ਇਥੇ ਅਦਾਲਤਾਂ ਵਿਚੋਂ ਸਜ਼ਾ ਦਾ ਹੁਕਮ ਪਾ ਚੁੱਕੇ ਅਤੇ ਕਾਨੂੰਨ ਦੀ ਨਜ਼ਰ ਵਿਚ ਦੋਸ਼ੀ ਮੰਨੇ ਜਾ ਚੁੱਕੇ ਲੋਕ ਵੀ ਅਫਸਰ ਲੱਗੇ ਹੋਏ ਹਨ ਤਾਂ ਸਰਕਾਰ ਨੂੰ ਜਵਾਬ ਦੇਣਾ ਔਖਾ ਹੋ ਗਿਆ। ਸਭ ਤੋਂ ਨਾਕਸ ਜਵਾਬ ਪੰਜਾਬ ਸਰਕਾਰ ਨੇ ਇੱਕ ਡੀ ਐਸ ਪੀ ਦਾ ਬਚਾਅ ਕਰਨ ਲਈ ਦਿੱਤਾ। ਉਸ ਉਤੇ ਦੋਸ਼ ਹੈ ਕਿ ਇੱਕ ਵਿਅਕਤੀ ਉਤੇ ਅਦਾਲਤ ਨੇ ਵਿਦੇਸ਼ ਜਾਣ ਉਤੇ ਪਾਬੰਦੀ ਲਾ ਕੇ ਪਾਸਪੋਰਟ ਜਮ੍ਹਾਂ ਕਰਵਾ ਲਿਆ ਸੀ ਪਰ ਇਸ ਨੇ ਅਫਸਰੀ ਦੀ ਦੁਰਵਰਤੋਂ ਕਰ ਕੇ ਉਸ ਦਾ ਪਾਸਪੋਰਟ ਕੱਢ ਕੇ ਦੇ ਦਿੱਤਾ। ਜਦੋਂ ਉਹ ਵਾਪਸ ਆ ਗਿਆ ਤਾਂ ਚੁੱਪ-ਚੁਪੀਤੇ ਫਾਈਲ ਵਿਚ ਫਿਰ ਟੰਗ ਦਿੱਤਾ ਪਰ ਗੱਲ ਬਾਹਰ ਨਿਕਲ ਗਈ। ਏਡੇ ਘਾਲੇ-ਮਾਲੇ ਦੇ ਦੋਸ਼ ਵਿਚ ਉਸ ਨੂੰ ਕੈਦ ਦੀ ਸਜ਼ਾ ਹੋ ਗਈ। ਕਿਹਾ ਜਾਂਦਾ ਹੈ ਕਿ ਉਸ ਨੇ ਇਹ ਕੰਮ ਕਿਸੇ ਵੱਡੇ ਅਕਾਲੀ ਆਗੂ ਦੇ ਕਹੇ ਉਤੇ ਕੀਤਾ ਸੀ। ਇਹ ਗੱਲ ਉਦੋਂ ਸੱਚ ਸਾਬਤ ਹੋ ਗਈ, ਜਦੋਂ ਪੰਜਾਬ ਸਰਕਾਰ ਨੇ ਦਾਗੀਆਂ ਨੂੰ ਕੱਢਣ ਦੇ ਹੁਕਮ ਮੰਨਣ ਵੇਲੇ ਵੀ ਇਸ ਇਕੱਲੇ ਡੀ ਐਸ ਪੀ ਨੂੰ ਬਚਾਉਣ ਲਈ ਇਹ ਨਾਕਸ ਦਲੀਲ ਦੇ ਦਿੱਤੀ ਕਿ ਇਸ ਦੀ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ। ਜੇ ਰਹਿਮ ਦੀ ਅਪੀਲ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਪਹਿਲੀ ਗੱਲ ਇਹ ਕਿ ਇਹੋ ਜਿਹੇ ਗੁਨਾਹ ਵਿਚ ਜਦੋਂ ਆਮ ਆਦਮੀ ਨੂੰ ਮਾਫੀ ਨਹੀਂ ਮਿਲਦੀ ਤਾਂ ਇੱਕ ਪੁਲਿਸ ਅਫਸਰ ਨੂੰ ਮਾਫੀ ਲਈ ਕਿਉਂ ਵਿਚਾਰਿਆ ਜਾਵੇ ਤੇ ਦੂਜੀ ਇਹ ਕਿ ਜੇ ਸਜ਼ਾ ਵਿਚ ਮਾਫੀ ਦੇ ਵੀ ਦਿੱਤੀ ਜਾਵੇ ਤਾਂ ਇਸ ਨਾਲ ਉਹ ਬੇਗੁਨਾਹ ਸਾਫ ਨਹੀਂ ਹੋ ਜਾਂਦਾ, ਉਸ ਨੂੰ ਨੌਕਰੀ ਵਿਚ ਰੱਖਣ ਦੀ ਕੀ ਲੋੜ ਹੈ? ਲੋਕ ਕਹਿੰਦੇ ਹਨ ਕਿ ਏਦਾਂ ਦੇ ਬੰਦਿਆਂ ਦੀ ਸਰਕਾਰ ਨੂੰ ਨਹੀਂ, ਸਰਕਾਰ ਚਲਾ ਰਹੀ ਧਿਰ ਨੂੰ ਵਿਧਾਨ ਸਭਾ ਚੋਣਾਂ ਵਿਚ ਲੋੜ ਹੈ।

ਜਿਹੜੀ ਕਸਰ ਬਾਕੀ ਰਹਿ ਗਈ ਜਾਪਦੀ ਸੀ, ਉਹ ਹੁਣ ਵੱਖ-ਵੱਖ ਥਾਂਈਂ ਅਕਾਲੀ ਆਗੂਆਂ ਦੀ ਥਾਣੇਦਾਰੀ ਨੇ ਕੱਢ ਦੇਣੀ ਹੈ। ਇਸ ਹਫਤੇ ਇੱਕ ਜਾਂ ਦੂਜੀ ਮੰਗ ਨਾ ਮੰਨੇ ਜਾਣ ਦਾ ਵਿਰੋਧ ਕਰਦੇ ਲੋਕਾਂ ਨੂੰ ਪੁਲਿਸ ਅਤੇ ਜਥੇਦਾਰਾਂ ਨੇ ਮਿਲ ਕੇ ਜਦੋਂ ਕੁਟਾਪਾ ਚਾੜ੍ਹਿਆ ਤਾਂ ਘੱਟੋ-ਘੱਟ ਤਿੰਨ ਥਾਂਈਂ ਪੱਤਰਕਾਰ ਵੀ ਨਾਲ ਹੀ ਕੁੱਟ ਦਿੱਤੇ ਗਏ। ਇੱਕ ਥਾਂ ਖੁਦ ਮੁੱਖ ਮੰਤਰੀ ਦੀ ਹਾਜ਼ਰੀ ਵਿਚ ਇਹ ਕੁਝ ਹੋਇਆ ਅਤੇ ਜਦੋਂ ਪੱਤਰਕਾਰਾਂ ਨੇ ਵੀ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਤਾਂ ਮੁੱਖ ਮੰਤਰੀ ਬਾਦਲ ਨੂੰ ਭਾਸ਼ਣ ਵਿਚਾਲੇ ਛੱਡ ਕੇ ਖਿਸਕਣਾ ਪਿਆ। ਪੱਤਰਕਾਰਾਂ ਦਾ ਰੋਹ ਵੇਖ ਕੇ ਇੱਕ ਥਾਣੇਦਾਰ ਨੂੰ ਉਥੇ ਸਸਪੈਂਡ ਕਰ ਦਿੱਤਾ, ਪਰ ਜਿਨ੍ਹਾਂ ਦੀ ਮੱਤ ਅੱਧਾ-ਅੱਧਾ ਕਿੱਲੋ ਦੇ ਨੀਲ ਨੇ ਮਾਰੀ ਪਈ ਹੈ, ਉਨ੍ਹਾਂ ਵਿਰੁਧ ਕੋਈ ਕਾਰਵਾਈ ਨਾ ਉਦੋਂ ਕੀਤੀ ਗਈ, ਜਦੋਂ ਉਨ੍ਹਾਂ ਨੇ ਬਠਿੰਡੇ ਵਿਚ ਕੁੜੀਆਂ ਨੂੰ ਗੁੱਤਾਂ ਤੋਂ ਫੜ-ਫੜ ਚਪੇੜਾਂ ਮਾਰੀਆਂ ਸਨ ਤੇ ਨਾ ਹੁਣ ਜਦੋਂ ਮੁੱਖ ਮੰਤਰੀ ਦੀ ਹਾਜ਼ਰੀ ਵਿਚ ਪੱਤਰਕਾਰਾਂ ਨੂੰ ਕੁੱਟਿਆ ਗਿਆ ਹੈ। ਇਹ ਸਾਰਾ ਕੁਝ ਓਦੋਂ ਤੋਂ ਰਿਹਾ ਹੈ, ਜਦੋਂ ਬਾਰਾਂ ਸਾਲ ਪਹਿਲਾਂ ਕੋਟਕਪੂਰੇ ਵਿਚ ਇੱਕ ਪੱਤਰਕਾਰ ਅਤੇ ਇੱਕ ਕੈਮਰਾਮੈਨ ਨੂੰ ਕੁੱਟਣ ਦੇ ਕੇਸ ਵਿਚ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਅਜੇ ਤੱਕ ਅਦਾਲਤ ਦੇ ਕਟਹਿਰੇ ਵਿਚ ਖੜੇ ਹੋਣਾ ਪੈ ਰਿਹਾ ਹੈ। ਤਾਜ਼ਾ ਘਟਨਾ ਦੀ ਰਿਪੋਰਟ ਉਸ ਅਠਾਰਾਂ ਨਵੰਬਰ ਦੇ ਅਖਬਾਰਾਂ ਵਿਚ ਛਪੀ ਹੈ, ਜਿਸ ਦਿਨ ਸੁਖਬੀਰ ਸਿੰਘ ਬਾਦਲ ਦੀ ਕੋਟਕਪੂਰੇ ਵਿਚ ਉਦੋਂ ਵਾਲੇ ਕੇਸ ਦੀ ਪੇਸ਼ੀ ਸੀ। ਪਹਿਲੇ ਗਲਾਵੇਂ ਗਲੋਂ ਲੱਥੇ ਨਹੀਂ ਤੇ ਹੋਰ ਕੰਡੇ ਖਿਲਾਰੇ ਜਾ ਰਹੇ ਹਨ।

ਇਸ ਤਰ੍ਹਾਂ ਸਿਰਫ ਦੋ ਹਾਲਤਾਂ ਵਿਚ ਹੁੰਦਾ ਹੈ। ਪਹਿਲੀ ਇਹ ਕਿ ਆਉਂਦੀਆਂ ਚੋਣਾਂ ਵਿਚ ਆਪਣੀ ਜਿੱਤ ਦਾ ਯਕੀਨ ਘੁਮੰਡ ਦੀ ਹੱਦ ਤੱਕ ਪਹੁੰਚ ਗਿਆ ਹੋਵੇ ਤੇ ਦੂਜੀ ਹਾਲਤ ਇਹ ਕਿ ਬੰਦਾ ਮਾਨਸਿਕ ਤੌਰ ’ਤੇ ਇਸ ਗੱਲ ਲਈ ਤਿਆਰ ਹੋ ਚੁੱਕਾ ਹੋਵੇ ਕਿ ਹੁਣ ਮੋੜਾ ਤਾਂ ਪੈਣਾ ਨਹੀਂ, ਜੋ ਕੁਝ ਹੁੰਦਾ ਹੈ, ਉਸ ਨੂੰ ਹੋਈ ਜਾਣ ਦਿਓ। ਬਹੁਤ ਸਾਰੇ ਲੋਕਾਂ ਦਾ ਖਿਆਲ ਹੈ ਕਿ ਪਿਛਲੇ ਮਹੀਨੇ ਤੱਕ ‘ਪੰਝੀ ਸਾਲ ਲਗਾਤਾਰ ਰਾਜ ਕਰਾਂਗੇ’ ਕਹਿਣ ਵਾਲੇ ਜਦੋਂ ਹੁਣ ਲੋਕਾਂ ਨੂੰ ਇਹ ਕਹਿਣ ਲੱਗ ਪਏ ਹਨ ਕਿ ‘ਸਾਨੂੰ ਪੰਜ ਸਾਲ ਹੋਰ ਸੇਵਾ ਦਾ ਮੌਕਾ ਬਖਸ਼ੋ’ ਤਾਂ ਸਾਫ ਹੈ ਕਿ ਬਾਹਰ ਉਹ ਮੰਨਣ ਤੇ ਭਾਵੇਂ ਨਾ ਮੰਨਣ, ਅੰਦਰੋਂ ਉਹ ਜਾਣ ਚੁੱਕੇ ਹਨ ਕਿ ਸਥਿਤੀ ‘ਜਾਹ ਜਾਂਦੀਏ’ ਵਾਲੀ ਬਣੀ ਪਈ ਹੈ? ਇਨ੍ਹਾਂ ਹਾਲਾਤ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿਰ ਜ਼ਿੰਮੇਵਾਰੀ ਹੈ ਕਿ ਉਹ ਰਾਜ ਮਾਣਨ ਦੀ ਅੰਤਲੀ ਵਾਰੀ ਨੂੰ ਕੁਝ ਖੁਸ਼ਗਵਾਰ ਬਣਾ ਕੇ ਜਾਣ ਪਰ ਉਹ ਏਦਾਂ ਇਸ ਲਈ ਨਹੀਂ ਕਰ ਸਕਣਗੇ, ਕਿਉਂਕਿ ਉਹ ਜੋਤੀ ਬਾਸੂ ਨਹੀਂ ਹਨ। ਸਿੱਟੇ ਵਜੋਂ ਜੋ ਕੁਝ ਹੋ ਰਿਹਾ ਹੈ, ਉਸ ਤੋਂ ਜਾਪਦਾ ਹੀ ਨਹੀਂ ਕਿ ਸਰਕਾਰ ਚੰਡੀਗੜ੍ਹੋਂ ਚੱਲਦੀ ਹੈ, ਸਗੋਂ ਇੰਜ ਜਾਪਦਾ ਹੈ, ਜਿਵੇਂ ਇਸ ਦਾ ਸਕੱਤਰੇਤ ਪੰਜਾਬ ਦੇ ਉਤੇ-ਉਤੇ ਗੇੜੇ ਲਾਉਂਦੇ ਇੱਕ ਹੈਲੀਕਾਪਟਰ ਵਿਚ ਤਬਦੀਲ ਹੋ ਗਿਆ ਹੋਵੇ।

## ਵੀਜ਼ਾ ਜਾਅਲਸਾਜ਼ੀ ਦੇ ਮਾਮਲੇ ’ਚ ਭਾਰਤੀ ਅਧਿਆਤਮਕ ਗੁਰੂ ਦੋਸ਼ੀ ਕਰਾਰ

**ਨਿਊ ਯਾਰਕ:** ਜਾਅਲਸਾਜ਼ ਭਾਰਤੀ ਅਧਿਆਤਮਕ ਗੁਰੂ ਨੂੰ ਫੈਡਰਲ ਜਿਊਰੀ ਵੱਲੋਂ ਭਾਰਤੀਆਂ ਨੂੰ ਨਾਜਾਇਜ਼ ਢੰਗ ਨਾਲ ਅਮਰੀਕਾ ’ਚ ਦਾਖਲ ਹੋਣ ਲਈ 30,000 ਅਮਰੀਕੀ ਡਾਲਰਾਂ ’ਚ ਧਾਰਮਿਕ ਵਰਕ ਪਰਮਿਟ ਵੇਚਣ ਦੇ ਮਾਮਲੇ ’ਚ ਦੋਸ਼ੀ ਕਰਾਰ ਦਿੱਤਾ ਗਿਆ ਹੈ।

31 ਸਾਲਾ ਸਾਗਰਸੈਨ ਹਲਧਰ ਉਰਫ ਗੋਪਾਲ ਹਰੀ ਦਾਸ ਨੇ ਆਪਣੇ ਆਪ ਨੂੰ ਮਿਲਵਾਕੀ ਦੇ ਹਿੰਦੂ ਮੰਦਰ ਦੀ ਗੌਡੀਆ ਵੈਸ਼ਨਵ ਸੁਸਾਇਟੀ (ਜੀ.ਵੀ.ਐਸ.) ਦਾ ਮੁਖੀ ਦੱਸਿਆ ਹੈ। ਵਿਸਕਾਨਸਿਨ ਦੇ ਪੂਰਬੀ ਜ਼ਿਲ੍ਹੇ ਦੀ ਫੈਡਰਲ ਜਿਊਰੀ ਨੇ ਹਲਧਰ ਨੂੰ ਵੀਜ਼ਾ ਜਾਅਲਸਾਜ਼ੀ ਦਾ ਦੋਸ਼ੀ ਮੰਨਿਆ ਹੈ ਜਿਸ ਲਈ ਉਸ ਨੂੰ 24 ਫਰਵਰੀ ਨੂੰ ਸਜ਼ਾ ਸੁਣਾਈ ਜਾਵੇਗੀ।

ਮੁਕੱਦਮੇ ਦੌਰਾਨ ਸਾਹਮਣੇ ਆਏ ਤੱਥਾਂ ਮੁਤਾਬਕ ਹਲਧਰ ਨੇ ਆਰ-1 ਵੀਜ਼ਿਆਂ ਤਹਿਤ ਦੋ ਦਰਜਨ ਤੋਂ ਉਪਰ ਭਾਰਤੀਆਂ ਨੂੰ ਨਾਜਾਇਜ਼ ਢੰਗ ਨਾਲ ਅਮਰੀਕਾ ਲਿਆਉਣ ਦੀ ਜਾਅਲਸਾਜ਼ੀ ਕੀਤੀ। ਉਸ ਵੱਲੋਂ ਧਾਰਮਿਕ ਵਰਕ ਪਰਮਿਟਾਂ ਲਈ ਪਾਈਆਂ ਗਈਆਂ ਅਰਜ਼ੀਆਂ ’ਚ ਕਿਹਾ ਜਾਂਦਾ ਸੀ ਕਿ ਉਹ ਜੀ.ਵੀ.ਐਸ. ਮੰਦਰ ’ਚ ਪੰਡਤਾਂ ਤੇ ਹੋਰ ਧਾਰਮਿਕ ਕੰਮ ਕਾਜਾਂ ਲਈ ਭਾਰਤੀ ਨਾਗਰਿਕਾਂ ਨੂੰ ਬੁਲਾ ਰਹੇ ਹਨ ਜਦਕਿ ਇਨ੍ਹਾਂ ਭਾਰਤੀਆਂ ਕੋਲ ਨਾ ਤਾਂ ਧਾਰਮਿਕ ਕੰਮਾਂ ਲਈ ਸਿਖਲਾਈ ਹੁੰਦੀ ਸੀ ਤੇ ਨਾ ਤਜਰਬਾ।

ਅਜਿਹੇ ਵਿਅਕਤੀਆਂ ਨੂੰ ਹਲਧਰ ਪ੍ਰਤੀ ਵਿਅਕਤੀ 30,000 ਅਮਰੀਕੀ ਡਾਲਰਾਂ ਵਿਚ ਅਮਰੀਕਾ ਦਾ ਵੀਜ਼ਾ ਵੇਚਦਾ ਸੀ ਜਿਸ ਲਈ ਉਹ ਅੱਧੀ ਕੀਮਤ ਪਹਿਲਾਂ ਤੇ ਅੱਧੀ ਉਨ੍ਹਾਂ ਦੇ ਅਮਰੀਕਾ ਪਹੁੰਚ ਜਾਣ ਤੋਂ ਬਾਅਦ ਵਸੂਲਦਾ ਸੀ। ਧਾਰਮਿਕ ਵਰਕ ਪਰਮਿਟ ’ਤੇ ਆਏ ਇਹ ਭਾਰਤੀ ਪਰਵਾਸੀ ਸਟੋਰਾਂ ਤੇ ਹੋਰ ਥਾਵਾਂ ’ਤੇ ਕੰਮ ਕਰਦੇ ਸਨ। ਇਹ ਮਾਮਲਾ 2008 ਦੌਰਾਨ ਉਦੋਂ ਸਾਹਮਣੇ ਆਇਆ ਜਦ ਉਕਤ ਮੰਦਰ ਸੁਸਾਇਟੀ ਵੱਲੋਂ ਧਾਰਮਿਕ ਵਰਕ ਪਰਮਿਟ ਲਈ ਵੱਡੀ ਗਿਣਤੀ ’ਚ ਅਰਜ਼ੀਆਂ ਦਿੱਤੀਆਂ ਗਈਆਂ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ: 94173-34049**

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਪਾਕਿਸਤਾਨ ਸਰਕਾਰ ਗੁਰਧਾਮਾਂ ਦੀ ਸਾਂਭ-ਸੰਭਾਲ ਲਈ ਸਰਗਰਮ

**ਚੰਡੀਗੜ੍ਹ:** ਪਾਕਿਸਤਾਨ ਸਰਕਾਰ ਵੱਲੋਂ ਉਥੋਂ ਦੇ ਗੁਰਧਾਮਾਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਸਮੇਤ ਹੋਰ ਗੁਰਦੁਆਰਿਆਂ ਵਿਖੇ ਸ਼ਰਧਾਲੂਆਂ ਦੀ ਰਿਹਾਇਸ਼ ਦੇ ਪ੍ਰਬੰਧ ਲਈ ਨਵੀਆਂ ਸਰਾਵਾਂ, ਲੰਗਰ ਘਰ ਤੇ ਹੋਰ ਪ੍ਰਬੰਧਾਂ ਨੂੰ ਅੰਜਾਮ ਦਿੱਤਾ ਹੈ। ਇਹ ਖੁਲਾਸਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਤੋਂ ਪਰਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਨੇ ਕੀਤਾ। ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦੇ ਜਥੇ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰ ਰਾਮਪਾਲ ਸਿੰਘ ਬਹਿਣੀਵਾਲ ਤੇ ਬੁਲਾਰੇ ਰਾਮ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਔਕਾਫ ਬੋਰਡ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਜੀ.ਪੀ.ਸੀ.) ਰਾਹੀਂ ਸ੍ਰੀ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਵੀਂ ਤਿੰਨ ਮੰਜ਼ਿਲਾਂ ਸਰਾਂ ਦਾ ਨਿਰਮਾਣ ਕੀਤਾ ਗਿਆ ਹੈ।

ਇਸ ਸਰਾਂ ਦੀ ਸਥਾਪਤੀ ਨਾਲ ਸ਼ਰਧਾਲੂਆਂ ਨੂੰ ਰਿਹਾਇਸ਼ ਲਈ ਵਧੇਰੇ ਸਹੂਲਤ ਮਿਲ ਰਹੀ ਹੈ। ਇਸ ਤੋਂ ਇਲਾਵਾ ਲੰਗਰ ਘਰ ਤੇ ਨਵੇਂ ਪਖ਼ਾਨੇ ਉਸਾਰੇ ਗਏ ਹਨ।ਇਸੇ ਤਰ੍ਹਾਂ ਗੁਰਦੁਆਰਾ ਪੰਜਾ ਸਾਹਿਬ ਵਿਖੇ ਇਕ ਮੰਜ਼ਲਾ ਸਰਾਂ ਨੂੰ ਤਿੰਨ ਮੰਜ਼ਲਾਂ ਸਰਾਂ ਬਣਾ ਦਿੱਤਾ ਗਿਆ। ਲੰਗਰ ਘਰ ਦਾ ਵਿਸਥਾਰ ਕੀਤਾ ਗਿਆ। ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਵੀ ਸ਼ਰਧਾਲੂਆਂ ਦੀ ਰਿਹਾਇਸ਼ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਹ ਸਾਰੇ ਗੁਰਦੁਆਰਿਆਂ ਸਮੂਹ ਵਿਚ ਹੱਟਨੁਮਾ ਕਮਰੇ ਵੀ ਸਥਾਪਤ ਕੀਤੇ ਗਏ ਹਨ। ਗੁਰਦੁਆਰਿਆਂ ਦੇ ਕੈਂਪਸ ਵਿਚ ਸੁੰਦਰ ਲੈਂਡ ਸਕੇਪਿੰਗ ਕੀਤੀ ਗਈ ਹੈ। ਗੁਰਦੁਆਰਿਆਂ ਦੇ ਵਿਹੜੇ ਹਰਿਆਵਲ ਭਰਪੂਰ ਤੇ ਫੁੱਲਾਂ ਨਾਲ ਲੱਦੇ ਪਏ ਹਨ। ਐਮਨਾਬਾਦ ਸਥਿਤ ਗੁਰਦੁਆਰਾ ਰੋੜੀ ਸਾਹਿਬ ਦਾ ਵੀ ਸੁੰਦਰੀਕਰਨ ਕੀਤਾ ਗਿਆ ਹੈ।



ਤਾਲਿਬਾਨ ਦੇ ਵਧ ਰਹੇ ਪ੍ਰਭਾਵ ਕਾਰਨ ਸਿੱਖ ਸ਼ਰਧਾਲੂਆਂ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ ਜਿਨ੍ਹਾਂ ਗੁਰਦੁਆਰਿਆਂ ਵਿਚ ਸਿੱਖ ਸੰਗਤ ਨੇ ਦਰਸ਼ਨਾਂ ਲਈ ਜਾਣਾ ਸੀ, ਉਥੇ ਪਹਿਲਾਂ ਹੀ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਸਨ ਤੇ ਸੀ.ਸੀ.ਟੀ.ਵੀ. ਕੈਮਰੇ ਵੀ ਲਾਏ ਹੋਏ ਸਨ। ਸ਼ਰਧਾਲੂਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣ ਵਾਲੀਆਂ ਬੱਸਾਂ ਦੇ ਅੱਗੇ ਪਿੱਛੇ ਵੀ ਸੁਰੱਖਿਆ ਬਲਾਂ ਦੀਆਂ ਗੱਡੀਆਂ ਤਾਇਨਾਤ ਸਨ। ਗੁਰਦੁਆਰਿਆਂ ਵਿਚ ਸ਼ਰਧਾਲੂਆਂ ਦੇ ਸਮਾਨ ਦੀ ਜਾਂਚ ਲਈ ਐਕਸਰੇ ਮਸ਼ੀਨਾਂ ਰੱਖੀਆਂ ਸਨ।

ਸ਼੍ਰੋਮਣੀ ਕਮੇਟੀ ਨੁਮਾਇੰਦਿਆਂ ਨੇ ਦੱਸਿਆ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ ਨੂੰ ਬਿਹਤਰ ਬਣਾਇਆ ਗਿਆ ਹੈ ਪਰ ਅੰਦਰੂਨੀ ਪ੍ਰਬੰਧਾਂ ਵਿਚ ਕੁਝ ਊਣਤਾਈਆਂ ਹਨ ਜਿਨ੍ਹਾਂ ਵਿਚ ਲੰਗਰ ਦਾ ਪ੍ਰਬੰਧ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਜੇਕਰ ਭਾਰਤ ਤੋਂ ਗਏ ਕਾਰਸੇਵਾ ਵਾਲੇ ਬਾਬਿਆਂ ਵੱਲੋਂ ਲੰਗਰ ਦੇ ਪ੍ਰਬੰਧ ਨਾ ਸੰਭਾਲੇ ਜਾਂਦੇ ਤਾਂ ਸ਼ਰਧਾਲੂਆਂ ਨੂੰ ਲੰਗਰ ਦੀ ਵੱਡੀ ਦਿੱਕਤ ਪੇਸ਼ ਆਉਣੀ ਸੀ। ਪਾਕਿਸਤਾਨ ਸਥਿਤ ਗੁਰਧਾਮਾਂ ਵਿਖੇ ਗਰਮਖਿਆਲੀ ਸਿੱਖਾਂ ਦਾ ਪ੍ਰਭਾਵ ਵੀ ਘਟ ਹੋ ਰਿਹਾ ਹੈ। ਇਸ ਵਾਰ ਕੇਵਲ ਇਕ ਖਾਲਿਸਤਾਨੀ ਆਗੂ ਵੱਲੋਂ ਲਾਏ ਗਏ ਨਾਅਰਿਆਂ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ ਸਗੋਂ ਕੁਝ ਸ਼ਰਧਾਲੂਆਂ ਨੇ ਉਸ ਦਾ ਵਿਰੋਧ ਕੀਤਾ।

ਸ. ਬਹਿਣੀਵਾਲ ਨੇ ਦੱਸਿਆ ਕਿ ਇਸ ਯਾਤਰਾ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨਾਲ ਹੋਈ ਮੁਲਾਕਾਤ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਨੂੰ ਖੁੱਲਦਿਲੀ ਨਾਲ ਵੀਜ਼ੇ ਦੇਣ ਤੇ ਵੀਜ਼ਾ ਪ੍ਰਣਾਲੀ ਨੂੰ ਸੁਖਾਲਾ ਬਣਾਉਣ, ਗੁਰਧਾਮਾਂ ਦੀ ਜ਼ਮੀਨ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਾਉਣ, ਗੁਰਦੁਆਰਿਆਂ ਦੀ ਸੇਵਾ ਸੰਭਾਲ ਨੂੰ ਬਿਹਤਰ ਬਣਾਉਣ ਦੀ ਮੰਗ ਕੀਤੀ ਗਈ ਹੈ ਜਿਸਦਾ ਉਨ੍ਹਾਂ ਸਾਰਥਕ ਹੁੰਗਾਰਾ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣਨ ਵਾਲੀ ਯੂਨੀਵਰਸਿਟੀ ਦਾ ਕੰਮ ਸ਼ੁਰੂ ਹੋਵੇਗਾ ਤੇ ਉਸ ਦਾ ਨੀਂਹ ਪੱਥਰ ਵੀ ਉਹ ਖੁਦ ਰੱਖਣਗੇ। ਸਿੱਖ ਆਗੂਆਂ ਨੇ ਦਾਅਵਾ ਕੀਤਾ ਕਿ ਉਥੇ ਸ਼੍ਰੋਮਣੀ ਕਮੇਟੀ ਪ੍ਰਤੀ ਵਤੀਰੇ ਵਿਚ ਬਦਲਾਅ ਆਇਆ ਹੈ ਤੇ ਸ਼੍ਰੋਮਣੀ ਕਮੇਟੀ ਨੂੰ ਇਸ ਵਾਰ ਹਰ ਮੰਚ 'ਤੇ ਢੁਕਵੀਂ ਨੁਮਾਇੰਦਗੀ ਦਿੱਤੀ ਗਈ ਹੈ।


## ਸ਼੍ਰੋਮਣੀ ਕਮੇਟੀ ਗਦਰੀ ਸ਼ਹੀਦਾਂ ਨੂੰ ਸਿੱਖ ਮੰਨਣ ਤੋਂ ਇਨਕਾਰੀ!

**ਲੁਧਿਆਣਾ:** ਬਹੁਤ ਸਾਰੀਆਂ ਸਿਆਸੀ ਪਾਰਟੀਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਤੇ ਇਨ੍ਹਾਂ ਦੀਆਂ ਸ਼ਹੀਦੀਆਂ ਦਾ ਮੁੱਲ ਵੱਟਦੀਆਂ ਹਨ ਪਰ ਅੱਜ ਤੱਕ ਇਨ੍ਹਾਂ ਨੂੰ ਕਿਸੇ ਵੀ ਸਰਕਾਰ ਨੇ ਕੌਮੀ ਸ਼ਹੀਦ ਦਾ ਦਰਜਾ ਨਹੀਂ ਦਿੱਤਾ। ਇਥੋਂ ਤੱਕ ਕਿ ਸ਼੍ਰੋਮਣੀ ਅਕਾਲੀ ਦਲ ਦੀ ਰਹਿਨੁਮਾਈ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤਾਂ ਇਨ੍ਹਾਂ ਸਿੱਖ ਪਰਿਵਾਰਾਂ ਵਿਚ ਪੈਦਾ ਹੋਏ ਗਦਰੀ ਸਹੀਦਾਂ ਨੂੰ ਸਿੱਖ ਮੰਨਣ ਤੋਂ ਵੀ ਮੁਨਕਰ ਹੈ।

ਇਸ ਮੁੱਦੇ ਨੂੰ ਉਠਾਉਂਦਿਆਂ ਸਹਿਜਧਾਰੀ ਸਿੱਖ ਪਾਰਟੀ ਦੇ ਕੌਮੀ ਪ੍ਰਧਾਨ ਡਾ. ਪਰਮਜੀਤ ਸਿੰਘ ਰਾਣੂੰ ਨੇ ਕਿਹਾ ਹੈ ਕਿ ਗਦਰੀ ਸ਼ਹੀਦ ਨੂੰ ਅਦਾਲਤ ਰਾਹੀਂ ਇਨਸਾਫ ਦਿਵਾਇਆ ਜਾਵੇਗਾ ਜਿਸ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਾਰਟੀ ਵੱਲੋਂ ਜਨ ਹਿੱਤ ਪਟੀਸ਼ਨ ਪਾਈ ਜਾਵੇਗੀ ਜਿਸ ਵਿਚ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੋਵਾਂ ਨੂੰ ਹੀ ਧਿਰ ਬਣਾਇਆ ਜਾਵੇਗਾ। ਇਸ ਰਿੱਟ ਨੂੰ ਪਾਉਣ, ਪਾਰਟੀ ਦੇ ਆਧਾਰ 'ਤੇ ਦਸਤਖ਼ਤ ਕਰਨ ਤੇ ਕੇਸ ਦੀ ਪੈਰਵਾਈ ਕਰਨ ਦੇ ਸਾਰੇ ਹੱਕ ਪਾਰਟੀ ਦੇ ਕੌਮੀ ਪ੍ਰਧਾਨ ਡਾ.ਪਰਮਜੀਤ ਸਿੰਘ ਰਾਣੂੰ ਨੂੰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਸਹਿਜਧਾਰੀ ਸਿੱਖ ਪਾਰਟੀ ਨੇ 24 ਮਈ, 2011 ਨੂੰ ਸੂਚਨਾ ਅਧਿਕਾਰ ਐਕਟ ਤਹਿਤ ਵੀ ਇਸ ਬਾਰੇ ਪੰਜਾਬ ਸਰਕਾਰ ਤੋਂ ਸੂਚਨਾ ਮੰਗੀ ਸੀ ਕਿ ਕੀ ਸਰਕਾਰ ਵੱਲੋਂ ਕਰਤਾਰ ਸਿੰਘ ਸਰਾਭਾ ਨੂੰ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ ਤਾਂ ਪੰਜਾਬ ਸਰਕਾਰ ਨੇ ਆਪਣਾ ਪੱਲਾ ਝਾੜਦੇ ਹੋਏ ਇਸ



ਭਾਈ ਭਗਵਾਨ ਸਿੰਘ



ਸ਼ਹੀਦ ਕਰਤਾਰ ਸਿੰਘ ਸਰਾਭਾ

ਦਰਖਾਸਤ ਨੂੰ ਕੇਂਦਰ ਸਰਕਾਰ ਦੇ ਡਿਫੈਂਸ ਮੰਤਰਾਲੇ ਨੂੰ ਭੇਜ ਦਿੱਤਾ ਤੇ ਬਾਅਦ ਵਿਚ ਕੇਂਦਰ ਦੇ ਡਿਫੈਂਸ ਮੰਤਰਾਲੇ ਨੇ ਹੁਣ ਇਸ ਦੀ ਫਾਈਲ ਫਰੀਡਮ ਫਾਈਟਰ ਵਿਭਾਗ ਕੋਲ ਭੇਜ ਦਿੱਤੀ ਹੈ ਜਿਸ ਨਾਲ ਪੱਤਰ ਵਿਵਹਾਰ ਚੱਲ ਰਿਹਾ ਹੈ। ਸ. ਰਾਣੂ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਦੇਸ਼ ਲਈ ਏਡੀ ਵੱਡੀ ਕੁਰਬਾਨੀ ਦੇਣ ਵਾਲੇ ਯੋਧਿਆਂ ਪ੍ਰਤੀ ਸੱਤਾ ਦਾ ਸੁੱਖ ਮਾਣ ਰਹੀਆਂ ਸਰਕਾਰਾਂ ਬੇਰੁਖੀ ਵਾਲਾ ਰਵੱਈਆ ਅਪਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਮਾਮਲੇ ਹੁਣ ਅਦਾਲਤ ਰਾਹੀਂ ਹੱਲ ਕਰਵਾਇਆ ਜਾਵੇਗਾ।

# ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਧਾਨਕ ਸੰਕਟ ਦਾ ਸ਼ਿਕਾਰ

**ਅੰਮ੍ਰਿਤਸਰ:** ਸਿੱਖ ਗੁਰਧਾਮਾਂ ਦੀ ਸਾਂਭ ਸੰਭਾਲ ਤੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਿੱਖ ਗੁਰਦਵਾਰਾ ਐਕਟ 1925 ਮੁਤਾਬਕ ਹੋਂਦ ਵਿਚ ਆਈ ਸਸੰਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿਧਾਨਕ ਸੰਕਟ ਵਿਚੋਂ ਲੰਘ ਰਹੀ ਹੈ ਤੇ ਕਮੇਟੀ 'ਤੇ ਕਾਬਜ਼ ਧਿਰ ਇਸ ਲਈ ਕੇਂਦਰ ਸਰਕਾਰ ਨੂੰ ਕਸੂਰਵਾਰ ਠਹਿਰਾ ਰਹੀ ਹੈ। 18 ਸਤੰਬਰ, 2011 ਨੂੰ ਹੋਈਆਂ ਕਮੇਟੀ ਚੋਣਾਂ ਵਿਚ ਸੱਤਾਧਾਰੀ ਅਕਾਲੀ ਦਲ ਨੂੰ ਸਫ਼ਲਤਾ ਹਾਸਲ ਹੋਈ ਪਰ ਇਸ ਜਿੱਤ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਬਾਦਲ ਅਜੇ ਤੱਕ ਕਮੇਟੀ 'ਤੇ ਸਿੱਧੇ ਰੂਪ 'ਚ ਕਾਬਜ਼ ਨਹੀਂ ਹੋ ਸਕਿਆ।

ਸ਼੍ਰੋਮਣੀ ਕਮੇਟੀ ਦੇ 80 ਸਾਲ ਦੇ ਇਤਿਹਾਸ ਵਿਚ ਪਹਿਲਾਂ ਕਦੇ ਵੀ ਅਜਿਹੀ ਹਾਲਤ ਨਹੀਂ ਬਣੀ। ਸਿੱਖ ਗੁਰਦਵਾਰਾ ਐਕਟ ਦੇ ਹੋਂਦ ਵਿਚ ਆਉਣ ਤੋਂ ਬਾਅਦ ਇਹ ਪਹਿਲਾ ਹਾਊਸ ਹੈ ਜਿਸ ਵਿਚ 170 ਸੀਟਾਂ 'ਤੇ ਚੋਣ ਹੋਈ ਤੇ ਵਿਰੋਧੀ ਧਿਰ ਸਿਰਫ਼ 11 ਮੈਂਬਰਾਂ ਨੂੰ ਹੀ ਸਫ਼ਲਤਾ ਦਿਵਾ ਸਕੀ। ਇਥੇ ਹੀ ਬੱਸ ਨਹੀਂ ਵਿਰੋਧੀ ਧਿਰ ਦੇ ਇਨ੍ਹਾਂ 11 ਜੇਤੂਆਂ ਵਿਚੋਂ ਵੀ ਅੱਠ ਮੈਂਬਰ ਫਿਰ ਸੱਤਾਧਾਰੀ ਧਿਰ ਨਾਲ ਹੱਥ ਮਿਲਾ ਗਏ। ਇਸ ਤਰ੍ਹਾਂ ਹਾਊਸ ਵਿਚ ਅਕਾਲੀ ਦਲ (ਅ) ਦੇ ਦੋ ਤੇ ਅਕਾਲੀ ਦਲ (ਪੰਚ ਪਧਾਨੀ) ਦਾ ਇਕ ਮੈਂਬਰ ਹੀ ਰਹਿ ਗਿਆ ਹੈ।

ਸਿੱਖ ਗੁਰਦਵਾਰਾ ਐਕਟ 1925 ਮੁਤਾਬਕ ਸ਼੍ਰੋਮਣੀ ਕਮੇਟੀ ਦੇ ਹਾਊਸ ਦੇ ਸਾਲ ਵਿਚ ਘੱਟੋ-ਘੱਟ ਦੋ ਸੈਸ਼ਨ ਬੁਲਾਉਣੇ ਜ਼ਰੂਰੀ ਹਨ। ਐਕਟ ਮੁਤਾਬਕ ਇਕ ਸੈਸ਼ਨ ਜਿਸ ਨੂੰ ਬਜਟ ਇਜਲਾਸ ਕਿਹਾ ਜਾਂਦਾ ਹੈ, ਹਰ ਸਾਲ 31 ਮਾਰਚ ਤੋਂ ਪਹਿਲਾਂ ਬੁਲਾਉਣਾ ਜ਼ਰੂਰੀ ਹੈ ਜਦਕਿ ਦੂਜਾ ਸੈਸ਼ਨ ਜਿਸ ਨੂੰ ਜਰਨਲ ਇਜਲਾਸ ਕਿਹਾ ਜਾਂਦਾ ਹੈ, ਹਰ ਸਾਲ 30 ਨਵੰਬਰ ਤਕ ਬੁਲਾਉਣਾ ਜ਼ਰੂਰੀ ਹੈ। ਇਸ ਇਜਲਾਸ ਵਿਚ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਸਮੇਤ ਕਮੇਟੀ ਦੇ ਕੰਮ ਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅੰਤਰਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਵਰ੍ਹੇ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 18 ਸਤੰਬਰ ਨੂੰ ਹੋ ਚੁੱਕੀਆਂ ਹਨ ਤੇ ਕਰੀਬ ਦੋ ਮਹੀਨੇ ਲੰਘ ਜਾਣ ਤੋਂ ਬਾਅਦ ਵੀ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਨੋਟੀਫ਼ਿਕੇਸ਼ਨ ਜਾਰੀ ਨਹੀਂ ਹੋ ਸਕਿਆ। ਇਸ ਪਿੱਛੇ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਹਿਜਧਾਰੀਆਂ ਨੂੰ ਵੋਟ ਪਾਉਣ ਦੇ ਅਧਿਕਾਰ 'ਤੇ ਰੋਕ ਲਾਏ ਜਾਣ ਬਾਰੇ ਕੇਂਦਰ ਸਰਕਾਰ ਵੱਲੋਂ 2003 ਵਿਚ ਜਾਰੀ ਆਰਡੀਨੈਂਸ ਨੂੰ ਚੁਣੌਤੀ ਦਿਤੇ ਜਾਣਾ ਹੈ।

ਸਹਿਜਧਾਰੀਆਂ ਨੇ ਅਦਾਲਤ ਵਿਚ ਦਲੀਲ ਦਿੱਤੀ ਸੀ ਕਿ 1959 ਤੋਂ ਬਾਅਦ ਹੋਣ ਵਾਲੀ ਹਰ ਕਮੇਟੀ ਚੋਣ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਦਾ ਅਧਿਕਾਰ ਸੀ। ਪੰਜਾਬ ਵਿਚ 1997 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਹਾਰ ਜਾਣ ਤੋਂ ਬਾਅਦ ਪੰਜਾਬ ਦੇ ਮੌਜੂਦਾ ਸੱਤਾਧਾਰੀ ਅਕਾਲੀ ਦਲ ਨੇ ਸਿੱਖ ਪੱਤਾ ਖੇਡਦਿਆਂ ਸਿੱਖਾਂ ਦੀ ਆਜ਼ਾਦ ਹਸਤੀ ਤੇ ਵੱਖਰੀ ਹੋਂਦ ਦੇ ਨਾਂ 'ਤੇ ਪਰਵਾਸੀ ਪੰਜਾਬੀ ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਨਾਨਕਸ਼ਾਹੀ ਕੈਲੰਡਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਮਾਨਤਾ ਦਿਵਾ ਕੇ ਲਾਗੂ ਕਰਵਾਇਆ ਤੇ ਸ਼੍ਰੋਮਣੀ ਕਮੇਟੀ ਦੇ ਹਰ ਇਜਲਾਸ ਵਿਚ ਸਹਿਜਧਾਰੀ ਵੋਟਰਾਂ ਦੇ ਵੋਟ ਪਾਉਣ ਦੇ ਅਧਿਕਾਰ 'ਤੇ ਰੋਕ ਲਾਉਣ ਦੀ ਦੁਹਾਈ ਪਾ ਦਿੱਤੀ।

ਕੇਂਦਰ ਦੀ ਸੱਤਾ 'ਤੇ ਕਾਬਜ਼ ਐਨ.ਡੀ.ਏ. ਦੀ ਸਰਕਾਰ ਜਿਸ ਵਿਚ ਅਕਾਲੀ ਦਲ ਵੀ ਭਾਈਵਾਲ ਸੀ, ਨੇ ਸ਼੍ਰੋਮਣੀ ਕਮੇਟੀ ਦੇ ਮਤਿਆਂ ਨੂੰ ਆਧਾਰ ਮੰਨ ਕੇ ਤੁਰੰਤ ਆਰਡੀਨੈਂਸ ਜਾਰੀ ਕਰ ਕੇ ਸਹਿਜਧਾਰੀਆਂ ਦੇ ਕਮੇਟੀ ਚੋਣਾਂ ਵਿਚ ਵੋਟ ਪਾਉਣ ਦੇ ਅਧਿਕਾਰ 'ਤੇ ਰੋਕ ਲਾ ਦਿੱਤੀ। ਸਿੱਖ ਗੁਰਦਵਾਰਾ ਐਕਟ ਦੇ ਮਾਹਰਾਂ ਅਨੁਸਾਰ ਸਰਕਾਰ ਵਕਤੀ ਤੌਰ 'ਤੇ ਆਰਡੀਨੈਂਸ ਉਸ ਵੇਲੇ ਜਾਰੀ ਕਰ ਸਕਦੀ ਹੈ ਜਿਸ ਵੇਲੇ ਪਾਰਲੀਮੈਂਟ ਦਾ ਸੈਸ਼ਨ ਨਾ ਚੱਲ ਰਿਹਾ ਹੋਵੇ ਤੇ ਨੇੜੇ ਭਵਿੱਖ ਵਿਚ ਇਸ ਸੈਸ਼ਨ ਨੂੰ ਬੁਲਾਏ ਜਾਣ ਦੀ ਕੋਈ ਸੰਭਾਵਨਾ ਨਾ ਹੋਵੇ। ਇਸ ਆਰਡੀਨੈਂਸ ਨੂੰ ਜਾਰੀ ਕਰਨ ਤੋਂ ਪਹਿਲਾਂ ਸਰਕਾਰ ਨੇ ਇਹ ਵੀ ਨਹੀਂ ਸੋਚਿਆ ਕਿ ਕਮੇਟੀ ਇਕੱਲੇ ਪੰਜਾਬ ਵਿਚ ਵਸਦੇ ਸਿੱਖਾਂ ਦੀ ਨੁਮਾਇੰਦਗੀ ਨਹੀਂ ਕਰਦੀ ਬਲਕਿ ਇਸ ਕਮੇਟੀ ਦੇ ਵੋਟਰ ਪੰਜਾਬ ਦੇ ਨਾਲ-ਨਾਲ ਹੋਰ ਵੀ ਤਿੰਨ ਰਾਜਾਂ ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਸਿੱਖਾਂ ਦੀ ਵੀ ਨੁਮਾਇੰਦਾ ਜਮਾਤ ਹੈ।

ਇਸ ਆਰਡੀਨੈਂਸ ਨੂੰ ਤਤਕਾਲੀ ਵਾਜਪਾਈ ਸਰਕਾਰ ਕਾਨੂੰਨ ਬਣਾਉਣ ਲਈ ਪਾਰਲੀਮੈਂਟ ਵਿਚ ਪੇਸ਼ ਕਰਨ ਵਿਚ ਅਸਫ਼ਲ ਰਹੀ ਤੇ ਆਮ ਰਵਾਇਤ ਮੁਤਾਬਕ ਮੁੜ ਇਸ ਪਾਸੇ ਕਿਸੇ ਨੇ ਧਿਆਨ ਨਹੀਂ ਦਿੱਤਾ। ਮਾਹਿਰਾਂ ਮੁਤਾਬਕ ਪਾਰਲੀਮੈਂਟ ਦੀ ਰਜ਼ਾਮੰਦੀ ਤੋਂ ਬਗ਼ੈਰ ਕਿਸੇ ਵੀ ਵਿਅਕਤੀ ਦੇ ਵੋਟ ਪਾਉਣ ਦੇ ਅਧਿਕਾਰ ਨੂੰ ਆਰਡੀਨੈਂਸ ਜਾਰੀ ਕਰ ਕੇ ਰੋਕਿਆ ਨਹੀਂ ਜਾ ਸਕਦਾ। ਸਹਿਜਧਾਰੀਆਂ ਵੱਲੋਂ ਇਸ ਆਰਡੀਨੈਂਸ ਨੂੰ ਅਦਾਲਤ ਵਿਚ ਚੁਣੌਤੀ ਦਿੱਤੇ ਜਾਣ ਤੇ ਅਦਾਲਤ ਵਲੋਂ ਇਸ ਮਾਮਲੇ ਦਾ ਫ਼ੈਸਲਾ ਰਾਖਵਾਂ ਰਖਣ ਕਾਰਨ ਇਹ ਵਿਧਾਨਕ ਸੰਕਟ ਪੈਦਾ ਹੋਇਆ ਹੈ।

ਹਾਲਾਤ ਇਹ ਹਨ ਕਿ ਨਾ ਤਾਂ ਪੁਰਾਣੇ ਹਾਊਸ ਨੂੰ ਕਮੇਟੀ ਦੇ ਅਹੁਦੇਦਾਰ ਮੰਨ ਰਹੇ ਹਨ ਤੇ ਨਾ ਹੀ ਨਵਾਂ ਹਾਊਸ ਹੋਂਦ ਵਿਚ ਹੈ। ਇਸ ਮਾਮਲੇ ਵਿਚ ਇਕ ਭੰਬਲਭੂਸਾ ਪੈਦਾ ਕਰਨ ਦੀ ਨੀਯਤ ਨਾਲ ਕਮੇਟੀ ਦੇ ਕੁਝ ਅਹੁਦੇਦਾਰਾਂ ਨੇ ਸ਼ੋਸ਼ਾ ਛੱਡਿਆ ਕਿ ਨਵੇਂ ਹਾਊਸ ਲਈ 5 ਦਸੰਬਰ ਨੂੰ ਮੀਟਿੰਗ ਸੱਦੀ ਜਾ ਸਕਦੀ ਹੈ। ਇਸ ਮਾਮਲੇ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਗੁਰਦਵਾਰਾ ਚੋਣ ਕਮਿਸ਼ਨ ਕਮੇਟੀ ਨੂੰ ਨਹੀਂ ਬਲਕਿ ਕੇਂਦਰੀ ਗ੍ਰਹਿ ਮੰਤਰੀ ਨੂੰ ਜਿੱਤੇ ਹੋਏ ਕਮੇਟੀ ਮੈਂਬਰਾਂ ਦੀ ਜਾਣਕਾਰੀ ਦੇ ਨਾਲ-ਨਾਲ ਨਵੇਂ ਹਾਊਸ ਨੂੰ ਬੁਲਾਉਣ ਲਈ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਹਦਾਇਤ ਜਾਰੀ ਕਰਨ ਲਈ ਕਹਿ ਸਕਦਾ ਹੈ।

ਇਸ ਬਾਰੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਜਤ ਅਗਰਵਾਲ ਦਾ ਕਹਿਣਾ ਹੈ ਕਿ ਇਸ ਹਫ਼ਤੇ ਵਿਚ ਨੋਟੀਫ਼ਿਕੇਸ਼ਨ ਜਾਰੀ ਹੋ ਜਾਣ ਦੀ ਸੰਭਾਵਨਾ ਹੈ। ਸਿੱਖ ਹਲਕਿਆਂ ਵਿਚ ਸਿੱਖ ਗੁਰਦਵਾਰਾ ਐਕਟ ਦੇ ਮਾਹਰ ਮੰਨੇ ਜਾਂਦੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਸ. ਕੁਲਵੰਤ ਸਿੰਘ ਮੁਤਾਬਕ ਨਵੇਂ ਹਾਊਸ ਦਾ ਭਵਿੱਖ ਹਾਈ ਕੋਰਟ ਦੇ ਫ਼ੈਸਲੇ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਵਿਚ ਪਹਿਲੀ ਵਾਰ ਹੋ ਰਿਹਾ ਹੈ ਕਿ ਹਾਊਸ ਦੀ ਸਾਲਾਨਾ ਚੋਣ ਨਹੀਂ ਹੋ ਰਹੀ ਜਦਕਿ ਐਕਟ ਮੁਤਾਬਕ ਇਹ ਚੋਣ 30 ਨਵੰਬਰ ਤਕ ਹੋਣੀ ਬੇਹਦ ਲਾਜ਼ਮੀ ਹੈ।

ਉਨ੍ਹਾਂ ਮੁਤਾਬਕ ਪੁਰਾਣੇ ਮੈਂਬਰ ਅੱਜ ਵੀ ਮੈਂਬਰੀ ਦਾ ਅਧਿਕਾਰ ਰੱਖਦੇ ਹਨ ਕਿਉਂਕਿ ਨਵਾਂ ਹਾਊਸ ਅਜੇ ਹੋਂਦ ਵਿਚ ਹੀ ਨਹੀਂ ਆਇਆ। ਉਨ੍ਹਾਂ ਮੁਤਾਬਕ ਜਿਸ ਦਿਨ ਨਵੇਂ ਹਾਊਸ ਵਿਚ 15 ਮੈਂਬਰ ਨਾਮਜ਼ਦ ਹੋਣ ਤੋਂ ਬਾਅਦ ਨਵੇਂ ਪ੍ਰਧਾਨ ਦੀ ਚੋਣ ਨਹੀਂ ਹੋ ਜਾਂਦੀ, ਉਸ ਦਿਨ ਤੱਕ ਪੁਰਾਣੇ ਹਾਊਸ ਦੀ ਹੋਂਦ ਬਰਕਰਾਰ ਰਹਿੰਦੀ ਹੈ। ਮਾਹਿਰਾਂ ਮੁਤਾਬਕ ਇਸ ਗੱਲ ਬਾਰੇ ਅਕਾਲੀ ਦਲ (ਬ) ਨੂੰ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਜੇ 30 ਨਵੰਬਰ ਨੂੰ ਪ੍ਰਧਾਨਗੀ ਸਮੇਤ ਬਾਕੀ ਅਹੁਦੇਦਾਰਾਂ ਦੀ ਚੋਣ ਕਰਵਾ ਲਈ ਜਾਂਦੀ ਹੈ ਤਾਂ ਕਮੇਟੀ ਵਿਚ ਤਖ਼ਤਾ ਪਲਟ ਦੀ ਕਾਰਵਾਈ ਹੋ ਸਕਦੀ ਹੈ। ਕਮੇਟੀ ਦੇ ਪੁਰਾਣੇ ਹਾਊਸ ਵਿਚ ਵਿਰੋਧੀ ਧਿਰ ਦੇ 35 ਦੇ ਕਰੀਬ ਮੈਂਬਰ ਹਨ ਤੇ ਇਸ ਹਾਊਸ ਵਿਚ ਅਕਾਲੀ ਦਲ ਬਾਦਲ ਦੇ ਕਰੀਬ 40 ਉਹ ਮੈਂਬਰ ਹਨ ਜਿਨ੍ਹਾਂ ਨੂੰ ਅਕਾਲੀ ਦਲ ਨੇ ਟਿਕਟ ਹੀ ਨਹੀਂ ਦਿੱਤੀ ਜਾਂ ਬਾਗ਼ੀ ਉਮੀਦਵਾਰਾਂ ਕਰ ਕੇ ਉਹ ਚੋਣ ਹਾਰ ਗਏ।

### ਚੋਣਾਂ ਤੋਂ ਦੋ ਮਹੀਨਿਆਂ ਬਾਅਦ ਵੀ ਨਹੀਂ ਹੋਇਆ ਇਜਲਾਸ



# ਲੋਕ ਮੌਜੂਦਾ ਨਿਜ਼ਾਮ ਦੇ ਜਬਰ ਤੋਂ ਤੰਗ ਆਏ: ਮਨਪ੍ਰੀਤ ਬਾਦਲ

**ਹੁਸ਼ਿਆਰਪੁਰ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਸੰਸਥਾਪਕ ਤੇ ਸਾਂਝੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜਿਨ੍ਹਾਂ ਸਿਆਸਤਦਾਨਾਂ ਨੇ ਪੰਜਾਬ ਦੀ ਇੱਜ਼ਤ ਦਾਅ 'ਤੇ ਲਾਈ, ਉਨ੍ਹਾਂ ਨੂੰ ਚਲਦਾ ਕਰਨ ਦਾ ਸਮਾਂ ਆ ਗਿਆ ਹੈ। ਹੁਸ਼ਿਆਰਪੁਰ ਦੇ ਰੌਸ਼ਨ ਗਰਾਊਂਡ ਵਿਚ ਸਾਂਝੇ ਮੋਰਚੇ ਦੀ ਰੈਲੀ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਕਿਹਾ ਕਿ ਪੰਜਾਬ ਵਿਚ ਅਗਲੀ ਸਰਕਾਰ ਤੀਜੇ ਮੋਰਚੇ ਦੀ ਬਣੇਗੀ। ਉਨ੍ਹਾਂ ਕਿਹਾ ਕਿ ਲੋਕ ਮੌਜੂਦਾ ਨਿਜ਼ਾਮ ਦੇ ਜਬਰ ਤੋਂ ਤੰਗ ਆ ਚੁੱਕੇ ਹਨ ਤੇ ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਤੋਂ ਨਿਜ਼ਾਤ ਚਾਹੁੰਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਦੋ ਪਾਰਟੀਆਂ ਦੀ ਅਜਾਰੇਦਾਰੀ ਤੋੜਣ ਲਈ ਹੀ ਸਾਂਝੇ ਮੋਰਚੇ ਦਾ ਗਠਨ ਕੀਤਾ ਗਿਆ ਹੈ। ਸਾਬਕਾ ਵਿੱਤ ਮੰਤਰੀ ਕਿਹਾ ਕਿ ਖੱਬੀਆਂ ਪਾਰਟੀਆਂ ਨਾਲ ਸਮਝੌਤਾ ਕਿਸੇ ਸਿਆਸੀ ਦਬਾਅ ਕਰਕੇ ਨਹੀਂ ਕੀਤਾ ਗਿਆ ਬਲਕਿ ਇਸ ਕਰਕੇ ਕੀਤਾ ਗਿਆ ਕਿ ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਸੋਚ, ਏਜੰਡਾ ਤੇ ਮੰਜ਼ਲ ਇਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਏਗਾ ਕਿ ਚੋਣਾਂ ਆਮ ਲੋਕਾਂ ਨਾਲ ਜੁੜੇ ਮੁੱਦਿਆਂ 'ਤੇ ਲੜੀਆਂ ਜਾਣਗੀਆਂ। ਪੰਜਾਬ ਦੀ ਖੁਸ਼ਹਾਲੀ ਨਾਲ ਜੁੜੇ ਮਸਲਿਆਂ 'ਤੇ ਚੋਣਾਂ ਲੜੀਆਂ ਜਾਣਗੀਆਂ।



ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹੁੰਦਿਆਂ ਜਦੋਂ ਉਨ੍ਹਾਂ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਕੀਤੀ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਚੰਗਾ ਨਹੀਂ ਲੱਗਿਆ ਪਰ ਕਰਜ਼ੇ ਦੀ ਗੱਲ ਕਰਕੇ ਉਨ੍ਹਾਂ ਨੇ ਕੋਈ ਜੁਰਮ ਨਹੀਂ ਕੀਤਾ ਸੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀ ਜਾਨ ਵਿਚ ਜਾਨ ਹੈ ਉਹ ਪੰਜਾਬ ਦੀ ਆਨ ਤੇ ਸ਼ਾਨ 'ਤੇ ਆਂਚ ਨਹੀਂ ਆਉਣ ਦੇਣਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਕੱਠੇ ਹੋ ਕੇ ਹੰਭਲਾ ਮਾਰਨ ਕਿਉਂਕਿ ਕੋਸ਼ਿਸ਼ ਕਰਨ ਨਾਲ ਹੀ ਸਫ਼ਲਤਾ ਮਿਲਦੀ ਹੈ। ਮਨਪ੍ਰੀਤ ਨੇ ਕਿਹਾ ਕਿ ਖੱਬੀਆਂ ਪਾਰਟੀਆਂ ਨਾਲ ਸੀਟਾਂ ਦੀ ਵੰਡ ਬਾਰੇ ਅਜੇ ਕੋਈ ਗੱਲਬਾਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜਿੱਤਣ ਦੀ ਸਮਰੱਥਾ ਰੱਖਣ ਵਾਲੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਜਾਣਗੀਆਂ ਚਾਹੇ ਉਹ ਜਿਹੜੀ ਵੀ ਪਾਰਟੀ ਦਾ ਹੋਵੇ। ਨੌਜਵਾਨਾਂ ਤੇ ਔਰਤਾਂ ਨੂੰ ਵੀ ਵਾਜਬ ਨੁਮਾਇੰਦਗੀ ਦਿੱਤੀ ਜਾਵੇਗੀ। ਦੂਜੀਆਂ ਪਾਰਟੀਆਂ ਛੱਡ ਕੇ ਜਾਂ ਕੱਢੇ ਗਏ ਆਗੂਆਂ ਦੀ ਸਾਂਝੇ ਮੋਰਚੇ ਵਿਚ ਸ਼ਮੂਲੀਅਤ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਰਕਾਰ ਬਣਾਉਣ ਲਈ ਕਾਂਗਰਸ ਜਾਂ ਅਕਾਲੀਆਂ ਦੀਆਂ ਫ਼ੌੜੀਆਂ ਦੀ ਜ਼ਰੂਰਤ ਨਹੀਂ। ਉਨ੍ਹਾਂ ਦੱਸਿਆ ਕਿ ਦਸੰਬਰ ਦੇ ਪਹਿਲੇ ਹਫ਼ਤੇ ਮੈਨੀਫ਼ੈਸਟੋ ਜਾਰੀ ਕਰ ਦਿੱਤਾ ਜਾਵੇਗਾ।

## ਕੈਲੀਫੋਰਨੀਆ ਦੀ ਜੇਲ੍ਹ ਵਿਚ ਪਰਵਾਸੀ ਪੰਜਾਬੀ ਦੀ ਮੌਤ

**ਵਾਸ਼ਿੰਗਟਨ:** ਕੈਲੀਫੋਰਨੀਆ ਦੀ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ 59 ਸਾਲਾ ਪਰਵਾਸੀ ਪੰਜਾਬੀ ਗੁਰਪ੍ਰਕਾਸ਼ ਸਿੰਘ ਖਾਲਸਾ ਦੀ ਦਿਲ ਦੇ ਦੌਰੇ ਕਾਰਨ ਮੌਤ ਹੋ ਗਈ। ਆਪਣੀ ਧੀ ਦੇ ਦੋਸਤ ਦੇ ਕਤਲ ਦੇ ਦੋਸ਼ ਵਿਚ ਸੁਣਾਈ ਗਈ ਇਹ ਸਜ਼ਾ ਪਿਛਲੇ ਦਸੰਬਰ ਹੀ ਸ਼ੁਰੂ ਹੋਈ ਸੀ।

ਜੇਲ੍ਹ ਅਧਿਕਾਰੀਆਂ ਨੇ ਗੁਰਪ੍ਰਕਾਸ਼ ਸਿੰਘ ਵੱਲੋਂ ਖੁਦਕੁਸ਼ੀ ਕਰਨ ਦੀਆਂ ਕਿਆਸਆਰਾਈਆਂ ਦਾ ਮੁੱਢੋਂ ਖੰਡਨ ਕੀਤਾ ਹੈ। ਗੁਰਪ੍ਰਕਾਸ਼ ਸਿੰਘ 'ਤੇ ਦੋਸ਼ ਸੀ ਕਿ ਉਸ ਨੇ 27 ਮਾਰਚ 2007 ਨੂੰ ਆਪਣੀ ਧੀ ਦੇ ਦੋਸਤ ਅਜਮੇਰ ਸਿੰਘ ਹੋਠੀ 'ਤੇ ਗੋਲੀ ਚਲਾਈ ਜਿਸ ਨਾਲ ਉਸ ਦੀ ਮੌਤ ਹੋ ਗਈ।







# ਬਾਦਲ ਵੱਲੋਂ ਸਿੱਖੀ ਦੇ ਪ੍ਰਚਾਰ ਲਈ 'ਬਾਲੀਵੁੱਡ' 'ਤੇ ਟੇਕ

## ਧਾਰਮਿਕ ਸਮਾਗਮ 'ਚ 'ਬਾਲੀਵੁੱਡ ਜਲਵਾ' ਵਿਖਾਉਣ ਦੀ ਤਿਆਰੀ

**ਚੰਡੀਗੜ੍ਹ:** ਪਹਿਲੀ ਨਵੰਬਰ ਵਾਲੇ ਦਿਨ ਬਠਿੰਡਾ ਵਿਖੇ ਵਿਸ਼ਵ ਕਬੱਡੀ ਕੱਪ ਦੇ ਉਦਘਾਟਨ ਮੌਕੇ ਨੰਗ-ਧੜੰਗੀਆਂ ਕੁੜੀਆਂ ਨਚਾਉਣ ਦੇ ਮਾਮਲੇ ਦੀ ਸਿੱਖ ਭਾਈਚਾਰੇ ਵੱਲੋਂ ਸਖ਼ਤ ਅਲੋਚਨਾ ਤੋਂ ਬਾਅਦ ਵੀ ਅਕਾਲੀ-ਭਾਜਪਾ ਸਰਕਾਰ ਦੀਆਂ ਅੱਖਾਂ ਨਹੀਂ ਖੁੱਲ੍ਹੀਆਂ ਤੇ ਹੁਣ ਧਾਰਮਿਕ ਸਮਾਗਮਾਂ ਨੂੰ ਵੀ ਆਪਣੀਆਂ ਸਿਆਸੀ ਰੈਲੀਆਂ ਦਾ ਰੂਪ ਦੇ ਕੇ ਉਥੇ 'ਬਾਲੀਵੁੱਡ ਜਲਵਾ' ਜਾਰੀ ਰੱਖਿਆ ਜਾ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਅਠਵੇਂ ਅਜੂਬੇ ਵਜੋਂ ਕਾਇਮ ਕੀਤੇ ਜਾ ਰਹੇ ਵਿਰਾਸਤ-ਏ-ਖ਼ਾਲਸਾ ਸੈਂਟਰ ਦੇ ਉਦਘਾਟਨ ਮੌਕੇ 25 ਨਵੰਬਰ ਨੂੰ ਬਾਦਲ ਸਰਕਾਰ ਵੱਲੋਂ ਦੇਸ਼-ਵਿਦੇਸ਼ ਦੀਆਂ ਜਿਨ੍ਹਾਂ ਸ਼ਖ਼ਸੀਅਤਾਂ ਨੂੰ ਸੱਦਿਆ ਗਿਆ ਹੈ, ਉਸ ਨੂੰ ਲੈ ਕੇ ਨਵੀਂ ਬਹਿਸ ਛਿੜ ਗਈ ਹੈ ਤੇ ਸਿੱਖਾਂ ਵਿਚ ਰੋਸ ਹੈ।

ਉਦਘਾਟਨੀ ਸਮਾਗਮ ਮੌਕੇ ਆਰਟ ਆਫ਼ ਲਿਵਿੰਗ ਦੇ ਪ੍ਰਮੁੱਖ ਸ੍ਰੀ ਸ੍ਰੀ ਰਵੀਸ਼ੰਕਰ, ਉਘੀ ਫ਼ਿਲਮੀ ਹਸਤੀ ਸ੍ਰੀ ਅਮਿਤਾਭ ਬੱਚਨ, ਪ੍ਰਸਿੱਧ ਗਾਇਕਾ ਸ੍ਰੀਮਤੀ ਆਸ਼ਾ ਭੌਂਸਲੇ, ਫ਼ਿਲਮੀ ਅਦਾਕਾਰਾ ਹੇਮਾ ਮਾਲਿਨੀ, ਲੋਕ ਗਾਇਕਾ ਜਸਪਿੰਦਰ ਨਰੂਲਾ ਤੇ ਸੂਫ਼ੀ ਗਾਇਕ ਹੰਸਰਾਜ ਹੰਸ ਸਮੇਤ ਵਡਾਲੀ ਭਰਾ ਵੀ ਹਾਜ਼ਰੀਆਂ ਭਰਨਗੇ। ਇਨ੍ਹਾਂ ਤੋਂ ਇਲਾਵਾ ਭਾਜਪਾ ਦੇ ਕੌਮੀ ਪ੍ਰਧਾਨ ਸ੍ਰੀ ਨਿਤਿਨ ਗਡਕਰੀ ਤੇ ਕਈ ਰਾਜਾਂ ਦੇ ਮੁੱਖ ਮੰਤਰੀਆਂ ਤੇ ਦੇਸ਼ ਦੀਆਂ ਪ੍ਰਸਿੱਧ ਸ਼ਖ਼ਸੀਅਤਾਂ ਨੂੰ ਵੀ ਸੱਦਾ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਹੁਣ ਤੱਕ ਅਕਾਲੀ ਦਲ ਦੇ ਸਮਾਗਮਾਂ ਵਿਚ ਢਾਡੀਆਂ-ਰਾਗੀਆਂ ਦੀ ਚੜ੍ਹਤ ਹੁੰਦੀ ਸੀ ਪਰ ਪਿਛਲੇ ਸਮੇਂ ਵਿਚ ਅਕਾਲੀ ਦਲ ਦੇ ਨੌਜਵਾਨ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਾਲੀਵੁੱਡ ਵੱਲ ਵਧੇ ਰੁਝਾਨ ਨੇ ਪੰਜਾਬ, ਪੰਜਾਬੀਅਤ ਤੇ ਸਿੱਖ ਕੌਮ ਨੂੰ ਸੋਚਣ ਲਈ ਮਜਬੂਰ ਕਰ ਦਿਤਾ ਹੈ ਕਿ ਪੰਜਾਬ ਕਿਸ ਪਾਸੇ ਜਾ ਰਿਹਾ ਹੈ। ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਵਿਸ਼ਵ ਕਬੱਡੀ ਕੱਪ ਦੇ ਉਦਘਾਟਨ 'ਤੇ ਹੋਇਆ ਨੰਗੇਜ ਮਾੜੀ ਗੱਲ ਸੀ ਪਰ ਕਿਉਂਕਿ ਇਹ ਸਮਾਗਮ ਸਟੇਡੀਅਮ ਵਿਚ ਹੋਇਆ ਸੀ ਇਸ ਲਈ ਕਿਸੇ ਨੂੰ ਵੀ ਬੁਲਾਇਆ ਜਾ ਸਕਦਾ ਸੀ।

ਉਨ੍ਹਾਂ ਕਿਹਾ ਕਿ ਵਿਰਾਸਤ-ਏ-ਖ਼ਾਲਸਾ ਦੇ ਉਦਘਾਟਨ ਧਾਰਮਿਕ ਸਮਾਗਮ ਹੈ ਤੇ ਜਿਸ ਵੀ ਵਿਅਕਤੀ 'ਤੇ ਸਿੱਖ ਕਤਲੇਆਮ ਦੇ ਦੋਸ਼ ਲੱਗਦੇ ਹੋਣ, ਉਸ ਨੂੰ ਇਨ੍ਹਾਂ ਸਮਾਗਮਾਂ ਵਿਚ ਬੁਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਬਾਹਰਲੇ ਤੋਂ ਸ਼ਬਦ ਗਵਾਉਣਾ ਵੀ ਗ਼ਲਤ ਹੈ ਤੇ ਰਹਿਤ ਮਰਿਆਦਾ ਦੇ ਉਲਟ ਹੈ ਜਦੋਂਕਿ ਰਹਿਤ ਮਰਿਆਦਾ ਅਨੁਸਾਰ ਸੰਗਤ ਵਿਚ ਇਕ ਸਿੱਖ ਹੀ ਸ਼ਬਦ ਗਾ ਸਕਦਾ ਹੈ। ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਸ਼ੋਮਣੀ ਅਕਾਲੀ ਦਲ (ਬ) ਵੱਲੋਂ ਵਿਸ਼ਵ ਕਬੱਡੀ ਕੱਪ ਵਿਚ ਅਰਧ ਨਗਨ ਲੜਕੀਆਂ ਨੂੰ ਨਚਾਉਣਾ ਤੇ ਹੁਣ ਇਕ ਧਾਰਮਿਕ ਸਿੱਖ ਇਮਾਰਤ ਦਾ ਉਦਘਾਟਨ ਫ਼ਿਲਮੀ ਹਸਤੀਆਂ ਤੋਂ ਕਰਵਾਉਣਾ ਸ. ਬਾਦਲ ਦੀ ਸਿਆਸਤਪ ਤੇ ਦਿਆਨਤਦਾਰੀ 'ਤੇ ਪ੍ਰਸ਼ਨ ਚਿੰਨ੍ਹ ਲਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਅਮਿਤਾਭ ਬੱਚਨ ਨੇ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਕੋਲ ਖੜ੍ਹੇ ਹੋ ਕੇ ਕਿਹਾ ਸੀ 'ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ, ਛੀਟੇ ਇਨ ਕੇ ਘਰ ਪੇ ਪੜੇਂਗੇ।' ਇਸ ਸਮਾਗਮ ਦਾ ਭਾਜਪਾ ਨੂੰ ਲਾਹਾ ਦੇਣ ਲਈ ਨਿਤਿਨ ਗਡਕਰੀ ਨੂੰ ਵੀ ਬੁਲਾਇਆ ਹੈ। ਇਸ ਸਮਾਗਮ ਨੂੰ ਫ਼ਿਲਮੀ ਸਿਤਾਰਿਆਂ ਦੀ ਚਕਾਚੌਂਧ ਵਿਚ ਗੁਆਉਦਿਆਂ ਪੰਜਾਬ ਸਰਕਾਰ ਵੱਲੋਂ ਕੌਮ ਤੇ ਸਿਰਮੌਰ ਮੰਨੇ ਜਾਂਦੇ ਤਖ਼ਤਾਂ ਦੇ ਜਥੇਦਾਰਾਂ ਦਾ ਕਿਤੇ ਵੀ ਨਾਂ ਨਹੀਂ ਲਿਆ ਜਾ ਰਿਹਾ। ਸੁਖਬੀਰ ਸਿੰਘ ਬਾਦਲ ਦੇ ਇਸ ਫ਼ੈਸਲੇ ਨਾਲ ਆਮ ਸਿੱਖਾਂ ਤੇ ਕੌਮ ਦੇ ਸਿਰਮੌਰ ਆਗੂਆਂ ਵਿਚ ਨਿਰਾਸ਼ਾ ਦਾ ਆਲਮ ਹੈ।

ਅਕਾਲੀ ਦਲ 1920 ਦੇ ਸੀਨੀਅਰ ਮੀਤ ਪ੍ਰਧਾਨ ਰਘਬੀਰ ਸਿੰਘ ਰਾਜਾਸਾਂਸੀ ਨੇ ਕਿਹਾ ਕਿ ਇਸ ਖ਼ਾਲਸਾ ਵਿਰਾਸਤ ਕੰਪਲੈਕਸ ਦਾ ਉਦਘਾਟਨ ਸਿੱਖ ਪ੍ਰੰਪਰਾਵਾਂ ਅਨੁਸਾਰ ਹੋ ਚੁੱਕਾ ਹੈ ਤੇ ਪੰਥ ਦੇ ਧਾਰਮਕ ਆਗੂਆਂ ਨੇ ਇਸ ਦਾ ਉਦਘਾਟਨ ਕੀਤਾ ਸੀ ਪਰ ਹੁਣ ਬਾਦਲ ਪਰਿਵਾਰ ਇਸ ਕੰਪਲੈਕਸ ਦੇ ਨਾਂ 'ਤੇ ਨਾਮਣਾ ਖੱਟਣ ਲਈ ਜਥੇਦਾਰਾਂ ਦੀ ਡਿਊਟੀ ਲਾਈ ਗਈ ਹੈ ਕਿ ਹਰੇਕ 25-25 ਬੱਸਾਂ ਭਰ ਕੇ ਲਿਆਉਣ ਤੇ ਇਸ ਨਾਲ ਕੌਮੀ ਪੈਸੇ ਦੀ ਸ਼ਰੇਆਮ ਬਰਬਾਦੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਉਦਘਾਟਨਾਂ 'ਤੇ ਅਜਿਹੇ ਕੌਮੀ ਸਿਤਾਰੇ ਤੇ ਆਰ.ਐਸ.ਐਸ. ਦੇ ਆਗੂ ਸੱਦ ਕੇ ਬਾਦਲ ਪਰਿਵਾਰ ਕੌਮ ਨੂੰ ਕੀ ਸੁਨੇਹਾ ਦੇਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਭੁੱਲਣਾ ਨਹੀਂ ਚਾਹੀਦਾ ਕਿ ਅਮਿਤਾਭ ਬੱਚਨ 'ਤੇ ਬੀਬੀ ਜਗਦੀਸ਼ ਕੌਰ ਵੱਲੋਂ 1984 'ਚ ਹੋਏ ਕਤਲੇਆਮ ਵਿਚ ਸ਼ਾਮਲ ਹੋਣ ਦੇ ਦੋਸ਼ ਲਾਏ ਗਏ ਸਨ। ਸ. ਰਾਜਾਸਾਂਸੀ ਨੇ ਕਿਹਾ ਕਿ ਇਹ ਸਮਾਗਮ ਸਿੱਧੇ ਤੌਰ 'ਤੇ ਪੰਥ ਨੂੰ ਆਰ ਐਸ.ਐਸ. ਤੇ ਭਾਜਪਾਈਆਂ ਕੋਲ ਗਹਿਣੇ ਪਾਉਣ ਤੇ ਕੌਮ ਦੇ ਪੈਸੇ ਦੀ ਬਰਬਾਦੀ ਹੈ। ਉਨ੍ਹਾਂ ਬਾਦਲ ਨੂੰ ਅਪੀਲ ਕੀਤੀ ਕਿ ਉਹ ਕੌਮ ਨੂੰ ਕੁਰਾਹੇ ਪਾਉਣ ਦੀ ਥਾਂ ਪੁਰਾਣੀਆਂ ਪ੍ਰੰਪਰਾਵਾਂ ਨੂੰ ਕਾਇਮ ਰੱਖਦੇ ਹੋਏ ਜਥੇਦਾਰਾਂ ਤੇ ਪੰਥ ਪ੍ਰਤੀ ਕੁਰਬਾਨੀ ਰੱਖਣ ਵਾਲੀਆਂ ਸੰਸਾਰ ਪੱਧਰੀ ਸ਼ਖ਼ਸੀਅਤਾਂ ਕੋਲੋਂ ਇਸ ਦਾ ਉਦਘਾਟਨ ਕਰਵਾਉਣ।

# ਚਾਰ ਸ਼ਹੀਦੀ ਯਾਦਗਾਰਾਂ ਪੰਥ ਨੂੰ ਸਮਰਪਿਤ



**ਚੰਡੀਗੜ੍ਹ:** ਬਾਦਲ ਸਰਕਾਰ ਨੇ ਕਬੱਡੀ ਤੋਂ ਬਾਅਦ ਹੁਣ ਧਾਰਮਿਕ ਜਜ਼ਬਾਤਾਂ ਨੂੰ ਵੋਟ ਬੈਂਕ 'ਚ ਤਬਦੀਲ ਕਰਨ ਲਈ ਨਵੰਬਰ 2011 ਦਾ ਆਖ਼ਰੀ ਹਫਤਾ ਸਿੱਖ ਇਤਿਹਾਸ ਨਾਲ ਸਬੰਧਤ ਯਾਦਗਾਰਾਂ ਦੇ ਨਾਂ ਕੀਤਾ ਹੈ। ਇਸ ਹਫਤੇ ਸਿੱਖ ਇਤਿਹਾਸ ਨਾਲ ਸਬੰਧਤ ਚਾਰ ਅਹਿਮ ਯਾਦਗਾਰਾਂ ਕੌਮ ਨੂੰ ਸਮਰਪਿਤ ਕੀਤੀਆਂ ਗਈਆਂ ਹਨ।

ਇਨ੍ਹਾਂ ਚਾਰ ਸਿੱਖ ਇਤਿਹਾਸਕ ਯਾਦਗਾਰਾਂ ਵਿਚ 'ਵਿਰਾਸਤ-ਏ-ਖਾਲਸਾ' ਆਨੰਦਪੁਰ ਸਾਹਿਬ ਵਿਖੇ 25 ਨੂੰ, ਛੋਟੇ ਘੱਲੂਘਾਰੇ ਦੀ ਯਾਦਗਾਰ ਕਾਹਨੂੰਵਾਨ ਛੰਭ ਗੁਰਦਾਸਪੁਰ ਵਿਖੇ 28 ਨੂੰ, ਵੱਡੇ ਘੱਲੂਘਾਰੇ ਦੀ ਯਾਦਗਾਰ ਕੁੱਪ ਰੋਹੀੜਾ ਵਿਖੇ 29 ਨੂੰ ਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਚੱਪੜਚਿੜੀ ਦੇ ਮੈਦਾਨ ਵਿਚ ਲੜੀ ਗਈ ਜੰਗ ਦੀ ਯਾਦਗਾਰ 30 ਨਵੰਬਰ ਨੂੰ ਕੌਮ ਨੂੰ ਸਮਰਪਿਤ ਹੋਵੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਇਹ ਯਾਦਗਾਰਾਂ ਸਿੱਖ ਇਤਿਹਾਸ ਦੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਹੋਣਗੀਆਂ। ਉਨ੍ਹਾਂ ਦੱਸਿਆ ਕਿ ਇਹ ਯਾਦਗਾਰਾਂ ਅਕਾਲੀ ਸਰਕਾਰ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੀਆਂ ਗਈਆਂ ਹਨ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਨਿਵੇਕਲੀਆਂ ਹੋਣਗੀਆਂ।

ਅਨੰਦਪੁਰ ਸਾਹਿਬ ਵਿਖੇ ਬਣਾਈ ਗਈ ਯਾਦਗਾਰ ਵਿਰਾਸਤ- ਏ-ਖਾਲਸਾ ਤਕਰੀਬਨ 300 ਕਰੋੜ ਰੁਪਏ ਦੀ ਲਾਗਤ ਨਾਲ 100 ਏਕੜ ਰਕਬੇ ਵਿਚ ਬਣਾਈ ਗਈ ਹੈ ਜਿਸ ਵਿਚ ਤਕਰੀਬਨ 550 ਸਾਲਾਂ ਦਾ ਸਿੱਖ ਇਤਿਹਾਸ (ਗੁਰੂ ਕਾਲ ਤੋਂ ਲੈ ਕੇ ਹੁਣ ਤਕ) ਨੂੰ ਦਰਸਾਇਆ ਗਿਆ ਹੈ। ਇਸ ਦਾ ਉਦਘਾਟਨ 25 ਨਵੰਬਰ ਨੂੰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਾਹਨੂੰਵਾਨ ਛੰਭ ਵਿਖੇ ਵੀ ਕਰੋੜਾਂ ਰੁਪਏ ਦੀ ਲਾਗਤ ਨਾਲ ਯਾਦਗਾਰ ਤਿਆਰ ਕੀਤੀ ਗਈ ਹੈ ਜਿਸ ਵਿਚ ਵੱਡਾ ਸਤੰਭ ਤੇ ਖੰਡਾ ਬਣਿਆ ਹੋਇਆ ਹੈ। ਇਸ ਦੇ ਆਲੇ-ਦੁਆਲੇ ਸੁੰਦਰ ਲੈਂਡ ਸਕੇਪਿੰਗ ਤੇ ਦ੍ਰਿਸ਼ ਹਨ। ਇਹ ਯਾਦਗਾਰ 10 ਹਜ਼ਾਰ ਤੋਂ ਵੱਧ ਸ਼ਹੀਦ ਹੋਏ ਸਿੰਘਾਂ ਦੀ ਯਾਦ ਨੂੰ ਸਮਰਪਿਤ ਹੈ ਜਿਸ ਨੂੰ ਸਿੱਖ ਇਤਿਹਾਸ ਵਿਚ ਛੋਟੇ ਘੱਲੂਘਾਰੇ ਵਜੋਂ ਜਾਣਿਆ ਜਾਂਦਾ ਹੈ। ਕੁੱਪ ਰੋਹੀੜਾ ਵਿਖੇ ਬਣਾਈ ਗਈ ਯਾਦਗਾਰ ਦਾ ਉਦਘਾਟਨ 29 ਨਵੰਬਰ ਨੂੰ ਹੋਵੇਗਾ। ਇਸ ਥਾਂ 'ਤੇ 35000 ਸਿੰਘ ਸ਼ਹੀਦ ਹੋਏ ਸਨ। ਜਦੋਂਕਿ 30 ਨਵੰਬਰ ਨੂੰ ਚੱਪੜਚਿੱੜੀ ਵਿਖੇ ਸਮਰਪਿਤ ਹੋਣ ਵਾਲੀ ਯਾਦਗਾਰ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਲੜੀ ਗਈ ਜੰਗ ਨੂੰ ਸਮਰਪਿਤ ਹੈ।

ਇੱਥੇ ਯਾਦਗਾਰ ਦੇ ਰੂਪ ਵਜੋਂ ਇਕ ਵੱਡਾ ਸਤੰਭ ਬਣਾਇਆ ਗਿਆ ਹੈ ਤੇ ਜੰਗ ਦੇ ਮੈਦਾਨ ਨੂੰ ਦਰਸਾਉਂਦਿਆਂ ਪਹਾੜੀਆਂ ਬਣਾਈਆਂ ਗਈਆਂ ਹਨ ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਪੰਜ ਸਿੱਖ ਜਰਨੈਲਾਂ ਦੇ ਬੁੱਤ ਕਾਇਮ ਹੋਣਗੇ। ਇਹ ਯਾਦਗਾਰ ਤਕਰੀਬਨ 21 ਏਕੜ ਰਕਬੇ ਵਿਚ ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਹੋਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਮਾਗਮਾਂ ਦੌਰਾਨ ਧਾਰਮਿਕ ਪੱਖੋਂ ਪ੍ਰਬੰਧ ਤੇ ਸੰਗਤ ਲਈ ਲੰਗਰ ਦਾ ਪ੍ਰਬੰਧ ਕੀਤਾ ਜਾਵੇਗਾ।

# ਹੈਰੀਟੇਜ ਕੰਪਲੈਕਸ ਦੇ ਮੁੜ ਉਦਘਾਟਨ ਦੀ ਕੋਈ ਤੁਕ ਨਹੀਂ: ਕੈਪਟਨ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਖ਼ਾਲਸਾ ਹੈਰੀਟੇਜ ਕੰਪਲੈਕਸ ਦੇ ਮੁੜ ਉਦਘਾਟਨ ਨੂੰ ਅਪਣਾਈ ਜਾ ਰਹੀ ਹੋਛੀ ਸਿਆਸਤ 'ਤੇ ਸਵਾਲ ਕਰਦੇ ਹੋਏ ਕਿਹਾ ਕਿ ਕੀ ਉਹ ਆਪਣੇ ਇਸ ਉਦਘਾਟਨੀ ਕਦਮ ਨੂੰ ਸੰਤਾਂ-ਮਹਾਂਪੁਰਸ਼ਾਂ ਤੋਂ ਵੀ ਉਪਰ ਸਮਝਦੇ ਹਨ ਕਿਉਂਕਿ ਇਸ ਦਾ ਪਹਿਲਾਂ ਹੀ 14 ਅਪਰੈਲ, 2006 ਨੂੰ ਵਿਸਾਖੀ ਮੌਕੇ ਉਦਘਾਟਨ ਹੋ ਚੁੱਕਾ ਹੈ। ਉਨ੍ਹਾਂ ਗੱਠਜੋੜ ਸਰਕਾਰ ਦੇ ਐਲਾਨ ਕਿ ਬਾਦਲ 25 ਨਵੰਬਰ ਨੂੰ ਫ਼ਿਲਮੀ ਅਦਾਕਾਰਾਂ ਤੇ ਵੱਖ ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੌਜੂਦਗੀ ਹੇਠ ਕੰਪਲੈਕਸ ਦਾ ਮੁੜ ਉਦਘਾਟਨ ਕਰਨਗੇ ਬਾਰੇ ਕਿਹਾ ਕਿ ਇਹ ਖ਼ਾਲਸਾ ਹੈਰੀਟੇਜ ਪ੍ਰਤੀ ਕਿਸੇ ਤਰ੍ਹਾਂ ਦੇ ਸਤਿਕਾਰ ਦੇ ਉਲਟ ਬਾਦਲ ਦੇ ਚੋਣ ਪ੍ਰਚਾਰ ਵਜੋਂ ਇਕ ਸਿਆਸੀ ਸਮਾਗਮ ਜ਼ਿਆਦਾ ਹੈ ਜੋ ਆਪਣੀ ਸਿਆਸੀ ਹੋਂਦ ਨੂੰ ਬਚਾਉਣ ਲਈ ਨਿਰਾਸ਼ਾਵਾਦੀ ਤੇ ਹਾਰੀ ਹੋਈ ਲੜਾਈ ਲੜ ਰਹੇ ਬਾਦਲ ਵਰਗੇ ਵਿਅਕਤੀ ਦੇ ਦਿਮਾਗ਼ ਦੀ ਆਖ਼ਰੀ ਸੋਚ ਹੋਵੇਗੀ।



ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਹੁਣ ਫ਼ਿਲਮੀ ਸਿਤਾਰਿਆਂ ਦੀ ਵਰਤੋਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਵੇਂ ਸੁਖਬੀਰ ਨੇ ਬਠਿੰਡਾ 'ਚ ਸ਼ਾਹਰੁਖ਼ ਖ਼ਾਨ ਨਾਲ ਅੱਧ ਨੰਗੀਆਂ ਕੁੜੀਆਂ ਨਚਾਈਆਂ ਸਨ, ਉਵੇਂ ਹੀ ਉਸ ਦੇ ਪਿਤਾ ਲੋਕਾਂ ਨੂੰ ਆਪਣੇ ਵਲ ਖਿੱਚਣ ਲਈ ਉਸੇ ਪ੍ਰਯੋਗ ਨੂੰ ਦੁਹਰਾਉਣ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਿਆਸੀ ਪ੍ਰਚਾਰ 'ਸਿਤਾਰਿਆਂ' ਦੇ ਮਾਧਿਅਮ ਰਾਹੀਂ ਨਹੀਂ ਕੀਤਾ ਜਾਂਦਾ ਤੇ ਚੋਣਾਂ ਨੱਚਣ ਵਾਲੀਆਂ ਕੁੜੀਆਂ ਦੇ ਸਹਾਰੇ ਨਹੀਂ ਜਿੱਤੀਆਂ ਜਾ ਸਕਦੀਆਂ।

# ਬਾਦਲ ਦਾ ਹੁਣ ਸਿੱਖੀ ਨਾਲ ਕੋਈ ਵਾਸਤਾ ਨਹੀਂ: ਗਿਆਨੀ ਰਾਮ ਸਿੰਘ

**ਅੰਮ੍ਰਿਤਸਰ:** ਦਮਦਮੀ ਟਕਸਾਲ ਦੇ ਮੁਖੀ ਗਿਆਨੀ ਰਾਮ ਸਿੰਘ ਨੇ ਖ਼ਾਲਸਾ ਵਿਰਾਸਤ ਕੰਪਲੈਕਸ ਦੇ ਉਦਘਾਟਨ ਮੌਕੇ ਵੱਖ-ਵੱਖ ਫ਼ਿਲਮੀ ਸਿਤਾਰਿਆਂ ਤੇ ਸਿਆਸੀ ਆਗੂਆਂ ਨੂੰ ਸੱਦੇ ਜਾਣ 'ਤੇ ਪ੍ਰਤੀਕਰਮ ਕਰਦਿਆਂ ਕਿਹਾ ਕਿ ਇਸ ਨੇ ਇਹ ਸਾਬਤ ਕਰ ਦਿੱਤਾ ਕਿ ਬਾਦਲ ਸਰਕਾਰ ਦਾ ਹੁਣ ਸਿੱਖਾਂ ਨਾਲ ਕੋਈ ਵਾਸਤਾ ਨਹੀਂ ਰਹਿ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਅਕਾਲੀ ਦਲ ਵਲੋਂ ਸਿੱਖਾਂ ਦੇ ਕਾਤਲ ਇਜ਼ਹਾਰ ਆਲਮ ਨੂੰ ਵਿਧਾਨ ਸਭਾ ਹਲਕਾ ਮਲੇਰਕੋਟਲਾ ਤੋਂ ਟਿਕਟ ਦੇਣ ਦਾ ਮਾਮਲਾ ਕਿਸੇ ਤਣ ਪੱਤਣ ਨਹੀਂ ਸੀ ਲੱਗਾ ਤੇ ਹੁਣ ਸਿੱਖਾਂ ਦੇ 300 ਸਾਲਾ ਇਤਿਹਾਸ ਨੂੰ ਉਜਾਗਰ ਕਰਦੇ ਖ਼ਾਲਸਾ ਵਿਰਾਸਤ ਕੰਪਲੈਕਸ ਦੇ ਉਦਘਾਟਨ ਮੌਕੇ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਤੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਅਮਿਤਾਭ ਬਚਨ ਨੂੰ ਬੁਲਾ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਣ ਦੀ ਤਿਆਰੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਨੇ ਪਹਿਲੀ ਨਵੰਬਰ ਨੂੰ ਜਦ ਸਾਰਾ ਸੰਸਾਰ 1984 ਦੇ ਸਿੱਖ ਕਤਲੇਆਮ ਦੀਆਂ ਯਾਦਾਂ ਮਨਾ ਰਿਹਾ ਸੀ ਉਸ ਵੇਲੇ ਕਬੱਡੀ ਕੱਪ ਦੇ ਨਾਂ 'ਤੇ ਫ਼ਿਲਮੀ ਕਲਾਕਾਰਾਂ ਨੂੰ ਤੇ ਅੱਧ ਨੰਗੀਆਂ ਮੁਟਿਆਰਾਂ ਨੂੰ ਪੈਸੈ ਦੇ ਕੇ ਨਚਾਇਆ ਸੀ। ਉਨ੍ਹਾਂ ਕਿਹਾ ਕਿ ਪੰਜਾਬੀ ਹਮੇਸ਼ਾ ਧੀਆਂ ਦੀ ਇੱਜ਼ਤ ਦੇ ਰਾਖੇ ਮੰਨੇ ਜਾਂਦੇ ਹਨ ਪਰ ਪਹਿਲੀ ਵਾਰ ਪੰਜਾਬ ਸਰਕਾਰ ਨੇ ਧੀਆਂ ਦੀ ਇੱਜ਼ਤ ਨੂੰ ਛਿੱਕੇ ਟੰਗ ਦਿੱਤਾ। ਉਨ੍ਹਾਂ ਕਿਹਾ ਕਿ ਇਕ ਪਾਸੇ ਭਾਜਪਾ ਦਾ ਆਗੂ ਲਾਲ ਕ੍ਰਿਸ਼ਨ ਅਡਵਾਨੀ 1984 ਦੇ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਵਿਚ ਆਪਣੀ ਪਾਰਟੀ ਦੇ ਹੱਥ ਹੋਣ ਬਾਰੇ ਬੜੇ ਮਾਣ ਨਾਲ ਲਿਖਦਾ ਹੈ ਤੇ ਦੂਜੇ ਪਾਸੇ ਸਿੱਖਾਂ ਦੀ ਸਿਆਸੀ ਪਾਰਟੀ ਹੋਣ ਦਾ ਦਾਅਵਾ ਕਰਨ ਵਾਲੀ ਜਮਾਤ ਦਾ ਪ੍ਰਧਾਨ ਉਸੇ ਪਾਰਟੀ ਦੇ ਪ੍ਰਧਾਨ ਨੂੰ ਸਿੱਖਾਂ ਦੀ ਵਿਰਾਸਤ ਦੇ ਉਦਘਾਟਨ ਮੌਕੇ ਸੱਦ ਕੇ ਮਾਣ ਦੇ ਰਿਹਾ ਹੈ।



# ਖਾਲਸਾ ਪੰਥ ਨੂੰ 'ਵਿਰਾਸਤ-ਏ-ਖਾਲਸਾ' ਦੇ ਉਦਘਾਟਨੀ ਸਮਾਗਮ ਦੇ ਬਾਈਕਾਟ ਦਾ ਸੱਦਾ

**ਨਿਊ ਯਾਰਕ:** ਸਿੱਖ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਨੇ ਕਿਹਾ ਹੈ ਕਿ ਸੱਤਾਧਾਰੀ ਬਾਦਲਕੇ 'ਵਿਰਾਸਤ-ਏ-ਖਾਲਸਾ' ਭਵਨ ਵਿਚੋਂ ਗਾਇਬ ਕੀਤਾ ਖਾਲਸਈ ਨਿਸ਼ਾਨ 'ਖੰਡਾ' ਮੁੜ ਸਥਾਪਤ ਕਰਨ ਅਤੇ ਪੰਥ ਵਿਰੋਧੀ ਭਾਜਪਾਈ ਆਗੂਆਂ ਤੇ ਫ਼ਿਲਮੀ ਐਕਟਰਾਂ ਨੂੰ ਦਿੱਤੇ ਸੱਦੇ ਵਾਪਸ ਲੈਣ ਦਾ ਐਲਾਨ ਕਰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਰਾਹੀਂ ਸਿੱਖ ਪੰਥ ਨੂੰ ਭਰੋਸੇ ਵਿਚ ਨਹੀਂ ਲੈਂਦੇ ਤਾਂ ਦੇਸ਼-ਵਿਦੇਸ਼ ਦੇ ਜਿਊਂਦੀ ਜ਼ਮੀਰ ਵਾਲੇ ਸਿੱਖ ਆਗੂਆਂ ਨੂੰ 'ਵਿਰਾਸਤ-ਏ-ਖਾਲਸਾ' ਦੇ ਹੋਣ ਵਾਲੇ 'ਬਿਪਰਵਾਦੀ ਉਦਘਾਟਨੀ ਸਮਾਰੋਹ ਦਾ ਬਾਈਕਾਟ ਕਰਨਾ ਚਾਹੀਦਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਸਾਨੂੰ ਭੁੱਲਣਾ ਨਹੀਂ ਚਾਹੀਦਾ ਆਰ.ਐਸ.ਐਸ. ਨੂੰ ਅਕਾਲ ਤਖਤ ਵਲੋਂ ਪੰਥ ਵਿਰੋਧੀ ਜਮਾਤ ਐਲਾਨਿਆ ਜਾ ਚੁੱਕਾ ਹੈ। ਭਾਜਪਾ ਉਸ ਦਾ ਰਾਜਸੀ ਵਿੰਗ ਹੈ ਅਤੇ ਉਸ ਦੇ ਪ੍ਰਧਾਨ ਗਡਕਰੀ ਨੇ ਫਤਿਹਗੜ੍ਹ ਸਾਹਿਬ ਵਿਖੇ ਖਾਲਸਾ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੂੰ 'ਵੈਰਾਗੀ' ਕਹਿ ਕੇ ਸੰਬੋਧਨ ਕੀਤਾ ਸੀ। ਇਨ੍ਹਾਂ ਦਾ ਪ੍ਰਮੁਖ ਆਗੂ ਲਾਲ ਕ੍ਰਿਸ਼ਨ ਅਡਵਾਨੀ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦਾ ਮੁਖ ਦੋਸ਼ੀ ਹੈ। 'ਰਵੀ ਸ਼ੰਕਰ' ਉਹ ਸ਼ਖਸ ਹੈ ਜਿਸ ਨੇ ਗੁਰੂ ਗ੍ਰੰਥ ਸ਼ਤਾਬਦੀ ਸਮਾਰੋਹ ਵਿਚ ਗੁਰਬਾਣੀ ਨੂੰ ਵੇਦ-ਬਾਣੀ ਦਾ ਸਰਲ ਤਰਜ਼ਮਾ ਆਖਿਆ ਸੀ।

ਭਾਈ ਜਾਚਕ ਨੇ ਇਹ ਵੀ ਆਖਿਆ ਹੈ ਕਿ ਜੇ ਬਾਦਲ ਤੇ ਭਾਜਪਾਈ ਗੱਠਜੋੜ ਇਸੇ ਤਰ੍ਹਾਂ ਪੰਥ ਅਤੇ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਗੁਰਾਂ ਦੇ ਨਾਮ 'ਤੇ ਵੱਸਣ ਵਾਲੇ ਪੰਜਾਬ 'ਚ ਖਾਲਸਈ ਵਿਰਾਸਤ ਵਾਲੀ ਕੋਈ ਵੀ ਉਹ ਇਤਿਹਾਸਕ ਨਿਸ਼ਾਨੀ ਕਾਇਮ ਨਹੀਂ ਰਹੇਗੀ, ਜਿਹੜੀ ਸਿੱਖੀ ਦੀ ਪ੍ਰੇਰਨਾ ਸ੍ਰੋਤ ਬਣ ਸਕਦੀ ਹੋਵੇ। 'ਵਿਰਾਸਤ-ਏ-ਖਾਲਸਾ' ਭਵਨ ਵਿਚ 300 ਫੁੱਟ ਉਚਾ ਖੰਡਾ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਸਿੱਖ ਯੂਨੀਵਰਸਿਟੀ ਦੇ ਨਾਮ ਵਿਚੋਂ 'ਸਿੱਖ' ਲਫ਼ਜ਼ ਅਤੇ ਗੁਰੂ ਨਾਨਕ ਖੇਡ ਸਟੇਡੀਅਮ ਬਠਿੰਡਾ ਦੇ ਬੋਰਡ ਤੋਂ 'ਗੁਰੂ ਨਾਨਕ' ਨਾਮ ਗਾਇਬ ਹੋਣੇ ਇਸ ਖਤਰੇ ਦੀਆਂ ਕੁਝ ਪ੍ਰਤੱਖ ਨਿਸ਼ਾਨੀਆਂ ਹਨ।

# ਫ਼ਿਲਮੀ ਸਿਤਾਰਿਆਂ ਨਾਲ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ: ਮਨਪ੍ਰੀਤ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਸੰਸਥਾਪਕ ਤੇ ਸਾਂਝੇ ਮੋਰਚੇ ਦੇ ਚੇਅਰਮੈਨ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਵਿਖੇ 'ਵਿਰਾਸਤ-ਏ-ਖਾਲਸਾ' ਕੰਪਲੈਕਸ ਦੇ ਉਦਘਾਟਨ ਮੌਕੇ ਪੰਜਾਬ ਸਰਕਾਰ ਵੱਲੋਂ ਅਮਿਤਾਭ ਬੱਚਨ ਤੇ ਹੋਰ ਫ਼ਿਲਮੀ ਕਲਾਕਾਰਾਂ ਨੂੰ ਸੱਦੇ ਜਾਣ 'ਤੇ ਉਹ ਸ਼ਰਮਿੰਦਗੀ ਮਹਿਸੂਸ ਕਰਦੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਫ਼ਿਲਮੀ ਸਿਤਾਰਿਆਂ ਨਾਲ ਚੋਣਾਂ ਜਿੱਤੀਆਂ ਜਾ ਸਕਦੀਆਂ ਹੋਣ ਤਾਂ ਵਿਸ਼ਵ ਦੇ ਕਿਸੇ ਕੋਨੇ ਵਿਚ ਕੋਈ ਸਰਕਾਰ ਡਿੱਗੇ ਹੀ ਨਾ। ਕਲਾਕਾਰਾਂ 'ਤੇ ਹੋਣ ਵਾਲੇ ਖਰਚੇ 'ਤੇ ਪ੍ਰਤੀਕਰਮ ਕਰਦਿਆਂ ਉਨ੍ਹਾਂ ਕਿਹਾ ਕਿ ਸਾਰਾ ਪੈਸਾ ਉਧਾਰ ਦਾ ਹੀ ਲੱਗੇਗਾ ਕਿਉਂਕਿ ਸਰਕਾਰ ਦਾ ਖਜ਼ਾਨਾ ਤਾਂ ਖਾਲੀ ਹੈ। ਉਨ੍ਹਾਂ ਕਿਹਾ ਕਿ ਅਫ਼ਰੀਕਾ ਤੇ ਅਰਬ ਦੇਸ਼ਾਂ ਵਿਚ ਤਬਦੀਲੀ ਦੀ ਜੋ ਹਵਾ ਚੱਲੀ ਹੈ ਉਸ ਦਾ ਝੋਕਾ ਪੰਜਾਬ ਵੀ ਪਹੁੰਚ ਗਿਆ ਹੈ ਤੇ ਛੇਤੀ ਹੀ ਮੌਜੂਦਾ ਨਿਜ਼ਾਮ ਦਾ ਤਖਤਾ ਪਲਟ ਜਾਵੇਗਾ।

# ਗੁਰੂ ਨਾਨਕ ਗੁਰਪੁਰਬ 'ਤੇ ਸੈਨ ਹੋਜ਼ੇ ਗੁਰੂਘਰ ਵਿਖੇ ਕਵੀ ਦਰਬਾਰ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀਆਂ ਸੰਗਤਾਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ 13 ਨਵੰਬਰ, ਐਤਵਾਰ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦੌਰਾਨ ਪੰਜਾਬੀ ਸਾਹਿਤ ਸਭਾ ਅਤੇ ਗੁਰੂਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਇੱਕ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਦਾ ਅਰੰਭ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਸਭਾ ਦੇ ਇਤਿਹਾਸ ਦਾ ਸੰਖੇਪ ਵੇਰਵਾ ਦੇ ਕੇ ਕੀਤਾ।

ਕਵੀ ਦਰਬਾਰ ਵਿਚ ਸਭਾ ਦੇ ਆਰਗੇਨਾਈਜ਼ਰ ਪ੍ਰਮਿੰਦਰ ਸਿੰਘ ਪਰਵਾਨਾ, ਮੀਤ ਪ੍ਰਧਾਨ ਬੀਬੀ ਨਵਨੀਤ ਕੌਰ ਪਨੂੰ, ਡਾ. ਗੁਰਮੀਤ ਸਿੰਘ ਬਰਸਾਲ, ਤਰਸੇਮ ਸਿੰਘ ਸੁਮਨ, ਦਵਿੰਦਰਪਾਲ ਸਿੰਘ, ਕੁਲਦੀਪ ਸਿੰਘ ਢੀਂਡਸਾ, ਨੀਲਮ ਸੈਣੀ, ਜਸਦੀਪ ਸਿੰਘ, ਮਾਸਟਰ ਰੈਂਕੋ, ਸਭਾ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ ਅਤੇ ਕਾਲਮਨਵੀਸ ਐਸ. ਅਸ਼ੋਕ ਭੌਰਾ, ਰੁਪਿੰਦਰ ਸਿੰਘ ਚੌਹਾਨ, ਹਰਬੰਸ ਸਿੰਘ ਆਦਿ ਨੇ ਹਿੱਸਾ ਲਿਆ। ਸਟੇਜ ਦੀ ਕਾਰਵਾਈ ਸਭਾ ਦੀ ਜਨਰਲ ਸਕੱਤਰ ਨੀਲਮ ਸੈਣੀ ਨੇ ਚਲਾਈ।

ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੀ 16ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ 10 ਦਸੰਬਰ 2011 ਨੂੰ ਗੁਰੂ ਘਰ ਸੈਨ ਹੋਜ਼ੇ ਦੇ ਲਾਇਬ੍ਰੇਰੀ ਹਾਲ ਵਿਚ ਕਰਵਾਉਣ ਦਾ ਵੀ ਸਭਾ ਦੇ ਮੈਂਬਰਾਂ ਨੇ ਫੈਸਲਾ ਕੀਤਾ। ਸਭਾ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਆਉਂਦੀ 14 ਜਨਵਰੀ ਨੂੰ ਗੁਰੂ ਘਰ ਸੈਨ ਹੋਜ਼ੇ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇੱਕ ਵਰਕਸ਼ਾਪ ਵੀ ਕੀਤੀ ਜਾਵੇਗੀ ਜਿਸ ਵਿਚ ਡਾ. ਕੁਲਵੀਰ ਸਿੰਘ ਥਿੰਦ "ਪੰਜਾਬੀ ਲਈ ਕੰਪਿਊਟਰ ਦੀ ਸਹੀ ਢੰਗ ਨਾਲ ਵਰਤੋਂ ਕਿਵੇਂ ਕੀਤੀ ਜਾਵੇ?" ਵਿਸ਼ੇ ਉਤੇ ਜਾਣਕਾਰੀ ਦੇਣਗੇ। ਜੋ ਵੀ ਵਿਅਕਤੀ ਮਿੰਟਾਂ ਸਕਿੰਟਾਂ ਵਿਚ ਕੰਪਿਊਟਰ ਤੇ ਪੰਜਾਬੀ ਟਾਈਪ ਕਰਨੀ ਸਿੱਖਣ ਦਾ ਚਾਹਵਾਨ ਹੋਵੇ ਇਸ ਵਿਚ ਭਾਗ ਲੈ ਸਕਦਾ ਹੈ। ਵਰਕਸ਼ਾਪ ਦੀ ਕੋਈ ਫ਼ੀਸ ਨਹੀਂ ਹੋਵੇਗੀ। ਸਿਖਿਆਰਥੀ ਆਪਣਾ ਕੰਪਿਊਟਰ ਨਾਲ ਲੈ ਕੇ ਆਉਣ ਤਾਂ ਹੋਰ ਵੀ ਲਾਹੇਬੰਦ ਹੋਵੇਗਾ ਪਰ ਇਹ ਜ਼ਰੂਰੀ ਨਹੀਂ।

ਵਰਕਸ਼ਾਪ ਵਿਚ ਸ਼ਾਮਿਲ ਹੋਣ ਅਤੇ ਹੋਰ ਜਾਣਕਾਰੀ ਲਈ ਪਰਮਿੰਦਰ ਸਿੰਘ ਪਰਵਾਨਾ (510-415-9377) ਜਾਂ ਸੁਖਦੇਵ ਸਿੰਘ ਬੈਨੀਵਾਲ (408-421-9463) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਵੀਆਨਾ ਕਾਂਡ ਦੇ 445 ਗਵਾਹਾਂ ਦੀ ਸ਼ਨਾਖਤ

**ਚੰਡੀਗੜ੍ਹ:** ਵੀਆਨਾ ਵਿਚ ਸੰਤ ਰਾਮਾਨੰਦ 'ਤੇ ਹੋਏ ਹਮਲੇ ਕਾਰਨ ਉੱਤਰੀ ਭਾਰਤ ਵਿਚ ਦੰਗੇ ਭੜਕਣ ਤੋਂ ਦੋ ਸਾਲ ਬਾਅਦ ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਪੁਲਿਸ ਨੇ 445 ਗਵਾਹਾਂ ਦੀ ਸ਼ਨਾਖਤ ਕੀਤੀ ਹੈ ਤੇ ਤਕਰੀਬਨ 258 ਵਿਅਕਤੀਆਂ ਦੇ ਬਿਆਨ ਦਰਜ ਕੀਤੇ ਹਨ। ਵੱਡੇ ਪੱਧਰ 'ਤੇ ਹੋਈ ਹਿੰਸਾ 'ਚ ਸ਼ਮੂਲੀਅਤ ਦੇ ਦੋਸ਼ ਹੇਠ 57 ਹੋਰ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ ਜਿਸ ਨਾਲ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਗਿਣਤੀ 115 ਹੋ ਗਈ ਹੈ।

ਇਸ ਬਾਰੇ ਪੰਜਾਬ ਪੁਲਿਸ ਦੇ ਡਾਇਰੈਕਰ ਜਨਰਲ ਵੱਲੋਂ ਹਾਈ ਕੋਰਟ ਵਿਚ ਹਲਫ਼ਨਾਮਾ ਪੇਸ਼ ਕੀਤਾ ਗਿਆ ਹੈ। ਇਸ ਹਲਫ਼ਨਾਮੇ ਰਾਹੀਂ ਦੱਸਿਆ ਗਿਆ ਕਿ 20 ਸਤੰਬਰ ਤਕ ਹਿੰਸਾ ਫੈਲਾਉਣ ਦੇ ਦੋਸ਼ ਹੇਠ 58 ਵਿਅਕਤੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ ਜਦਕਿ ਹੋਰ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਯਤਨ ਜਾਰੀ ਹਨ। ਪੁਲਿਸ ਵੱਲੋਂ ਇਸ ਬਾਰੇ 75 ਕੇਸ ਦਰਜ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਵਿਆਪਕ ਜਾਂਚ ਲਈ ਜ਼ਿਲ੍ਹਾ ਪੱਧਰ 'ਤੇ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ। ਇਸ ਮਾਮਲੇ ਬਾਰੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਅੰਮ੍ਰਿਤਸਰ ਤੇ ਲੁਧਿਆਣਾ ਵਿਚ ਮਈ 2009 'ਚ ਕੇਸ ਦਰਜ ਕੀਤੇ ਗਏ ਸਨ। ਇਹ ਜਾਣਕਾਰੀ ਫਗਵਾੜਾ ਦੇ ਜਨਰਲ ਸਮਾਜ ਮੰਚ ਵੱਲੋਂ ਪਾਈ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਦੌਰਾਨ ਦਿੱਤੀ ਗਈ। ਜ਼ਿਕਰਯੋਗ ਹੈ ਕਿ ਵੀਆਨਾ ਦੇ ਇਕ ਗੁਰਦੁਆਰੇ ਵਿਚ ਸੰਤ ਰਾਮਾਨੰਦ 'ਤੇ ਚਾਕੂਆਂ ਤੇ ਪਿਸਤੌਲ ਨਾਲ ਲੈਸ ਛੇ ਵਿਅਕਤੀਆਂ ਨੇ ਹਮਲਾ ਕਰ ਸੀ। ਬਾਅਦ ਵਿਚ ਸੰਤ ਰਾਮਾਨੰਦ ਦੀ ਮੌਤ ਹੋ ਗਈ ਸੀ।


CHAHAL VIDEO
Video & Photography
We Treat your special events with care!
HD Video (High Definition)
Magazine Album
Cell: (916) 601-6632
Cell: (916) 690-4182
Ph: (916) 682-7321
email: ChahalVideo1@yahoo.com
ਵਿਆਹ-ਸ਼ਾਦੀ ਜਾਂ ਕਿਸੇ ਪਾਰਟੀ ਦੀ ਯਾਦ ਨੂੰ ਸਾਂਭਣ ਲਈ ਸੰਪਰਕ ਕਰੋ
Jaison Chahal at 916-601-6632

Omni Video Productions of Bakersfield
Professional Videography & Photography
For Booking & Information Contact : Shiara S. Dhindsa
Tel: 661-835-8230
Cell: 661-703-6664
email : omnivideo@hotmail.com
Your Photos Visit
www.omnivideousa.com
Panasonic DVCPRO HD P2 and Sony DVCAM Formats Output on Blu-ray and DVD
SINGLE CAMERA & MULTI CAMERA PRODUCTION WITH LIVE MIXING
*Weddings & Receptions *Anniversaries & Birthday Parties
*Stage Show & TV Ads *Interviews & Documentaries
We have been serving California & Beyond for over 18 years.
Photography
Studio Portraits
Family Photos
Business Photography
Digital Photo Mixing
Designed Wedding Albums
Quality & Creativity
Shiara Singh Dhindsa
CRANE SETUP

Desi World Radio
Pure desi Entertainment
ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ,ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।
ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਡ ਰੇਡੀਓ ਦੇ ਚੈਨਲ ਨੰ. 1 'ਤੇ
ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ
ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ
Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,
WWW.desiworldradio.com
Email-Info@desiworldradio.com
Toll Free Number 1-800-604-6024
ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ

Noble Dental Care
Family and Cosmetic Dentistry
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Shital Shah, DDS
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign
Starting at $2,550*
*Limitied time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)

# ਚਿੱਤਰਕਲਾ ਰਾਹੀਂ ਸਾਂਭਿਆ ਹਰਿਮੰਦਰ ਸਾਹਿਬ ਦਾ ਇਤਿਹਾਸ

## ਵਿਦੇਸ਼ੀ ਚਿੱਤਰਕਾਰਾਂ ਨੇ ਦਿਖਾਈ ਵਧੇਰੇ ਦਿਲਚਸਪੀ

*ਪਿਛਲੀਆਂ ਦੋ ਸਦੀਆਂ ਤੋਂ ਵੱਖ-ਵੱਖ ਚਿੱਤਰਕਾਰਾਂ ਨੇ ਆਪਣੇ ਬੁਰਸ਼ਾਂ ਦੀਆਂ ਛੋਹਾਂ ਰਾਹੀਂ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦਾ ਵੱਖ-ਵੱਖ ਦਿਸ਼ਾਵਾਂ ਤੋਂ ਇਤਿਹਾਸ ਰਚਣ ਵਿਚ ਦਿਲਚਸਪੀ ਦਿਖਾਈ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਚਿੱਤਰਕਾਰ ਵਿਦੇਸ਼ੀ ਸਨ। ਵਿਦੇਸ਼ੀ ਚਿੱਤਰਕਾਰਾਂ ਵਿਚ ਭਾਰਤੀ ਸੱਭਿਆਚਾਰ, ਰਾਜਨੀਤੀ ਅਤੇ ਧਾਰਮਿਕਤਾ ਨੂੰ ਜਾਣਨ ਦੀ ਦੌੜ ਲੱਗੀ ਹੋਈ ਸੀ। ਇਸ ਕਾਰਨ ਸ੍ਰੀ ਹਰਿਮਦਰ ਸਾਹਿਬ ਵੀ ਉਨ੍ਹਾਂ ਦੀ ਖਿੱਚ ਦਾ ਕੇਂਦਰ ਬਣ ਗਿਆ। ਇਹ ਸਾਰਾ ਪ੍ਰਭਾਵ ਉਨ੍ਹਾਂ ਦੇ ਬਣਾਏ ਹੋਏ ਚਿੱਤਰਾਂ ਤੋਂ ਮਿਲਦਾ ਹੈ। ਮੂਲ ਰੂਪ ਵਿਚ ਭਾਰਤੀ ਸਾਹਿਤਕਾਰਾਂ ਨੇ ਇਨ੍ਹਾਂ ਨੂੰ ਆਪਣੀਆਂ ਕਿਤਾਬਾਂ ਵਿਚ ਛਪਵਾ ਕੇ ਚਿੱਤਰਕਾਰਾਂ ਦੀ ਕਲਾ ਨੂੰ ਉਭਾਰਿਆ ਪਰ ਚਿੱਤਰਕਾਰੀ ਦੇ ਇਤਿਹਾਸ ਵਿਚ ਇਨ੍ਹਾਂ ਦੇ ਨਾਂ ਸਿਰਫ਼ ਵਿਦੇਸ਼ੀ ਅਜਾਇਬ ਘਰਾਂ ਨੇ ਹੀ ਸੰਭਾਲੇ ਹੋਏ ਹਨ।*



■ ਜਸਬੀਰ ਸਿੰਘ ਭਾਟੀਆ

ਸਿੱਖ ਇਤਿਹਾਸ ਵਿਚ ਇਨ੍ਹਾਂ ਚਿੱਤਰਕਾਰਾਂ ਦੀ ਜਾਣ-ਪਛਾਣ ਕਰਾਉਣ ਵਾਲਾ ਚਿੱਤਰਕਲਾ ਦਾ ਇਤਿਹਾਸਕਾਰ ਹਾਲੇ ਆਪਣੀ ਪਛਾਣ ਵੀ ਨਹੀਂ ਬਣਾ ਸਕਿਆ। ਫ਼ਿਰ ਵੀ ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਸਿੱਖ ਇਤਿਹਾਸ ਨਾਲ ਸਬੰਧਿਤ ਵਿਦੇਸ਼ੀ ਚਿੱਤਰਕਾਰਾਂ ਵਿਚੋਂ ਸਭ ਤੋਂ ਪਹਿਲਾ ਨਾਂ ਇਤਾਲਵੀ ਚਿੱਤਰਕਾਰ ਦਾ ਆਉਂਦਾ ਹੈ। ਉਸ ਨੇ ਨੰਦੇੜ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਛਵੀ ਚਿੱਤਰ ਮੁਗ਼ਲ ਬਾਦਸ਼ਾਹ ਦੇ ਕਹਿਣ 'ਤੇ ਚਿਤਰਿਆ ਸੀ। ਇਤਿਹਾਸਕਾਰਾਂ ਮੁਤਾਬਿਕ ਗੁਰੂ ਸਾਹਿਬ ਨੇ ਅੰਤਿਮ ਸਮੇਂ ਜਾਂਦੇ ਹੋਏ ਆਪਣਾ ਉਹ ਚਿੱਤਰ ਮਾਤਾ ਸਾਹਿਬ ਕੌਰ ਜੀ ਨੂੰ ਦਿੱਲੀ ਲਈ ਰਵਾਨਗੀ ਸਮੇਂ ਦੇ ਦਿੱਤਾ ਸੀ।



*ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਾ ਇੱਕ ਚਿੱਤਰ*

ਇਨ੍ਹਾਂ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਦੇ ਚਿੱਤਰ ਬਹੁਤ ਹੀ ਇਤਿਹਾਸਕ ਹਨ। ਇਨ੍ਹਾਂ ਨੂੰ ਸਿੱਖ ਰਾਜ ਨੇ ਆਪਣੇ ਸੁਨਹਿਰੀ ਯੁੱਗ ਵਿਚ ਸੁਨਹਿਰੀ ਕਰਨ ਦਾ ਸੁਫਨਾ ਨੇਪਰੇ ਚਾੜ੍ਹਿਆ ਅਤੇ ਗੁਰੂਆਂ ਦਾ ਵਸਾਇਆ ਹੋਇਆ ਇਹ ਸਥਾਨ ਦੁਨੀਆਂ ਭਰ ਵਿਚ ਸਭ ਧਰਮਾਂ ਦੇ ਲੋਕਾਂ ਦੀ ਖਿੱਚ ਦਾ ਕੇਂਦਰ ਬਣ ਗਿਆ। ਇੱਥੇ ਸ਼ਰਧਾ ਦੇ ਫੁੱਲ ਭੇਂਟ ਕਰਨ ਦੂਰੋਂ-ਦੂਰੋਂ ਸਭ ਧਰਮਾਂ ਦੇ ਲੋਕ ਆਉਣੇ ਸ਼ੁਰੂ ਹੋ ਗਏ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ 1841 ਵਿਚ ਜਰਮਨ ਚਿੱਤਰਕਾਰ ਅਗਸਟ ਸ਼ੋਫਿਟ ਮਹਾਰਾਜਾ ਸ਼ੇਰ ਸਿੰਘ ਦਾ ਮਹਿਮਾਨ ਕਲਾਕਾਰ ਬਣ ਕੇ ਲਾਹੌਰ ਆਇਆ। ਕਈ ਦਿਨ ਅੰਮ੍ਰਿਤਸਰ ਰਹਿ ਕੇ ਹਰਿਮੰਦਰ ਸਾਹਿਬ ਦੇ ਸਕੈਚ ਬਣਾ ਕੇ ਉਸ ਨੇ ਜੋ ਪੇਂਟਿੰਗ ਬਣਾਈ ਉਹ ਉਸ ਸਮੇਂ ਦੀ ਸੋਚ ਤੋਂ ਕਿਤੇ ਅਗਾਂਹ ਸੀ। ਪੇਂਟਿੰਗ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਕੋਠੇ ਦੀ ਛੱਤ 'ਤੇ ਬੈਠੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣ ਰਹੇ ਹਨ ਤੇ ਗੁਰੂ ਗ੍ਰੰਥ ਸਾਹਿਬ ਦੇ ਦੋ ਪ੍ਰਕਾਸ਼ ਸਜਾਏ ਹੋਏ ਹਨ ਜਿਨ੍ਹਾਂ ਨੂੰ ਗ੍ਰੰਥੀ ਸਿੰਘ ਪੜ੍ਹ ਰਹੇ ਹਨ। ਉਨ੍ਹਾਂ ਦੇ ਸਿਰਾਂ ਉਪਰ ਛਤਰ ਲਈ ਅਹਿਲਕਾਰ ਖੜ੍ਹਾ ਦਿਖਾਈ ਦੇ ਰਿਹਾ ਹੈ। ਪ੍ਰਕਾਸ਼ ਦੇ ਸੱਜੇ ਪਾਸੇ ਦੋ ਕੀਰਤਨੀਏ ਆਪੋ-ਆਪਣੇ ਸਾਜ਼ਾਂ ਨਾਲ ਗਾ ਵੀ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਨੂੰ ਵੀ ਛਤਰ ਦੀ ਛਾਂ ਹੇਠ ਦਿਖਾਇਆ ਗਿਆ ਹੈ। ਪਿੱਛੇ ਕੁਝ ਅਹਿਲਕਾਰ ਅਤੇ ਨਿਹੰਗ ਸਿੰਘ ਖੜ੍ਹੇ ਹਨ। ਇਕ ਬੱਚਾ ਰਿੜ੍ਹਦਾ ਹੋਇਆ ਮੱਥਾ ਟੇਕਣ ਜਾ ਰਿਹਾ ਹੈ। ਇਸ ਸਾਰੇ ਦ੍ਰਿਸ਼ ਦੀ ਪਿੱਠਭੂਮੀ 'ਤੇ ਹਰਿਮੰਦਰ ਸਾਹਿਬ ਦਾ ਦ੍ਰਿਸ਼ ਜੋ ਉਚਾਈ ਤੋਂ ਦਿਖਾਇਆ ਗਿਆ ਹੈ, ਸ਼ੋਫਿਟ ਨੇ ਬੁੰਗਾ ਸਰਕਾਰੇ ਦੀ ਦੋ ਮੰਜ਼ਿਲੀ ਛੱਤ 'ਤੇ ਖੜ੍ਹ ਕੇ ਚਿੱਤਰਿਆ ਸੀ। ਇਸ ਵਿਚ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਤੇ ਬਣੇ ਸਾਰੇ ਬੁੰਗਿਆਂ ਨੂੰ ਬੜੀ ਹੀ ਬਾਰੀਕੀ ਨਾਲ ਚਿਤਰਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਹਾ ਜਾਂਦਾ ਹੈ ਕਿ ਮਹਾਰਾਜਾ ਸ਼ੇਰ ਸਿੰਘ ਨੇ ਸ਼ੋਫਿਟ ਨੂੰ ਸ਼ਾਮ ਦੀ ਦੀਪ-ਮਾਲਾ ਵਾਲਾ ਦ੍ਰਿਸ਼ ਚਿਤਰਨ ਲਈ ਕਿਹਾ ਸੀ ਪਰ ਸ਼ੋਫਿਟ ਨੇ ਕਈ ਦਿਨ ਰਹਿ ਕੇ ਸਵੇਰ ਦਾ ਚਿੱਤਰ ਦ੍ਰਿਸ਼ਮਾਨ ਕੀਤਾ ਜਿਸ ਦੀ ਇਕ ਫੋਟੋ-ਕਾਪੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਵਿਚ ਸੁਸ਼ੋਭਿਤ ਹੈ। ਕਲਾ ਦੇ ਇਤਿਹਾਸਕਾਰ ਦੱਸਦੇ ਹਨ ਕਿ ਸ਼ੋਫਿਟ ਨੇ ਸਿੱਖ ਰਾਜ ਨਾਲ ਸਬੰਧਿਤ ਛੇ ਪੇਂਟਿੰਗਾਂ 1845-50 ਵਿਚ ਬਣਾ ਕੇ ਵਿਆਨਾ ਦੀ ਸਾਲਾਨਾ ਪ੍ਰਦਰਸ਼ਨੀ ਵਿਚ ਲਗਾਈਆਂ ਸਨ ਜਿਨ੍ਹਾਂ ਵਿਚੋਂ ਇਹ ਇਕ ਹਰਿਮੰਦਰ ਸਾਹਿਬ ਦੀ ਪੇਂਟਿੰਗ ਸੀ। ਇਸ ਨੂੰ ਦੇਖਣ ਮਗਰੋਂ ਦੁਨੀਆਂ ਦੇ ਕਈ ਚਿੱਤਰਕਾਰਾਂ ਅਤੇ ਰਾਜਿਆਂ ਦੇ ਮਨ ਵਿਚ ਸਿੱਖ ਧਰਮ ਨੂੰ ਜਾਣਨ ਦੀ ਇੱਛਾ ਜਾਗੀ।

ਵਿਲੀਅਮ ਕਾਰਪੇਂਟਰ 1854 ਵਿਚ ਹਰਿਮੰਦਰ ਸਾਹਿਬ ਆਇਆ। ਉਸ ਨੇ ਵੀ ਹਰਿਮੰਦਰ ਸਾਹਿਬ ਦੇ ਅੰਦਰਲੇ ਅਤੇ ਬਾਹਰਲੇ ਚਿੱਤਰ ਜਲ-ਰੰਗਾਂ ਨਾਲ ਬਣਾਏ ਜਿਨ੍ਹਾਂ ਵਿਚੋਂ ਦੋ ਚਿੱਤਰ ਬਹੁਤ ਹੀ ਰੌਚਿਕ ਅਤੇ ਉਸ ਸਮੇਂ ਨੂੰ ਦ੍ਰਿਸ਼ਮਾਨ ਕਰਦੇ ਹਨ। ਇਨ੍ਹਾਂ ਵਿਚੋਂ ਇਕ ਚਿੱਤਰ ਬੜਾ ਮਸ਼ਹੂਰ ਹੋਇਆ ਜਿਸ ਨੂੰ ਪੰਜਾਬ ਸਰਕਾਰ ਨੇ 1978 ਵਿਚ ਆਪਣੇ ਸਰਕਾਰੀ ਕੈਲੰਡਰ 'ਤੇ ਛਾਪਿਆ। ਚਿੱਤਰਕਾਰ ਨੇ ਚੜ੍ਹਦੇ ਸੂਰਜ ਵਾਲੇ ਪਾਸਿਓਂ ਪਰਿਕਰਮਾ 'ਤੇ ਖੜ੍ਹ ਕੇ ਸ੍ਰੀ ਹਰਿਮੰਦਰ ਸਾਹਿਬ ਦਾ ਦ੍ਰਿਸ਼ ਚਿਤਰਨ ਕੀਤਾ। ਇਸ ਵਿਚ ਕੋਈ ਸਿੱਖ ਰਾਜਾ ਛਤਰ ਹੇਠਾਂ ਪਰਿਕਰਮਾ ਉਤੇ ਬੈਠਾ ਪਾਠ ਕਰ ਰਿਹਾ ਹੈ। ਨੇੜੇ ਹੀ ਕੁਝ ਔਰਤਾਂ ਅਤੇ ਬੱਚੇ ਪਰਿਕਰਮਾ ਵਿਚੋਂ ਇਸ਼ਨਾਨ ਕਰਕੇ ਬਾਹਰ ਆ ਰਹੇ ਹਨ। ਇਸ ਦੀ ਪਿੱਠਭੂਮੀ 'ਤੇ ਵੀ ਹਰਿਮੰਦਰ ਸਾਹਿਬ ਦੇ ਬੁੰਗੇ ਦਿਖਾਏ ਗਏ ਹਨ। ਦੂਜੇ ਚਿੱਤਰ ਵਿਚ ਕਮਰੇ ਦੇ ਅੰਦਰ ਲਾਲ ਅਤੇ ਨੀਲੀ ਪੱਟੀਆਂ ਵਾਲੀ ਦਰੀ ਉਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਇਕ ਗ੍ਰੰਥੀ ਜੀ ਪਾਠ ਪੜ੍ਹ ਰਹੇ ਹਨ। ਇਸ ਪੇਂਟਿਗ ਵਿਚ ਉਨ੍ਹਾਂ ਦੇ ਬੁੱਲ੍ਹਾਂ ਅਤੇ ਹਾਵ-ਭਾਵ ਤੋਂ ਪਤਾ ਲੱਗਦਾ ਹੈ ਕਿ ਗ੍ਰੰਥੀ ਜੀ ਬੜੇ ਹੀ ਸਤਿਕਾਰ ਅਤੇ ਸ਼ਰਧਾ ਨਾਲ ਪਾਠ ਕਰ ਰਹੇ ਹਨ।

ਇੰਗਲੈਂਡ ਤੋਂ 1860 ਵਿਚ ਪੰਜਾਬ ਆਏ ਚਿੱਤਰਕਾਰ ਵਿਲੀਅਮ ਸਿੰਪਸਨ ਨੇ ਵੀ ਹਰਿਮੰਦਰ ਸਾਹਿਬ ਦੇ ਸਾਹਮਣੇ ਬੈਠ ਕੇ ਅਕਾਲ ਤਖ਼ਤ ਤੋਂ ਲੈ ਕੇ ਦਰਸ਼ਨੀ ਡਿਉੜੀ ਤਕ ਦਾ ਦ੍ਰਿਸ਼ ਚਿਤਰਿਆ। ਉਸ ਸਮੇਂ ਤਾਜ਼ੇ ਬਣੇ ਸੰਗਮਰਮਰ ਦੇ ਫਰਸ਼ 'ਤੇ ਬੈਠੇ ਨਿਹੰਗ ਸਿੰਘ ਅਤੇ ਆਸ-ਪਾਸ ਛਾਬੜੀਆਂ ਉਤੇ ਪਤਾਸੇ ਵੇਚਣ ਵਾਲੀਆਂ ਨੂੰ ਵੀ ਉਸ ਨੇ ਇਸ ਚਿੱਤਰ ਦਾ ਹਿੱਸਾ ਬਣਾਇਆ। ਇਸ ਚਿੱਤਰ ਤੋਂ ਪਤਾ ਲੱਗਦਾ ਹੈ ਕਿ ਸਿੰਪਸਨ, ਨਿਹੰਗ ਸਿੰਘਾਂ ਦੇ ਬਾਣੇ ਅਤੇ ਸਿਰ 'ਤੇ ਸਜਾਈ ਬੁੰਗਾ ਦਸਤਾਰ ਤੋਂ ਕਾਫ਼ੀ ਪ੍ਰਭਾਵਿਤ ਹੋਇਆ। ਸਿੰਪਸਨ ਨੇ ਦੂਜੇ ਚਿੱਤਰ ਵਿਚ ਹਰਿਮੰਦਰ ਸਾਹਿਬ ਦੇ ਅੰਦਰ ਦਾ ਦ੍ਰਿਸ਼ ਵੀ ਜਲ-ਰੰਗ ਵਿਚ ਤਿਆਰ ਕੀਤਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁੰਦਰ ਪੀੜ੍ਹੀ 'ਤੇ ਸੁਸ਼ੋਭਿਤ ਹਨ ਤੇ ਗ੍ਰੰਥੀ ਚੌਰ ਦੀ ਸੇਵਾ ਨਿਭਾਅ ਰਹੇ ਹਨ। ਦੋ ਰਾਗੀ ਆਪੋ-ਆਪਣੇ ਸਾਜ਼ਾਂ ਨਾਲ ਸ਼ਬਦ ਗਾਉਂਦੇ ਦਿਖਾਏ ਗਏ ਹਨ। ਉਨ੍ਹਾਂ ਦੇ ਹੱਥਾਂ ਵਿਚ ਤਾਨਪੁਰੇ ਅਤੇ ਜੋੜੀਆਂ ਹਨ। ਕੁਝ ਬੀਬੀਆਂ ਤੇ ਬੱਚੇ ਮੱਥਾ ਟੇਕ ਕੇ ਵਾਪਸ ਜਾ ਰਹੇ ਹਨ। ਪੰਛੀ ਵੀ ਨਤਮਸਤਕ ਹੁੰਦੇ ਦਿਖਾਏ ਗਏ ਹਨ। ਹਰਿਮੰਦਰ ਸਾਹਿਬ ਦੇ ਇਸ ਰੂਹਾਨੀ ਮਾਹੌਲ ਨੂੰ ਪਹਿਲੀ ਵਾਰ 19ਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਇਸ ਚਿੱਤਰਕਾਰ ਨੇ ਚਿਤਰਿਤ ਕਰਕੇ ਸਿੱਖ ਧਰਮ ਦਾ ਸਤਿਕਾਰ ਕੀਤਾ। ਕੁਝ ਸਾਹਿਤਕਾਰ ਅਤੇ ਵਿੱਦਿਅਕ ਅਦਾਰਿਆਂ ਨੇ ਵੀ 20ਵੀਂ ਸਦੀ ਦੇ ਅਖ਼ੀਰ ਵਿਚ ਇਨ੍ਹਾਂ ਦੇ ਚਿੱਤਰਾਂ ਨੂੰ ਆਪਣੇ ਕਾਰਜਾਂ ਲਈ ਛਪਵਾਇਆ।

ਫੋਟੋਗ੍ਰਾਫ਼ੀ ਦੇ ਖੇਤਰ ਵਿਚ ਪਹਿਲੀ ਵਾਰ ਵਿਲੀਅਮ ਬੈਂਕਰ ਨੇ 1864 ਵਿਚ ਹਰਿਮੰਦਰ ਸਾਹਿਬ ਨੂੰ ਕੈਮਰੇ ਦੀ ਨਜ਼ਰ ਰਾਹੀਂ ਦ੍ਰਿਸ਼ਮਾਨ ਕੀਤਾ। ਇਸ ਵਿਚ ਕਲਾਕਾਰ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੰਗੇ 'ਤੇ ਚੜ੍ਹ ਕੇ ਹਰਿਮੰਦਰ ਸਾਹਿਬ ਦੇ ਦ੍ਰਿਸ਼ ਨੂੰ ਉਚਾਈ ਤੋਂ ਦਿਖਾਉਂਦਿਆਂ ਪਰਿਕਰਮਾ 'ਤੇ ਬਣੀਆਂ ਇਮਾਰਤਾਂ ਵਿਚੋਂ ਕੋਠਾ ਸਾਹਿਬ ਤੋਂ ਲੈ ਕੇ ਸਰਕਾਰ-ਏ-ਦਰਬਾਰ ਤੱਕ ਦੀਆਂ ਇਮਾਰਤਾਂ ਨੂੰ ਬੜੀ ਹੀ ਬਾਰੀਕੀ ਨਾਲ ਚਿਤਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਕ ਹੋਰ ਵਿਦੇਸ਼ੀ ਫੋਟੋਗ੍ਰਾਫ਼ਰ ਨੇ ਵੀ ਹਰਿਮੰਦਰ ਸਾਹਿਬ ਲਈ ਬਣਾਏ ਦਰਸ਼ਨੀ ਗੇਟ ਉਤੇ ਘੰਟਾ-ਘਰ ਦਿਖਾਇਆ। ਇਸ ਤਰ੍ਹਾਂ ਹਰਿਮੰਦਰ ਸਾਹਿਬ ਦੀ ਪਿੱਠਭੂਮੀ 'ਤੇ ਘੰਟਾ-ਘਰ ਦਿਖਾ ਕੇ ਬਰਤਾਨਵੀ ਸਰਕਾਰ ਦੀ ਹੋਂਦ ਨੂੰ ਪ੍ਰਗਟਾਇਆ ਹੈ।

ਇਸੇ ਤਰ੍ਹਾਂ ਕੁਝ ਪੰਜਾਬੀ ਚਿੱਤਰਕਾਰਾਂ ਨੇ ਵੀ ਸਿੱਖ ਰਾਜ ਸਮੇਂ ਹਰਿਮੰਦਰ ਸਾਹਿਬ ਨੂੰ ਆਪੋ-ਆਪਣੇ ਢੰਗ ਨਾਲ ਚਿਤਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਵੱਲੋਂ ਖਿੱਚੇ ਚਿੱਤਰ ਕਈ ਅਜਾਇਬਘਰਾਂ ਦਾ ਹਿੱਸਾ ਬਣ ਚੁੱਕੇ ਹਨ। ਇਨ੍ਹਾਂ ਵਿਚੋਂ ਇਕ ਚਿੱਤਰ ਤੋਂ ਪਤਾ ਲੱਗਦਾ ਹੈ ਕਿ ਪਹਿਲਾਂ ਹਰਿਮੰਦਰ ਸਾਹਿਬ ਦੀ ਇਮਾਰਤ ਚੌਰਸ ਸੀ। ਬਾਅਦ ਵਿਚ ਹਰ ਕੀ ਪੌੜੀ ਵਾਲਾ ਪਾਸਾ ਵਧਾ ਕੇ ਹਰਿਮੰਦਰ ਸਾਹਿਬ ਨੂੰ ਹੋਰ ਮਨਮੋਹਕ ਬਣਾਇਆ ਗਿਆ ਹੈ। ਇਕ ਚਿੱਤਰਕਾਰ ਨੇ ਆਪਣੀ ਸੂਝ-ਬੂਝ ਨਾਲ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਦ੍ਰਿਸ਼ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਸੇਵਾ ਨੂੰ ਅੰਕਿਤ ਕਰਕੇ ਦਰਸਾਇਆ ਹੈ। ਇਸ ਵਿਚ ਹਰਿਮੰਦਰ ਸਾਹਿਬ ਦੀਆਂ ਨੀਂਹਾਂ ਤੋਂ ਲੈ ਕੇ ਉਪਰ ਤੱਕ ਉਸਾਰੀ ਦਾ ਕਾਰਜ ਦਿਖਾਇਆ ਹੈ। ਹਰਿਮੰਦਰ ਸਾਹਿਬ ਦੇ ਦੂਜੇ ਪਾਸੇ ਕਿਨਾਤ ਵਿਚ ਗੁਰੂ ਅਰਜਨ ਦੇਵ ਜੀ, ਰਾਗੀ ਸਿੰਘਾਂ ਕੋਲੋਂ ਕੀਰਤਨ ਸਰਵਣ ਕਰ ਰਹੇ ਹਨ ਤੇ ਕੁਝ ਸ਼ਰਧਾਲੂ ਹੱਥ ਵਿਚ ਭੇਟਾ ਲਈ ਬੜੀ ਸ਼ਰਧਾ ਨਾਲ ਖੜ੍ਹੇ ਹਨ। ਤੀਜੇ ਭਾਗ ਵਿਚ ਕੁਝ ਔਰਤਾਂ, ਸੇਵਾਦਾਰਾਂ ਲਈ ਲੰਗਰ ਤਿਆਰ ਕਰ ਰਹੀਆਂ ਹਨ। ਚਿੱਤਰ ਦੀ ਪਿੱਠਭੂਮੀ 'ਤੇ ਇਮਾਰਤੀ ਸਮਾਨ ਨਾਲ ਲੱਦੇ ਕੁਝ ਗੱਡੇ ਦਰਬਾਰ ਸਾਹਿਬ ਵੱਲ ਆਉਂਦੇ ਦਿਖਾਏ ਗਏ ਹਨ। ਆਸਮਾਨ ਵਿਚੋਂ ਕੁਝ ਦੇਵੀ-ਦੇਵਤੇ ਫੁੱਲਾਂ ਦੀ ਵਰਖਾ ਕਰਦੇ ਹੋਏ ਦਿਖਾ ਕੇ ਚਿੱਤਰ ਸੰਪੂਰਨ ਕੀਤਾ ਗਿਆ ਹੈ। ਭਾਈ ਰਾਮ ਸਿੰਘ ਨੇ 1870 ਵਿਚ ਲੱਕੜ ਦੀ ਫੱਟੀ ਉਤੇ ਖਾਕਾ ਤਿਆਰ ਕਰਕੇ ਇਕ ਨਵੇਂ ਮਾਧਿਅਮ ਵਿਚ ਹਰਿਮੰਦਰ ਸਾਹਿਬ ਦਾ ਚਿੱਤਰ ਤਿਆਰ ਕੀਤਾ। ਚਿੱਤਰ ਵਿਚ ਸੇਵਾਦਾਰ ਕਿਸ਼ਤੀ ਵਿਚ ਖੜ੍ਹਾ ਸਰੋਵਰ ਦੀ ਸਫ਼ਾਈ ਕਰ ਰਿਹਾ ਹੈ। ਦਰਸ਼ਨੀ ਡਿਉੜੀ ਦੇ ਸੱਜੇ ਪਾਸੇ ਵੱਲ ਨਿਸ਼ਾਨ ਸਾਹਿਬ ਹੈ ਜਿਸ ਉਪਰ ਤਿੰਨ ਚਿੰਨ੍ਹ (ਤਲਵਾਰ, ਢਾਲ ਅਤੇ ਬਰਛਾ) ਹਨ। ਇਹ ਚਿੰਨ੍ਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਦਾ ਸਮਾਂ ਪ੍ਰਗਟਾਉਂਦੇ ਹਨ।



*ਚਿੱਤਰਕਾਰ ਅਗਸਟ ਸ਼ੋਫਿਟ ਵੱਲੋਂ ਬਣਾਇਆ ਚਿੱਤਰ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ ਕੋਠੇ ਦੀ ਛੱਤ 'ਤੇ ਬੈਠੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣ ਰਹੇ ਹਨ।*

ਵੀਹਵੀਂ ਸਦੀ ਦੇ ਚਿੱਤਰਕਾਰਾਂ ਵਿਚੋਂ ਸਰਦਾਰ ਜੀ.ਐਸ. ਠਾਕੁਰ ਸਿੰਘ ਨੇ ਹਰਿਮੰਦਰ ਸਾਹਿਬ ਦਾ ਦ੍ਰਿਸ਼ ਬੜੇ ਸਹਿਜ ਨਾਲ ਤਿਆਰ ਕੀਤਾ ਹੈ। ਇਸ ਵਿਚ ਸਵੇਰ ਦੇ ਪਹਿਲੇ ਸਮੇਂ ਸੰਗਤਾਂ ਨੂੰ ਦਰਸ਼ਨੀ ਡਿਉੜੀ ਵੱਲੋਂ ਦਰਬਾਰ ਸਾਹਿਬ ਵੱਲ ਜਾਂਦੇ ਹੋਏ ਦਿਖਾਇਆ ਗਿਆ ਹੈ। ਵਰਤਮਾਨ ਯੁੱਗ ਦੇ ਕਲਾਕਾਰਾਂ ਵਿਚੋਂ ਅੰਮ੍ਰਿਤਾ ਅਤੇ ਰੋਬਿੰਦਰ ਕੌਰ ਨੇ 'ਗੋਲਡਨ ਟੈਂਪਲ ਆਫ ਨਾਈਨਟੀਨ ਏਟੀਫੋਰ' ਨੂੰ ਸੈਮੀ-ਰਿਲਿਸਟਿਕ ਵਿਧੀ ਰਾਹੀਂ ਸਰੋਵਰ ਨੂੰ ਖ਼ੂਨ ਵਿਚ ਤਬਦੀਲ ਹੁੰਦਿਆਂ ਅਤੇ ਪਰਿਕਰਮਾ 'ਤੇ ਹੋਏ ਕਤਲੇਆਮ ਦਾ ਦ੍ਰਿਸ਼ ਆਪਣੇ ਮਨੋ-ਭਾਵਾਂ ਰਾਹੀਂ ਪ੍ਰਗਟਾਇਆ ਹੈ। ਇਸ ਨੂੰ ਵਿਦੇਸ਼ੀ ਗੈਲਰੀ 'ਗਲੈਸਕੋ ਆਫ਼ ਮਾਡਰਨ ਆਰਟ' ਦਾ ਹਿੱਸਾ ਬਣਾਇਆ ਹੈ। 20ਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਸ. ਮਿਹਰ ਸਿੰਘ ਨੇ ਆਪਣੇ ਬੁਰਸ਼ ਦੀਆਂ ਛੋਹਾਂ ਨਾਲ ਤੇਲ ਰੰਗਾਂ ਵਿਚ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਦਾ ਦ੍ਰਿਸ਼ ਤਿਆਰ ਕਰਕੇ ਇਸ ਸਥਾਨ ਪ੍ਰਤੀ ਸ਼ਰਧਾ ਪ੍ਰਗਟਾਈ ਹੈ। ਆਰਟਿਸਟ ਦਵਿੰਦਰ ਸਿੰਘ ਵੱਲੋਂ ਬਣਾਇਆ ਗਿਆ ਸੁਨਹਿਰੀ ਹਰਿਮੰਦਰ ਸਾਹਿਬ ਦਾ ਪੰਜ ਕਿਲੋਗ੍ਰਾਮ ਚਾਂਦੀ ਉਤੇ ਸੋਨੇ ਦਾ ਪਾਣੀ ਚੜ੍ਹਿਆ ਮਾਡਲ ਨਿਊਯਾਰਕ ਦੇ ਸਮਿਥਸੋਨੀਅਨ ਅਜਾਇਬਘਰ ਵਿਚ ਸੁਸ਼ੋਭਿਤ ਹੈ। ਇਕੀਵੀਂ ਸਦੀ ਦੇ ਸ਼ੁਰੂ ਵਿਚ ਫਰਾਂਸੀਸੀ ਚਿੱਤਰਕਾਰ ਜੂਲੀਅਨ ਬੈਰੋ ਨੇ ਅੰਮ੍ਰਿਤਸਰ ਆ ਕੇ ਹਰਿਮੰਦਰ ਸਾਹਿਬ 'ਤੇ ਪੈਂਦੀਆਂ ਸਵੇਰ ਦੀਆਂ ਕਿਰਨਾਂ ਨੂੰ ਤੇਲ ਰੰਗਾਂ ਰਾਹੀਂ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਕੁਦਰਤ ਦੇ ਸੁਹਜ ਦਾ ਪ੍ਰਗਟਾਵਾ ਦੇਖਣ ਲਈ ਡਾ. ਦਲਜੀਤ ਅਤੇ ਜੈਨ ਨੇ ਕੈਮਰੇ ਰਾਹੀਂ ਹਰਿਮੰਦਰ ਸਾਹਿਬ ਦੇ ਸੁਨਹਿਰੀ ਗੁੰਬਦਾਂ ਨੂੰ ਹਰੇ ਰੰਗ ਵਿਚ ਤਬਦੀਲ ਹੁੰਦਾ ਦਿਖਾਇਆ ਹੈ। ਇਹ ਸਥਾਨ ਪੂਰਵ ਇਤਿਹਾਸਕ ਕਾਲ ਤੋਂ ਜਾਣਿਆ ਜਾਂਦਾ ਹੈ।

ਹਰਿਮੰਦਰ ਸਾਹਿਬ ਦੀ ਉਸਾਰੀ ਗੁਰੂ ਅਰਜਨ ਦੇਵ ਜੀ (1581-1606) ਦੀ ਨਿਗਰਾਨੀ ਹੇਠ ਹੋਈ। ਇਸ ਅਸਥਾਨ ਦੀ ਪੁਨਰ ਉਸਾਰੀ ਦਲ ਖ਼ਾਲਸਾ ਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕਰਵਾਈ। ਇਸ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1831-35 ਵਿਚ ਦੀਵਾਰਾਂ 'ਤੇ ਸੰਗਮਰਮਰ ਅਤੇ ਗੁੰਬਦ 'ਤੇ ਸੋਨੇ ਦੇ ਪਾਣੀ ਵਾਲੇ ਪਤਰੇ ਚੜ੍ਹਵਾ ਕੇ ਇਸ ਇਤਿਹਾਸਕ ਸਥਾਨ ਨੂੰ ਹੋਰ ਵੀ ਸੁੰਦਰ ਬਣਾਇਆ। ਉਸ ਸਮੇਂ ਹਰ ਵਰਗ ਦੇ ਕਾਰੀਗਰਾਂ, ਸ਼ਿਲਪਕਾਰਾਂ ਅਤੇ ਚਿੱਤਰਕਾਰਾਂ ਨੇ ਇਸ ਨੂੰ ਚਿਤਰਿਤ ਕੀਤਾ। ਇਹ ਸਮੁੱਚਾ ਕਾਰਜ ਪੂਰੀ ਦੁਨੀਆਂ ਵਿਚ ਵਿਲੱਖਣ ਮਿਸਾਲ ਹੈ।

# ਪੰਜਾਬ ਕਾਂਗਰਸ ਵਿਚ ਅੰਦਰੂਨੀ ਖਿੱਚੋਤਾਣ ਜਾਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਵਿਚਾਲੇ ਅੰਦਰੂਨੀ ਖਿੱਚੋਤਾਣ ਜਾਰੀ ਹੈ ਤੇ ਹਾਈ ਕਮਾਨ ਦੀਆਂ ਘੁਰਕੀਆਂ ਦੇ ਬਾਵਜੂਦ ਇਕ-ਦੂਜੇ ਦੀਆਂ ਲੱਤਾਂ ਖਿੱਚ ਰਹੇ ਹਨ। ਪੰਜਾਬ ਵਿੱਚ ਜੱਟ ਸਿੱਖ ਨੂੰ ਹੀ ਮੁੱਖ ਮੰਤਰੀ ਬਣਾਏ ਜਾਣ ਦੀ ਪ੍ਰਥਾ ਨੂੰ ਚੁਣੌਤੀ ਦਿੰਦਿਆਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਕਿਸੇ ਦਲਿਤ ਜਾਂ ਹਿੰਦੂ ਨੂੰ ਮੁੱਖ ਮੰਤਰੀ ਬਣਾਉਣ ਦਾ ਮੁੱਦਾ ਉਠਾਇਆ ਹੈ।

ਦਲਿਤ ਕਾਂਗਰਸੀ ਆਗੂ ਸ਼ਮਸ਼ੇਰ ਸਿੰਘ ਦੂਲੋ ਨੇ ਕਾਂਗਰਸ ਹਾਈ ਕਮਾਨ ਤੋਂ ਮੰਗ ਕੀਤੀ ਹੈ ਕਿ ਐਤਕੀਂ ਸੱਤਾ ਵਿੱਚ ਆਉਣ 'ਤੇ ਪਾਰਟੀ ਕਿਸੇ ਦਲਿਤ ਜਾਂ ਹਿੰਦੂ ਨੂੰ ਹੀ ਮੁੱਖ ਮੰਤਰੀ ਬਣਾਏ। ਉਨ੍ਹਾਂ ਸਪੱਸ਼ਟ ਕਿਹਾ ਕਿ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਜੱਟ ਸਿੱਖ ਆਗੂਆਂ ਨੂੰ ਹੀ ਮੁੱਖ ਮੰਤਰੀ ਬਣਾਉਂਦੀਆਂ ਆ ਰਹੀਆਂ ਹਨ। ਸ. ਦੂਲੋ ਨੇ ਕਿਹਾ ਕਿ ਹੁਣ ਪੰਜਾਬ ਵਿਚ ਜਦੋਂ ਹਵਾ ਕਾਂਗਰਸ ਦੇ ਪੱਖ ਵਿਚ ਵਗ ਰਹੀ ਹੈ ਤਾਂ ਪਾਰਟੀ ਦੇ ਰਵਾਇਤੀ ਵੋਟ ਬੈਂਕ ਰਹੇ ਦਲਿਤਾਂ, ਹਿੰਦੂਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਆਗੂਆਂ ਨੂੰ ਵੱਧ ਟਿਕਟਾਂ ਦਿੱਤੀਆਂ ਜਾਣ।

### ਦੂਲੋ ਨੇ ਦਲਿਤ ਮੁੱਖ ਮੰਤਰੀ ਬਣਾਉਣ ਦਾ ਮੁੱਦਾ ਉਭਾਰਿਆ





ਜ਼ਿਕਰਯੋਗ ਹੈ ਕਿ ਪ੍ਰਦੇਸ਼ ਕਾਂਗਰਸ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਸੰਭਾਵੀ ਮੁੱਖ ਮੰਤਰੀ ਵਜੋਂ ਉਭਾਰਿਆ ਜਾ ਰਿਹਾ ਹੈ।

ਸ. ਦੂਲੋ ਨੇ ਕਿਹਾ ਹੈ ਕਿ ਪੰਜਾਬ ਦੇ ਗਰੀਬ ਜੱਟ ਸਿੱਖ ਪਿਛਲੇ 40 ਸਾਲਾਂ ਤੋਂ ਕਾਂਗਰਸ ਦੀ ਹਮਾਇਤ ਕਰਦੇ ਆ ਰਹੇ ਹਨ ਜਦਕਿ ਅਮੀਰ ਜੱਟ ਸ਼੍ਰੋਮਣੀ ਅਕਾਲੀ ਦਲ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈ ਕਮਾਨ ਨੇ ਜਿਵੇਂ ਦੂਜੇ ਸੂਬਿਆਂ 'ਚ ਵੱਖ-ਵੱਖ ਜਾਤਾਂ ਤੇ ਧਰਮਾਂ ਵਾਲੇ ਕਾਂਗਰਸੀ ਆਗੂਆਂ ਨੂੰ ਬਦਲ-ਬਦਲ ਕੇ ਮੁੱਖ ਮੰਤਰੀ ਬਣਾਇਆ ਹੈ, ਉਸੇ ਤਰ੍ਹਾਂ ਪੰਜਾਬ ਵਿਚ ਵੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਿਸੇ ਦਲਿਤ ਹਿੰਦੂ ਜਾਂ ਕਿਸੇ ਪੱਛੜੀ ਸ਼੍ਰੇਣੀ ਦੇ ਆਗੂ ਨੂੰ ਹੀ ਮੁੱਖ ਮੰਤਰੀ ਬਣਨ ਦਾ ਮੌਕਾ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਮੇਸ਼ਾਂ ਹੀ ਇਕੋ ਜਾਤ ਜਾਂ ਧਰਮ ਵਾਲੇ ਨੂੰ ਮੌਕਾ ਨਹੀਂ ਮਿਲਣਾ ਚਾਹੀਦਾ।

ਸ. ਦੂਲੋ ਨੇ ਕਿਹਾ ਕਿ ਪੰਜਾਬ ਵਿਚ ਦਲਿਤਾਂ ਦੀ ਅਬਾਦੀ 39 ਫੀਸਦੀ ਹੈ। ਦਲਿਤਾਂ ਦੀ ਅਬਾਦੀ ਦੇ ਹਿਸਾਬ ਨਾਲ ਉਨ੍ਹਾਂ ਨੂੰ ਘੱਟੋ ਘੱਟ 45 ਸੀਟਾਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਹਿੰਦੂਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਅਬਾਦੀ ਅਨੁਸਾਰ ਉਨ੍ਹਾਂ ਨੂੰ 45 ਸੀਟਾਂ ਦਿੱਤੀਆਂ ਜਾਂਦੀਆਂ ਹਨ ਤੇ ਇਸੇ ਹਿਸਾਬ ਨਾਲ ਦਲਿਤਾਂ ਨੂੰ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਜੱਟ ਸਿੱਖਾਂ ਨੂੰ 50 ਤੋਂ 60 ਫੀਸਦ ਟਿਕਟਾਂ ਦਿੱਤੀਆਂ ਜਾਂਦੀਆਂ ਹਨ ਜਿਸ ਕਾਰਨ ਉਹ ਪਾਰਟੀ ਤੇ ਸੂਬੇ ਦੀ ਸਿਆਸਤ ਵਿਚ ਆਪਣਾ ਦਬਦਬਾ ਬਣਾ ਕੇ ਰੱਖਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ 2007 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਹਿੰਦੂ ਭਾਈਚਾਰੇ ਨੂੰ ਟਿਕਟਾਂ ਘੱਟ ਦੇਣ ਕਾਰਨ ਕਾਂਗਰਸ ਨੂੰ ਸ਼ਹਿਰਾਂ ਵਿਚ ਨੁਕਸਾਨ ਉਠਾਉਣਾ ਪਿਆ ਸੀ।

ਸ. ਦੂਲੋ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਉਸ ਸਮੇਂ ਵੀ ਪਾਰਟੀ ਹਾਈ ਕਮਾਨ ਕੋਲ ਇਹ ਆਵਾਜ਼ ਉਠਾਈ ਸੀ ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ ਤੇ ਪਾਰਟੀ ਚੋਣਾਂ ਹਾਰ ਗਈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਵਾਰ ਪਾਰਟੀ 2007 ਵਾਲੀ ਗਲਤੀ ਨਹੀਂ ਦੁਹਰਾਏਗੀ।

ਇਥੇ ਜ਼ਿਕਰਯੋਗ ਹੈ ਕਿ ਅਗਸਤ ਦੇ ਆਖਰੀ ਹਫਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਆਗੂ ਕਮਲ ਸਚਦੇਵਾ ਨੇ ਵੀ ਇਹੀ ਮਾਮਲਾ ਚੁੱਕਿਆ ਸੀ ਤਾਂ ਪੰਜਾਬ ਕਾਂਗਰਸ ਨੇ ਪਹਿਲਾਂ ਉਸ ਨੂੰ ਪਾਰਟੀ 'ਚੋਂ ਮੁਅੱਤਲ ਕੀਤਾ ਤੇ ਫਿਰ ਪਾਰਟੀ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ। ਲਿਖਤੀ ਮੁਆਫੀ ਮੰਗਣ ਤੋਂ ਬਾਅਦ ਹੀ ਕਮਲ ਸਚਦੇਵਾ ਦੀ ਵਾਪਸੀ ਸੰਭਵ ਹੋ ਸਕੀ ਸੀ। ਹੁਣ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਵੀ ਇਹ ਮਾਮਲਾ ਉਠਾ ਕੇ ਕਾਂਗਰਸ ਨੂੰ ਕਸੂਤੀ ਹਾਲਤ 'ਚ ਫਸਾ ਦਿੱਤਾ ਹੈ।

## ਕਾਂਗਰਸ ਵੱਲੋਂ ਵਿਧਾਨ ਸਭਾ ਚੋਣਾਂ ਲਈ ਸਰਗਰਮੀ ਤੇਜ਼

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਸਰਗਰਮ ਹੋ ਗਈ ਹੈ ਤੇ ਸੱਤਾਧਾਰੀਆਂ ਦੀਆਂ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰ ਰਹੀ ਹੈ ਕਿ ਕਿਥੇ-ਕਿੱਥੇ ਸੰਨ੍ਹ ਲਾਈ ਜਾ ਸਕਦੀ ਹੈ। ਇਨ੍ਹਾਂ ਸਰਗਰਮੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜਾਰੀ ਰੱਖਣ ਲਈ ਕਾਂਗਰਸ ਹਾਈ ਕਮਾਨ ਨੇ 20 ਮੈਂਬਰੀ ਕਮੇਟੀ ਦਾ ਐਲਾਨ ਕੀਤਾ ਤੇ ਇਸ ਦੇ ਨਾਲ ਹੀ ਪੰਜ ਮੈਂਬਰੀ ਸਕਰੀਨਿੰਗ ਕਮੇਟੀ ਵੀ ਕਾਇਮ ਕੀਤੀ ਹੈ ਜੋ ਟਿਕਟਾਂ ਦੀ ਵੰਡ ਨਾਲ ਸਬੰਧਤ ਮਾਮਲੇ ਤੇ ਚੋਣਾਂ ਨਾਲ ਸਬੰਧਤ ਹੋਰ ਮਾਮਲੇ ਵਿਚਾਰੇਗੀ।

ਪੰਜ ਮੈਂਬਰੀ ਸਕਰੀਨਿੰਗ ਕਮੇਟੀ ਦੀ ਅਗਵਾਈ ਰਾਹੁਲ ਗਾਂਧੀ ਦੇ ਚਹੇਤੇ ਸਮਝੇ ਜਾਂਦੇ ਕੇਂਦਰੀ ਸੜਕੀ ਆਵਾਜਾਈ ਮੰਤਰੀ ਸੀ.ਪੀ. ਜੋਸ਼ੀ ਕਰਨਗੇ। ਇਸ ਤੋਂ ਇਲਾਵਾ ਦਿੱਲੀ ਕਾਂਗਰਸ ਦੇ ਪ੍ਰਧਾਨ ਜੇ.ਪੀ. ਅਗਰਵਾਲ, ਕੈਪਟਨ ਅਮਰਿੰਦਰ ਸਿੰਘ, ਰਜਿੰਦਰ ਕੌਰ ਭੱਠਲ ਤੇ ਪੰਜਾਬ ਵਿਚ ਪਾਰਟੀ ਮਾਮਲਿਆਂ ਦੇ ਇੰਚਾਰਜ ਗੁਲਚੈਨ ਸਿੰਘ ਚੜ੍ਹਕ ਸ਼ਾਮਲ ਹਨ। ਸਕਰੀਨਿੰਗ ਕਮੇਟੀ ਨਾਲ ਕਾਂਗਰਸ ਦੇ ਕੰਮਕਾਜ ਦਾ ਦਾਇਰਾ ਮੋਕਲਾ ਹੋਵੇਗਾ ਤੇ ਇਹ ਟਿਕਟਾਂ ਦੇ ਸੰਭਾਵੀ ਚਾਹਵਾਨਾਂ ਬਾਰੇ ਰਿਪੋਰਟ ਪਾਰਟੀ ਹਾਈ ਕਮਾਂਡ ਨੂੰ ਦੇਵੇਗੀ।

ਪੰਜਾਬ ਨਾਲ ਸਬੰਧਤ ਕਾਂਗਰਸ ਦੇ ਆਗੂ ਚਾਹੁੰਦੇ ਹਨ ਕਿ ਟਿਕਟਾਂ ਦੀ ਵੰਡ ਜਲਦੀ ਹੋ ਜਾਵੇ ਤੇ ਇਹ ਕੰਮ ਅਗਲੇ ਮਹੀਨੇ ਤਕ ਨਿਬੇੜ ਲਿਆ ਜਾਵੇ। ਸੂਬੇ ਦੀ ਕਾਂਗਰਸ ਪਾਰਟੀ ਇਸ ਤੱਥ ਤੋਂ ਭਲੀਭਾਂਤ ਜਾਣੂ ਹੈ ਕਿ ਅਡਵਾਨੀ ਦੀ ਯਾਤਰਾ ਨੂੰ ਪੰਜਾਬ ਵਿਚ ਹੁੰਗਾਰਾ ਨਹੀਂ ਮਿਲਿਆ ਤੇ ਇਸ ਦਾ ਰਾਜਸੀ ਲਾਹਾ ਲਿਆ ਜਾਵੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਪੰਜਾਬ ਵਿਚ 19 ਵਿਧਾਨ ਸਭਾ ਸੀਟਾਂ ਜਿੱਤੀਆਂ ਸਨ ਤੇ ਇਨ੍ਹਾਂ 'ਤੇ ਕਾਂਗਰਸ ਦੇ ਉਮੀਦਵਾਰ ਹਾਰੇ ਸਨ ਤੇ ਇਨ੍ਹਾਂ ਵਿਚ ਕਈ ਮੰਤਰੀ ਵੀ ਸ਼ਾਮਲ ਸਨ। ਉਂਜ ਜਲਦ ਟਿਕਟਾਂ ਵੰਡਣ ਦੀ ਗੱਲ ਨੂੰ ਸਿਆਸੀ ਹਲਕਿਆਂ ਵਿਚ ਦੋਧਾਰੀ ਤਲਵਾਰ ਵਜੋਂ ਦੇਖਿਆ ਜਾਂਦਾ ਹੈ। ਗੌਰਤਲਬ ਹੈ ਕਿ ਰਾਜ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਤੀਜਾ ਬਦਲ ਬਣਨ ਦੇ ਸਿੱਟੇ ਵਜੋਂ ਖਦਸ਼ਾ ਹੈ ਕਿ ਜਿਨ੍ਹਾਂ ਆਗੂਆਂ ਨੂੰ ਟਿਕਟ ਦੇਣ ਤੋਂ ਨਾਂਹ ਕੀਤੀ ਜਾਵੇਗੀ ਉਹ ਸ. ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਵਿਚ ਜਾ ਸਕਦੇ ਹਨ।

ਸੂਤਰਾਂ ਅਨੁਸਾਰ ਪੁਰਾਣੀ ਰਵਾਇਤ ਮੁਤਾਬਕ ਪੰਜਾਬ ਮਾਮਲਿਆਂ ਬਾਰੇ ਇੰਚਾਰਜ਼ ਕਾਂਗਰਸ ਦੇ ਜਨਰਲ ਸਕੱਤਰ ਗੁਲਚੈਨ ਸਿੰਘ ਚੜ੍ਹਕ ਪ੍ਰਦੇਸ਼ ਚੋਣ ਕਮੇਟੀ ਦੀ ਅਗਵਾਈ ਕਰਨਗੇ। ਉਂਜ ਸ੍ਰੀ ਚੜ੍ਹਕ ਦਾ ਨਾਂ ਸੂਚੀ ਵਿਚ ਨਹੀਂ ਹੈ। ਕਮੇਟੀ ਵਿਚ ਪੰਜਾਬ ਨਾਲ ਸਬੰਧਤ ਤਿੰਨ ਕੇਂਦਰੀ ਮੰਤਰੀ ਅੰਬਿਕਾ ਸੋਨੀ, ਅਸ਼ਵਨੀ ਕੁਮਾਰ ਤੇ ਪਰਨੀਤ ਕੌਰ ਵੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਲ, ਐਮ.ਪੀ. ਮਨੀਸ਼ ਤਿਵਾੜੀ, ਪ੍ਰਤਾਪ ਸਿੰਘ ਬਾਜਵਾ, ਮਹਿੰਦਰ ਸਿੰਘ ਕੇ.ਪੀ., ਕਾਂਗਰਸ ਵਰਕਿੰਗ ਕਮੇਟੀ ਮੈਂਬਰ ਜਗਮੀਤ ਬਰਾੜ, ਹੋਰ ਆਗੂ ਲਾਲ ਸਿੰਘ, ਸੰਤੋਸ਼ ਚੌਧਰੀ, ਪ੍ਰ. ਦਰਬਾਰੀ ਲਾਲ, ਸੰਤੋਖ ਸਿੰਘ, ਸਰਦੂਲ ਸਿੰਘ ਅਤੇ ਅਸ਼ਵਨੀ ਸੇਖੜੀ ਵੀ ਸ਼ਾਮਲ ਹਨ। ਇਸ ਤੋਂ ਬਿਨਾਂ ਯੂਥ ਕਾਂਗਰਸ, ਮਹਿਲਾ ਕਾਂਗਰਸ, ਐਨ.ਐਸ.ਯੂ. ਆਈ. ਪ੍ਰਦੇਸ਼ ਸੇਵਾ ਦਲ ਤੇ ਇੰਟਕ ਦੇ ਸੂਬਾਈ ਪ੍ਰਧਾਨ ਵੀ ਇਸ ਵਿਚ ਸ਼ਾਮਲ ਹੋਣਗੇ।


# Global Eagle Transportation Inc.

## Wanted Owner Operator and Drivers Immediately

### From Oakland Port and Rail to Red Bluff, Woodland & Sacramento area

- ➔**Loads available from Oakland to Tracy and Stockton area.**
- ➔**Dedicated Local Container work from Oakland Port and Rail**
- ➔**Hook and Drop in Red Bluff, Woodland & Sac.**
- ➔**Paid Weekly**
- ➔**24 Hours Dispatch Available.**




*Contact :Bobby Thiara, Jas Gill*

**Toll Free Phone # 1-800-788-2993**

**Phone: 510-832-4444, Fax : 510-832-4445**

*web site : www.globaleagletrans.com*

# ਡਾ. ਮਨਮੋਹਨ ਸਿੰਘ ਵੱਲੋਂ ਅਮਰੀਕਾ ਦੇ 'ਫਿਕਰ' ਦੂਰ ਕਰਨ ਦੀ ਕੋਸ਼ਿਸ਼

**ਬਾਲੀ (ਇੰਡੋਨੇਸ਼ੀਆ):** ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਅਮਰੀਕਾ ਦੇ 'ਫਿਕਰ' ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਰਤ-ਅਮਰੀਕਾ ਰਿਸ਼ਤਿਆਂ ਵਿਚ ਕੋਈ ਵੀ ਅੜਿੱਕਾ ਨਾ ਹੋਣ ਦਾ ਦਾਅਵਾ ਕਰਦਿਆਂ ਡਾ. ਮਨਮੋਹਨ ਸਿੰਘ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਦੱਸਿਆ ਕਿ ਅਮਰੀਕੀ ਫਰਮਾਂ ਦੀਆਂ ਫਿਕਰਮੰਦੀਆਂ ਨੂੰ ਘਟਾਉਣ ਲਈ ਭਾਰਤ ਨੇ ਕੁਝ ਯਤਨ ਕੀਤੇ ਹਨ ਤੇ ਪਰਮਾਣੂ ਕਾਰੋਬਾਰ ਕਰਨ ਲਈ ਕੁਝ ਨੇਮ ਨੋਟੀਫਾਈ ਕੀਤੇ ਹਨ ਤੇ ਜੇਕਰ ਫਿਰ ਵੀ ਕੋਈ ਵਿਸ਼ੇਸ਼ ਫਿਕਰ ਹੋਣਗੇ ਤਾਂ ਉਹ ਕਾਨੂੰਨ ਦੇ ਦਾਇਰੇ ਵਿਚ ਹੀ ਨਜਿੱਠ ਲਏ ਜਾਣਗੇ।



ਇਹ ਮੁੱਦਾ ਡਾ. ਮਨਮੋਹਨ ਸਿੰਘ ਤੇ ਅਮਰੀਕੀ ਰਾਸ਼ਟਰਪਤੀ ਓਬਾਮਾ ਵਿਚਾਲੇ ਘੰਟੇ ਤੋਂ ਵੱਧ ਸਮਾਂ ਚੱਲੀ ਮੀਟਿੰਗ ਵਿਚ ਪੇਸ਼ ਕੀਤਾ ਗਿਆ ਕਿਉਂਕਿ ਅਮਰੀਕੀ ਫਰਮਾਂ ਵਿਚ ਇਹ ਖਦਸ਼ੇ ਪੈਦਾ ਹੋਣ ਦੀਆਂ ਰਿਪੋਰਟਾਂ ਸਨ ਕਿ ਭਾਰਤੀ ਜੁਆਬਦੇਹੀ ਕਾਨੂੰਨ, ਸਪਲਾਇਰ ਪੱਖੀ ਨਹੀਂ ਸਨ। ਡਾ. ਸਿੰਘ ਨੇ ਓਬਾਮਾ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਵਿਚ ਇਸ ਬਾਰੇ ਵਾਜਬ ਕਾਨੂੰਨ ਹਨ ਤੇ ਨਿਯਮ ਤੈਅ ਕਰ ਲਏ ਗਏ ਹਨ ਤੇ ਇਨ੍ਹਾਂ ਬਾਰੇ ਸੰਸਦ ਵਿਚਾਰ ਕਰੇਗੀ। ਇੰਡੋਨੇਸ਼ੀਆ ਦੇ ਟਾਪੂ ਰਿਜ਼ੋਰਟ ਵਿਚ ਹੋਏ ਆਸੀਆਨ ਤੇ ਪੂਰਬੀ ਏਸ਼ੀਆ ਸਿਖਰ ਸੰਮੇਲਨ ਮੌਕੇ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਅਮਰੀਕੀ ਕੰਪਨੀ ਦੇ ਫਿਕਰਾਂ ਨੂੰ ਘੱਟ ਕਰਨ ਲਈ ਕੁਝ ਨੇਮ ਅਪਣਾਏ ਹਨ ਤੇ ਨਵੀਂ ਦਿੱਲੀ, ਕਿਸੇ ਵੀ ਕਿਸਮ ਦੀ ਸ਼ਿਕਾਇਤ ਦਾ ਨਿਬੇੜਾ ਕਾਨੂੰਨ ਤਹਿਤ ਹੀ ਕਰਨ ਦੀ ਚਾਹਵਾਨ ਹੈ।

ਉਨ੍ਹਾਂ ਕਿਹਾ ਕਿ ਕੁਝ ਨੇਮ ਨੋਟੀਫਾਈ ਕੀਤੇ ਗਏ ਸਨ ਜਿਸ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਸਪਲਾਇਰ ਦੀ ਜ਼ਿੰਮੇਵਾਰੀ ਪੱਕੀ ਨਹੀਂ ਹੋਏਗੀ। ਪ੍ਰਧਾਨ ਮੰਤਰੀ ਨੇ ਓਬਾਮਾ ਨੂੰ ਇਹ ਵੀ ਦੱਸਿਆ ਕਿ ਪੂਰਕ ਮੁਆਵਜ਼ੇ ਸਬੰਧੀ ਕਨਵੈਨਸ਼ਨ ਦੀ ਪੁਸ਼ਟੀ ਕਰਨ ਲਈ ਵੀ ਭਾਰਤ ਤਿਆਰ ਹੈ। ਗੈਰ ਫੌਜੀ ਪਰਮਾਣੂ ਸੌਦੇ ਨੂੰ ਲਾਗੂ ਕਰਨ ਲਈ ਅਮਰੀਕਾ ਇਹ ਪੁਸ਼ਟੀ ਵੀ ਹੋਈ ਚਾਹੁੰਦਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਇਹ ਮੁੱਦਾ ਦੋਵੇਂ ਧਿਰਾਂ ਵੱਲੋਂ ਲਏ ਗਏ ਫੈਸਲਿਆਂ ਨੂੰ ਲਾਗੂ ਕੀਤੇ ਜਾਣ ਦੇ ਅਮਲ ਦੇ ਜਾਇਜ਼ੇ ਦੌਰਾਨ ਉਠਿਆ। ਸੂਤਰਾਂ ਅਨੁਸਾਰ ਓਬਾਮਾ ਨੇ ਪ੍ਰਧਾਨ ਮੰਤਰੀ ਦੇ ਬਿਆਨ ਦਾ ਸਿਰਫ ਨੋਟਿਸ ਹੀ ਲਿਆ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ।

ਪਰਮਾਣੂ ਨੁਕਸਾਨ ਬਾਰੇ ਜੁਆਬਦੇਹੀ ਐਕਟ ਦੇ ਨਿਯਮਾਂ ਅਧੀਨ, ਭਾਰਤੀ ਪਰਮਾਣੂ ਊਰਜਾ ਪਲਾਂਟਾਂ ਨੂੰ ਪਰਮਾਣੂ ਸਮੱਗਰੀ ਸਪਲਾਈ ਕਰਨ ਵਾਲੇ ਵਿਦੇਸ਼ੀ ਸਪਲਾਇਰਾਂ ਦੀ ਅਜਿਹੇ ਕਿਸੇ ਹਾਦਸੇ ਲਈ ਕੋਈ ਜੁਆਬਦੇਹੀ ਜਾਂ ਜ਼ਿੰਮੇਵਾਰੀ ਨਹੀਂ ਹੋਏਗੀ ਜੋ ਉਨ੍ਹਾਂ ਵੱਲੋਂ ਸਪਲਾਈ ਕੀਤੀ ਨੁਕਸਦਾਰ ਸਮੱਗਰੀ ਕਾਰਨ, ਉਨ੍ਹਾਂ ਵੱਲੋਂ ਤੈਅ ਗਰੰਟੀ ਦੀ ਮਿਆਦ ਖਤਮ ਹੋਣ ਮਗਰੋਂ ਹੋਵੇ। ਓਬਾਮਾ ਦੀ ਪਿਛਲੇ ਸਾਲ ਨਵੰਬਰ ਵਿਚ ਭਾਰਤ ਫੇਰੀ ਮਗਰੋਂ ਦੋਵੇਂ ਆਗੂਆਂ ਵਿਚ ਹੋਈ ਪਹਿਲੀ ਮੀਟਿੰਗ ਵਿਚ ਉਨ੍ਹਾਂ ਨੇ ਉਸ ਫੇਰੀ ਦੌਰਾਨ ਬਣੇ ਰਣਨੀਤਕ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਵੀ ਵਿਚਾਰ ਕੀਤੀ। ਹੋਰ ਖੇਤਰੀ ਮਸਲਿਆਂ ਦੇ ਨਾਲ, ਮਨਮੋਹਨ ਸਿੰਘ ਦੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨਾਲ ਮਾਲਦੀਵ ਵਿਚ ਹੋਈ ਮੀਟਿੰਗ 'ਤੇ ਵੀ ਚਰਚਾ ਹੋਈ।

## ਚੀਨ ਨੂੰ ਭਾਰਤ ਨਾਲ ਮਿਲ ਕੇ ਚੱਲਣ ਦਾ ਸੱਦਾ

**ਬਾਲੀ:** ਦੱਖਣੀ ਚੀਨ ਸਾਗਰ ਦੇ ਮੁੱਦੇ 'ਤੇ ਰਿਸ਼ਤਿਆਂ 'ਚ ਆਈ ਕੁਝ ਕੁੜੱਤਣ ਦੇ ਪਿਛੋਕੜ 'ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਚੀਨ ਦੇ ਆਪਣੇ ਹਮਰੁਤਬਾ ਵੇਨ ਜਿਆਬਾਓ ਨੂੰ ਦੱਸਿਆ ਕਿ ਵਿਵਾਦਗ੍ਰਸਤ ਜਲ ਖੇਤਰ 'ਚ ਭਾਰਤ ਵੱਲੋਂ ਕੀਤੀ ਜਾ ਰਹੀ ਤੇਲ ਦੀ ਖੋਜ ਮੂਲੋਂ ਹੀ ਵਪਾਰਕ ਸਰਗਰਮੀ ਹੈ ਜਦਕਿ ਦੋਵੇਂ ਧਿਰਾਂ ਇਸ ਗੱਲ ਲਈ ਸਹਿਮਤ ਹੋਈਆਂ ਕਿ ਰਲ ਕੇ ਕੰਮ ਕਰਨ ਲਈ ਬਹੁਤ ਸਾਰੇ ਖੇਤਰ ਤੇ ਸੰਭਾਵਨਾਵਾਂ ਮੌਜੂਦ ਹਨ।

ਦੋਵੇਂ ਆਗੂਆਂ ਵਿਚਾਲੇ 55 ਮਿੰਟ ਚੱਲੀ ਮੀਟਿੰਗ ਦੌਰਾਨ ਭਾਰਤ ਨੇ ਭਰੋਸਾ ਦਿੱਤਾ ਕਿ ਉਹ ਚੀਨ ਨਾਲ 'ਸਭ ਤੋਂ ਵਧੀਆ' ਰਿਸ਼ਤੇ ਕਾਇਮ ਕਰਨੇ ਚਾਹੁੰਦਾ ਹੈ ਜਦਕਿ ਚੀਨ ਦੇ ਆਗੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 21ਵੀਂ ਸਦੀ ਨੂੰ ਏਸ਼ੀਆ ਦੀ ਸਦੀ ਬਣਾਉਣ ਲਈ ਦੋਵੇਂ ਮੁਲਕਾਂ ਨੂੰ ਹੱਥ ਨਾਲ ਹੱਥ ਮਿਲਾ ਕੇ ਕੰਮ ਕਰਨਾ ਚਾਹੀਦਾ ਹੈ। ਇਸ ਦੌਰਾਨ ਅਸਲ ਕੰਟਰੋਲ ਰੇਖਾ ਦੇ ਨਾਲ ਬਣੀ ਹੋਈ ਹਾਲਤ ਤੇ ਵਪਾਰ ਜਿਹੇ ਮਾਮਲੇ ਵੀ ਵਿਚਾਰੇ ਜਾਣਗੇ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਦੀ ਦੱਖਣੀ ਚੀਨ ਸਾਗਰ 'ਚ ਤੇਲ ਦੀ ਭਾਲ, ਕੁੜੱਤਣ ਦਾ ਸੱਬਬ ਬਣਿਆ ਹੋਇਆ ਹੈ ਜਦਕਿ ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਭਾਰਤ ਦੀ ਇਹ ਸਰਗਰਮੀ ਮੂਲੋਂ ਹੀ ਵਪਾਰਕ ਹੈ। ਪੂਰੇ ਦੱਖਣੀ ਚੀਨ ਸਾਗਰ 'ਤੇ ਅਧਿਕਾਰ ਜਮਾਉਣ ਵਾਲੇ ਚੀਨ ਨੇ ਤੇਲ ਦੀ ਭਾਲ ਦੌਰਾਨ ਭਾਰਤ 'ਤੇ ਸਿੱਧਾ ਹਮਲਾ ਵੀ ਕਰ ਦਿੱਤਾ ਸੀ ਜਿਸਦਾ ਨਵੀਂ ਦਿੱਲੀ ਵੱਲੋਂ ਫੌਰੀ ਤਿੱਖਾ ਜੁਆਬ ਦਿੱਤਾ ਗਿਆ ਸੀ। ਵੀਅਤਨਾਮ ਨੇ ਭਾਰਤ ਨੂੰ ਸਮੁੰਦਰੀ ਖੇਤਰ 'ਚ ਤੇਲ ਦੀ ਭਾਲ ਦੀ ਪੇਸ਼ਕਸ਼ ਕੀਤੀ ਸੀ। ਪੂਰੇ ਦੱਖਣੀ ਚੀਨ ਸਾਗਰ 'ਤੇ ਚੀਨ ਦੇ ਦਾਅਵੇ ਦੇ ਸੰਦਰਭ 'ਚ ਪ੍ਰਧਾਨ ਮੰਤਰੀ ਨੇ ਜਿਆਬਾਓ ਨੂੰ ਦੱਸਿਆ ਕਿ ਪ੍ਰਭੂਸੱਤਾ ਦਾ ਮਾਮਲਾ, ਕੌਮਾਂਤਰੀ ਕਾਨੂੰਨ ਤੇ ਵਿਹਾਰ ਮੁਤਾਬਕ ਹੱਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੂਰਾ ਜਲ ਖੇਤਰ ਚੀਨ ਨਾਲ ਸਬੰਧਤ ਹੋਣ ਬਾਰੇ ਸਪਸ਼ਟ ਨਾ ਹੋਣ ਕਾਰਨ ਇੱਥੇ ਸਮੁੰਦਰ ਦਾ ਨਿਯਮ ਹੀ ਲਾਗੂ ਹੋਣਾ ਚਾਹੀਦਾ ਹੈ।

## ਅਮਰੀਕੀ ਦਬਾਅ ਤਹਿਤ ਆਸਟਰੇਲੀਆ ਭਾਰਤ ਨੂੰ ਯੂਰੇਨੀਅਮ ਵੇਚਣ ਲਈ ਰਾਜ਼ੀ

**ਮੈਲਬਰਨ:** ਅਮਰੀਕੀ ਦਬਾਅ ਤਹਿਤ ਆਸਟਰੇਲੀਆ ਭਾਰਤ ਨੂੰ ਯੂਰੇਨੀਅਮ ਵੇਚਣ ਲਈ ਰਾਜ਼ੀ ਹੋ ਗਿਆ ਹੈ। ਆਸਟਰੇਲੀਆ ਦੀ ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਨੇ ਭਾਰਤ ਨੂੰ ਯੂਰੇਨੀਅਮ ਵੇਚਣ ਬਾਰੇ ਐਲਾਨ ਕਰ ਦਿੱਤਾ ਹੈ ਜਿਸ ਬਾਰੇ ਕੌਮਾਂਤਰੀ ਮੀਡੀਏ 'ਚ ਖੂਬ ਚਰਚਾ ਹੈ।

ਆਸਟਰੇਲੀਆਈ ਮੀਡੀਏ ਅਨੁਸਾਰ "ਅਮਰੀਕਾ ਦੇ ਓਬਾਮਾ ਪ੍ਰਸ਼ਾਸਨ ਨਾਲ ਗੱਲਬਾਤ ਤੋਂ ਬਾਅਦ ਹੀ ਗਿਲਾਰਡ ਨੇ ਭਾਰਤ ਨੂੰ ਯੂਰੇਨੀਅਮ ਬਰਾਮਦ ਕਰਨ ਦਾ ਫੈਸਲਾ ਕੀਤਾ ਹੈ। ਅਮਰੀਕਾ ਨੂੰ ਲੱਗਦਾ ਸੀ ਕਿ ਉਸ ਦੀ ਭਾਰਤ ਨਾਲ ਹੋਈ ਗੈਰ-ਫੌਜੀ ਪਰਮਾਣੂ ਸਹਿਯੋਗ ਸੰਧੀ ਦੇ ਰਾਹ ਵਿਚ ਆਸਟਰੇਲੀਆ ਦੀ 'ਨਾਂਹ' ਅੜਿੱਕਾ ਬਣੀ ਹੋਈ ਹੈ। ਗਿਲਾਰਡ ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਆਸਟਰੇਲੀਆ ਦੌਰੇ ਤੋਂ ਐਨ ਇਕ ਦਿਨ ਪਹਿਲਾਂ ਭਾਰਤ ਨੂੰ ਯੂਰੇਨੀਅਮ ਬਰਾਮਦ ਕਰਨ ਦਾ ਐਲਾਨ ਕੀਤਾ।



ਆਸਟਰੇਲੀਆ ਵੀ ਭਾਰਤ ਨਾਲ ਨਿੱਘਾ ਰਿਸ਼ਤਾ ਚਾਹੁੰਦਾ ਹੈ। ਇਸ ਕਰਕੇ ਉਸ ਦੇ ਵਿਦੇਸ਼ ਮੰਤਰੀ ਕੇਵਿਨ ਰੁੱਡ ਹਾਲ ਹੀ ਦੌਰਾਨ ਭਾਰਤ ਦਾ ਦੌਰਾ ਕਰਕੇ ਗਏ ਹਨ ਤੇ ਰੱਖਿਆ ਮੰਤਰੀ ਸਟੀਫਨ ਸਮਿੱਥ ਵੀ ਅਗਲੇ ਮਹੀਨੇ ਦੇ ਸ਼ੁਰੂ ਵਿਚ ਨਵੀਂ ਦਿੱਲੀ ਜਾ ਸਕਦੇ ਹਨ। ਓਬਾਮਾ ਭਾਰਤ ਨਾਲ ਨੇੜਲੀ ਭਾਈਵਾਲੀ ਚਾਹੁੰਦਾ ਹੈ ਤੇ ਉਸ ਦੀ ਇਸ ਰਣਨੀਤੀ 'ਚ ਆਸਟਰੇਲੀਆ ਅਖਿੱੜਵਾਂ ਅੰਗ ਹੈ। ਆਸਟਰੇਲੀਆ ਤੇ ਭਾਰਤ ਦੀ ਨੇੜਤਾ ਯੂਰੇਨੀਅਮ ਦੀ ਬਰਾਮਦ ਤੋਂ ਪਾਬੰਦੀ ਹਟਾਉਣ ਨਾਲ ਹੀ ਸੰਭਵ ਹੈ।

ਇਹ ਵੀ ਚਰਚਾ ਹੈ ਕਿ ਆਸਟਰੇਲੀਆ ਦੇ ਵਿਦੇਸ਼ ਮੰਤਰੀ ਕੇਵਿਨ ਰੁੱਡ ਦੇਸ਼ ਦੀ ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਵੱਲੋਂ ਭਾਰਤ ਨੂੰ ਯੂਰੇਨੀਅਮ ਬਰਾਮਦ ਕਰਨ ਦੇ ਫੈਸਲੇ ਤੋਂ ਨਾਰਾਜ਼ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਫੈਸਲੇ ਨਾਲ ਸੱਤਾਧਾਰੀ ਲੇਬਰ ਪਾਰਟੀ ਟੁੱਟ ਸਕਦੀ ਹੈ।ਜ਼ਿਕਰਯੋਗ ਹੈ ਕਿ ਜਦੋਂ ਗਿਲਾਰਡ ਨੇ ਭਾਰਤ ਨੂੰ ਯੂਰੇਨੀਅਮ ਵੇਚਣ ਦਾ ਫੈਸਲਾ ਕੀਤਾ ਉਸ ਸਮੇਂ ਰੁੱਡ ਭਾਰਤ ਵਿਚ ਸਨ। ਇਸ ਫੈਸਲੇ ਬਾਰੇ ਰੁੱਡ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ਉਨ੍ਹਾਂ ਤੋਂ ਪਹਿਲਾਂ ਆਵਾਜਾਈ ਮੰਤਰੀ ਐਂਟੋਨੀ ਐਲਬਨੀਸ ਪ੍ਰਧਾਨ ਮੰਤਰੀ ਦੇ ਫੈਸਲੇ ਦਾ ਵਿਰੋਧ ਕਰ ਚੁੱਕੇ ਹਨ।

ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਭਾਰਤ ਨੂੰ ਯੂਰੇਨੀਅਮ ਵੇਚਣ ਬਾਰੇ ਉਨ੍ਹਾਂ ਦੇ ਮੁਲਕ ਨੇ ਆਸਟਰੇਲੀਆ 'ਤੇ ਕਿਸੇ ਤਰ੍ਹਾਂ ਦਾ ਦਬਾਅ ਨਹੀਂ ਪਾਇਆ ਪਰ ਅਮਰੀਕਾ ਇਸ ਫੈਸਲੇ ਦਾ ਸਮਰਥਨ ਕਰਦਾ ਹੈ। ਉਨ੍ਹਾਂ ਕਿਹਾ ਕਿ "ਭਾਰਤ ਨੂੰ ਯੂਰੇਨੀਅਮ ਵੇਚਣ ਬਾਰੇ ਫੈਸਲਾ ਪੂਰੀ ਤਰ੍ਹਾਂ ਆਸਟਰੇਲੀਆ ਸਰਕਾਰ ਨੇ ਲਿਆ ਹੈ। ਭਾਰਤ ਨੇ ਭਾਵੇਂ ਪਰਮਾਣੂ ਅਪਸਾਰ ਸੰਧੀ 'ਤੇ ਸਹੀ ਨਹੀਂ ਪਾਈ ਪਰ ਇਸ ਦੇ ਬਾਵਜੂਦ ਉਹ ਕੌਮਾਂਤਰੀ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰੇਗਾ। ਉਨ੍ਹਾਂ ਕਿਹਾ ਕਿ ਭਾਰਤ ਨੂੰ ਯੂਰੇਨੀਅਮ ਵੇਚਣ ਦਾ ਮਾਮਲਾ ਆਸਟਰੇਲੀਆ ਅਮਰੀਕਾ ਦਾ ਨਹੀਂ ਸਗੋਂ ਭਾਰਤ ਤੇ ਆਸਟਰੇਲੀਆ ਦਾ ਹੈ।

# ਸਿੰਗਾਪੁਰ ਵੱਲੋਂ ਸੁਰੱਖਿਆ ਕੌਂਸਲ 'ਚ ਸਥਾਈ ਸੀਟ ਲਈ ਭਾਰਤ ਦੀ ਹਮਾਇਤ

**ਸਿੰਗਾਪੁਰ:** ਭਾਰਤ ਦੇ ਵਧਦੇ ਪ੍ਰਭਾਵ ਤੇ ਰੁਤਬੇ ਦੀ ਪ੍ਰਸੰਸਾ ਕਰਦਿਆਂ ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਸਿਏਨ ਲੂੰਗ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਭਾਰਤ ਵੱਲੋਂ ਸਥਾਈ ਸੀਟ ਦੇ ਦਾਅਵੇ ਦੀ ਹਮਾਇਤ ਕੀਤੀ ਤੇ ਨਾਲ ਹੀ ਕਿਹਾ ਕਿ ਭਾਰਤ ਦੀ ਏਸ਼ੀਆ ਦੇ ਵਿਕਾਸ ਤੇ ਸਥਿਰਤਾ ਵਿਚ ਜ਼ਿਕਰਯੋਗ ਦੇਣ ਹੈ। ਇਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਿੰਗਾਪੁਰ ਨੂੰ ਭਾਰਤ ਦਾ ਅਹਿਮ ਭਾਈਵਾਲ ਐਲਾਨਦਿਆਂ ਸਿੰਗਾਪੁਰ ਨੂੰ ਭਾਰਤ ਵਿਚ ਪੂੰਜੀ ਨਿਵੇਸ਼ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਨੂੰ ਆਪਣੀਆਂ ਤਰਜੀਹੀ ਯੋਜਨਾਵਾਂ ਨੂੰ ਸਿਰੇ ਚਾੜ੍ਹਨ ਤੇ ਮੁਢਲੇ ਢਾਂਚੇ ਦੀ ਉਸਾਰੀ ਲਈ ਇਕ ਖਰਬ ਡਾਲਰ ਦੀ ਲੋੜ ਹੈ। ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਨੇ ਕਿਹਾ ਕਿ ਜਿਸ ਤਰ੍ਹਾਂ ਭਾਰਤ ਨਿਰੰਤਰ ਤਰੱਕੀ ਕਰ ਰਿਹਾ ਹੈ, ਇਸ ਲਈ ਇਸ ਦਾ ਪ੍ਰਭਾਵ ਤੇ ਰੁਤਬਾ ਬਰਕਰਾਰ ਹੈ। ਉਨ੍ਹਾਂ ਕਿਹਾ ਕਿ ਸਿੰਗਾਪੁਰ ਇਹ ਆਸ ਕਰਦਾ ਹੈ ਕਿ ਭਾਰਤ ਕੌਮਾਂਤਰੀ ਮਾਮਲਿਆਂ ਵਿਚ ਵਧੇਰੇ ਏਸ਼ੀਆ ਵਿਚ ਸਥਿਰਤਾ ਤੇ ਵਿਕਾਸ ਵਿਚ ਭਾਰਤ ਦੇ ਅਹਿਮ ਰੋਲ ਦਾ ਜ਼ਿਕਰ ਕਰਦਿਆਂ ਸ੍ਰੀ ਲੀ ਨੇ ਕਿਹਾ ਕਿ ਭਾਰਤ ਦੇ ਭਵਿੱਖ 'ਚ ਵਿਕਾਸ ਦੀ ਉਸਾਰੀ ਇਸ ਦਾ ਅਖਿੱੜਵਾਂ ਅੰਗ ਹੈ ਤੇ ਆਸੀਆਨ ਦਾ ਅਹਿਮ ਸੰਵਾਦ ਭਾਈਵਾਲ ਹੈ। ਉਨ੍ਹਾਂ ਭਾਰਤ ਤੇ ਸਿੰਗਾਪੁਰ ਦੇ ਸਬੰਧਾਂ ਨੂੰ ਵਿਆਪਕ, ਆਪਸੀ ਲਾਭਕਾਰੀ ਤੇ ਕਮਾਲ ਦੀ ਤਰਤੀਬ ਵਾਲੇ ਦੱਸਦਿਆਂ ਭਰੋਸਾ ਪ੍ਰਗਟ ਕੀਤਾ ਕਿ ਭਵਿੱਖ ਵਿਚ ਵੀ ਦੋਵਾਂ ਦੇਸ਼ਾਂ ਦੇ ਸਬੰਧ ਵਧੇਰੇ ਮਜ਼ਬੂਤ ਹੋਣਗੇ ਤੇ ਨਵੀਆਂ ਦਿਸ਼ਾਵਾਂ ਵਿਚ ਪਾਸਾਰ ਕਰਨਗੇ।



ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਦੁਵੱਲੇ ਸਬੰਧਾਂ ਪ੍ਰਤੀ ਭਾਰਤ ਦੇ ਦਿਲ ਵਿਚ ਸਤਿਕਾਰਯੋਗ ਸਥਾਨ ਹੈ ਤੇ ਇਹ ਸਿੰਗਾਪੁਰ ਨਾਲ ਭਾਈਵਾਲੀ ਦੀ ਸ਼ੁਰੂਆਤ ਹੈ ਤੇ ਭਾਰਤ ਸਿੰਗਾਪੁਰ ਨਾਲ ਆਪਣੇ ਆਰਥਿਕ ਸਬੰਧਾਂ ਨੂੰ ਖੋਲ੍ਹ ਰਿਹਾ ਹੈ। ਸਿੰਗਾਪੁਰ ਦੇ ਦੋ-ਰੋਜ਼ਾ ਦੌਰੇ ਦੌਰਾਨ ਡਾ. ਮਨਮੋਹਨ ਸਿੰਘ ਨੇ ਭਾਰਤ ਵਿਚ ਪੂੰਜੀ ਨਿਵੇਸ਼ ਲਈ ਮਜ਼ਬੂਤ ਆਧਾਰ ਤਿਆਰ ਕਰਦਿਆਂ ਸੁਰੱਖਿਆ ਤੇ ਰੱਖਿਆ ਵਿਚ ਸਹਿਯੋਗ ਦਾ ਸੱਦਾ ਦਿੰਦਿਆਂ ਹੋਰ ਵੱਖ-ਵੱਖ ਖੇਤਰਾਂ ਵਿਚ ਸਹਿਯੋਗ ਵਧਾਉਣ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਲੀ ਨਾਲ ਗੱਲਬਾਤ ਦੌਰਾਨ ਭਾਰਤ ਵਿਚ ਪੂੰਜੀ ਨਿਵੇਸ਼ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਭਾਰਤ ਨੂੰ ਵਿਕਾਸ ਲਈ ਤੈਅ ਆਪਣੇ ਟੀਚਿਆਂ ਦੀ ਪੂਰਤੀ ਲਈ ਅਗਲੇ ਪੰਜ ਸਾਲ ਵਿਚ ਇਕ ਅਰਬ ਅਮਰੀਕੀ ਡਾਲਰ ਦੀ ਲੋੜ ਹੈ।

ਇਸ ਦੌਰਾਨ ਸਿੰਗਾਪੁਰ ਵਿਚ ਭਾਰਤ ਦੇ ਹਾਈ ਕਮਿਸ਼ਨਰ ਟੀ.ਸੀ.ਏ. ਰਾਘਵਨ ਨੇ ਦੱਸਿਆ ਕਿ ਸਿੱਧੇ ਪੂੰਜੀ ਨਿਵੇਸ਼ ਵਿਚ ਸਿੰਗਾਪੁਰ ਭਾਰਤ ਦਾ ਦੂਜਾ ਸਭ ਤੋਂ ਵੱਧ ਭਾਈਵਾਲ ਹੈ। ਸਿੰਗਾਪੁਰ ਦਾ ਭਾਰਤ ਵਿਚ 14 ਕਰੋੜ ਅਮਰੀਕੀ ਡਾਲਰ ਦਾ ਨਿਵੇਸ਼ ਹੈ। ਭਾਰਤ ਚਾਹੁੰਦਾ ਹੈ ਕਿ ਸਿੰਗਾਪੁਰ ਭਾਰਤ ਵਿਚ ਪੂੰਜੀ ਨਿਵੇਸ਼ ਵਧਾਏ ਕਿਉਂਕਿ ਸਿੰਗਾਪੁਰ ਦਾ ਚੀਨ ਵਿਚ ਸਿੱਧਾ ਪੂੰਜੀ ਨਿਵੇਸ਼ ਭਾਰਤ ਨਾਲੋਂ ਅੱਠ ਗੁਣਾ ਵੱਧ ਹੈ। ਭਾਰਤ ਤੇ ਸਿੰਗਾਪੁਰ ਵਿਚ ਦੁਵੱਲਾ ਵਪਾਰ 17 ਕਰੋੜ ਅਮਰੀਕੀ ਡਾਲਰ ਦਾ ਹੈ ਤੇ ਭਾਰਤ ਦੀ ਸਿੰਗਾਪੁਰ ਨੂੰ ਬਰਾਮਦ 10 ਕਰੋੜ ਅਮਰੀਕੀ ਡਾਲਰ ਦੇ ਲਗਪਗ ਹੈ। ਭਾਰਤ ਤੇ ਸਿੰਗਾਪੁਰ ਨੇ ਦੋ ਸਮਝੌਤੇ ਕੀਤੇ ਹਨ ਜਿਨ੍ਹਾਂ ਵਿਚ ਸਭਿਆਚਾਰਕ ਅਦਾਨ-ਪ੍ਰਦਾਨ ਪ੍ਰੋਗਰਾਮ ਤੇ ਸਿੰਗਾਪੁਰ 'ਚ ਸ਼ਹਿਰੀ ਵਿਕਾਸ ਬਾਰੇ ਭਾਰਤ ਦੇ ਆਈ.ਸੀ.ਐਸ. ਅਧਿਕਾਰੀ ਨੂੰ ਟਰੇਨਿੰਗ ਦੇਣਾ ਸ਼ਾਮਲ ਹੈ। ਇਸ ਮੌਕੇ ਡਾ. ਮਨਮੋਹਨ ਸਿੰਘ ਨੇ ਸਿੰਗਾਪੁਰ ਦੇ ਪ੍ਰਧਾਨ ਮੰਤਰੀ ਨੂੰ ਅਗਲੇ ਸਾਲ ਭਾਰਤ ਯਾਤਰਾ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਪਿਛਲੇ ਕੁਝ ਸਾਲਾਂ ਵਿਚ ਭਾਰਤ ਵੱਲੋਂ ਕੀਤੇ ਵਿਕਾਸ 'ਤੇ ਆ ਕੇ ਨਜ਼ਰ ਮਾਰਨ ਤੇ ਇਸ ਵਿਚ ਸਿੰਗਾਪੁਰ ਦੇ ਭਰਵੇਂ ਯੋਗਦਾਨ ਨੂੰ ਦੇਖਣ।

ਉਨ੍ਹਾਂ ਕਿਹਾ ਕਿ ਸੁਰੱਖਿਆ, ਰਾਜਨੀਤੀ ਅਤੇ ਰੱਖਿਆ ਸਹਿਯੋਗ ਵਿਚ ਦੋਵਾਂ ਦੇਸ਼ਾਂ ਦੇ ਸਥਿਰ ਸਬੰਧ ਹਨ। ਉਨ੍ਹਾਂ ਦੱਸਿਆ ਕਿ ਅੱਜ ਦੇ ਸਮੇਂ 'ਚ ਭਾਰਤ ਸਮੇਤ ਗਿਆਰਾਂ ਦੇਸ਼ ਸਿੰਗਾਪੁਰ ਨਾਲ ਸਿੱਧੇ ਹਵਾਈ ਮਾਰਗ ਨਾਲ ਜੁੜੇ ਹੋਏ ਹਨ। ਉਨ੍ਹਾਂ ਨਲੰਦਾ ਯੂਨੀਵਰਸਿਟੀ ਲਈ ਸਿੰਗਾਪੁਰ ਦੇ ਨਿਰੰਤਰ ਸਹਿਯੋਗ ਦੀ ਵੀ ਭਰਵੀਂ ਪ੍ਰਸੰਸਾ ਕੀਤੀ।

## ਮਹਾਂ ਸਭਾ 'ਚ ਇਰਾਨ ਖ਼ਿਲਾਫ਼ ਵੋਟਿੰਗ 'ਚੋਂ ਭਾਰਤ ਗ਼ੈਰਹਾਜ਼ਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਆਮ ਸਭਾ ਵਿਚ ਭਾਰੀ ਸਮਰਥਨ ਨਾਲ ਪਾਸ ਹੋਏ ਮਤੇ ਵਿਚ ਇਰਾਨ ਨੂੰ ਅਮਰੀਕਾ 'ਚ ਸਾਊਦੀ ਅਰਬ ਦੇ ਸਫ਼ੀਰ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਦੀ ਜਾਂਚ 'ਚ ਸਹਿਯੋਗ ਕਰਨ ਲਈ ਕਿਹਾ ਗਿਆ ਹੈ। ਭਾਰਤ ਇਸ ਵੋਟਿੰਗ ਵਿਚੋਂ ਗੈਰਹਾਜ਼ਰ ਰਿਹਾ।

ਆਮ ਸਭਾ ਦੇ 193 ਮੈਂਬਰਾਂ ਅੱਗੇ ਅਮਰੀਕਾ ਤੇ ਸਾਊਦੀ ਅਰਬ ਵੱਲੋਂ ਲਿਆਂਦੇ ਗਏ ਮਤੇ ਦੇ ਹੱਕ ਵਿਚ 106 ਤੇ ਵਿਰੋਧ 'ਚ 9 ਵੋਟਾਂ ਪਈਆਂ ਜਦਕਿ 40 ਮੈਂਬਰ ਗੈਰਹਾਜ਼ਰ ਰਹੇ। ਅਮਰੀਕਾ ਇਰਾਨ ਉਪਰ ਵਾਸ਼ਿੰਗਟਨ ਵਿਚਲੇ ਸਾਊਦੀ ਅਰਬ ਦੇ ਸਫ਼ੀਰ ਅਬਦੁਲ ਅਲ ਜੁਬੈਰ ਦੀ ਹੱਤਿਆ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਰਹਿਣ ਦਾ ਦੋਸ਼ ਲਾ ਰਿਹਾ ਹੈ। ਇਰਾਨ ਨੇ ਇਸ ਦਾ ਜ਼ੋਰਦਾਰ ਖੰਡਨ ਕੀਤਾ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਨੁਮਾਇੰਦੇ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਭਾਰਤ ਇਸ ਵੋਟਿੰਗ ਵਿਚ ਸ਼ਾਮਲ ਨਹੀਂ ਹੋਇਆ ਕਿਉਂਕਿ ਇਹ ਮਾਮਲਾ ਹਾਲੇ ਅਦਾਲਤ 'ਚ ਹੈ ਤੇ ਭਾਰਤ ਕੋਲ ਇਸ ਮਾਮਲੇ ਬਾਰੇ ਪੂਰੇ ਤੱਥ ਨਹੀਂ ਹਨ। ਇਸ ਮਤੇ ਵਿਚ ਇਰਾਨ 'ਤੇ ਸਿੱਧੇ ਤੌਰ 'ਤੇ ਦੋਸ਼ ਨਹੀਂ ਲਾਏ ਗਏ ਪਰ ਉਸ ਨੂੰ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣ ਤੇ ਇਸ ਸਾਜ਼ਿਸ਼ ਵਿਚ ਸ਼ਾਮਲ ਲੋਕਾਂ ਨੂੰ ਕਾਨੂੰਨ ਦੇ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕਰਨ ਵਾਲੇ ਮੁਲਕਾਂ ਨਾਲ ਸਹਿਯੋਗ ਕਰਨ ਲਈ ਕਿਹਾ ਗਿਆ ਹੈ। ਇਸ ਮਤੇ ਵਿਚ ਸੋਧਾਂ ਬਾਰੇ ਇਰਾਨ ਵੱਲੋਂ ਕਈ ਤਜਵੀਜ਼ਾਂ ਆਈਆਂ ਪਰ ਸਭਾ ਨੇ ਸਾਰੀਆਂ ਨੂੰ ਠੋਕਰ ਮਾਰ ਦਿੱਤੀ।

ਸ. ਪੁਰੀ ਨੇ ਕਿਹਾ ਕਿ ਭਾਰਤ ਖੁਦ ਅਤਿਵਾਦ ਤੋਂ ਪੀੜਤ ਹੈ ਤੇ ਉਹ ਹਰ ਕਿਸਮ ਦੇ ਅਤਿਵਾਦ ਦੀ ਆਲੋਚਨਾ ਕਰਦਾ ਹੈ।

# ਬ੍ਰਿਟਿਸ਼ ਕੋਲੰਬੀਆ ਦੀਆਂ ਮਿਊਂਸਪਲ ਚੋਣਾਂ 'ਚ ਪੰਜਾਬੀਆਂ ਦੀ ਬੱਲੇ-ਬੱਲੇ


ਬਲਜਿੰਦਰ ਕੌਰ


ਮੋਹਨੀ ਸਿੰਘ


ਮਹਿੰਦਰ ਸਿੰਘ ਗਿੱਲ


ਹਰਮਨ ਸਿੰਘ

**ਚੰਡੀਗੜ੍ਹ:** ਬ੍ਰਿਟਿਸ਼ ਕੋਲੰਬੀਆ ਦੀਆਂ ਸਥਾਨਕ ਸਰਕਾਰਾਂ ਬਾਰੇ ਚੋਣਾਂ ਲਈ ਪਈਆਂ ਵੋਟਾਂ 'ਚ ਪੰਜਾਬੀ ਮੂਲ ਦੇ ਕੈਨੇਡੀਅਨ ਉਮੀਦਵਾਰਾਂ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਬੀ.ਸੀ. ਵਿਚ ਮਿਊਂਸਪਲ ਕੌਂਸਲਰਾਂ ਤੇ ਸਕੂਲ ਟਰੱਸਟੀਆਂ ਦੀ ਚੋਣ ਲਈ ਵੱਡਾ ਮਤਦਾਨ ਹੋਇਆ ਤੇ ਐਲਾਨੇ ਨਤੀਜਿਆਂ 'ਚ ਹੋਰ ਭਾਈਚਾਰਿਆਂ ਸਮੇਤ ਪੰਜਾਬੀ ਕੈਨੇਡੀਅਨ ਵੀ ਐਬਟਸਫੋਰਡ, ਸਰੀ, ਬਰਨਬੀ, ਕਲੋਨਾ, ਕੈਮਲੂਪਸ, ਵਿਲੀਅਮਜ਼ ਲੇਕ, ਪੋਰਟ ਅਲਬਰਨੀ ਤੇ ਕੁਨੈਲ ਸ਼ਹਿਰਾਂ 'ਚ ਚੋਣਾਂ ਜਿੱਤਣ 'ਚ ਕਾਮਯਾਬ ਰਹੇ।

ਵੈਨਕੂਵਰ ਨੇੜਲੇ ਸ਼ਹਿਰ ਬਰਨਬੀ 'ਚ ਪੰਜਾਬੀਆਂ ਨੇ ਤਿੰਨ ਸੀਟਾਂ ਜਿੱਤ ਕੇ ਨਵਾਂ ਇਤਿਹਾਸ ਸਿਰਜਿਆ ਜਿਨ੍ਹਾਂ 'ਚ ਸਭ ਤੋਂ ਛੋਟੀ ਉਮਰ ਦੇ ਸਕੂਲ ਟਰੱਸਟੀ ਕੈਨੇਡੀਅਨ ਜੰਮਪਲ ਸਿੱਖ ਨੌਜਵਾਨ ਹਰਮਨ ਸਿੰਘ ਪੰਧੇਰ ਜੱਦੀ ਪਿੰਡ ਝੱਮਟ ਜ਼ਿਲ੍ਹਾ ਲੁਧਿਆਣਾ ਨੇ 13438 ਵੋਟਾਂ ਨਾਲ ਚੋਣ ਜਿੱਤੀ ਤੇ ਸਿੱਖ ਰਿਸਰਚ ਇੰਸਟੀਚਿਊਟ ਦੀ ਪ੍ਰਬੰਧਕ ਵਲੰਟੀਅਰ ਬੀਬੀ ਬਲਜਿੰਦਰ ਕੌਰ ਨਾਰੰਗ 14638 ਵੋਟਾਂ ਲੈ ਕੇ ਮੁੜ ਕਾਮਯਾਬ ਹੋਈ।

ਪੰਜਾਬ ਤੋਂ ਕਪੂਰਥਲਾ ਜ਼ਿਲ੍ਹਾ 'ਚ ਪੈਂਦੇ ਪਿੰਡ ਮਾਧੋਪੁਰ ਦੇ ਜੰਮਪਲ ਤੇ ਸੂਬੇ ਦੇ ਵਿਰੋਧੀ ਦਲ ਨਿਊ ਡੈਮੋਕਰੇਟਿਕ ਪਾਰਟੀ ਦੇ ਪ੍ਰਧਾਨ ਰਹਿ ਚੁੱਕੇ ਸਤਵਿੰਦਰ ਸਿੰਘ (ਸੈਵ) ਧਾਲੀਵਾਲ ਬਰਨਬੀ ਤੋਂ 17029 ਵੋਟਾਂ ਨਾਲ ਚੌਥੀ ਵਾਰ ਕੌਂਸਲਰ ਚੁਣੇ ਗਏ। ਫਰੇਜ਼ਰ ਵੈਲੀ ਦੇ ਸ਼ਹਿਰ ਐਬਟਸਫੋਰਡ 'ਚ 1905 ਤੋਂ ਵਸੇ ਪਿੰਡ ਚੰਨਣਵਾਲ ਦੇ ਗਿੱਲ ਪਰਿਵਾਰ ਦੇ ਪੋਤਰੇ ਤੇ ਸਾਬਕਾ ਡਿਪਟੀ ਮੇਅਰ ਮਹਿੰਦਰ ਸਿੰਘ (ਮੋਅ) ਗਿੱਲ 9686 ਵੋਟਾਂ ਲੈ ਕੇ 6ਵੀਂ ਵਾਰ ਕੌਂਸਲਰ ਬਣੇ ਹਨ ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੋਰਾਂਵਾਲੀ ਦੇ ਪ੍ਰੀਤ ਮਹਿੰਦਰ ਸਿੰਘ ਰਾਏ ਮੁੜ ਸਕੂਲ ਟਰੱਸਟੀ ਚੁਣੇ ਜਾਣ ਲਈ10793 ਵੋਟਾਂ ਲੈਣ 'ਚ ਸਫਲ ਰਹੇ ਹਨ।

ਸੂਬੇ ਦੀ ਸਭ ਤੋਂ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰ ਸਰੀ 'ਚ ਦੋਵੇਂ ਕੌਂਸਲਰ ਮੁੜ ਜੇਤੂ ਕਰਾਰ ਦਿੱਤੇ ਗਏ ਹਨ ਜਿਨ੍ਹਾਂ 'ਚ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਲਾਲਪੁਰ ਨਾਲ ਸਬੰਧਤ ਟੌਮ ਗਿੱਲ ਨੇ 39917 ਤੇ ਜ਼ਿਲ੍ਹਾ ਲੁਧਿਆਣਾ ਦੇ ਸਿੱਖ ਆਗੂ ਗਿਆਨੀ ਅਰਜਨ ਸਿੰਘ 'ਲਿਟ' ਦੀ ਦੋਹਤੀ ਬਰਿੰਦਰ ਕੌਰ ਰਸੋਡੇ ਨੇ 33616 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਹੈ ਜਦਕਿ ਸਰੀ ਦੇ ਮੇਅਰ ਡਾਇਨਾਂ ਵਾਟਸ 55826 ਵੋਟਾਂ ਨਾਲ ਤੀਜੀ ਵਾਰ ਜੇਤੂ ਰਹੀ ਹੈ ਤੇ ਪੰਜਾਬੀ ਪਾਕਿਸਤਾਨੀ ਅਜ਼ਾਜ਼ ਅਹਿਮਦ ਚੱਠਾ ਦੇ ਮੁੜ ਸਕੂਲ ਟਰੱਸਟੀ ਨਾ ਚੁਣੇ ਜਾਣ ਨਾਲ ਸਕੂਲ ਬੋਰਡ 'ਚ ਪੰਜਾਬੀਆਂ ਦੀ ਨੁਮਾਇੰਦਗੀ ਖਤਮ ਹੋ ਗਈ ਹੈ।

ਵੈਨਕੂਵਰ ਤੋਂ ਵੀ ਇਕੋ-ਇਕ ਭਾਰਤੀ ਮੂਲ ਦੀ ਸੈਂਡੀ ਸ਼ਰਮਾ ਸਕੂਲ ਟਰੱਸਟੀ ਲਈ ਚੋਣ ਹਾਰ ਗਈ ਹੈ। ਵਿਲੀਅਮਜ਼ ਲੇਕ ਸ਼ਹਿਰ ਤੋਂ ਕਪੂਰਥਲਾ ਜ਼ਿਲ੍ਹੇ 'ਚ ਫਗਵਾੜਾ ਨੇੜਲੇ ਪਿੰਡ ਗੁਰਮਪੁਰ ਦੇ ਸੁਰਿੰਦਰਪਾਲ ਸਿੰਘ ਰਾਠੌਰ ਨੇ 7ਵੀਂ ਵਾਰ ਚੋਣ ਜਿੱਤ ਕੇ ਇਤਿਹਾਸ ਬਣਾਇਆ ਹੈ। ਹੋਰ ਛੋਟੇ ਸ਼ਹਿਰਾਂ 'ਚੋਂ ਪੋਅਰਟ ਅਲਬਰਨੀ ਤੋਂ ਹੀਰਾ ਚੋਪੜਾ 1801 ਵੋਟਾਂ ਲੈ ਕੇ 6ਵੀਂ ਵਾਰ ਜੇਤੂ ਰਹੇ ਹਨ ਜਿਨ੍ਹਾਂ ਦਾ ਪਿਛਲਾ ਪਿੰਡ ਭਾਈ ਦਿਆਲਪੁਰ, ਜ਼ਿਲ੍ਹਾ ਬਠਿੰਡਾ ਹੈ।

ਜਲੰਧਰ ਸ਼ਹਿਰ ਨਾਲ ਸਬੰਧਤ ਸੁਸ਼ੀਲ ਥਾਪਰ 1333 ਵੋਟਾਂ ਲੈ ਕੇ ਕੁਨੈਲ ਤੋਂ ਮੁੜ ਚੋਣ ਜਿੱਤ ਗਏ ਹਨ। ਕੈਂਪਲੂਪਸ ਤੋਂ ਅਰਜਨ ਸਿੰਘ 7330 ਵੋਟਾਂ ਲੈ ਕੇ ਮਿਊਂਸੀਪਲ ਕੌਂਸਲਰ ਚੁਣੇ ਗਏ ਹਨ ਤੇ ਕਲੋਨਾ ਤੋਂ ਸਾਬਕਾ ਰੇਡੀਓ ਪੱਤਰਕਾਰ ਤੇ ਆਰਡਰ ਆਫ ਬੀ.ਸੀ. ਖਿਤਾਬ ਜੇਤੂ ਮੋਹਿਨੀ ਸਿੰਘ 10,077 ਵੋਟਾਂ ਲੈ ਕੇ ਚੋਣ ਜਿੱਤਣ 'ਚ ਕਾਮਯਾਬ ਹੋਏ ਹਨ। ਗੋਲਡਨ ਸ਼ਹਿਰ ਤੋਂ ਕੁਲਜੀਤ ਕੌਰ ਜਸਵਾਲ ਸਿਰਫ 15 ਵੋਟਾਂ ਦੇ ਫਰਕ ਨਾਲ ਚੋਣਾਂ ਹਾਰ ਗਏ ਹਨ।

## ਭਾਈ ਹਵਾਰਾ 'ਤੇ ਹਮਲਾ ਵੱਡੀ ਸਾਜ਼ਿਸ਼ ਕਰਾਰ

**ਨਵੀਂ ਦਿੱਲੀ:** ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਮਾਮਲੇ ਸਬੰਧੀ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਭੋਗ ਰਹੇ ਭਾਈ ਪਰਮਜੀਤ ਸਿੰਘ ਭਿਉਰਾ ਨੇ ਚੰਡੀਗੜ੍ਹ ਕੋਰਟ ਕੰਪਲੈਕਸ ਵਿਚ ਆਪਣੇ ਤੇ ਅਪਣੇ ਸਾਥੀ ਭਾਈ ਜਗਤਾਰ ਸਿੰਘ ਹਵਾਰਾ 'ਤੇ ਹੋਏ ਹਮਲੇ ਦੀ ਸਾਜ਼ਿਸ਼ ਨੂੰ ਉਚੱਚ ਪੱਧਰ 'ਤੇ ਘੜੇ ਜਾਣ ਦਾ ਖ਼ਦਸ਼ਾ ਪ੍ਰਗਟਾਇਆ ਹੈ।ਦਿੱਲੀ ਦੀ ਤਿਹਾੜ ਜੇਲ੍ਹ ਦੇ ਹਾਈਰਿਸਕ ਵਾਰਡ 'ਚ ਕੈਦ ਭਾਈ ਪਰਮਜੀਤ ਸਿੰਘ ਭਿਉਰਾ ਨੇ ਅਪਣੇ ਵੱਡੇ ਭਰਾ ਅਵਤਾਰ ਸਿੰਘ ਭਿਉਰਾ ਰਾਹੀਂ ਭੇਜੀ ਚਿੱਠੀ ਵਿਚ ਲਿਖਿਆ ਹੈ ਕਿ ਚੰਡੀਗੜ੍ਹ ਪੇਸ਼ੀ ਦੌਰਾਨ ਹਿੰਦੂ ਸੁਰੱਖਿਆ ਸੰਮਤੀ ਵੱਲੋਂ ਕੀਤਾ ਗਿਆ ਕਾਤਲਾਨਾ ਹਮਲਾ ਬਹੁਤ ਹੀ ਘਟੀਆ ਦਰਜੇ ਦਾ ਤੇ ਬੁਜ਼ਦਿਲਾਨਾ ਸੀ। ਇਹ ਹਮਲਾ ਖ਼ਾਸ ਤੌਰ 'ਤੇ ਮਿਥ ਕੇ ਚੰਡੀਗੜ੍ਹ ਪੁਲਿਸ ਪ੍ਰਸ਼ਾਸਨ ਤੇ ਹਿੰਦੂ ਜਥੇਬੰਦੀ ਦੀ ਮਿਲੀਭੁਗਤ ਨਾਲ ਹੋਇਆ ਹੈ ਕਿਉਂਕਿ ਇਹ ਲੋਕ ਪਹਿਲਾਂ ਤੋਂ ਹੀ ਮੀਡੀਆ ਵਿਚ ਧਮਕੀਆਂ ਦੇ ਰਹੇ ਸਨ। ਇਨ੍ਹਾਂ ਲੋਕਾਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਦਾ ਪੰਜਾਬ ਸਰਕਾਰ ਵੱਲੋਂ ਕੋਈ ਨੋਟਿਸ ਨਾ ਲੈਣਾ ਇਹ ਸਿੱਧ ਕਰਦਾ ਹੈ ਕਿ ਇਸ ਦੀ ਸਾਜ਼ਿਸ਼ ਉਚੱਚ ਪੱਧਰ 'ਤੇ ਰਚੀ ਗਈ ਸੀ। ਜ਼ਿਕਰਯੋਗ ਹੈ ਕਿ ਭਾਈ ਹਵਾਰਾ ਨੇ ਵੀ ਚਿੱਠੀ ਲਿਖ ਕੇ ਹਮਲੇ ਬਾਰੇ ਕੁਝ ਇਸੇ ਤਰ੍ਹਾਂ ਦਾ ਪ੍ਰਗਟਾਵਾ ਕੀਤਾ ਸੀ। ਹਮਲਾਵਰਾਂ ਨੂੰ ਇਤਿਹਾਸ ਪੜ੍ਹ ਲੈਣ ਦੀ ਸਲਾਹ ਦਿੰਦਿਆਂ ਭਾਈ ਭਿਉਰਾ ਨੇ ਚਿੱਠੀ 'ਚ ਲਿਖਿਆ ਹੈ ਕਿ ਜਿਨ੍ਹਾਂ ਲੋਕਾਂ ਨੇ ਅਪਣੀ ਔਕਾਤ ਤੋਂ ਬਾਹਰ ਜਾ ਕੇ ਇਸ ਨਾਕਾਮ ਹਮਲੇ ਨੂੰ ਅੰਜ਼ਾਮ ਦਿੱਤਾ ਹੈ, ਉਹ ਇਤਿਹਾਸ ਫ਼ਰੋਲ ਕੇ ਦੇਖ ਲੈਣ ਉਨ੍ਹਾਂ ਦੇ ਪੁਰਖੇ ਮੁਗਲਾਂ ਤੋਂ ਆਪਣੇ ਮੂੰਹਾਂ ਵਿਚ ਪਾਨ ਥੁਕਵਾਉਂਦੇ ਰਹੇ ਹਨ।

## ਪੰਜਾਬ ਸਰਕਾਰ ਵੱਲੋਂ 17 ਦਾਗ਼ੀ ਪੁਲਿਸ ਮੁਲਾਜ਼ਮਾਂ ਨੂੰ ਸਜ਼ਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਾਗ਼ੀ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਰੁਖ਼ ਦਾ ਇਜ਼ਹਾਰ ਕਰਦਿਆਂ ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਅਜਿਹੇ 17 ਪੁਲਿਸ ਮੁਲਾਜ਼ਮਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹਨ ਤੇ ਹੋਰ ਅਨੇਕਾਂ ਨੂੰ ਨੌਕਰੀ ਤੋਂ ਬਰਤਰਫ਼ ਕੀਤਾ ਗਿਆ ਹੈ। ਇਸ ਬਾਰੇ ਪੰਜਾਬ ਦੇ ਗ੍ਰਹਿ ਤੇ ਨਿਆਂ ਵਿਭਾਗ ਦੇ ਸਕੱਤਰ ਸਮੀਰ ਕੁਮਾਰ ਨੇ ਹਾਈ ਕੋਰਟ ਵਿਚ ਹਲਫ਼ਨਾਮਾ ਦਾਇਰ ਕਰਦਿਆਂ ਦੱਸਿਆ ਕਿ 16 ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦੇਣ 'ਤੇ ਅਦਾਲਤ ਨੇ ਸਟੇਅ ਦਿੱਤੀ ਹੋਈ ਹੈ ਜਾਂ ਦੋਸ਼ੀ ਕਰਾਰ ਦਿੱਤੇ ਮੁਲਾਜ਼ਮਾਂ ਨੂੰ ਅਜਮਾਇਸ਼ 'ਤੇ ਰਿਹਾਅ ਕਰਨ ਦੇ ਹੁਕਮ ਅਦਾਲਤ ਨੇ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਤਕਰੀਬਨ ਛੇ ਕੇਸਾਂ 'ਤੇ ਸਰਗਰਮੀ ਨਾਲ ਗ਼ੌਰ ਹੋ ਰਹੀ ਹੈ ਜਦੋਂਕਿ ਦੋਸ਼ੀ ਕਰਾਰ ਦਿੱਤੇ ਗਏ ਡੀ.ਐਸ.ਪੀ. ਭੁਪਿੰਦਰ ਸਿੰਘ ਖੱਟੜਾ ਦੀ 'ਮੁਆਫ਼ੀ' ਲਈ ਅਪੀਲ ਰਾਜਪਾਲ ਕੋਲ ਵਿਚਾਰ ਅਧੀਨ ਹੈ। ਇਸ 'ਤੇ ਹਾਈ ਕੋਰਟ ਨੇ ਸਜ਼ਾਯਾਫਤਾ ਡੀ.ਐਸ.ਪੀ. ਭੁਪਿੰਦਰ ਸਿੰਘ ਖੱਟੜਾ ਨੂੰ ਨੌਕਰੀ ਤੋਂ ਹਟਾਉਣ ਲਈ ਹਫਤੇ ਦੇ ਅੰਦਰ-ਅੰਦਰ ਕਾਰਵਾਈ ਕਰਨ ਲਈ ਹੁਕਮ ਦਿੱਤਾ ਹੈ।

ਪਟੀਸ਼ਨਰ ਐਚ.ਸੀ. ਅਰੋੜਾ ਨੇ ਅਦਾਲਤ ਦਾ ਧਿਆਨ ਉਨ੍ਹਾਂ ਵੱਲੋਂ ਪੰਜਾਬ ਦੇ ਮੁੱਖ ਸਕੱਤਰ ਵਿਰੁੱਧ ਖੱਟੜਾ ਨੂੰ ਸਜ਼ਾ ਦਿੱਤੇ ਜਾਣ ਦੇ ਬਾਵਜੂਦ ਨੌਕਰੀ ਤੋਂ ਨਾ ਹਟਾਏ ਜਾਣ 'ਤੇ ਦਾਖਲ ਮਾਣ ਹਾਨੀ ਪਟੀਸ਼ਨ ਵੱਲ ਦਿਵਾਇਆ। ਡੀ.ਐਸ.ਪੀ. 'ਤੇ ਪਾਸਪੋਰਟ ਤੇ ਪੰਚਨਾਮੇ ਨਾਲ ਛੇੜਛਾੜ ਕਰਕੇ ਮੁਲਜ਼ਮ ਨੂੰ ਭਾਰਤ ਤੋਂ ਬਾਹਰ ਭਜਾਉਣ ਦਾ ਦੋਸ਼ ਹੈ। ਇਕ ਜਨਹਿੱਤ ਪਟੀਸ਼ਨ ਵਿਚ 18 ਨਵੰਬਰ, 2008 ਨੂੰ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਾਰੇ ਸਜ਼ਾਯਾਫਤਾ ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾਉਣ ਦਾ ਹੁਕਮ ਦਿੱਤਾ ਸੀ।


ਗਾਖਲ ਭਰਾਵਾਂ ਦੀ ਕੰਪਨੀ

A & I Transport Inc.

123 E Lee Rd.,
Watsonville, CA, 95076
Ph:831-763-7805

11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ



> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ

Weekly Pay Roll

2011-12 ਮਾਡਲ ਦੇ ਨਵੇਂ ਨਕੋਰ ਟਰੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 1-888-664-4004
Fax: 831-724-2010 e-mail: aa@aitruckingllc.com



A&I WATSONVILLE, CA
ਏ. ਐਂਡ ਆਈ. ਟਰਾਂਸਪੋਰਟ ਵਾਟਸਨਵਿਲ, ਕੈਲੀਫੋਰਨੀਆ

# ਪੰਜਾਬ ਦੇ ਇੰਜੀਨੀਅਰਿੰਗ ਕਾਲਜਾਂ ਦਾ ਭੱਠਾ ਬੈਠਿਆ

## ਵਿਦਿਆਰਥੀਆਂ ਨੇ ਦਾਖਲੇ ਲੈਣ ਤੋਂ ਮੂੰਹ ਮੋੜਿਆ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਇੰਜਨੀਅਰਿੰਗ ਕਾਲਜਾਂ ਤੇ ਪੰਜਾਬ ਤਕਨੀਕੀ ਯੂਨੀਵਰਸਿਟੀ ਨਾਲ ਜੁੜੀਆਂ ਸਿੱਖਿਆ ਸੰਸਥਾਵਾਂ ਵਿਚ 22 ਹਜ਼ਾਰ ਦੇ ਕਰੀਬ ਸੀਟਾਂ ਖਾਲੀ ਰਹਿਣ ਕਾਰਨ ਇਨ੍ਹਾਂ ਸੰਸਥਾਵਾਂ ਦੀ ਹੋਂਦ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਭਿਆਨਕ ਵਿੱਤੀ ਸੰਕਟ ਦਾ ਸ਼ਿਕਾਰ ਹੋਈਆਂ ਇਨ੍ਹਾਂ ਸੰਸਥਾਵਾਂ ਦੀ ਹਾਲਤ ਇਸ ਕਦਰ ਤਰਸਯੋਗ ਹੋ ਗਈ ਹੈ ਕਿ ਦੋ ਦਰਜਨ ਦੇ ਕਰੀਬ ਇੰਜਨੀਅਰਿੰਗ ਕਾਲਜਾਂ ਦੇ ਮਾਲਕਾਂ ਨੂੰ ਕੋਈ ਖਰੀਦਦਾਰ ਹੀ ਨਹੀਂ ਲੱਭ ਰਿਹਾ। ਇਕ ਦਹਾਕਾ ਪਹਿਲਾਂ ਖੁੰਬਾਂ ਵਾਂਗੂ ਪੈਦਾ ਹੋਏ ਇੰਜਨੀਅਰਿੰਗ ਕਾਲਜਾਂ ਵਿਚੋਂ ਬਹੁਤਿਆਂ ਦੇ ਮਾਲਕਾਂ ਨੂੰ ਰੋਟੀ ਰੋਜ਼ੀ ਤਾਂ ਦੂਰ ਸਾਲਾਨਾ ਖਰਚੇ ਵੀ ਕੱਢਣੇ ਮੁਸ਼ਕਲ ਹੋ ਗਏ ਹਨ। ਸੀਟਾਂ ਖਾਲੀ ਰਹਿਣ ਕਾਰਨ ਕਾਲਜਾਂ ਨੂੰ ਵੱਡੀ ਵਿੱਤੀ ਸੱਟ ਵੱਜੀ ਹੈ। ਸੂਬੇ ਵਿਚ ਕੁੱਲ ਇੰਜਨੀਅਰਿੰਗ ਤੇ ਮੈਨੇਜਮੈਂਟ ਦੇ ਵੱਖ ਵੱਖ ਕਾਲਜਾਂ ਦੀ ਗਿਣਤੀ 400 ਦੇ ਕਰੀਬ ਹੈ। ਸਾਲ 2008 ਤੱਕ ਇੰਜਨੀਅਰਿੰਗ ਕਾਲਜਾਂ ਦੀ ਹਾਲਤ ਕੁਝ ਠੀਕ ਸੀ ਪਰ ਹੁਣ ਬੁਰੀ ਤਰ੍ਹਾਂ ਨਿਘਾਰ ਆ ਚੁੱਕਾ ਹੈ।

ਪੰਜਾਬ ਵਿਚ ਤਕਨੀਕੀ ਸਿੱਖਿਆ ਨਾਲ ਸਬੰਧਤ ਕੋਈ ਵੱਡਾ ਉਦਯੋਗ ਨਾ ਹੋਣ ਕਾਰਨ ਵੀ ਇਥੋਂ ਦੀਆਂ ਇਹ ਸੰਸਥਾਵਾਂ ਤਕਨੀਕੀ ਤੇ ਇੰਜਨੀਅਰਿੰਗ ਦੀ ਪੜ੍ਹਾਈ ਲਈ ਤਰਜੀਹੀ ਨਹੀਂ ਰਹੀਆਂ। ਪੰਜਾਬ ਸਰਕਾਰ ਨੇ ਕੌਮੀ ਪੱਧਰ ਦੀ ਸੰਸਥਾ ਆਈ.ਆਈ.ਟੀ. ਰੋਪੜ ਦੇ ਨਜ਼ਦੀਕ ਬਿਰਲਾ ਫਾਰਮ ਦੀ 250 ਏਕੜ ਜ਼ਮੀਨ 'ਤੇ ਤਕਨੀਕੀ ਸਿੱਖਿਆ ਨਾਲ ਸਬੰਧਤ ਉਦਯੋਗ ਦੀ ਸਥਾਪਨਾ ਤੋਂ ਟਾਲਾ ਵੱਟ ਲਿਆ ਹੈ। ਸੂਤਰਾਂ ਅਨੁਸਾਰ ਉਦਯੋਗ ਦੀ ਸਥਾਪਨਾ ਦੇ ਪ੍ਰਸਤਾਵ ਨੂੰ ਰੱਦ ਕਰਕੇ ਜ਼ਮੀਨ ਸਰਕਾਰ ਨੇ ਰੱਖਿਆ ਵਿਭਾਗ ਨੂੰ ਭਰਤੀ ਸਥਾਨ ਬਣਾਉਣ ਲਈ ਦੇਣ ਦਾ ਫੈਸਲਾ ਕਰ ਲਿਆ ਹੈ।

ਪੰਜਾਬ ਦੇ ਇੰਜਨੀਅਰਿੰਗ ਕਾਲਜਾਂ ਦੀ ਹਾਲਤ ਇਹ ਹੈ ਕਿ 102 ਕਾਲਜਾਂ ਦੀਆਂ 39900 ਸੀਟਾਂ ਵਿਚੋਂ ਮਸਾਂ 22000 ਦੇ ਕਰੀਬ ਸੀਟ ਭਰੀਆਂ ਹਨ। ਇਸੇ ਤਰ੍ਹਾਂ ਐਮ.ਟੈਕ ਦੀਆਂ 3732 ਸੀਟਾਂ ਵਿਚੋਂ 2358 ਹੀ ਭਰ ਸਕੀਆਂ, ਐਮ. ਫਾਰਮੇਸੀ ਦੇ ਕਾਲਜਾਂ ਦੀਆਂ ਤਾਂ 812 ਸੀਟਾਂ ਵਿਚੋਂ 500 ਦੇ ਤਕਰੀਬਨ ਸੀਟਾਂ ਹੀ ਭਰੀਆਂ ਹਨ ਤੇ ਐਮ.ਬੀ.ਏ. ਦੀਆਂ 10,000 ਸੀਟਾਂ ਵਿਚੋਂ 6000 ਦੇ ਕਰੀਬ ਸੀਟਾਂ ਖਾਲੀ ਰਹਿ ਗਈਆਂ ਹਨ। ਸੀਟਾਂ ਦੇ ਖਾਲੀ ਰਹਿਣ ਕਾਰਨ ਕਾਲਜਾਂ ਦੇ ਸਾਹਮਣੇ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ ਕਿਉਂਕਿ ਕਾਲਜਾਂ ਦੇ ਖਰਚੇ ਤਾਂ ਜਿਉਂ ਦੇ ਤਿਉਂ ਖੜ੍ਹੇ ਹਨ ਪਰ ਵਿਦਿਆਰਥੀ ਘਟਣ ਕਾਰਨ ਆਮਦਨ ਘਟ ਗਈ।

ਕਾਲਜਾਂ ਦੇ ਬੰਦ ਹੋਣ ਕਾਰਨ ਅਧਿਆਪਕਾਂ ਦੇ ਬੇਰੁਜ਼ਗਾਰ ਹੋਣ ਦਾ ਸੰਕਟ ਵੀ ਦਿਖਾਈ ਦੇ ਰਿਹਾ ਹੈ। ਕਾਲਜ ਮਾਲਕਾਂ ਦੀ ਯੂਨੀਅਨ ਪੰਜਾਬ ਅਨਏਡਿਡ ਤਕਨੀਕੀ ਸੰਸਥਾਵਾਂ ਦੇ ਪ੍ਰਧਾਨ ਜੇ.ਐਸ. ਧਾਲੀਵਾਲ ਦਾ ਕਹਿਣਾ ਹੈ ਕਿ ਸਰਕਾਰ ਨੇ ਇੰਜਨੀਅਰਿੰਗ ਕਾਲਜਾਂ ਨੂੰ ਬਚਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਵਿਚ ਤਕਨੀਕੀ ਸਿੱਖਿਆ ਦੇ ਖੇਤਰ 'ਚ ਵੱਡੀ ਭੂਮਿਕਾ ਨਿਭਾਉਣ ਵਾਲੀਆਂ ਸੰਸਥਾਵਾਂ ਨੂੰ ਸਰਕਾਰ ਕਮਾਈ ਦਾ ਸਾਧਨ ਸਮਝ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਨ੍ਹਾਂ ਸੰਸਥਾਵਾਂ ਨੂੰ ਕਰਾਂ ਤੋਂ ਛੋਟ ਦੇਵੇ ਤਾਂ ਸੰਸਥਾਵਾਂ ਬਚ ਸਕਦੀਆਂ ਹਨ।

ਹਾਸਲ ਜਾਣਕਾਰੀ ਮੁਤਾਬਕ ਮਾਲਵੇ ਦੇ ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸੰਗਰੂਰ ਤੇ ਮੁਕਤਸਰ ਵਿਚ ਤਾਂ ਬਹੁਤ ਸਾਰੀਆਂ ਇੰਜਨੀਅਰਿੰਗ ਸੰਸਥਾਵਾਂ ਹਨ ਜੋ ਬੰਦ ਹੋਣ ਕੰਢੇ ਪਹੁੰਚ ਗਈਆਂ ਹਨ ਪਰ ਖਰੀਦਦਾਰ ਕੋਈ ਵੀ ਨਹੀਂ। ਹੋਰ ਤਾਂ ਹੋਰ ਚੰਡੀਗੜ੍ਹ ਦੇ ਆਸ ਪਾਸ ਦੀਆਂ ਸੰਸਥਾਵਾਂ ਵੀ ਘਾਟੇ ਦਾ ਸ਼ਿਕਾਰ ਹਨ ਤੇ ਵਿਕਣ 'ਤੇ ਲੱਗੀਆਂ ਹੋਈਆਂ ਹਨ। ਗੁਰੂਕੁਲ ਵਿਦਿਆ ਪੀਠ ਦੇ ਮਾਲਕ ਮਨਮੋਹਨ ਕੁਮਾਰ ਗਰਗ ਅਨੁਸਾਰ ਉਸ ਵੱਲੋਂ ਪਿਛਲੇ ਕਈ ਸਾਲਾਂ ਤੋਂ ਇੰਜਨੀਅਰਿੰਗ ਤੇ ਬਿਜ਼ਨੈੱਸ ਮੈਨੇਜਮੈਂਟ ਦੀਆਂ 4 ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ।

ਇਨ੍ਹਾਂ ਸੰਸਥਾਵਾਂ ਦੇ ਘਾਟੇ ਵਿਚ ਜਾਣ ਕਾਰਨ ਇੱਕ ਕਾਲਜ ਤਾਂ ਵੇਚ ਦਿੱਤਾ ਗਿਆ ਹੈ ਤੇ ਬਾਕੀ ਦੀਆਂ ਸੰਸਥਾਵਾਂ ਵੇਚਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ 50 ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕਰਕੇ ਵੀ ਉਹ ਕਰਜ਼ਾਈ ਹੋਇਆ ਬੈਠਾ ਹੈ। ਇਸੇ ਤਰ੍ਹਾਂ ਦਾ ਹਾਲ ਬਾਕੀ ਦੀਆਂ ਸੰਸਥਾਵਾਂ ਦੇ ਮਾਲਕਾਂ ਨੇ ਸੁਣਾਇਆ ਪਰ ਉਨ੍ਹਾਂ ਆਪਣੀ ਸੰਸਥਾ ਦਾ ਨਾਂ ਗੁਪਤ ਰੱਖਣਾ ਚਾਹਿਆ।

# ਭਾਰਤ 'ਚ ਐਸਬੈਸਟਾਸ ਦੀ ਵਰਤੋਂ ਕੈਂਸਰ ਫੈਲਣ ਦੀ ਜੜ੍ਹ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ, ਕੈਨੇਡਾ ਤੇ ਰੂਸ ਵਰਗੇ ਦੇਸ਼ਾਂ ਵੱਲੋਂ ਵਰਤੋਂ ਲਈ ਪਾਬੰਦ ਕੀਤੇ ਗਏ ਖਤਰਨਾਕ ਪਦਾਰਥ ਐਸਬੈਸਟਾਸ ਭਾਰਤ ਵਿਚ ਕੈਂਸਰ ਦੇ ਮੁੱਖ ਕਾਰਨਾਂ ਵਿਚੋਂ ਇਕ ਹੈ। ਅਜਿਹਾ ਤੱਥ ਤੇ ਵਿਸ਼ਵ ਸਿਹਤ ਸੰਸਥਾ ਦਾ ਹਵਾਲਾ ਦਿੰਦਿਆਂ ਇਕ ਪਟੀਸ਼ਨਰ ਨੇ ਹਾਈ ਕੋਰਟ 'ਚ ਅਰਜ਼ੀ ਪਾ ਕੇ ਮੰਗ ਕੀਤੀ ਹੈ ਕਿ ਕੇਂਦਰ ਤੇ ਪੰਜਾਬ ਸਰਕਾਰ ਨੂੰ ਐਸਬੈਸਟਾਸ ਦੀ ਵਰਤੋਂ 'ਤੇ ਪਾਬੰਦੀ ਲਾਉਣ ਦੀ ਹਦਾਇਤ ਕੀਤੀ ਜਾਵੇ।

ਜਸਟਿਸ ਐਮ.ਐਮ. ਕੁਮਾਰ ਦੀ ਅਗਵਾਈ ਵਾਲੀ ਡਵੀਜ਼ਨ ਬੈਂਚ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਇਕ ਦਸੰਬਰ ਤੱਕ ਜਵਾਬ ਦੇਣ ਲਈ ਕਿਹਾ ਹੈ। ਗੋਬਿੰਦ ਠੁਕਰਾਲ ਤੇ ਹੋਰਾਂ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਸੀਮੈਂਟ ਬਣਾਉਣ ਲਈ ਐਸਬੈਸਟਾਸ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਰਾਟਰਡਮ ਕਾਨਫਰੰਸ ਵਿਚ ਐਸਬੈਸਟਾਸਟ ਨੂੰ ਖ਼ਤਰਨਾਕ ਪਦਾਰਥ ਕਰਾਰ ਦਿੱਤਾ ਜਾ ਚੁੱਕਾ ਹੈ ਤੇ ਵਿਸ਼ਵ ਸਿਹਤ ਸੰਸਥਾ (ਡਬਲਿਊਐਚਓ) ਨੇ ਐਸਬੈਸਟਾਸਟ ਦੀ ਵਰਤੋਂ ਨੂੰ ਕੈਂਸਰ ਦਾ ਵੱਡਾ ਕਾਰਨ ਮੰਨਿਆ ਹੈ।

ਪੰਜਾਬ ਵਿਚ ਗੰਦੇ ਪਾਣੀ ਕਾਰਨ ਕੈਂਸਰ ਹੋਣ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਇਹ ਇਸ ਲਈ ਵਾਪਰ ਰਿਹਾ ਹੈ ਕਿ ਪੀਣ ਦੇ ਪਾਣੀ ਦੀਆਂ ਪਾਈਪ ਲਾਈਨਾਂ ਸੀਮੈਂਟ ਦੀਆਂ ਵਿਛੀਆਂ ਹੋਈਆਂ ਹਨ ਤੇ ਇਨ੍ਹਾਂ ਪਾਈਪ ਲਾਈਨਾਂ ਬਣਾਉਣ ਵੇਲੇ ਐਸਬੈਸਟਾਸਟ ਦੀ ਵਰਤੋਂ ਹੋਈ ਹੈ। ਇਸ ਕਾਰਨ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਐਸਬੈਸਟਾਸਟ ਨਾਲ ਹੀ ਕੈਂਸਰ ਫੈਲ ਰਿਹਾ ਹੋਵੇ। ਪਟੀਸ਼ਨਰਾਂ ਨੇ ਕਿਹਾ ਕਿ ਐਸਬੈਸਟਾਸਟ ਦੀ ਵਰਤੋਂ ਖ਼ਤਰਨਾਕ ਹੋਣ ਦੇ ਚਲਦਿਆਂ ਅਮਰੀਕਾ, ਕੈਨੇਡਾ ਤੇ ਰੂਸ ਨੇ ਇਸ 'ਤੇ ਪਾਬੰਦੀ ਲਾ ਦਿੱਤੀ ਹੈ ਤੇ ਜਿਥੇ ਇਕ ਪਾਸੇ ਇਨ੍ਹਾਂ ਦੇਸ਼ਾਂ ਨੇ ਐਸਬੈਸਟਾਸਟ ਦੀ ਵਰਤੋਂ 'ਤੇ ਪਾਬੰਦੀ ਲਗਾਈ ਹੋਈ ਹੈ, ਉਥੇ ਇਨ੍ਹਾਂ ਦੇਸ਼ਾਂ ਕੋਲੋਂ ਹੀ ਐਸਬੈਸਟਾਸਟ ਆਯਾਤ ਕਰ ਕੇ ਭਾਰਤ ਸੀਮੈਂਟ ਬਣਾਉਣ ਵਿਚ ਇਸ ਦੀ ਵਰਤੋਂ ਕਰ ਰਿਹਾ ਹੈ।

ਅੰਕੜਿਆਂ ਦਾ ਹਵਾਲਾ ਦਿੰਦਿਆਂ ਪਟੀਸ਼ਨਰਾਂ ਨੇ ਦੱਸਿਆ ਹੈ ਕਿ ਦੇਸ਼ ਵਿਚ ਹਰ ਸਾਲ ਕੈਂਸਰ ਨਾਲ ਇਕ ਲੱਖ ਤੋਂ ਵੱਧ ਮੌਤਾਂ ਹੁੰਦੀਆਂ ਹਨ। ਇਨ੍ਹਾਂ ਤੱਥਾਂ ਦਾ ਹਵਾਲਾ ਦਿੰਦਿਆਂ ਪਟੀਸ਼ਨਰਾਂ ਨੇ ਮੰਗ ਕੀਤੀ ਹੈ ਕਿ ਭਾਰਤ ਤੇ ਖ਼ਾਸ ਕਰ ਕੇ ਪੰਜਾਬ ਵਿਚ ਐਸਬੈਸਟਾਸਟ ਦੀ ਵਰਤੋਂ 'ਤੇ ਰੋਕ ਲਾਈ ਜਾਵੇ। ਹਾਈ ਕੋਰਟ ਨੇ ਪਟੀਸ਼ਨ 'ਤੇ ਨੋਟਿਸ ਲੈਂਦਿਆਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬੀ ਕੀਤੀ ਜਾਵੇਗੀ।

# ਹਰਿਆਣਾ ਦੇ ਮੰਤਰੀਆਂ ਨੂੰ ਪੰਜਾਬੀ ਦਾ ਹੇਜ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਹੋਰ ਮਾਣ ਦਿੰਦਿਆਂ ਮੰਤਰੀਆਂ ਤੇ ਅਧਿਕਾਰੀਆਂ ਦੇ ਨਾਵਾਂ ਦੀਆਂ ਤਖ਼ਤੀਆਂ ਵੀ ਪੰਜਾਬੀ 'ਚ ਕਰ ਦਿੱਤੀਆਂ ਹਨ। ਚੰਡੀਗੜ੍ਹ ਵਿਚ ਸਥਿਤ ਹਰਿਆਣਾ ਸਕੱਤਰੇਤ ਵਿਚ ਬੈਠਦੇ ਮੰਤਰੀਆਂ ਤੇ ਅਫਸਰਾਂ ਦੇ ਨਾਵਾਂ ਦੀਆਂ ਤਖ਼ਤੀਆਂ ਪਹਿਲਾਂ ਅੰਗਰੇਜ਼ੀ ਤੇ ਹਿੰਦੀ ਵਿਚ ਹੀ ਸਨ ਤੇ ਹੁਣ ਪੰਜਾਬੀ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਆਪਣੇ ਨਾਂ ਦੀ ਤਖ਼ਤੀ 'ਤੇ ਅੰਗਰੇਜ਼ੀ ਤੇ ਹਿੰਦੀ ਦੇ ਨਾਲ ਪੰਜਾਬੀ ਨੂੰ ਥਾਂ ਦੇ ਦਿੱਤੀ ਸੀ। ਹਰਿਆਣਾ ਸਰਕਾਰ ਦੇ ਇਕੋ ਪਗੜੀਧਾਰੀ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਅਹੁਦੇ ਦਾ ਚਾਰਜ ਲੈਣ ਵਾਲੇ ਦਿਨ ਤੋਂ ਹੀ ਆਪਣੇ ਨਾਂ ਦੀ ਤਖ਼ਤੀ ਉਤੇ ਦੂਜੀਆਂ ਦੋਵੇਂ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਨੂੰ ਸ਼ਾਮਲ ਕਰ ਚੁੱਕੇ ਹਨ। ਉਨ੍ਹਾਂ ਨੇ ਵਿਧਾਨ ਸਭਾ ਵਿਚ ਆਪਣਾ ਪਹਿਲਾ ਭਾਸ਼ਣ ਵੀ ਪੰਜਾਬੀ ਵਿਚ ਹੀ ਦਿੱਤਾ ਸੀ। ਹਰਿਆਣਾ ਸਕੱਤਰੇਤ ਦੀ ਚੌਥੀ, ਛੇਵੀਂ ਤੇ ਅੱਠਵੀਂ ਮੰਜ਼ਲ 'ਤੇ ਪੰਜਾਬੀ ਵਿਚ ਲੱਗੀਆਂ ਤਖ਼ਤੀਆਂ ਦੇਖ ਕੇ ਪੰਜਾਬੀ ਪ੍ਰੇਮੀਆਂ ਦਾ ਮਨ ਖਿੜ੍ਹ ਜਾਂਦਾ ਹੈ।

ਹਰਿਆਣਾ ਸਰਕਾਰ ਵੱਲੋਂ ਦੋ ਮਹੀਨੇ ਪਹਿਲਾਂ ਪੱਤਰ ਜਾਰੀ ਕਰਕੇ ਰਾਜ ਦੇ ਚੰਡੀਗੜ੍ਹ ਤੇ ਪੰਚਕੂਲਾ ਸਥਿਤ ਦਫਤਰਾਂ ਦੀਆਂ ਤਖ਼ਤੀਆਂ ਉਤੇ ਵੀ ਅਫਸਰਾਂ ਦੇ ਨਾਂ ਪੰਜਾਬੀ ਵਿਚ ਲਿਖਣ ਦੇ ਹੁਕਮ ਦਿੱਤੇ ਗਏ ਸਨ। ਇਸ ਤੋਂ ਪਹਿਲਾਂ ਇਨ੍ਹਾਂ ਦੋਹਾਂ ਸ਼ਹਿਰਾਂ ਵਿਚ ਰਾਜ ਦੇ ਸਰਕਾਰੀ ਦਫਤਰਾਂ ਦੇ ਬਾਹਰ ਲੱਗੀਆਂ ਨਾਵਾਂ ਦੀਆਂ ਤਖ਼ਤੀਆਂ ਉਤੇ ਸਿਰਫ ਅੰਗਰੇਜ਼ੀ ਤੇ ਹਿੰਦੀ ਨੂੰ ਹੀ ਥਾਂ ਦਿੱਤੀ ਸੀ।

ਸਰਕਾਰ ਦਾ ਇਹ ਮੰਨਣਾ ਹੈ ਕਿ ਚੰਡੀਗੜ੍ਹ ਤੇ ਪੰਚਕੂਲਾ ਦੇ ਦਫਤਰਾਂ ਵਿਚ ਵੱਡੀ ਗਿਣਤੀ ਉਹ ਲੋਕ ਆਪਣੇ ਕੰਮ ਕਰਾਉਣ ਲਈ ਆਉਂਦੇ ਹਨ ਜਿਨ੍ਹਾਂ ਨੂੰ ਸਿਰਫ ਪੰਜਾਬੀ ਭਾਸ਼ਾ ਦਾ ਹੀ ਗਿਆਨ ਹੈ। ਇਹ ਵੱਖਰੀ ਗੱਲ ਹੈ ਕਿ ਸਰਕਾਰ ਦੇ ਇਨ੍ਹਾਂ ਹੁਕਮਾਂ ਦੀ ਪਾਲਣਾ ਵਿਚ ਦੇਰੀ ਹੋ ਗਈ ਹੈ। ਹਰਿਆਣਾ ਦੀ ਹੁੱਡਾ ਸਰਕਾਰ ਵੱਲੋਂ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਸੀ।

ਹਰਿਆਣਾ ਸਰਕਾਰ ਵੱਲੋਂ ਰਾਜ ਦੀਆਂ ਸੜਕਾਂ ਉਤੇ ਲੱਗੇ ਮੀਲ ਪੱਥਰਾਂ ਤੇ ਹੋਰਡਿੰਗਜ਼ ਵਿਚ ਵੀ ਪੰਜਾਬੀ ਨੂੰ ਸ਼ਾਮਲ ਕਰਨ ਸਮੇਤ ਹੋਰ ਕਈ ਫੈਸਲੇ ਕੀਤੇ ਗਏ ਹਨ ਪਰ ਇਨ੍ਹਾਂ ਨੂੰ ਲਾਗੂ ਕਰਨ 'ਚ ਤਕਨੀਕੀ ਕਾਰਨਾਂ ਕਰਕੇ ਦੇਰੀ ਹੋ ਰਹੀ ਹੈ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਵੀ ਪੰਜਾਬੀ ਨੂੰ ਵਧੇਰੇ ਮਾਣ ਸਤਿਕਾਰ ਦੁਆਉਣ ਲਈ ਯਤਨ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਦੇ ਵਧੀਕ ਪ੍ਰਿੰਸੀਪਲ ਸਕੱਤਰ ਡਾ. ਕੇ. ਕੇ. ਖੰਡੇਲਵਾਲ ਨੇ ਕਿਹਾ ਹੈ ਕਿ ਪਿਛਲੀ ਜੁਲਾਈ ਦੌਰਾਨ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕਈ ਫੈਸਲੇ ਕੀਤੇ ਗਏ ਸਨ ਜਿਨ੍ਹਾਂ ਨੂੰ ਲਾਗੂ ਕਰਨ ਲਈ ਛੇਤੀ ਹੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ।

# ਟਰੱਕ ਯੂਨੀਅਨ ਦੇ ਪ੍ਰਧਾਨ ਨੂੰ ਸੂਚਨਾ ਕਮਿਸ਼ਨਰ ਲਾਉਣ ਦੀ ਤਿਆਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਵੱਲੋਂ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਅਕਾਲੀ ਆਗੂ ਤੇ ਮਾਲੇਰਕੋਟਲਾ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਅਜੀਤ ਸਿੰਘ ਚੰਦੂਰਾਈਆਂ ਤੇ ਪੱਤਰਕਾਰ ਸੁਰਿੰਦਰ ਅਵਸਥੀ ਨੂੰ ਪੰਜਾਬ ਰਾਜ ਸੂਚਨਾ ਕਮਿਸ਼ਨ ਵਿਚ ਕਮਿਸ਼ਨਰ ਨਿਯੁਕਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਜਦਕਿ ਕਾਨੂੰਨੀ ਤੌਰ 'ਤੇ ਸਿਆਸੀ ਪਿਛੋਕੜ ਵਾਲੇ ਕਿਸੇ ਵਿਅਕਤੀ ਨੂੰ ਸੂਚਨਾ ਕਮਿਸ਼ਨ 'ਚ ਨਿਯੁਕਤ ਨਹੀਂ ਕੀਤਾ ਜਾ ਸਕਦਾ।

ਸੂਚਨਾ ਤੇ ਤਕਨਾਲੋਜੀ ਵਿਭਾਗ ਵੱਲੋਂ ਇਨ੍ਹਾਂ ਨਿਯੁਕਤੀਆਂ ਲਈ ਮੁਢਲੀ ਪ੍ਰਕਿਰਿਆ ਮੁਕੰਮਲ ਕਰ ਲਏ ਜਾਣ ਤੋਂ ਬਾਅਦ ਫਾਈਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜ ਦਿੱਤੀ ਗਈ ਹੈ। ਪ੍ਰਮੁੱਖ ਸਕੱਤਰ ਤਕਨੀਕੀ ਸਿੱਖਿਆ ਏ.ਆਰ. ਤਲਵਾਰ ਅਨੁਸਾਰ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਅਕਾਲੀ ਦਲ ਨਾਲ ਸਬੰਧਤ ਰਹੇ ਆਗੂ ਚੰਦੂਰਾਈਆਂ ਤੇ ਅਵਸਥੀ ਦੀ ਨਿਯੁਕਤੀ ਲਈ ਰਸਮੀ ਸਹਿਮਤੀ ਦੇ ਦਿੱਤੀ ਹੈ। ਇਹ ਨਿਯੁਕਤੀਆਂ ਜਲਦੀ ਹੀ ਕਰ ਦਿੱਤੀਆਂ ਜਾਣਗੀਆਂ।

ਜ਼ਿਕਰਯੋਗ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਦੇ ਨਿਯਮਾਂ ਮੁਤਾਬਕ ਮੁੱਖ ਮੰਤਰੀ, ਸੂਚਨਾ ਤਕਨਾਲੋਜੀ ਵਿਭਾਗ ਦੇ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ਵੱਲੋਂ ਸੂਚਨਾ ਕਮਿਸ਼ਨਰਾਂ ਦੀਆਂ ਨਿਯੁਕਤੀਆਂ ਲਈ ਸਹਿਮਤੀ ਦਿੱਤੀ ਜਾਂਦੀ ਹੈ ਫਿਰ ਰਾਜਪਾਲ ਅੰਤਮ ਪ੍ਰਵਾਨਗੀ ਦਿੰਦੇ ਹਨ। ਸੂਚਨਾ ਅਧਿਕਾਰ ਕਾਨੂੰਨ ਦੇ ਸੈਕਸ਼ਨ 15 (6) ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਜਿਸ ਕਿਸੇ ਵਿਅਕਤੀ ਨੂੰ ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ ਨਿਯੁਕਤ ਕਰਨਾ ਹੈ ਉਹ ਕਿਸੇ ਵੀ ਸਦਨ ਦਾ ਮੈਂਬਰ ਨਾ ਹੋਵੇ, ਕਿਸੇ ਸਿਆਸੀ ਪਾਰਟੀ ਨਾਲ ਸਬੰਧ ਨਾ ਰੱਖਦਾ ਹੋਵੇ, ਉਸ ਨੇ ਕੋਈ ਲਾਭ ਵਾਲਾ ਅਹੁਦਾ ਨਾ ਰੱਖਿਆ ਹੋਵੇ ਤੇ ਵਪਾਰ ਜਾਂ ਕੋਈ ਨਿੱਜੀ ਕਿੱਤਾ ਨਾ ਕਰਦਾ ਹੋਵੇ।

ਜੀਤ ਸਿੰਘ ਚੰਦੂਰਾਈਆਂ ਨੇ ਸਾਲ 2004 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਲੜੀਆਂ ਸਨ ਤੇ ਸਾਲ 2004 ਤੋਂ ਲੈ ਕੇ 2011 ਤੱਕ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ ਹਨ। ਇਸ ਤੋਂ ਇਲਾਵਾ ਉਹ ਮਾਲੇਰਕੋਟਲਾ ਟਰੱਕ ਯੂਨੀਅਨ ਦੇ ਤਕਰੀਬਨ 10 ਸਾਲ ਪ੍ਰਧਾਨ ਰਹੇ। ਉਨ੍ਹਾਂ ਸਾਲ 2002 ਵਿਚ ਮਾਲੇਰਕੋਟਲਾ ਵਿਧਾਨ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ। ਉਦੋਂ ਚੰਦੂਰਾਈਆਂ ਮਹਿਜ਼ 179 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ।

ਦੂਜੇ ਪਾਸੇ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਚੰਦੂਰਾਈਆਂ ਤੇ ਸੁਰਿੰਦਰ ਅਵਸਥੀ ਦੀ ਨਿਯੁਕਤੀ ਲਈ ਸਹਿਮਤੀ ਦੇਣ ਦੀ ਪੁਸ਼ਟੀ ਕੀਤੀ ਹੈ। ਅਵਸਥੀ ਪਿਛਲੇ 30 ਸਾਲਾਂ ਤੋਂ ਮੀਡੀਆ ਨਾਲ ਜੁੜੇ ਹੋਏ ਹਨ। ਸੂਚਨਾ ਕਮਿਸ਼ਨਰ ਦਾ ਰੁਤਬਾ ਰਾਜ ਦੇ ਮੁੱਖ ਸਕੱਤਰ ਦੇ ਬਰਾਬਰ ਦਾ ਹੁੰਦਾ ਹੈ। ਸਰਕਾਰ ਵੱਲੋਂ ਸੂਚਨਾ ਕਮਿਸ਼ਨਰ ਨੂੰ ਤਨਖਾਹਾਂ ਤੇ ਭੱਤਿਆਂ ਦੇ ਰੂਪ ਵਿਚ ਇਕ ਲੱਖ ਰੁਪਏ ਤੋਂ ਵੱਧ ਦਾ ਲਾਭ ਹਰ ਮਹੀਨੇ ਦਿੱਤਾ ਜਾਂਦਾ ਹੈ।

## ਹਾਈ ਕੋਰਟ ਨੇ ਨਿਯੁਕਤੀ ਦਾ ਅਮਲ ਰੋਕਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ ਰਾਜ ਸਰਕਾਰ ਨੇ ਸੂਚਨਾ ਕਮਿਸ਼ਨਰਾਂ ਦੀ ਨਿਯੁਕਤੀ ਦਾ ਅਮਲ ਰੋਕ ਦਿੱਤਾ ਹੈ। ਸੂਚਨਾ ਤਕਨਾਲੋਜੀ ਵਿਭਾਗ ਦੇ ਪ੍ਰਮੁੱਖ ਸਕੱਤਰ ਏ.ਆਰ. ਤਲਵਾਰ ਦਾ ਕਹਿਣਾ ਹੈ ਕਿ ਵਿਭਾਗ ਨੇ ਹਾਈ ਕੋਰਟ ਦੇ ਹੁਕਮਾਂ ਦੀ ਕਾਪੀ ਮੰਗਵਾਈ ਹੈ। ਉੱਚ ਅਦਾਲਤ ਦੇ ਹੁਕਮਾਂ ਨੂੰ ਵਾਚਣ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਗਲੀ ਪ੍ਰਕਿਰਿਆ ਉੱਚ ਅਦਾਲਤ ਦੇ ਹੁਕਮਾਂ ਦੇ ਮੱਦੇਨਜ਼ਰ ਹੀ ਸ਼ੁਰੂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਮਲੇਰਕੋਟਲਾ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਅਜੀਤ ਸਿੰਘ ਚੰਦੂਰਾਈਆਂ ਨੂੰ ਪੰਜਾਬ ਰਾਜ ਸੂਚਨਾ ਕਮਿਸ਼ਨ ਵਿਚ ਨਿਯੁਕਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਐਮ.ਐਮ. ਕੁਮਾਰ ਦੀ ਅਗਵਾਈ ਹੇਠਲੀ ਅਦਾਲਤ ਨੇ ਇਨ੍ਹਾਂ ਨਿਯੁਕਤੀਆਂ ਦੌਰਾਨ ਵੀ ਹਾਈ ਕੋਰਟ ਵੱਲੋਂ ਪੀ.ਪੀ.ਐਸ.ਸੀ. ਦੇ ਚੇਅਰਮੈਨ ਤੇ ਮੈਂਬਰਾਂ ਦੀ ਨਿਯੁਕਤੀ ਲਈ ਦਿੱਤੇ ਦਿਸ਼ਾ ਨਿਰਦੇਸ਼ ਅਪਨਾਉਣ ਦੀ ਗੱਲ ਕਹੀ ਹੈ। ਸੂਚਨਾ ਕਮਿਸ਼ਨ ਵਿਚ ਇਸ ਸਮੇਂ ਤਿੰਨ ਕਮਿਸ਼ਨਰਾਂ ਦੀਆਂ ਅਸਾਮੀਆਂ ਖਾਲੀ ਹਨ ਤੇ ਤਿੰਨ ਹੋਰ ਅਸਾਮੀਆਂ ਅਗਲੇ ਸਾਲ ਜਨਵਰੀ ਮਹੀਨੇ ਖਾਲੀ ਹੋ ਰਹੀਆਂ ਹਨ।

# ਵਪਾਰੀਓ ! ਬਖ਼ਸ਼ ਦਿਓ ਸਾਡੀ ਕਬੱਡੀ

■ ਹਰਮਿੰਦਰ ਢਿੱਲੋਂ

***ਪੰਜਾਬੀਆਂ ਵਿਚ ਅੰਨ੍ਹੇ ਜ਼ੋਰ ਦੀ ਬਾਤ ਪਾਉਂਦੀ ਰੰਗਲੇ ਪੰਜਾਬੀਆਂ ਦੀ ਰੰਗਲੀ ਖੇਡ ਕਬੱਡੀ ਦੀ ਪੰਜਾਬ ਸਰਕਾਰ ਦੇ ਦੂਜੇ ਵਿਸ਼ਵ ਕੱਪ ਨੇ ਮੁੜ ਚਰਚਾ ਛੇੜੀ। ਇਸ ਕੱਪ ਰਾਹੀਂ ਭਾਵੇਂ ਪੰਜਾਬ ਸਰਕਾਰ ਨੇ ਕਬੱਡੀ ਨੂੰ 'ਕੈਸ਼' ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਕਬੱਡੀ ਖਿਡਾਰੀਆਂ ਦਾ ਡਰੱਗੀ ਸਾਬਤ ਹੋਣਾ ਇਸ ਸੱਚ ਤੋਂ ਪਰਦੇ ਲਾਹ ਗਿਆ ਕਿ ਦੇਸ਼ ਵਿਦੇਸ਼ ਦੇ ਕਬੱਡੀ ਮੈਦਾਨਾਂ ਵਿਚ ਇਹ ਸੱਚ ਸਾਬਿਤ ਹੁੰਦਾ ਰਿਹਾ ਕਿ ਕੱਪ ਉਹੀ ਚੱਕਣਗੇ ਜਿਨ੍ਹਾਂ ਦੇ ਲੱਗਾ ਹੋਊ 'ਸਮਾਨਾ'...ਪੰਜਾਬ ਸਰਕਾਰ ਦੇ ਵਿਸ਼ਵ ਕੱਪ ਸਮੇਂ ਟਰਾਇਲ ਦੇਣ ਆਏ 'ਸੁਪਰ ਸਟਾਰਾਂ' ਦਾ ਡਰੱਗ ਟੈਸਟਾਂ ਤੋਂ ਭੱਜਣ ਦੀਆਂ ਖ਼ਬਰਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਕਬੱਡੀ ਵਿਚ ਸਭ ਅੱਛਾ ਨਹੀਂ ਹੈ। ਸਾਰੇ ਖਿਡਾਰੀਆਂ ਨੂੰ ਭਾਵੇਂ ਇਸ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਪਰ ਕਬੱਡੀ ਵਾਲੇ ਲੋਕ ਗੀਤਾਂ ਦੇ ਨਾਇਕ ਬਣੇ ਸੁਪਰ ਸਟਾਰ ਖਿਡਾਰੀ, ਕਬੱਡੀ ਮੈਦਾਨਾਂ ਵਿਚ ਕਿਵੇਂ ਗਲੈਡੀਏਟਰ ਬਣ ਪੱਟਾਂ 'ਤੇ ਥਾਪੀਆਂ ਮਾਰ ਜੋ ਪ੍ਰਦਰਸ਼ਨ ਕਰਦੇ ਸਨ, ਉਸ ਬਾਰੇ ਹੁਣ ਡਰੱਗ ਟੈਸਟ ਦੀਆਂ ਰਿਪੋਰਟਾਂ ਨੇ ਸਾਰਾ ਸੱਚ ਸਭ ਦੇ ਸਾਹਮਣੇ ਲਿਆ ਦਿੱਤਾ ਹੈ।***




ਡਰੱਗ ਦਾ ਕਬੱਡੀ ਤੋਂ ਇਲਾਵਾ ਹੋਰ ਖੇਡਾਂ ਨਾਲ ਵੀ 'ਰਿਸ਼ਤਾ' ਰਿਹਾ ਹੈ। ਮੈਡਲ ਜੇਤੂ ਕਈ ਖਿਡਾਰੀ ਬਾਅਦ ਵਿਚ ਡੋਪਿੰਗ ਦੇ ਦੋਸ਼ੀ ਨਿਕਲੇ। ਕਬੱਡੀ ਵਿਚ ਡਰੱਗ ਦੀ ਵਰਤੋਂ ਲਈ ਕੀ ਇਕੱਲੇ ਖਿਡਾਰੀ ਹੀ ਦੋਸ਼ੀ ਹਨ? ਜੇਕਰ ਇਸ ਸਵਾਲ ਦਾ ਉਤਰ ਲੱਭਿਆ ਜਾਵੇ ਤਾਂ ਖੇਡ ਕਬੱਡੀ ਨਾਲ ਜੁੜੇ ਕਈ ਕੋਚ, ਪ੍ਰਬੰਧਕਾਂ ਤੇ ਵਿਦੇਸ਼ਾਂ ਵਿਚ ਵਸਦੇ ਪ੍ਰਮੋਟਰਾਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਪੰਜਾਬ 'ਚ ਇਸ ਸਮੇਂ ਤਿੰਨ ਕਬੱਡੀ ਫੈਡਰੇਸ਼ਨਾਂ ਕੰਮ ਕਰ ਰਹੀਆਂ ਹਨ। ਤਿੰਨਾਂ ਫੈਡਰੇਸ਼ਨਾਂ ਦੀਆਂ 70 ਤੋਂ 80 ਦੇ ਕਰੀਬ ਕਬੱਡੀ ਅਕੈਡਮੀਆਂ ਦੇ ਖਿਡਾਰੀ ਖੇਡ ਮੈਦਾਨਾਂ ਵਿਚ ਪ੍ਰਦਰਸ਼ਨ ਕਰਦੇ ਹਨ। ਪੰਜਾਬੀਆਂ ਦੀ ਇਹ ਖੇਡ ਇਸ ਸਮੇਂ ਸਨਅਤ ਬਣ ਚੁੱਕੀ ਹੈ। ਹਰ ਵਰ੍ਹੇ ਵਿਦੇਸ਼ਾਂ ਤੋਂ ਆਉਂਦੇ ਕਰੋੜਾਂ ਰੁਪਏ ਨੇ ਜਿਥੇ ਖਿਡਾਰੀਆਂ ਦਾ ਆਰਥਿਕ ਪੱਖ ਮਜ਼ਬੂਤ ਕੀਤਾ ਹੈ, ਉਥੇ ਖਿਡਾਰੀਆਂ 'ਚੋਂ ਅੰਨ੍ਹੇਵਾਹ ਨਸ਼ੀਲੇ ਪਦਾਰਥਾਂ ਦੇ ਸੇਵਨ ਦੀਆਂ ਰਿਪੋਰਟਾਂ ਤੋਂ ਬਾਅਦ ਇਹ ਸੱਚ ਸਾਬਤ ਹੋ ਗਿਆ ਕਿ ਪਿਛਲੇ ਕੁਝ ਸਾਲਾਂ ਤੋਂ ਦੇਸ਼ ਵਿਦੇਸ਼ ਦੇ ਮੈਦਾਨਾਂ ਵਿਚ ਡਰੱਗ ਦੀਆਂ ਰੇਡਾਂ ਪੈਂਦੀਆਂ ਹਨ ਅਤੇ ਜੱਫੇ ਲੱਗਦੇ ਰਹੇ।

ਪੰਜਾਬ ਦੇ ਕਬੱਡੀ ਕੱਪਾਂ ਜਾਂ ਵੱਡੇ ਖੇਡ ਮੇਲਿਆਂ ਦੇ ਖਤਮ ਹੋਣ ਤੋਂ ਬਾਅਦ ਇਹ ਖਬਰਾਂ ਅਕਸਰ ਹੀ ਪੜ੍ਹਨ ਸੁਣਨ ਨੂੰ ਮਿਲਦੀਆਂ ਸਨ ਕਿ ਫਲਾਣੇ ਕੱਪ 'ਤੇ ਕਬੱਡੀ ਖਿਡਾਰੀਆਂ ਵੱਲੋਂ ਟੀਕੇ ਲਾਉਣ ਲਈ ਵਰਤੀਆਂ ਸਰਿੰਜਾਂ ਤੇ ਸੂਈਆਂ ਮਿਲੀਆਂ ਹਨ। ਵਿਦੇਸ਼ਾਂ 'ਚੋਂ ਕਬੱਡੀ ਦੇ ਪ੍ਰਦਰਸ਼ਨ ਸਮੇਂ ਖਿਡਾਰੀਆਂ ਦੀਆਂ ਲਾਲ ਸੂਹੀਆਂ ਅੱਖਾਂ ਜਾਂ ਮੈਦਾਨ 'ਚੋਂ ਉਛਲਦੇ ਰਹਿਣਾ, ਪਿਛਲੇ ਵਰ੍ਹੇ ਇਕ ਸਟਾਰ ਜਾਫੀ ਤੇ ਸਟਾਰ ਰੇਡਰ ਦਾ ਖੇਡ ਮੈਦਾਨ 'ਚ ਸਿਰਫ ਚੰਦ ਸੈਕਿੰਡਾਂ ਵਿਚ ਆਕੜ ਜਾਣਾ ਜਾਂ ਫਿਰ ਇਕ ਹੀ ਮੈਚ ਵਿਚ ਕਾਇਮ ਹੋ ਕੇ 'ਹੀਰੋ' ਵਰਗਾ ਪ੍ਰਦਰਸ਼ਨ ਤੇ ਦੂਜੇ ਮੈਚ ਵਿਚ 'ਸਮਾਨਾ' (ਖਿਡਾਰੀਆਂ ਦੀ ਪ੍ਰੀਭਾਸ਼ਾ 'ਚ) ਨਾ ਮਿਲਣ ਕਰਕੇ ਜ਼ੀਰੋ ਪ੍ਰਦਰਸ਼ਨ ਕਰਨਾ ਇਹ ਸਾਬਿਤ ਕਰਦਾ ਹੈ ਕਿ ਕਬੱਡੀ 'ਚ ਡਰੱਗ ਦੀ ਆਮਦ ਨੇ ਕਬੱਡੀ ਖਿਡਾਰੀਆਂ ਦੀ ਮਾਨਸਿਕਤਾ 'ਤੇ ਕਬਜ਼ਾ ਕਰ ਲਿਆ ਹੈ। ਚੰਦ ਵਰ੍ਹੇ ਪਹਿਲਾਂ ਟੀਕਿਆਂ ਦੀ ਪੇਟੀ ਲੱਕ ਨੂੰ ਲਾਈ ਇਕ ਕੌਮਾਤਰੀ ਸਟਾਰ ਵੈਨਕੂਵਰ ਏਅਰਪੋਰਟ 'ਤੇ ਮੋਟੇ ਮਾਲ ਸਮੇਤ ਇਮੀਗਰੇਸ਼ਨ ਅਧਿਕਾਰੀਆਂ ਦੇ ਅੜਿੱਕੇ ਆ ਗਿਆ ਜਿਸ ਨੂੰ ਬਾਅਦ ਵਿਚ ਏਅਰਪੋਰਟ ਤੋਂ ਡਿਪੋਰਟ ਕੀਤਾ ਗਿਆ।

ਅੱਜ ਪੰਜਾਬ 'ਚ ਕਬੱਡੀ ਕੱਪ ਵੱਡੀ ਤਾਦਾਦ ਵਿਚ ਹੋਣ ਲੱਗੇ ਹਨ। ਫੈਡਰੇਸ਼ਨ ਦੇ ਖਿਡਾਰੀਆਂ ਨੂੰ ਹਰ ਰੋਜ਼ ਕੱਪ ਖੇਡਣੇ ਪੈਂਦੇ ਹਨ। ਕਬੱਡੀ ਦੇ ਕੁਝ ਕੋਚਾਂ ਕੋਲ 25 ਤੋਂ ਲੈ ਕੇ 60 ਖਿਡਾਰੀ ਉਨ੍ਹਾਂ ਦੀ ਅਗਵਾਈ ਵਿਚ ਖੇਡਦੇ ਹਨ। ਇਕ ਕੱਪ ਵਿਚ ਤੇਰਾਂ ਚੌਦਾਂ ਖਿਡਾਰੀ ਹੀ ਖੇਡ ਸਕਦੇ ਹਨ। ਟੀਮ ਦੇ ਕੋਚ ਅਕਸਰ ਹੀ ਸਟਾਰ ਖਿਡਾਰੀਆਂ 'ਤੇ ਨਿਰਭਰ ਹੁੰਦੇ ਹਨ। ਇਸ ਕਰਕੇ ਕੋਚ ਉਹੀ ਖਿਡਾਰੀ ਖਿਡਾਉਂਦੇ ਹਨ ਜਿਹੜੇ ਜੇਤੂ ਕੱਪ ਦੇ ਭਾਈਵਾਲ ਬਣ ਸਕਣ।

ਕਬੱਡੀ ਖਿਡਾਰੀ ਰੋਜ਼ਾਨਾ ਇਕੋ ਹੀ ਪ੍ਰਫਾਰਮੈਂਸ ਨਹੀਂ ਦੇ ਸਕਦੇ। ਰੋਜ਼ਾਨਾ ਖੇਡ ਖੇਡ ਕੇ ਖਿਡਾਰੀਆਂ ਦਾ ਥੱਕਣਾ ਸੁਭਾਵਿਕ ਹੈ, ਦੂਜੇ ਪਾਸੇ ਕੋਚਾਂ ਕੋਲ ਖਿਡਾਰੀਆਂ ਦੀ ਵੱਡੀ ਫੌਜ ਹੈ। ਜਿਹੜਾ ਖਿਡਾਰੀ ਠੀਕ ਪ੍ਰਫਾਰਮੈਂਸ ਨਾ ਦੇ ਸਕਿਆ, ਉਹ ਕੋਚ ਦੀ ਹਰਮਨ ਪਿਆਰਤਾ ਖੋਹ ਬੈਠੇਗਾ। ਇਕ ਵਾਰੀ ਟੀਮ 'ਚੋਂ ਨਿਕਲਿਆ ਖਿਡਾਰੀ ਜਲਦੀ ਵਾਪਸੀ ਨਹੀਂ ਕਰਦਾ। ਕੋਚਾਂ ਕੋਲ ਲੰਬੇ ਐਗਰੀਮੈਂਟ ਵਿਦੇਸ਼ਾਂ 'ਚੋਂ ਨਾ ਖੇਡਣ ਜਾਣ ਦੀ ਆਗਿਆ ਜਾਂ ਖਿਡਾਰੀ ਨੂੰ ਖੇਡ ਕਰੀਅਰ ਬਰਬਾਦ ਹੋਣ ਦਾ ਖਦਸ਼ਾ ਵੀ ਖੇਡ ਮੈਦਾਨ ਵਿਚ ਘੋੜੇ ਵਰਗਾ ਪ੍ਰਦਰਸ਼ਨ ਵਾਇਆ ਡਰੱਗ ਲੈ ਕੇ ਕਰਨ ਲਈ ਮਜਬੂਰ ਕਰਦਾ ਹੈ। ਜਿਹੜੇ ਕੋਚ ਅੱਜ ਇਹ ਕਹਿੰਦੇ ਹਨ ਕਿ ਪਤਾ ਨਹੀਂ ਖਿਡਾਰੀ ਕੀ ਖਾਂਦੇ ਹਨ, ਕੀ ਉਹ ਇਹ ਨਹੀਂ ਜਾਣਦੇ ਕਿ ਸ਼ਾਮ ਵੇਲੇ ਕੱਪ ਜਿੱਤਣ ਤੋਂ ਬਾਅਦ ਮੈਡੀਸਨ ਦੇ ਪੈਸੇ ਕੱਢ ਉਹ ਖੁਦ ਖਿਡਾਰੀਆਂ 'ਚੋਂ ਹਿੱਸਾ ਵੰਡਦੇ ਹਨ? ਕੀ ਮੈਚ ਤੋਂ ਪਹਿਲਾਂ 'ਪੁੱਤਰੋ ਕਾਇਮ ਹੋ ਜਾਓ' ਦੀ ਹੱਲਾਸ਼ੇਰੀ ਦੀਆਂ ਸਰਿੰਜਾਂ ਭਰ ਕੇ ਠੋਕਣ ਦਾ ਇਸ਼ਾਰਾ ਨਹੀਂ ਕਰਦੇ?

ਪੰਜਾਬ 'ਚ ਬਹੁਤੇ ਕੋਚਾਂ ਨੇ ਨਾ ਤਾਂ ਕੋਈ ਕਬੱਡੀ ਖਿਡਾਰੀ ਪੈਦਾ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਕੋਲ ਕਬੱਡੀ ਮੈਦਾਨ ਹਨ ਜਿਥੇ ਕਬੱਡੀ ਖਿਡਾਰੀ ਮਿਹਨਤ ਕਰ ਸਕਣ। ਵੈਸੇ ਵੀ ਚੰਦ ਕੋਚ ਸਾਹਿਬਾਨ ਦਾ ਮਕਸਦ ਸਿਰਫ ਕਬੱਡੀ 'ਚੋਂ ਪੈਸਾ ਕਮਾਉਣਾ ਹੈ। ਕਬੱਡੀ ਖਿਡਾਰੀਆਂ 'ਚ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਵਾਲੇ ਅਨਪੜ੍ਹ ਹੋਣ ਕਰਕੇ ਵੀ ਨਸ਼ੀਲੇ ਪਦਾਰਥਾਂ ਦੇ ਬਾਅਦ ਵਿਚ ਹੋਣ ਵਾਲੇ ਮਾੜੇ ਅਸਰਾਂ ਤੋਂ ਜਾਣੂੰ ਨਹੀਂ ਹਨ। ਅੱਜ ਕਈ ਖਿਡਾਰੀ ਜੋ ਇਨ੍ਹਾਂ ਡਰੱਗਨੁਮਾ ਤਾਕਤਵਰ ਖੁਰਾਕਾਂ ਕਰਕੇ ਨਿੱਜੀ ਜ਼ਿੰਦਗੀ 'ਚ ਅਸਫਲ ਹੋ ਚੁੱਕੇ ਹਨ। ਕਬੱਡੀ ਮੈਦਾਨਾਂ ਦੇ ਸ਼ੇਰ, ਗ੍ਰਹਿਸਥ ਵਿਚ ਢੇਰ ਹੋ ਚੁੱਕੇ ਹਨ। ਕਈ ਛਾਤੀਆਂ ਦਾ ਅਪ੍ਰੇਸ਼ਨ ਕਰਵਾ ਚੁੱਕੇ ਹਨ; ਕਈਆਂ ਦਾ ਮਰਦਾਨਾਪਣ ਗੁਆਚ ਚੁੱਕਾ ਹੈ। ਕਬੱਡੀ ਕੋਚਾਂ ਨੂੰ ਚਮਕਦੇ ਲਿਸ਼ਕਦੇ ਕੱਪ ਵਿਚ ਚੁਕਵਾਉਣ ਵਾਲੇ ਇਨ੍ਹਾਂ ਖਿਡਾਰੀਆਂ ਦੀ ਕਦੀ ਕੋਚਾਂ ਸਾਰ ਨਹੀਂ ਲਈ ਕਿਉਂਕਿ ਚੜ੍ਹਦੇ ਨੂੰ ਹੀ ਸਲਾਮਾਂ ਹੁੰਦੀਆਂ ਹਨ।

ਵਿਦੇਸ਼ਾਂ 'ਚ ਵਸਦੇ ਕਬੱਡੀ ਪ੍ਰਮੋਟਰਾਂ ਨੂੰ ਕਬੱਡੀ ਖਿਡਾਰੀਆਂ ਨੂੰ ਕਾਇਮ ਹੋ ਕੇ ਖੇਡਣ ਦੀ ਹੱਲਾਸ਼ੇਰੀ ਨੇ ਵੱਡੀ ਭੂਮਿਕਾ ਨਿਭਾਈ ਹੈ। ਕਈ ਕਈ ਕਬੱਡੀ ਫੈਡਰੇਸ਼ਨਾਂ ਕਬੱਡੀ ਨੂੰ ਘੱਟ ਤੇ ਆਪਣੀ ਹਉਮੈ ਨੂੰ ਵਧੇਰੇ ਪ੍ਰਮੋਟ ਕਰ ਰਹੀਆਂ ਹਨ। ਫੈਡਰੇਸ਼ਨਾਂ ਨਾਲ ਜੁੜੇ ਕਬੱਡੀ ਪ੍ਰਮੋਟਰ ਬੇਸ਼ੱਕ ਅਖ਼ਬਾਰੀ ਬਿਆਨ ਦਾਗੀ ਜਾਣ ਕਿ ਅਸੀਂ ਕਬੱਡੀ 'ਚੋਂ ਡਰੱਗ ਦੇ ਖਾਤਮੇ ਦੇ ਭਾਈਵਾਲ ਹਾਂ ਪਰ ਸੱਚਾਈ ਕੁਝ ਹੋਰ ਹੀ ਹੈ? ਫੈਡਰੇਸ਼ਨਾਂ ਖਿਡਾਰੀਆਂ ਦੇ ਡਰੱਗ ਟੈਸਟ ਇਸ ਕਰਕੇ ਵੀ ਨਹੀਂ ਕਰਦੀਆਂ ਕਿ ਜੇਕਰ ਅਸੀਂ ਖਿਡਾਰੀ ਬੈਨ ਕੀਤਾ ਜਾਂ ਪਾਬੰਦੀ ਲਾਈ ਤਾਂ ਕੱਲ੍ਹ ਕੋਈ ਘੈਂਟ ਜਾਂ ਮਰਦ ਪ੍ਰਮੋਟਰ ਆਪਣੇ ਕਲੱਬ 'ਚੋਂ ਖਿਡਾਰੀਆਂ ਨੂੰ ਖਿਡਾ ਲਵੇਗਾ। ਵੈਸੇ ਵੀ ਵਿਦੇਸ਼ਾਂ ਦੇ ਪ੍ਰਮੋਟਰਾਂ ਵੱਲੋਂ ਕਬੱਡੀ ਖਿਡਾਰੀਆਂ 'ਚੋਂ ਡਰੱਗ ਨੂੰ ਲੈ ਕੇ ਇਕ-ਸੁਰਤਾ ਕਦੇ ਵੀ ਬਰਕਰਾਰ ਨਹੀਂ ਰਹੀ।

ਕਬੱਡੀ 'ਚੋਂ ਡਰੱਗ ਨੂੰ ਲੈ ਕੇ ਸਭ ਕਲੱਬਾਂ ਦੀ ਆਪੋ ਆਪਣੀ ਸੁਰ ਹੈ। ਪੰਜਾਬ ਸਰਕਾਰ ਵੱਲੋਂ ਦੂਜੇ ਵਰਲਡ ਕੱਪ ਤੋਂ ਪਹਿਲਾਂ ਦੋਸ਼ੀ ਸਾਬਿਤ ਹੋਏ ਕਬੱਡੀ ਖਿਡਾਰੀ ਇਹ ਗੱਲਾਂ ਅੱਜ ਵੀ ਕਹਿ ਰਹੇ ਹਨ ਕਿ ਵਿਦੇਸ਼ਾਂ ਚੋਂ 'ਕਾਇਮ' ਹੋ ਕੇ ਖੇਡਣ ਵਾਲੇ ਅੱਜ ਪਤਾ ਨਹੀਂ ਕਿਵੇਂ ਕਲੀਅਰ ਹੋ ਗਏ? ਪੇਸ਼ੇਵਰ ਖਿਡਾਰੀ ਜਿਨ੍ਹਾਂ ਨੂੰ ਪਤਾ ਸੀ ਕਿ ਉਹ ਡਰੱਗ ਟੈਸਟਾਂ ਵਿਚ ਫਸ ਜਾਣਗੇ, ਉਹ ਡਰੱਗ ਟੈਸਟਾਂ ਤੋਂ ਦੂਰ ਰਹੇ। ਖੈਰ, ਪੰਜਾਬੀਆਂ ਦੀ ਰੰਗਲੀ ਖੇਡ ਕਬੱਡੀ ਅਤੇ ਇਸੇ ਦੇ ਖਿਡਾਰੀਆਂ ਨੂੰ ਦੂਰ ਰੱਖਣ ਵਾਲੇ ਸਭ ਹੰਭਲਿਆਂ ਨੂੰ ਖੰਭ ਲੱਗਣ ਇਹ ਦੁਆ ਕਰਦੇ ਹਾਂ! ਕਬੱਡੀ ਮੈਦਾਨਾਂ ਵਿਚ ਕੋਚਾਂ ਦਾ ਸਤਿਕਾਰ ਬਣਿਆ ਰਹੇ ਤੇ ਉਹ ਸ਼ੁਧ ਕਬੱਡੀ ਮੈਦਾਨਾਂ ਵਿਚ ਫਰਜ਼ ਸਮਝ ਖਿਡਾਉਂਦੇ ਰਹਿਣ। ਪਰਵਾਸੀ ਪ੍ਰਮੋਟਰ ਵੀ ਖਿਡਾਰੀਆਂ ਨੂੰ 'ਵਹਿੜ੍ਹਕੇ' ਨਾ ਸਮਝਣ। ਮਾਂ ਖੇਡ ਕਬੱਡੀ ਲਈ ਚੜ੍ਹਦੀ ਕਲਾਂ ਵਾਲੇ ਉਪਰਾਲੇ ਬਰਕਰਾਰ ਰਹਿਣ।

# ਡੋਪ ਦੇ ਡੰਗ ਤੋਂ ਕਿਵੇਂ ਪਾਰ ਪਾਵੇ ਕਬੱਡੀ?

■ ਗੁਰਦਰਸ਼ਨ ਸਿੰਘ ਲੁੱਧੜ

ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਸਰਕਲ ਸਟਾਈਲ ਕਬੱਡੀ ਨਸ਼ਿਆਂ ਦੀ ਗ੍ਰਿਫਤ 'ਚ ਆ ਜਾਣ ਬਾਰੇ ਚਰਚਾ ਪਿਛਲੇ 3-4 ਸਾਲਾਂ ਤੋਂ ਲਗਾਤਾਰ ਜਾਰੀ ਹੈ। ਪਿਛਲੇ ਕੁਝ ਸਾਲਾਂ ਤੋਂ ਲੈ ਕੇ ਹੁਣ ਤੱਕ ਦੇਸ਼ ਵਿਦੇਸ਼ ਵਿਚ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਮਗਰੋਂ ਉਨ੍ਹਾਂ ਵਿਚੋਂ ਬਹੁਤ ਸਾਰੇ ਖਿਡਾਰੀ ਨਸ਼ੇੜੀ ਵੀ ਐਲਾਨੇ ਜਾ ਚੁੱਕੇ ਹਨ। ਪੇਂਡੂ ਖੇਡ ਮੇਲਿਆਂ ਅਤੇ ਕਬੱਡੀ ਕੱਪਾਂ ਦੌਰਾਨ ਖਿਡਾਰੀਆਂ ਦੀਆਂ ਕੱਪੜੇ ਉਤਾਰਨ ਅਤੇ ਵਾਰਮ ਅੱਪ ਹੋਣ ਵਾਲੀਆਂ ਥਾਂਵਾਂ ਤੋਂ ਗੋਲੀਆਂ ਦੇ ਖਾਲੀ ਪੱਤੇ, ਸ਼ੀਸ਼ੀਆਂ, ਸਰਿੰਜਾਂ ਅਤੇ ਟੀਕੇ ਆਦਿ ਸਾਮਾਨ ਖਿੱਲਰਿਆ ਹੋਣ ਬਾਰੇ ਖੁੰਢ ਚਰਚਾ ਆਮ ਸੁਣਨ ਨੂੰ ਮਿਲਦੀ ਹੈ।

ਕੀ ਕਾਰਨ ਹੈ ਕਿ ਜਿਹੜੀ ਖੇਡ ਦੋ ਦਹਾਕੇ ਪਹਿਲਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਜ਼ਰੀਆ ਸੀ, ਅੱਜਕੱਲ੍ਹ ਉਹ ਖੇਡ ਨੌਜਵਾਨਾਂ ਨੂੰ ਨਸ਼ਿਆਂ ਨਾਲ ਜੋੜਨ ਵਜੋਂ ਬਦਨਾਮ ਹੋ ਰਹੀ ਹੈ? ਅੱਜ ਭਾਵੇਂ ਇਹ ਖੇਡ ਵਿਸ਼ਵ ਕਬੱਡੀ ਕੱਪ ਰਾਹੀਂ ਕੌਮਾਂਤਰੀ ਮੰਚ 'ਤੇ ਪ੍ਰਦਰਸ਼ਤ ਹੋ ਰਹੀ ਹੈ, ਦੇਸ਼ ਵਿਚ ਸਰਕਾਰੀ ਮਾਨਤਾ ਤੋਂ ਇਲਾਵਾ ਇਸ ਨੂੰ ਏਸ਼ਿਆਈ ਅਤੇ ਉਲੰਪਿਕ ਖੇਡਾਂ ਵਿਚ ਸ਼ਾਮਲ ਕਰਨ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ ਪਰ ਇਸ ਖੇਡ ਨਾਲ ਨਸ਼ਾਖੋਰੀ ਜੁੜਨ ਦੀ ਚਰਚਾ ਵੀ ਹਕੀਕਤ ਵਜੋਂ ਲੋਕਾਂ ਦੇ ਦਿਲਾਂ ਵਿਚ ਘਰ ਕਰ ਚੁੱਕੀ ਹੈ। ਖੇਡ ਚਿੰਤਕ ਕਬੱਡੀ ਨਾਲ ਨਸ਼ੇ ਜੁੜਨ ਦੀ ਚਰਚਾ ਕਰਕੇ ਹੀ ਆਪਣੇ ਫਰਜ਼ਾਂ ਤੋਂ ਸੁਰਖਰੂ ਨਹੀਂ ਹੋ ਸਕਦੇ। ਇਸ ਲਈ ਕਬੱਡੀ ਦਾ ਨਾਂ ਡੋਪਿੰਗ ਨਾਲ ਜੁੜਨ ਦੇ ਕਾਰਨਾਂ ਬਾਰੇ ਵੀ ਚਰਚਾ ਕਰਨੀ ਬਣਦੀ ਹੈ।

ਸਭ ਤੋਂ ਪਹਿਲਾਂ ਸਰਕਲ ਸਟਾਈਲ ਕਬੱਡੀ ਦੇ ਮੌਜੂਦਾ ਨਿਯਮ ਜੋ 20 ਸਾਲ ਪਹਿਲਾਂ ਦੀ ਕਬੱਡੀ ਨਾਲੋਂ ਵੱਖਰੇ ਹਨ, ਬਾਰੇ ਪੜਚੋਲ ਕਰਨ ਦੀ ਲੋੜ ਹੈ। ਉਦੋਂ ਇਸ ਖੇਡ ਦੇ ਧਾਵੀ ਵੱਲੋਂ ਲਗਾਤਾਰ ਕਬੱਡੀ-ਕਬੱਡੀ ਉਚਾਰਨ ਦੀ ਸ਼ਰਤ ਮੂਲ ਸੀ। ਇਸ ਮੂਲ ਨੇਮ ਸਦਕਾ ਹੀ ਇਸ ਖੇਡ ਦਾ ਨਾਮਕਰਨ 'ਕਬੱਡੀ' ਹੋਇਆ। ਧਾਵੀ ਕਬੱਡੀ-ਕਬੱਡੀ ਬੋਲ ਕੇ ਜਾਫ਼ੀਆਂ 'ਤੇ ਧਾਵਾ ਕਰਦਾ ਸੀ (ਰੇਡ ਪਾਉਂਦਾ ਸੀ)। ਜਾਫ਼ੀ ਵੱਲੋਂ ਉਹਨੂੰ ਫੜਨ ਮਗਰੋਂ ਜਦੋਂ ਉਹ ਆਪਣੇ ਆਪ ਨੂੰ ਛੁਡਾਉਣ ਦੀ ਕੋਸ਼ਿਸ਼ ਕਰਦਾ ਸੀ ਤਾਂ ਉਹ ਕਬੱਡੀ ਕਬੱਡੀ ਬੋਲ ਰਿਹਾ ਖਿਡਾਰੀ ਆਪਣੇ ਸਾਹ ਟੁੱਟਣ ਤੋਂ ਵੀ ਸੁਚੇਤ ਹੁੰਦਾ ਸੀ ਜਿਸ ਕਰਕੇ ਉਹ ਆਪਣੀਆਂ ਲੱਤਾਂ ਜਾਂ ਗੁੱਟ ਛੁਡਾਉਣ ਲਈ ਅਜਿਹੇ ਦਾਇਰੇ ਵਿਚ ਰਹਿ ਕੇ ਆਪਣਾ ਜ਼ੋਰ ਲਾਉਂਦਾ ਸੀ ਜਿਸ ਦੇ ਨਾਲ-ਨਾਲ ਉਹਦਾ ਕਬੱਡੀ-ਕਬੱਡੀ ਉਚਾਰਨ ਬਰਕਰਾਰ ਰਹਿ ਸਕੇ ਭਾਵ ਧਾਵੀ ਇਕ ਹੱਦ ਅੰਦਰ ਰਹਿ ਕੇ ਜ਼ੋਰ ਲਾਉਂਦਾ ਸੀ ਅਤੇ ਉਸੇ ਹੱਦ ਅੰਦਰ ਜ਼ੋਰ ਹੀ ਉਸ ਨੂੰ ਫੜਨ ਵਾਲੇ ਜਾਫ਼ੀ ਦਾ ਲਗਦਾ ਸੀ। ਸਮਝਿਆ ਜਾਂਦਾ ਹੈ ਕਿ ਅਤੀਤ ਦੌਰਾਨ ਜਦੋਂ ਇਹ ਸਰਕਲ ਕਬੱਡੀ ਹੋਂਦ ਵਿਚ ਆਈ ਤਾਂ ਇਸ ਨੂੰ ਖੇਡਣ ਵਾਲੇ ਖਿਡਾਰੀਆਂ ਦਾ ਲੱਗਣ ਵਾਲਾ ਜ਼ੋਰ ਇਕ ਹੱਦ ਅੰਦਰ ਰੱਖਣ ਲਈ ਕਬੱਡੀ-ਕਬੱਡੀ ਬੋਲਣ ਦੀ ਸ਼ਰਤ ਤੈਅ ਹੋਈ ਹੋਵੇਗੀ। ਹੁਣ ਕਬੱਡੀ-ਕਬੱਡੀ ਬੋਲਣ ਦੀ ਸ਼ਰਤ ਖਤਮ ਕਰਕੇ 30 ਸੈਕਿੰਡ ਦੀ ਰੇਡ ਦਾ ਸ਼ੁਰੂ ਹੋਇਆ 'ਰਿਵਾਜ' ਖਿਡਾਰੀਆਂ ਲਈ ਅਣਕਿਆਸੇ ਜ਼ੋਰ ਦਾ ਖ਼ੌਅ ਬਣਿਆ ਹੋਇਆ ਹੈ।

30 ਸੈਕਿੰਡ ਦੌਰਾਨ ਰੇਡਰ ਨੇ ਛੂਹ ਕਰਨੀ ਹੈ, ਫੜੇ ਜਾਣ ਮਗਰੋਂ ਉਹਨੇ ਤਸ਼ੱਦਦ-ਨੁਮਾ ਜ਼ੋਰ ਲਗਾ ਕੇ, ਹਿਝੋਕੇ 'ਤੇ ਹਿਝੋਕਾ ਮਾਰਨਾ ਹੈ ਅਤੇ ਇਸ ਨਾਲੋਂ ਵੀ ਵੱਡੀ ਆਫਤ ਜਾਫ਼ੀ 'ਤੇ ਆਉਂਦੀ ਹੈ। ਕੋਈ ਰੇਡ ਖਾਲੀ ਮੁੜਨ 'ਤੇ ਧਾਵੀ ਦਾ ਪੁਆਇੰਟ ਕੱਟਿਆ ਜਾਣਾ ਹੈ। ਖਿਡਾਰੀ ਹੁਣ ਪੇਸ਼ਾਵਰ ਹੋ ਚੁੱਕੇ ਹਨ, ਇਨਾਮਾਂ ਦੀ ਰਾਸ਼ੀ ਵਧ ਚੁੱਕੀ ਹੈ। ਕਬੱਡੀ ਖੇਡ ਦੇ ਅਜਿਹੇ ਨਿਜ਼ਾਮ ਵਿਚ ਜਦੋਂ ਖਿਡਾਰੀਆਂ ਨੇ ਰੋਜ਼ਾਨਾ ਘੰਟਿਆਂ-ਬੱਧੀ ਮੈਚ ਖੇਡਣੇ ਹੋਣ ਤਾਂ ਉਹ ਨਸ਼ਿਆਂ ਦਾ ਸਹਾਰਾ ਨਾ ਲੈਣਗੇ ਤਾਂ ਹੋਰ ਕੀ ਕਰਨਗੇ? ਅਜਿਹੇ ਨਿਜ਼ਾਮ ਵਿਚ ਨਸ਼ੇ ਤੋਂ ਬਚਣ ਦਾ ਇਕੋ ਹੀ ਹੱਲ ਮਿਲ ਕੇ ਖੇਡਣਾ ਹੀ ਹੋ ਸਕਦਾ ਹੈ।

ਖੇਡ ਪ੍ਰੇਮੀ ਅਖਵਾਉਣ ਵਾਲੇ ਬਹੁ-ਗਿਣਤੀ ਤਮਾਸ਼ਬੀਨ ਕਬੱਡੀ ਪ੍ਰਮੋਟਰਾਂ ਨੂੰ ਕਦੀ ਇਹ ਖਿਆਲ ਨਹੀਂ ਆਇਆ ਕਿ ਤਕੜੇ ਤੋਂ ਤਕੜੇ ਮਨੁੱਖ ਦੀ ਸਰੀਰਕ ਜ਼ੋਰ ਲਗਾਉਣ ਦੀ ਹੱਦ ਕਿੰਨੀ ਕੁ ਹੈ ਅਤੇ ਕਬੱਡੀ ਵਿਚ ਕਿਤਨਾ ਜ਼ੋਰ ਲੱਗ ਰਿਹਾ ਹੈ? ਮਾਪਿਆਂ ਨੇ ਦੁੱਧਾਂ-ਮੱਖਣਾਂ ਨਾਲ ਪਾਲੇ ਗੱਭਰੂ ਪੁੱਤ ਵਿਦੇਸ਼ੀ ਦੌਰਿਆਂ ਅਤੇ ਵੱਡੇ ਇਨਾਮਾਂ ਦੇ ਲਾਲਚ-ਵੱਸ ਕਬੱਡੀ ਪ੍ਰਮੋਟਰਾਂ ਦੇ ਰਹਿਮੋ ਕਰਮ 'ਤੇ ਛੱਡੇ ਹੋਏ ਹਨ ਜਦੋਂਕਿ ਮਸ਼ੀਨੀ ਯੁੱਗ ਆਉਣ ਤੋਂ ਪਹਿਲਾਂ ਪਸ਼ੂਆਂ ਦੀ ਖੇਤੀ ਸਮੇਂ ਭਾਰੀ ਖੁਰਾਕਾਂ ਨਾਲ ਪਾਲੇ ਹੋਏ ਬਲਦ ਵੀ ਲਾਪ੍ਰਵਾਹ ਹਾਲੀਆਂ ਦੇ ਹਵਾਲੇ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਸਰਕਲ ਕਬੱਡੀ ਦੇ ਅਜਿਹੇ ਨਿਜ਼ਾਮ ਦੀ ਸਿਰਜਣਾ ਲਈ ਕਬੱਡੀ ਖਿਡਾਰੀਆਂ ਵਿਚ ਬਹੁਪੱਖੀ ਚੇਤਨਾ ਦੀ ਘਾਟ ਵੀ ਇਕ ਕਾਰਨ ਹੈ। ਕਬੱਡੀ ਖਿਡਾਰੀਆਂ ਦੀ ਆਪਸੀ ਸੰਗਤ ਆਪਣੇ ਜੀਵਨ ਦੇ ਲੰਬੇ ਸਮੇਂ ਲਈ ਉੱਜਲੇ ਭਵਿੱਖ ਵਾਲੇ ਸੁਨੇਹੇ ਪਹੁੰਚਾਉਣ ਵਾਲੀ ਨਹੀਂ। ਬਹੁ-ਗਿਣਤੀ (ਤਕਰੀਬਨ ਸਾਰੇ ਹੀ) ਖਿਡਾਰੀਆਂ ਦੀ ਮਾਨਸਿਕਤਾ ਅਨੁਸਾਰ ਆਪਣਾ ਸਰੀਰਕ ਭਵਿੱਖ ਅਤੇ ਨੈਤਿਕਤਾ ਦਾਅ 'ਤੇ ਲਗਾ ਕੇ ਪੈਸੇ ਕਮਾਉਣਾ ਹੀ ਮਨੁੱਖੀ ਵਿਕਾਸ ਦਾ ਸਰੋਤ ਹੈ। ਬੇਪ੍ਰਵਾਹੀ ਅਤੇ ਅਗਿਆਨਤਾ ਦਾ ਜਾਲ ਸਾਰੀਆਂ ਖੇਡਾਂ ਨਾਲੋਂ ਵੱਧ ਸਰਕਲ ਕਬੱਡੀ ਦੇ ਖਿਡਾਰੀਆਂ 'ਤੇ ਵਿਛਿਆ ਹੋਇਆ ਹੈ।

ਖੇਡ ਲਈ ਵਰਤੀ ਜਾਂਦੀ ਕਿਹੜੀ ਕਿਹੜੀ ਡਰੱਗ ਦਾ ਭਵਿੱਖ ਦੌਰਾਨ ਕੀ ਕੀ ਨੁਕਸਾਨ ਹੋਵੇਗਾ, ਇਸ ਬਾਰੇ ਖਿਡਾਰੀ ਬਹੁਤੀ ਗੰਭੀਰਤਾ ਵਿਚ ਜਾਂਦੇ ਹੀ ਨਹੀਂ। ਪਿਛਲੇ ਸਾਲ ਵਿਸ਼ਵ ਕਬੱਡੀ ਕੱਪ ਜਿੱਤਣ ਤੋਂ ਬਾਅਦ ਭਾਰਤੀ ਟੀਮ ਦੇ ਕਪਤਾਨ ਮੰਗਤ ਸਿੰਘ ਮੰਗੀ ਦੇ ਮੂੰਹੋਂ ਉਸ ਦਾ ਕਬੱਡੀ ਬਾਰੇ ਅਹਿਸਾਸ ਦੂਰਦਰਸ਼ਨ ਮਾਧਿਅਮਾਂ ਰਾਹੀਂ ਸਰੋਤਿਆਂ ਨੇ ਖੁੱਲ੍ਹੇ ਤੌਰ 'ਤੇ ਸੁਣਿਆ ਹੋਵੇਗਾ, 'ਮਰਨੋਂ ਮੂਲ ਨਾ ਡਰਦੇ ਜਿਹੜੇ ਅਤਿ ਦੇ ਸ਼ਿਕਾਰੀ ਆ'। ਨਾਡਾ ਅਤੇ ਵਾਡਾ ਆਦਿ ਡੋਪ ਟੈਸਟ ਸੰਸਥਾਵਾਂ ਵਿਚੋਂ ਪਾਸ ਹੋਏ ਵਿਸ਼ਵ ਕੱਪ ਜੇਤੂ ਟੀਮ ਦੇ ਮੁਖੀ ਦਾ ਸਰਕਲ ਕਬੱਡੀ ਬਾਰੇ ਜੇਕਰ ਇਹ ਅਹਿਸਾਸ ਹੈ ਤਾਂ ਉਸ ਤੋਂ ਪਿਛਲੇ ਬਹੁਤੇ ਖਿਡਾਰੀਆਂ ਦੀ ਸੋਚ ਵੀ ਇਸ ਤੋਂ ਵੱਖਰੀ ਹੋਣ ਦੀ ਸੰਭਾਵਨਾ ਨਹੀਂ। ਕਬੱਡੀ ਪ੍ਰਮੋਟਰ ਵਜੋਂ ਰੋਲ ਅਦਾ ਕਰ ਰਹੇ ਭੱਦਰਪੁਰਸ਼ਾਂ ਨੇ ਕਬੱਡੀ ਖਿਡਾਰੀਆਂ ਨੂੰ ਉਚੇਰੀ ਸਰੀਰਕ ਸਿੱਖਿਆ ਅਤੇ ਨੈਤਿਕ ਕਦਰਾਂ ਕੀਮਤਾਂ ਬਾਰੇ ਜਾਗਰੂਕ ਕਰਨ ਦੀ ਸ਼ਾਇਦ ਹੀ ਕਦੇ ਲੋੜ ਸਮਝੀ ਹੋਵੇਗੀ। ਕਬੱਡੀ ਕੱਪਾਂ ਦੇ ਵੱਡੇ ਇਨਾਮਾਂ, ਵਿਦੇਸ਼ੀ ਦੌਰਿਆਂ, ਮੋਟਰਸਾਈਕਲਾਂ ਅਤੇ ਕਾਰਾਂ ਨਾਲ ਹੁੰਦੇ ਸਨਮਾਨਾਂ ਦੀ ਝੇਪ ਵਿਚ ਸਿਮਟ ਚੁੱਕੇ ਖਿਡਾਰੀ ਹਾਲ ਦੀ ਘੜੀ ਸਰਕਲ ਸਟਾਈਲ ਕਬੱਡੀ ਦੇ ਉਜਲੇ ਭਵਿੱਖ ਲਈ ਲੋੜੀਂਦੀ ਉਸਾਰੂ ਭੂਮਿਕਾ ਨਿਭਾਉਣ ਦੇ ਰੌਂਅ ਵਿਚ ਨਹੀਂ ਜਾਪਦੇ।

## ਕੀ ਕਰਵਟ ਲੈ ਰਹੀ ਹੈ ਪੰਜਾਬ ਦੀ ਸਿਆਸਤ?

*(ਸਫਾ 14 ਦੀ ਬਾਕੀ)*

ਸਾਮਰਾਜੀ ਨੀਤੀਆਂ ਸਦਕਾ ਪੰਜਾਬ ਦੇ ਲੋਕਾਂ ਦਾ ਵੱਡਾ ਹਿੱਸਾ ਬੇਰੁਜ਼ਗਾਰ, ਭੂਮੀਹੀਣ, ਖ਼ਪਤਵਾਦੀ, ਨਸ਼ੱਈ ਅਤੇ ਮਾਨਸਿਕ ਤੇ ਸਿਆਸੀ ਦੀਵਾਲੀਆ ਹੋ ਰਿਹਾ ਹੈ। ਪੰਜਾਬ ਦੀਆਂ ਅਮੀਰ ਜਾਤਾਂ-ਜਮਾਤਾਂ ਸਿਆਸਤ ਉੱਤੇ ਕਾਬਜ਼ ਹੋ ਕੇ ਇੱਥੋਂ ਦੇ ਧਰਮ, ਉਦਯੋਗ, ਟਰਾਂਸਪੋਰਟ, ਮੀਡੀਆ, ਭੂਮੀ 'ਤੇ ਕਾਬਜ਼ ਹੋ ਕੇ ਹੋਰ ਮੁਨਾਫ਼ਾ ਕਮਾਉਣ ਦੇ ਸੁਫਨੇ ਵੇਖ ਰਹੀਆਂ ਹਨ। ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਪੰਜਾਬ ਦੀ ਖੱਬੇ-ਪੱਖੀ ਸਿਆਸਤ ਲੋਕਾਂ ਨੂੰ ਅਗਵਾਈ ਦੇਣ ਤੋਂ ਅਸਮਰਥ ਹੈ। ਆਪਣੀਆਂ ਵਿਚਾਰਧਾਰਕ ਕਮਜ਼ੋਰੀਆਂ ਅਤੇ ਗੁਟਬੰਦੀਆਂ ਕਾਰਨ ਖੱਬੇ-ਪੱਖੀ ਸਿਆਸਤ ਲੋਕਾਂ ਤੋਂ ਹੋਰ ਦੂਰ ਹੋ ਰਹੀ ਹੈ। ਹਾਲ ਦੀ ਘੜੀ ਪੰਜਾਬ ਦੇ ਸਿਆਸੀ ਵਾਤਾਵਰਨ ਵਿਚ ਕਿਸੇ ਇਨਕਲਾਬੀ ਸਿਆਸੀ ਧੜੇ ਦੀ ਦਸਤਕ ਸੁਣਾਈ ਨਹੀਂ ਦਿੰਦੀ। ਖ਼ਲਾਅ ਦੇ ਇਸ ਹਾਲਾਤ ਵਿਚ ਤੀਜੇ ਸਾਂਝੇ ਮੋਰਚੇ ਤੋਂ ਵੀ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਪੰਜਾਬ ਦੀ ਅਰਥਿਕਤਾ ਅਤੇ ਸਿਆਸਤ ਨੂੰ ਸਾਕਾਰਤਮਕ ਲੀਹਾਂ 'ਤੇ ਤੋਰ ਸਕੇਗਾ। ਫਿਲਹਾਲ ਪੰਜਾਬ ਦੇ ਸਾਧਾਰਨ ਲੋਕ ਇਸੇ ਤਰ੍ਹਾਂ ਹੀ ਲੁੱਟੇ ਤੇ ਕੁੱਟੇ ਜਾਂਦੇ ਰਹਿਣਗੇ ਅਤੇ ਪੰਜਾਬ ਦੀਆਂ ਹਾਕਮ ਧਿਰਾਂ ਇਸੇ ਤਰ੍ਹਾਂ ਹੀ ਲੋਕਾਂ ਦੀ 'ਸੇਵਾ' ਕਰਦੀਆਂ ਰਹਿਣਗੀਆਂ।

# ਕਹਾ ਸ੍ਰਿਸਟਿ ਕੋ ਬਿਚਾਰ

ਪਹਿਲਾ ਸਵਾਲ ਆਤਮਾ ਦੇ ਸਰੂਪ ਬਾਰੇ ਸੀ, ਜਿਸ ਦੀ ਸੰਖੇਪ ਚਰਚਾ ਪਿਛਲੇ ਲੇਖ ਵਿਚ ਹੋ ਚੁੱਕੀ ਹੈ। ਅਗਲਾ ਸਵਾਲ ਸ੍ਰਿਸ਼ਟੀ ਬਾਰੇ ਹੈ, ਜਿਸ ਉਤੇ ਵਿਚਾਰ ਇਸ ਲੇਖ ਵਿਚ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਸ੍ਰਿਸ਼ਟੀ ਰਚਨਾ ਦਾ ਸਭ ਤੋਂ ਪਹਿਲਾਂ ਜ਼ਿਕਰ ਗੁਰੂ ਨਾਨਕ ਸਾਹਿਬ ਰਚਿਤ ਬਾਣੀ ਜਪੁਜੀ ਵਿਚ ਆਉਂਦਾ ਹੈ ਜਿਥੇ ਉਹ ਕਹਿੰਦੇ ਹਨ ਕਿ ਅਕਾਲ ਪੁਰਖ ਦੇ ਇੱਕ ਹੁਕਮ ਵਿਚ ਇਸ ਬ੍ਰਹਿਮੰਡ ਦਾ ਵਿਸਥਾਰ ਹੋ ਗਿਆ ਜਿਸ ਤੋਂ ਲੱਖਾਂ ਦਰਿਆ ਵਹਿ ਤੁਰੇ ਅਰਥਾਤ ਉਨ੍ਹਾਂ ਨੇ ਪਰਮਾਤਮਾ ਦੀ ਰਚਨਾ ਨੂੰ ਬੇਅੰਤਤਾ ਵਿਚ ਪ੍ਰਵਾਨ ਕੀਤਾ ਹੈ। ਇਹੀ ਨਹੀਂ, ਉਹ ਕਹਿੰਦੇ ਹਨ ਕਿ



**ਡਾ. ਗੁਰਨਾਮ ਕੌਰ**

ਮੇਰੀ ਕੀ ਤਾਕਤ ਹੈ ਕਿ ਮੈਂ ਉਸ ਦੀ ਰਚਨਾ ਅਤੇ ਉਸ ਦੀ ਬੇਅੰਤਤਾ ਦਾ ਬਿਆਨ ਕਰ ਸਕਾਂ। ਮੈਂ ਤਾਂ ਇੱਕ ਵੇਰ ਕੁਰਬਾਨ ਵੀ ਨਹੀਂ ਜਾ ਸਕਦਾ,

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ (ਪੰਨਾ ੩)

ਗੁਰੂ ਨਾਨਕ ਅਨੁਸਾਰ ਵਾਹਿਗੁਰੂ ਹੀ ਕਰਣ-ਕਾਰਨ ਸਮਰੱਥ ਹੈ। ਉਸ ਦੀ ਥਾਂ ਮਾਇਆ, ਓਅਮ, ਕੁੰਨ ਆਦਿ ਕਿਸੇ ਸ਼ਬਦ ਜਾਂ ਬ੍ਰਹਮਾ ਨੇ ਸ੍ਰਿਸ਼ਟੀ ਨਹੀਂ ਰਚੀ, ਕਰਤਾ ਪੁਰਖ ਨੇ ਆਪ ਹੀ ਰਚੀ ਹੈ। ਉਹ ਕਿਹੜਾ ਵੇਲਾ ਅਤੇ ਵਕਤ ਸੀ, ਕਿਹੜੀ ਥਿਤ ਸੀ, ਕਿਹੜਾ ਦਿਨ ਸੀ, ਕਿਹੜੀ ਰੁੱਤ ਸੀ ਅਤੇ ਕਿਹੜਾ ਮਹੀਨਾ ਸੀ, ਜਦੋਂ ਇਹ ਸੰਸਾਰ ਬਣਿਆ? ਕੋਈ ਨਹੀਂ ਜਾਣਦਾ। ਜੇ ਪੁਰਾਣਾਂ ਵਿਚ ਕੋਈ ਲੇਖ ਵੀ ਹੋਵੇ ਤਾਂ ਵੀ ਇਸ ਵਕਤ ਦਾ ਕਿਸੇ ਪੰਡਤਾਂ ਨੂੰ ਵੀ ਪਤਾ ਨਹੀਂ ਲੱਗਾ ਅਤੇ ਨਾ ਹੀ ਉਸ ਵਕਤ ਦਾ ਕਾਜ਼ੀਆਂ ਨੂੰ ਪਤਾ ਲੱਗਾ ਹੈ ਜੋ ਕੁਰਾਨ ਵਾਲੀ ਲਿਖਤ ਲਿਖਦੇ ਹਨ। ਜਦੋਂ ਸੰਸਾਰ ਬਣਿਆ ਉਸ ਥਿਤ ਨੂੰ ਕੋਈ ਜੋਗੀ ਵੀ ਨਹੀਂ ਜਾਣਦਾ। ਕੋਈ ਮਨੁੱਖ ਵੀ ਨਹੀਂ ਦੱਸ ਸਕਦਾ ਕਿ ਸ੍ਰਿਸ਼ਟੀ ਦੀ ਰਚਨਾ ਹੋਣ ਵੇਲੇ ਕਿਹੜੀ ਰੁੱਤ ਅਤੇ ਕਿਹੜਾ ਮਹੀਨਾ ਸੀ। ਇਸ ਦਾ ਭੇਦ ਸਿਰਫ ਉਹ ਕਰਤਾ ਪੁਰਖ ਹੀ ਜਾਣਦਾ ਹੈ ਜਿਸ ਨੇ ਇਸ ਦੀ ਰਚਨਾ ਕੀਤੀ,

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣੁ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ॥ (ਪੰਨਾ ੪)

ਉਸ ਦੀ ਕੁਦਰਤਿ ਦੀ ਬੇਅੰਤਤਾ, ਰਚਨਾ ਦੀ ਅਸੀਮਤਾ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ, ਇਸ ਦਾ ਜ਼ਿਕਰ ਕਰਦਿਆਂ ਗੁਰੂ ਸਾਹਿਬ ਅਨੁਸਾਰ ਸਾਰੇ ਵੇਦ ਇੱਕ ਜ਼ਬਾਨ ਹੋ ਕੇ ਕਹਿੰਦੇ ਹਨ ਕਿ ਪਾਤਾਲਾਂ ਦੇ ਹੇਠ ਹੋਰ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉਤੇ ਹੋਰ ਲੱਖਾਂ ਆਕਾਸ਼ ਹਨ। ਅਨੇਕਾਂ ਰਿਸ਼ੀ-ਮੁਨੀ ਇਸ ਦੇ ਅਖ਼ੀਰਲੇ ਹੱਦ-ਬੰਨਿਆਂ ਦੀ ਥਾਹ ਪਾਉਣ ਦੀ ਭਾਲ ਕਰਦੇ ਥੱਕ ਗਏ ਹਨ ਪਰ ਕੋਈ ਥਾਹ ਪਾ ਨਹੀਂ ਸਕਿਆ। ਕਤੇਬਾਂ (ਸਾਮੀ ਧਾਰਮਿਕ ਗ੍ਰੰਥਾਂ) ਅਨੁਸਾਰ ਕੁੱਲ ਅਠਾਰਾਂ ਹਜ਼ਾਰ ਆਲਮ ਅਰਥਾਤ ਸੰਸਾਰ ਹਨ, ਜਿਨ੍ਹਾਂ ਦਾ ਮੁੱਢ ਇੱਕ ਅਕਾਲ ਪੁਰਖ ਹੈ ਪਰ ਅਸਲੀਅਤ ਵਿਚ ਹਜ਼ਾਰਾਂ ਅਤੇ ਲੱਖਾਂ ਰਾਹੀਂ ਵੀ ਅਕਾਲ ਪੁਰਖ ਦੀ ਰਚਨਾ, ਉਸ ਦੀ ਕੁਦਰਤਿ ਦਾ ਲੇਖਾ ਹੋ ਨਹੀਂ ਸਕਦਾ ਇਹ ਲੇਖਾ ਲਿਖ ਸਕਣਾ ਹੀ ਅਸੰਭਵ ਹੈ, ਇਸ ਵਿਚ ਸਭ ਗਿਣਤੀਆਂ ਮਿਣਤੀਆਂ ਖ਼ਤਮ ਹੋ ਜਾਂਦੀਆਂ ਹਨ,

ਪਾਤਾਲਾ ਪਾਤਾਲ
ਲਖ ਆਗਾਸਾ ਅਗਾਸ॥
ਓੜਕ ਓੜਕ ਭਾਲਿ ਥਕੇ
ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ
ਅਸੁਲੂ ਇਕ ਧਾਤੁ॥
ਲੇਖਾ ਹੋਇ ਤ ਲਿਖੀਐ
ਲੇਖੈ ਹੋਇ ਵਿਣਾਸੁ॥ (ਪੰਨਾ ੫)

ਗੁਰੂ ਨਾਨਕ ਸੰਸਾਰ ਦੀ ਬਹੁਲਤਾ ਅਤੇ ਅਨੰਤਤਾ ਨੂੰ ਪ੍ਰਵਾਨ ਕਰਦੇ ਹੋਏ ਅੱਗੇ ਫੁਰਮਾਉਂਦੇ ਹਨ ਕਿ ਰਾਤਾਂ, ਰੁੱਤਾਂ, ਥਿੱਤਾਂ ਅਤੇ ਵਾਰ, ਹਵਾ, ਪਾਣੀ, ਅੱਗ ਅਤੇ ਪਾਤਾਲ ਇਨ੍ਹਾਂ ਸਾਰਿਆਂ ਦੀ ਰਚਨਾ ਕਰਕੇ, ਇਨ੍ਹਾਂ ਦੇ ਵਿਚਕਾਰ ਅਕਾਲ ਪੁਰਖ ਨੇ ਧਰਤੀ ਨੂੰ ਧਰਮ ਕਮਾਉਣ ਦਾ ਸਥਾਨ ਬਣਾ ਕੇ ਟਿਕਾ ਦਿੱਤਾ। ਇਸ ਧਰਤੀ ਉਤੇ ਕਈ ਰੰਗਾਂ ਅਤੇ ਜੁਗਤੀਆਂ ਦੇ ਜੀਵ ਵੱਸਦੇ ਹਨ ਜਿਨ੍ਹਾਂ ਦੇ ਅਨੇਕਾਂ ਅਤੇ ਅਣਗਿਣਤ ਹੀ ਨਾਮ ਹਨ,

ਰਾਤੀ ਰੁਤੀ ਥਿਤੀ ਵਾਰ॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ
ਥਾਪਿ ਰਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥ (ਪੰਨਾ ੭)

ਭਾਈ ਗੁਰਦਾਸ ਇਸੇ ਵਿਚਾਰ ਨੂੰ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਅਕਾਲ ਪੁਰਖ ਨੇ ਮਾਇਆ ਦੇ ਤਿੰਨ ਗੁਣਾਂ (ਰਜ, ਤਮ ਅਤੇ ਸਤ) ਦਾ ਖੇਲੁ ਰਚ ਕੇ ਦਿਖਾਇਆ ਅਤੇ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦੀ ਰਚਨਾ ਅਤੇ ਚਾਰ ਬਾਣੀਆਂ (ਪਰਾ, ਪਸੰਤੀ, ਮੱਧਮਾ, ਬੈਖਰੀ) ਦਾ ਕੌਤਕ ਰਚਿਆ। ਪੰਜ ਤੱਤਾਂ ਦੀ ਉਤਪਤੀ ਕਰਕੇ (ਮਨੁੱਖ ਦਾ ਸਰੀਰ ਵੀ ਪੰਜ ਭੌਤਕਾਂ ਤੋਂ ਰਚਿਆ ਹੋਇਆ ਮੰਨਿਆ ਗਿਆ ਹੈ) ਉਨ੍ਹਾਂ ਨੂੰ ਇੱਕ ਪ੍ਰਬੰਧ ਵਿਚ, ਨਿਯਮ ਅੰਦਰ ਬੰਨ੍ਹਿਆ। ਛੇ ਰੁੱਤਾਂ, ਬਾਰਾਂ ਮਹੀਨਿਆਂ ਦੀ ਸਿਰਜਣਾ ਕਰਕੇ ਉਨ੍ਹਾਂ ਦੀ ਸੰਭਾਲ ਕਰ ਰਿਹਾ ਹੈ। ਦਿਨ ਅਤੇ ਰਾਤ ਦੀ ਰਚਨਾ ਕਰਕੇ ਉਸ ਵਿਚ ਸੂਰਜ ਅਤੇ ਚੰਦ ਰੋਸ਼ਨੀ ਕਰਨ ਲਈ ਦੀਵੇ ਬਾਲੇ ਹਨ। ਇਸ ਤਰ੍ਹਾਂ ਇੱਕ ਹੁਕਮ (ਕਵਾਉ) ਅੰਦਰ ਪਾਸਾਰਾ ਕਰਕੇ ਉਸ ਨੂੰ ਇੱਕ ਨਜ਼ਰ ਨਾਲ ਤੱਕਿਆ ਹੈ (ਵਾਰਾਂ ਭਾਈ ਗੁਰਦਾਸ, ੨੧/੧੭) ਇਸੇ ਵਿਚਾਰ ਦਾ ਜ਼ਿਕਰ ਗੁਰੂ ਅਮਰਦਾਸ ਜੀ ਰਾਗੁ ਸੂਹੀ ਵਿਚ ਕਰਦਿਆਂ ਕਹਿੰਦੇ ਹਨ ਕਿ ਅਕਾਲ ਪੁਰਖ ਨੇ ਆਕਾਸ਼ ਅਤੇ ਪਾਤਾਲ ਦੇ ਵਿਚ ਸਾਰਾ ਜਗਤ ਰੂਪ ਤਖ਼ਤ ਰਚਿਆ ਹੈ ਅਤੇ ਉਸ ਨੇ ਆਪਣੇ ਹੁਕਮ ਵਿਚ ਹੀ ਧਰਤੀ ਨੂੰ ਧਰਮਸਾਲ ਕਰਕੇ ਅਰਥਾਤ ਜੀਵਾਂ ਦੇ ਧਰਮ ਕਮਾਉਣ ਦੀ ਥਾਂ ਕਰਕੇ ਸਾਜਿਆ ਹੈ,

ਆਪੇ ਤਖਤੁ ਰਚਾਇਓਨੁ
ਆਕਾਸ ਪਾਤਾਲਾ॥
ਹੁਕਮੇ ਧਰਤੀ ਸਾਜੀਅਨੁ
ਸਚੀ ਧਰਮਸਾਲਾ॥ (ਪੰਨਾ ੭੮੫)

ਗੁਰੂ ਅਮਰਦਾਸ ਰਾਗੁ ਬਿਲਾਵਲੁ ਵਿਚ ਵਾਰ ਸਤ ਵਿਚ ਪਰਮਾਤਮਾ ਦੇ ਸ੍ਰਿਸ਼ਟੀ ਰਚਨਾ ਦੇ ਇਸੇ ਸਿਧਾਂਤ ਦੀ ਪ੍ਰੋੜਤਾ ਕਰਦੇ ਫੁਰਮਾਉਂਦੇ ਹਨ ਕਿ ਮਹੀਨੇ, ਰੁੱਤਾਂ, ਸੱਤ ਵਾਰ, ਦਿਨ ਅਤੇ ਰਾਤ ਵਾਰ-ਵਾਰ ਆਉਂਦੇ ਜਾਂਦੇ ਹਨ। ਇਸੇ ਤਰ੍ਹਾਂ ਇਹ ਸੰਸਾਰ ਹੈ, ਜੰਮਣਾ-ਮਰਨਾ ਸਭ ਸੰਸਾਰ ਦਾ ਚੱਕਰ ਹੈ ਜੋ ਉਸ ਕਰਤਾਰ ਨੇ ਹੀ ਬਣਾਇਆ ਹੈ। ਮਾਰੂ ਸੋਲਹੇ ਵਿਚ ਸ੍ਰਿਸ਼ਟੀ ਰਚਨਾ ਬਾਰੇ ਬਹੁਤ ਵਿਸਥਾਰ ਵਿਚ ਵਰਣਨ ਕੀਤਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਇਸ ਸੰਸਾਰ ਨੂੰ ਪੈਦਾ ਕਰਕੇ ਪਰਮਾਤਮਾ ਆਪ ਹੀ ਜੀਵਾਂ ਦੀ ਰੱਖਿਆ ਕਰਦਾ ਹੈ। ਹਵਾ, ਪਾਣੀ ਅੱਗ ਆਦਿਕ ਸਾਰੇ ਤੱਤਾਂ ਤੋਂ ਸਰੀਰ ਰਚ ਕੇ ਕਰਤਾ ਪੁਰਖ ਆਪ ਸਭ ਦੇ ਅੰਦਰ ਪ੍ਰਗਟ ਰਹਿੰਦਾ ਹੈ ਪਰ ਇਹ ਮੂਰਖ ਮਨ ਆਪਣੇ ਰਚਣਹਾਰ ਨੂੰ ਭੁਲਾ ਕੇ ਕਾਮਾਦਿਕ ਵੈਰੀਆਂ ਦੀ ਸੰਗਤਿ ਵਿਚ ਰਲ ਕੇ ਭਟਕਦਾ ਰਹਿੰਦਾ ਹੈ ਅਤੇ ਆਪਣੇ ਕੀਤੇ ਦਾ ਫਲ ਪਾਉਂਦਾ ਰਹਿੰਦਾ ਹੈ। (ਪੰਨਾ ੧੦੨੭)। ਬਹੁਤ ਵਿਸਥਾਰ ਵਿਚ ਗੁਰੂ ਨਾਨਕ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਸੰਸਾਰ ਦਾ ਰਚਣਹਾਰ ਹੈ, ਜਿਸ ਨੇ ਧਰਤੀ ਦੇ ਚੱਕਰ ਬਣਾਏ ਹਨ ਅਤੇ ਉਨ੍ਹਾਂ ਨੂੰ ਆਪ ਹੀ ਸੋਚ ਵਿਚਾਰ ਕੇ ਥਾਂ ਥਾਂ ਟਿਕਾਇਆ ਹੈ। ਉਹ ਆਪ ਹੀ ਸੰਸਾਰ ਦੀ ਰਚਨਾ ਰਚ ਕੇ ਇਸ ਦੀ ਸੰਭਾਲ ਕਰਦਾ ਹੈ। ਉਸ ਨੇ ਰੰਗਾ-ਰੰਗ ਦੇ ਜੀਵ ਪੈਦਾ ਕੀਤੇ ਹਨ ਅਤੇ ਆਪ ਹੀ ਵੱਖੋ-ਵੱਖਰੇ ਤਰੀਕੇ ਬਣਾ ਕੇ ਉਨ੍ਹਾਂ ਉਤੇ ਲੋਕਾਂ ਨੂੰ ਚਲਾਉਂਦਾ ਹੈ ਅਰਥਾਤ ਉਸ ਨੇ ਦੋ ਰਾਹ ਚਲਾਏ ਹਨ-ਗੁਰਮੁਖਿਤਾ ਅਤੇ ਮਨਮੁਖਿਤਾ। ਕਈ ਮਨਮੁਖਿ ਹਨ ਜੋ ਨਾਮ ਨੂੰ ਨਹੀਂ ਬੁਝਦੇ ਅਤੇ ਮੰਦੇ ਪਾਸੇ ਪਏ ਹੋਏ ਹਨ। ਅਜਿਹੇ ਮਨੁੱਖ ਧਾਰਮਕ ਪੁਸਤਕਾਂ ਪੜ੍ਹਦੇ ਹੋਏ ਭੀ ਅਸਲੀਅਤ ਨੂੰ ਨਹੀਂ ਬੁੱਝਦੇ, ਅਸਲੀਅਤ ਤੋਂ ਅਣਜਾਣ ਰਹਿੰਦੇ ਹਨ। ਉਹ ਉਸ ਪੜ੍ਹੇ ਹੋਏ ਤੇ ਅਮਲ ਕਰਨ ਦੀ ਜਾਚ ਨਹੀਂ ਸਿੱਖਦੇ। ਇਹ ਜਾਚ ਗੁਰੂ ਕੋਲੋਂ ਹੀ ਸਿੱਖੀ ਜਾ ਸਕਦੀ ਹੈ। ਅਸਲੀਅਤ ਦੀ ਸੋਝੀ ਗੁਰੂ ਤੋਂ ਹੀ ਸਮਝੀ ਜਾ ਸਕਦੀ ਹੈ। ਇਹ ਸੁਮੱਤ ਭੀ ਤਾਂ ਹੀ ਮਿਲਦੀ ਹੈ ਜੇ ਅਕਾਲ ਪੁਰਖ ਦੀ ਮਿਹਰ ਹੋਵੇ। ਗੁਰੂ ਦੇ ਸ਼ਬਦ ਤੋਂ, ਬਾਣੀ ਤੋਂ ਇਹ ਸਮਝ ਲਗਦੀ ਹੈ ਕਿ ਮਨੁੱਖ ਜੰਮਣ ਦੀ ਬੜੀ ਖੁਸ਼ੀ ਕਰਦਾ ਹੈ ਪਰ ਚੰਗਾ ਜਨਮ ਉਸੇ ਵਿਅਕਤੀ ਦਾ ਹੈ ਜੋ ਚੰਗੀ ਕਿਰਤ ਕਰਦਾ ਹੈ, ਨਹੀਂ ਤਾਂ ਜੰਮਣਾ ਨਿਹਫਲ ਹੈ, ਮੌਤ ਦੇ ਬਰਾਬਰ ਹੈ। ਚੰਗਾ ਮਨੁੱਖ ਉਹ ਹੈ ਜੋ ਪਰਮਾਤਮਾ ਨਾਲ ਮੇਲ ਦੀ ਇੱਛਾ ਰੱਖਦਾ ਹੈ,

ਸਾਚੇ ਸਾਹਿਬ ਸਿਰਜਣਹਾਰੇ॥
ਜਿਨਿ ਧਰ ਚਕ੍ਰ ਧਰੇ ਵੀਚਾਰੇ॥
ਆਪੇ ਕਰਤਾ ਕਰਿ ਕਰਿ ਵੇਖੈ
ਸਾਚਾ ਵੇਪਰਵਾਹਾ ਹੇ॥ (ਪੰਨਾ ੧੦੩੨)

ਆਸਾ ਦੀ ਵਾਰ ਵਿਚ ਗੁਰੂ ਅਗਦ ਦੇਵ ਜੀ ਦੇ ਰਚੇ ਸਲੋਕ ਵਿਚ ਇਸ ਜਗਤ ਨੂੰ 'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ' ਕਿਹਾ ਗਿਆ ਹੈ। ਗੁਰਮਤਿ ਦਰਸ਼ਨ ਅਨੁਸਾਰ ਇਹ ਸੰਸਾਰ, ਇਹ ਸ੍ਰਿਸ਼ਟੀ ਝੂਠੀ ਨਹੀਂ ਹੈ ਜਿਵੇਂ ਕਈ ਹੋਰ ਭਾਰਤੀ ਪਰੰਪਰਾਵਾਂ ਵਿਚ ਮੰਨਿਆ ਗਿਆ ਹੈ। ਇਹ ਸੰਸਾਰ ਸੱਚਾ ਹੈ ਕਿਉਂਕਿ ਇਸ ਦੀ ਰਚਨਾ ਦਾ ਕਾਰਨ ਉਹ ਅਕਾਲ ਪੁਰਖ ਆਪ ਹੈ, ਜੋ ਸੱਚਾ ਹੈ। ਸੱਚੇ ਕਾਰਨ ਤੋਂ ਉਤਪਤੀ ਵੀ ਸੱਚੀ ਹੋਵੇਗੀ ਅਤੇ ਝੂਠ ਤੋਂ ਉਤਪਤੀ ਝੂਠੀ ਹੋਵੇਗੀ। ਜਿਹੋ ਜਿਹਾ ਕਾਰਨ ਹੋਵੇਗਾ ਉਹੋ ਜਿਹਾ ਹੀ ਕਾਰਜ ਪੈਦਾ ਹੋਵੇਗਾ। ਉਸ ਸੱਚੇ ਨੇ ਇਸ ਸੰਸਾਰ ਦੀ ਰਚਨਾ ਆਪਣੇ ਆਪ ਤੋਂ ਕੀਤੀ ਹੈ ਇਸ ਲਈ ਇਹ ਸੰਸਾਰ ਸੱਚਾ ਹੈ। ਇਹ ਸੰਸਾਰ ਨਾ ਸਿਰਫ ਸੱਚਾ ਹੈ, ਸਗੋਂ ਉਹ ਸੱਚਾ ਕਰਤਾ ਪੁਰਖ ਇਸ ਸੰਸਾਰ ਵਿਚ ਆਪ ਨਿਵਾਸ ਕਰ ਰਿਹਾ ਹੈ। ਇਸ ਲਈ ਸੱਚੇ ਦਾ ਨਿਵਾਸ ਸਥਾਨ ਝੂਠਾ ਕਿਵੇਂ ਹੋ ਸਕਦਾ ਹੈ? ਇਥੇ ਇਹ ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਜੇ ਕਰ ਇਹ ਸੰਸਾਰ ਸੱਚਾ ਹੈ ਤਾਂ ਫਿਰ ਇਸ ਨੂੰ ਬਹੁਤ ਥਾਂਵਾਂ 'ਤੇ ਝੂਠਾ ਜਾਂ 'ਧੂੰਏ ਕਾ ਧਵਲਹਰ' ਜਾਂ 'ਬਾਲੂ ਕੀ ਭੀਤ' ਆਦਿ ਕਿਉਂ ਕਿਹਾ ਗਿਆ ਹੈ? ਉਹ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਸ ਸੰਸਾਰ ਦੀ ਰਚਨਾ ਕੀਤੀ ਗਈ ਹੈ। ਇਹ ਸੰਸਾਰ ਪੈਦਾ ਕੀਤਾ ਗਿਆ ਹੈ। ਇਹ ਆਪਣੇ ਆਪ ਤੋਂ ਨਹੀਂ ਹੈ, ਪਰਮਾਤਮਾ ਤੋਂ ਹੈ। ਜੋ ਚੀਜ਼ ਪੈਦਾ ਹੋਈ ਹੈ ਜਾਂ ਪੈਦਾ ਕੀਤੀ ਗਈ ਹੈ, ਉਹ ਸਦੀਵੀ ਨਹੀਂ ਹੋ ਸਕਦੀ। ਪੈਦਾ ਕੀਤੀ ਚੀਜ਼ ਨੇ ਇੱਕ ਦਿਨ ਨਸ਼ਟ ਵੀ ਹੋਣਾ ਹੈ। ਇਸ ਲਈ ਸੰਸਾਰ ਦੀ ਚਲਾਇਮਾਨਤਾ ਕਾਰਨ, ਇਸ ਦੀ ਛਿਣ-ਭੰਗਰਤਾ ਕਾਰਨ ਇਸ ਨੂੰ ਝੂਠਾ ਕਿਹਾ ਗਿਆ ਹੈ।

ਮਨੁੱਖ ਨੂੰ ਚੇਤੰਨ ਕੀਤਾ ਗਿਆ ਹੈ ਕਿ ਕਿਉਂਕਿ ਇਹ ਸੰਸਾਰ ਸਦੀਵੀ ਨਹੀਂ ਹੈ, ਮਨੁੱਖ ਜੋ ਕਿ ਇਸ ਸੰਸਾਰ ਦਾ ਹਿੱਸਾ ਹੈ, ਉਹ ਵੀ ਸਦੀਵੀ ਨਹੀਂ ਹੈ। ਇਸ ਲਈ ਉਸ ਨੂੰ ਆਪਣੇ ਆਪ ਨੂੰ ਸੰਸਾਰ ਦੀ ਲੁਭਾਇਮਾਨਤਾ ਵਿਚ ਗਲਤਾਨ ਹੋ ਕੇ ਉਸ ਸੱਚੇ ਕਰਤਾਰ ਨੂੰ ਭੁੱਲ ਜਾਣ ਤੋਂ ਵਰਜਣ ਲਈ ਯਾਦ ਕਰਵਾਇਆ ਗਿਆ ਹੈ ਕਿ ਇਹ ਸੰਸਾਰ ਸਦੀਵੀ ਨਹੀਂ ਹੈ ਅਤੇ ਨਾ ਹੀ ਉਸ ਨੇ ਇਥੇ ਸਦਾ ਬੈਠੇ ਰਹਿਣਾ ਹੈ। ਸੰਸਾਰ ਨੇ ਅਤੇ ਉਸ ਨੇ ਅੰਤ ਨੂੰ ਆਪਣੇ ਸੋਮੇ ਵਿਚ ਹੀ ਸਮਾ ਜਾਣਾ ਹੈ। ਇਸ ਲਈ ਆਪਣੇ ਸੋਮੇ ਨਾਲ ਇੱਕਸੁਰ ਹੋਣ ਵਾਸਤੇ ਸੁਕਿਰਤ ਕਰਨੀ ਹੈ, ਅਜਿਹੇ ਕਰਮ ਕਰਨੇ ਹਨ ਜੋ ਉਸ ਨੂੰ ਆਪਣੇ ਸਿਰਜਣਹਾਰ ਨਾਲ ਜੋੜੀ ਰੱਖਣ। ਅਜਿਹੇ ਕਰਮ ਜਾਂ ਕਮਾਈ ਨਹੀਂ ਕਰਨੀ ਜੋ ਉਸ ਅਕਾਲ ਪੁਰਖ ਨਾਲੋਂ ਵਿੱਥ ਜਾਂ ਦੂਰੀ ਦਾ ਕਾਰਨ ਬਣਨ।

ਮਾਰੂ ਸੋਲਹੇ ਵਿਚ ਹੀ ਗੁਰੂ ਨਾਨਕ ਸਾਹਿਬ ਬ੍ਰਹਿਮੰਡ ਦੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਦਾ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜਗਤ ਰਚਨਾ ਤੋਂ ਪਹਿਲਾਂ ਅਣਗਿਣਤ ਸਮੇਂ ਤੱਕ, ਜਿਸ ਨੂੰ ਉਨ੍ਹਾਂ ਨੇ 'ਅਰਬਦ ਨਰਬਦ' ਕਿਹਾ ਹੈ, ਸੁੰਨ ਦੀ ਅਵਸਥਾ ਸੀ, ਸਿਰਫ ਹਨੇਰ-ਗੁਬਾਰ ਸੀ। ਇਹ ਕਰਤਾ ਪੁਰਖ ਦੀ ਅਫੁਰ ਅਵਸਥਾ, ਸੁੰਨ-ਸਮਾਧ ਦੀ ਅਵਸਥਾ ਸੀ, ਜਿਸ ਵਿਚ ਕੁੱਝ ਵੀ ਨਹੀਂ ਸੀ। ਉਦੋਂ ਨਾ ਕੋਈ ਧਰਤੀ ਸੀ, ਨਾ ਅਕਾਸ਼ ਸੀ ਅਤੇ ਕੋਈ ਵੀ ਰਚਨਾ ਨਾ ਹੋਣ ਕਰਕੇ ਉਸ ਦਾ ਹੁਕਮ ਵੀ ਕਿਸੇ ਪਾਸੇ ਚੱਲ ਰਿਹਾ ਨਜ਼ਰ ਨਹੀਂ ਸੀ ਆਉਂਦਾ ਕਿਉਂਕਿ ਕੋਈ ਹੋਂਦ ਹੈ ਹੀ ਨਹੀਂ ਸੀ। ਉਦੋਂ ਕੋਈ ਦਿਨ-ਰਾਤ, ਚੰਦ ਜਾਂ ਸੂਰਜ ਕੁੱਝ ਵੀ ਨਹੀਂ ਸੀ। ਉਸ ਵੇਲੇ ਨਾ ਹੀ ਸੰਸਾਰ ਦੀਆਂ ਚਾਰ ਖਾਣੀਆਂ ਅਤੇ ਨਾ ਹੀ ਚਾਰ ਬਾਣੀਆਂ ਦੀ ਹੋਂਦ ਸੀ। ਉਦੋਂ ਪੰਜ ਭੌਤਕਾਂ ਜਿਵੇਂ ਪੌਣ, ਪਾਣੀ, ਅਗਨੀ ਆਦਿ ਦੀ ਵੀ ਕੋਈ ਹੋਂਦ ਨਹੀਂ ਸੀ। ਉਦੋਂ ਨਾ ਕੋਈ ਉਤਪਤੀ ਸੀ ਅਤੇ ਨਾ ਹੀ ਕੋਈ ਪਰਲੋ ਸੀ। ਜੰਮਣਾ-ਮਰਨਾ, ਆਵਾਗਵਣ, ਕੁੱਝ ਵੀ ਨਹੀਂ ਸੀ। ਉਦੋਂ ਧਰਤੀ ਦੇ ਨੌਂ ਖੰਡ, ਪਾਤਾਲ, ਸੱਤ ਸਮੁੰਦਰ, ਨਦੀਆਂ ਵਿਚ ਪਾਣੀ ਆਦਿ ਕੁੱਝ ਵੀ ਨਹੀਂ ਸੀ। ਉਸ ਸੁੰਨ ਦੀ ਅਵਸਥਾ ਵਿਚ ਕੋਈ ਸਵਰਗ-ਲੋਕ, ਮਾਤ-ਲੋਕ, ਦੋਜ਼ਖ ਜਾਂ ਬਹਿਸ਼ਤ, ਮੌਤ ਆਦਿ ਕਿਸੇ ਦੀ ਹੋਂਦ ਨਹੀਂ ਸੀ। ਉਦੋਂ ਕਿਸੇ ਵਿਅਕਤੀ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਦਿ ਦੇਵਤੇ ਦੀ ਹੋਂਦ ਵੀ ਨਹੀਂ ਸੀ। ਕੋਈ ਮਨੁੱਖੀ ਵੰਡੀਆਂ ਇਸਤਰੀ-ਮਰਦ, ਜਾਤ-ਪਾਤ ਕੁੱਝ ਵੀ ਨਹੀਂ ਸੀ, ਕੋਈ ਧਰਮ, ਧਾਰਮਿਕ ਗ੍ਰੰਥ, ਧਾਰਮਿਕ ਕਰਮ-ਕਾਂਡ ਵੀ ਨਹੀਂ ਸੀ। ਕੋਈ ਜਤੀ-ਸਤੀ, ਤਿਆਗੀ- ਗ੍ਰਹਿਸਥੀ ਕਿਸੇ ਦੀ ਹੋਂਦ ਨਹੀਂ ਸੀ।

ਬਹੁਤ ਵਿਸਥਾਰ ਵਿਚ ਇਸ ਸੁੰਨ-ਅਵਸਥਾ ਦਾ ਵਰਣਨ ਕਰਨ ਉਪਰੰਤ ਗੁਰੂ ਨਾਨਕ ਸਾਹਿਬ ਉਸ ਕਰਤਾ ਪੁਰਖ ਦੀ ਆਪਣੇ ਆਪ ਵਿਚ ਹੋਂਦ ਦਾ ਜ਼ਿਕਰ ਕਰਦੇ ਹਨ ਕਿ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲਾ ਉਹ ਅਕਾਲ ਪੁਰਖ ਆਪ ਹੀ ਅਦ੍ਰਿਸ਼ਟ ਸੀ ਅਤੇ ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰਨ ਵਾਲਾ ਸੀ। ਫਿਰ ਜਦੋਂ ਉਸ ਪਰਮਾਤਮਾ ਨੂੰ ਚੰਗਾ ਲੱਗਾ, ਉਸ ਨੂੰ ਭਾਇਆ ਤਾਂ ਉਸ ਨੇ ਆਪਣੇ ਭਾਣੇ ਵਿਚ ਹੀ ਇਸ ਸੰਸਾਰ ਦੀ ਰਚਨਾ ਕਰ ਦਿੱਤੀ ਅਤੇ ਇਸ ਸਾਰੇ ਸੰਸਰਕ-ਪਾਸਾਰੇ ਨੂੰ ਬਿਨਾਂ ਕਿਸੇ ਦਿਸਦੇ ਸਹਾਰੇ ਦੇ ਆਪਣੀ ਥਾਂ 'ਤੇ ਟਿਕਾ ਦਿੱਤਾ। ਉਸ ਨੇ ਹੀ ਸਾਰੇ ਦੇਵੀ-ਦੇਵਤੇ, ਮਾਇਆ-ਮੋਹ ਆਦਿ ਸੰਸਾਰ ਵਿਚ ਪੈਦਾ ਕਰ ਦਿੱਤੇ। ਇਸ ਤੱਥ ਦੀ ਸਮਝ ਕਿਸੇ ਵਿਰਲੇ ਬੰਦੇ ਨੂੰ ਗੁਰੂ ਦੇ ਉਪਦੇਸ਼ ਰਾਹੀਂ ਪੈਂਦੀ ਹੈ ਕਿ ਉਹ ਪਰਮਾਤਮਾ ਇਸ ਬ੍ਰਹਮੰਡ ਦੀ ਰਚਨਾ ਕਰਕੇ ਆਪ ਹੀ ਇਸ ਦੀ ਸੰਭਾਲ ਕਰ ਰਿਹਾ ਹੈ। ਪੂਰੇ ਗੁਰੂ ਤੋਂ ਹੀ ਇਹ ਗੱਲ ਸਮਝ ਪੈਂਦੀ ਹੈ ਕਿ ਕੋਈ ਵੀ ਮਨੁੱਖ ਉਸ ਦਾ ਅਤੇ ਉਸ ਦੀ ਰਚਨਾ ਦਾ ਅੰਤ ਨਹੀਂ ਪਾ ਸਕਦਾ। ਉਸ ਪਰਮਾਤਮਾ ਦੇ ਰੰਗ ਵਿਚ ਰੰਗਿਆ ਕੋਈ ਵਿਰਲਾ ਮਨੁੱਖ ਹੀ ਉਸ ਦੀ ਰਚਨਾ ਤੇ ਹੈਰਾਨ ਹੋ ਕੇ ਉਸ ਦੇ ਗੁਣ ਹੀ ਗਾ ਸਕਦਾ ਹੈ,

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥੧॥

...

ਤਾ ਕਾ ਅੰਤੁ ਨ ਜਾਣੈ ਕੋਈ॥
ਪੂਰੇ ਗੁਰ ਤੇ ਸੋਝੀ ਹੋਈ॥
ਨਾਨਕ ਸਾਚਿ ਰਤੇ ਬਿਸਮਾਦੀ
ਬਿਸਮ ਭਏ ਗੁਣ ਗਾਇਦਾ॥੧੬॥੩॥੧੫॥
(ਪੰਨਾ ੧੦੩੬)

ਇਸ ਦਾ ਹੋਰ ਵਿਸਥਾਰ ਮਾਰੂ ਸੋਲਹੇ ਬਾਣੀ ਵਿਚ ਹੀ ਗੁਰੂ ਨਾਨਕ ਦੇਵ, ਗੁਰੂ ਅਮਰਦਾਸ ਅਤੇ ਪੰਜਵੀਂ ਨਾਨਕ ਜੋਤਿ ਗੁਰੂ ਅਰਜਨ ਦੇਵ ਨੇ ਕੀਤਾ ਹੈ। ਇਸ ਉਪਰ ਦਿੱਤੀ ਸੰਖੇਪ ਚਰਚਾ ਤੋਂ ਇਹ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਗੁਰਮਤਿ ਅਨੁਸਾਰ ਸ੍ਰਿਸ਼ਟੀ ਰਚਨਾ ਕੀ ਹੈ ਅਤੇ ਇਸ ਸ੍ਰਿਸ਼ਟੀ ਰਚਨਾ ਦਾ ਮਕਸਦ ਕੀ ਹੈ? ਇਹ ਧਰਤੀ ਮਨੁੱਖ ਦੇ ਧਰਮ ਕਮਾਉਣ ਦੀ ਥਾਂ ਦੇ ਰੂਪ ਵਿਚ ਅਕਾਲ ਪੁਰਖ ਨੇ ਸਥਾਪਤ ਕੀਤੀ ਹੈ ਅਤੇ ਧਰਮ ਕਮਾਉਣ ਦਾ ਅਰਥ ਹੈ ਸੁਕਿਰਤ ਕਰਨਾ ਅਤੇ ਆਪਣੇ ਰਚਣਹਾਰੇ ਨੂੰ ਯਾਦ ਰੱਖਣਾ। ਇਸੇ ਨੂੰ ਆਸਾ ਦੀ ਵਾਰ ਵਿਚ 'ਕਰਿ ਸੁਕਿਰਤ ਧਰਮ ਕਮਾਇਆ' ਕਿਹਾ ਹੈ। ਇਹ ਸੰਸਾਰ ਉਸ ਸੱਚੇ ਦੀ ਰਚਨਾ ਹੈ ਅਤੇ ਉਸ ਸੱਚੇ ਦਾ ਨਿਵਾਸ ਸਥਾਨ ਵੀ ਹੈ। ਇਸ ਲਈ ਸੱਚੀ ਅਤੇ ਸੁੱਚੀ ਕਿਰਤ ਕਰਦੇ ਹੋਏ ਉਸ ਦੇ ਨਾਮ ਸਿਮਰਨ ਰਾਹੀਂ ਉਸ ਨਾਲ ਜੁੜੇ ਰਹਿਣਾ ਹੈ। ਉਸ ਨੂੰ ਯਾਦ ਰੱਖਣਾ ਹੈ। ਜਿਹੜਾ ਉਸ ਨੂੰ ਯਾਦ ਰੱਖਦਾ ਹੈ ਉਹ ਫਿਰ 'ਮੰਦੇ ਪੈਰ ਨ ਰਖਿਓਨ' ਦੇ ਰਸਤੇ ਦਾ ਪਾਂਧੀ ਬਣਦਾ ਹੈ।

**(ਚਲਦਾ)**

***ਬਹੁਤ ਵਿਸਥਾਰ ਵਿਚ ਇਸ ਸੁੰਨ-ਅਵਸਥਾ ਦਾ ਵਰਣਨ ਕਰਨ ਉਪਰੰਤ ਗੁਰੂ ਨਾਨਕ ਸਾਹਿਬ ਉਸ ਕਰਤਾ ਪੁਰਖ ਦੀ ਆਪਣੇ ਆਪ ਵਿਚ ਹੋਂਦ ਦਾ ਜ਼ਿਕਰ ਕਰਦੇ ਹਨ ਕਿ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲਾ ਉਹ ਅਕਾਲ ਪੁਰਖ ਆਪ ਹੀ ਅਦ੍ਰਿਸ਼ਟ ਸੀ ਅਤੇ ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰਨ ਵਾਲਾ ਸੀ। ਫਿਰ ਜਦੋਂ ਉਸ ਪਰਮਾਤਮਾ ਨੂੰ ਚੰਗਾ ਲੱਗਾ, ਉਸ ਨੂੰ ਭਾਇਆ ਤਾਂ ਉਸ ਨੇ ਆਪਣੇ ਭਾਣੇ ਵਿਚ ਹੀ ਇਸ ਸੰਸਾਰ ਦੀ ਰਚਨਾ ਕਰ ਦਿੱਤੀ ਅਤੇ ਇਸ ਸਾਰੇ ਸੰਸਰਕ-ਪਾਸਾਰੇ ਨੂੰ ਬਿਨਾਂ ਕਿਸੇ ਦਿਸਦੇ ਸਹਾਰੇ ਦੇ ਆਪਣੀ ਥਾਂ 'ਤੇ ਟਿਕਾ ਦਿੱਤਾ। ਉਸ ਨੇ ਹੀ ਸਾਰੇ ਦੇਵੀ-ਦੇਵਤੇ, ਮਾਇਆ-ਮੋਹ ਆਦਿ ਸੰਸਾਰ ਵਿਚ ਪੈਦਾ ਕਰ ਦਿੱਤੇ।***

## ਸਿਆਣਿਆਂ ਦਾ ਕਿਹਾ

(1) ਗਿਆਨ ਸੂਰਜ ਦੀ ਤਰ੍ਹਾਂ ਚਮਕਦਾ ਹੈ।
(2) ਸਤਿ ਨੂੰ ਭੇਦ ਦੀ ਵਾੜ ਦੀ ਲੋੜ ਹੀ ਨਹੀਂ।
(3) ਧਰਮ ਸੱਚ ਦੀ ਸ਼ਕਤੀ ਨਾਲ ਚਮਕਦੇ ਹਨ। ਸੱਚ ਸਾਰਿਆਂ ਦਾ ਸਾਂਝਾ ਹੈ।
(4) ਕੱਟੜਤਾ ਵਿਚ ਧਰਮ ਦਾ ਵਾਸਾ ਨਹੀਂ ਹੈ। ਧਰਮ ਦਾ ਵਾਸਾ ਹੈ, ਉਨ੍ਹਾਂ ਲੋਕਾਂ ਵਿਚ ਜੋ ਧਰਮ ਦਾ ਅਭਿਆਸ ਕਰਦੇ ਹਨ।
(5) ਕਿਸੇ ਵੀ ਸਿਧਾਂਤ ਦਾ ਕੋਈ ਲਾਭ ਨਹੀਂ ਜੇ ਤੁਸੀਂ ਉਸ ਨੂੰ ਆਪਣੇ ਜੀਵਨ ਵਿਚ ਉਤਾਰ ਨਹੀਂ ਸਕਦੇ। ਜੇ ਬਣਾਏ ਸਿਧਾਂਤ ਦਾ ਅਭਿਆਸ ਨਹੀਂ ਕੀਤਾ ਜਾਂਦਾ ਤਾਂ ਉਹ ਇਸ ਤਰ੍ਹਾਂ ਹੈ ਜਿਵੇਂ ਬਿਨਾਂ ਸਵਾਸਾਂ ਤੋਂ ਸਰੀਰ।
(6) ਧਰਮ ਦੇ ਅਭਿਆਸ ਲਈ ਸਾਰੇ ਮਜ਼ਹਬਾਂ ਦਾ ਨਿਚੋੜ ਪਤਾ ਹੋਣਾ ਚਾਹੀਦਾ ਹੈ। ਸੱਚੇ ਧਰਮ ਦੇ ਅਭਿਆਸ ਲਈ ਆਪਣੀ ਹਉਮੈ ਨੂੰ ਤਜਣ ਦੀ ਲੋੜ ਹੈ।
(7) ਧਰਮ ਦਾ ਉਪਦੇਸ਼ ਹੈ, ਹਉਮੈ ਨੂੰ ਹਟਾ ਕੇ, ਹਉਮੈ ਨਾਲ ਜੁੜੀਆਂ ਕੰਧਾਂ ਨੂੰ ਢਾਹ ਕੇ ਪਰਮਾਤਮਾ ਨਾਲ ਜੁੜਨਾ।
(8) ਸੰਸਾਰ ਦੇ ਸਾਰੇ ਧਰਮਾਂ ਦਾ ਚਮਕਦਾ ਸਤਿ, ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ ਅਤੇ ਕੱਟੜਤਾ ਦੇ ਥੱਲੇ ਲੁੱਕ ਗਿਆ ਹੈ।
(9) ਸਤਿ ਹਰ ਥਾਂ ਹੈ, ਹਰ ਸਮੇਂ ਹੈ। ਸਤਿ ਦੀ ਹੋਂਦ ਤੁਸੀਂ ਆਪਣੀ ਹੋਂਦ ਦੀ ਡੂੰਘਾਈ ਵਿਚ ਅਨੁਭਵ ਕਰ ਸਕਦੇ ਹੋ।
(10) ਜਦੋਂ ਸਾਰੀ ਮਾਨਵਤਾ ਨੂੰ ਇਕ ਪਰਿਵਾਰ ਮੰਨ ਲਈਏ, ਆਪਸੀ ਮਤਭੇਦ ਖਤਮ ਹੋ ਜਾਂਦੇ ਹਨ।
(11) ਧਰਮ ਉਹ ਹੈ ਜਿਸ ਦੇ ਅਭਿਆਸ ਨਾਲ ਵਿਅਕਤੀ ਦਾ ਜੀਵਨ ਬਦਲ ਜਾਏ।
(12) ਜਿੱਥੇ ਕੋਈ ਤੰਗ ਦਿਲੀ ਨਹੀਂ, ਅੰਧਵਿਸ਼ਵਾਸ ਨਹੀਂ, ਕੋਈ ਕੱਟੜਪਨ ਨਹੀਂ, ਉਹ ਹੀ ਸੱਚਾ ਧਰਮ ਹੈ।
(13) ਪ੍ਰਤੱਖ ਗਿਆਨ ਦਾ ਆਧਾਰ ਤਰਕ ਹੈ, ਦਲੀਲ ਹੈ।
(14) ਜਦੋਂ ਸੱਚਾ ਪਿਆਰ ਹਿਰਦੇ 'ਚੋਂ ਨਿਕਲਦਾ ਹੈ, ਦੂਸਰਿਆਂ ਨੂੰ ਦੇਣਾ ਸਿਖਦੇ ਹੋ।
(15) ਆਮ ਲੋਕਾਂ ਨੂੰ ਧਰਮ ਦਾ ਪਤਾ ਨਹੀਂ ਉਹ ਤਾਂ ਮਜ਼ਬ ਦੇ ਫਰੇਬ 'ਚ ਫਸੇ ਪਏ ਹਨ।
(16) ਮਨੁੱਖ ਨੂੰ ਪ੍ਰਯੋਗ ਕਰਨਾ ਬਹੁਤ ਚੰਗਾ ਲਗਦਾ ਹੈ।
(17) ਅਗਿਆਨਵਸ ਮਨੁੱਖ ਨੂੰ ਆਪਣਾ ਨਿਸ਼ਚਾ ਤੇ ਵਿਸ਼ਵਾਸ ਸਭ ਤੋਂ ਉਚਾ ਲਗਦਾ ਹੈ।
(18) ਲਗਭਗ ਹਰ ਮਨੁੱਖ ਮਜ਼ਹਬ ਪੱਖੋਂ ਬੀਮਾਰ ਹੈ।
(19) ਧਰਮ ਦਾ ਨਿਚੋੜ ਹੈ ਨੈਤਿਕਤਾ ਦਾ ਅਭਿਆਸ।
(20) ਧਰਮ ਦਾ ਅਭਿਆਸ ਜੀਵਨ ਦੇ ਹਰ ਪੱਖ, ਹਰ ਪਹਿਲੂ ਵਿਚ ਕਰਨਾ ਚਾਹੀਦਾ ਹੈ।
(21) ਆਤਮਾ ਦਾ ਪਰਮਾਤਮਾ ਨਾਲ ਮੇਲ, ਬ੍ਰਹਮ ਨਾਲ ਮੇਲ ਹੈ।
(22) ਅੱਜ ਦੀ ਅਕਾਲੀ ਸਿੱਖ ਰਾਜਨੀਤੀ ਧਰਮ ਤੋਂ ਨਿਖੜ ਚੁੱਕੀ ਹੈ
(23) ਧਰਮ ਮਨੁੱਖ ਨੂੰ ਪਦਾਰਥਕ ਸੰਸਾਰ ਵਿਚ ਗੁਆਚਣ ਤੋਂ ਬਚਾਉਂਦਾ ਹੈ।
(24) ਸੰਸਾਰ ਕੇਵਲ ਇੰਦ੍ਰੀਆਂ ਦਾ ਭੋਗ ਹੀ ਦੇ ਸਕਦਾ ਹੈ।
(25) ਧਰਮ ਦਾ ਭਾਵ ਹੈ ਪਿਆਰ ਪ੍ਰਗਟ ਕਰਨਾ, ਸਤਿ ਪ੍ਰਗਟ ਕਰਨਾ ਤੇ ਜੀਵਨ ਸ਼ਾਂਤ ਬਣਾਉਣਾ। ਧਰਮ ਦਾ ਅਭਿਆਸ ਨਿਜੀ ਜੀਵਨ ਤੋਂ ਸ਼ੁਰੂ ਹੁੰਦਾ ਹੈ।
(26) ਸੁਰਖਿਆ ਦਾ ਬੋਧ, ਸ਼ਾਂਤੀ ਦੀ ਜੜ੍ਹ ਹੈ। ਮਾਨਸਿਕ ਸ਼ਾਂਤੀ ਲਈ ਸਾਨੂੰ ਆਪਣੇ ਆਪ ਨੂੰ ਜਿੱਤਣਾ ਚਾਹੀਦਾ ਹੈ।
(27) ਅੱਜ ਲੋੜ ਹੈ ਅਨੁਸਾਸ਼ਨ ਦੇ ਮਾਰਗ ਦੀ, ਤਾਂ ਜੋ ਸ਼ਾਂਤੀ ਤੇ ਅਨੰਦ ਨੂੰ ਸਥਿਰ ਰੱਖਿਆ ਜਾ ਸਕੇ।
(28) ਰਚਨਾਤਮਕ ਲਿਖਤ ਤੇ ਪੱਤਰਕਾਰੀ ਦੀ ਆਪਸ ਵਿਚ ਘੱਟ ਹੀ ਬਣਦੀ ਹੈ।
(29) ਜਦੋਂ ਹਕੀਕਤਾਂ ਬੇਨਕਾਬ ਹੁੰਦੀਆਂ ਹਨ ਤਾਂ ਉਨ੍ਹਾਂ ਹੇਠ ਛੁਪਿਆ ਕਾਫੀ ਕੁਝ ਹੋਰ ਵੀ ਨਿਕਲ ਆਉਂਦਾ ਹੈ।
(30) ਬਣ ਨਾ ਜਾਵੇ ਪਰਬਤ ਰਾਈ ਦਾ, ਏਸੇ ਕਰਕੇ ਦਿਲ ਵਿਚ ਰਾਜ ਲੁਕਾਈ ਦਾ।
(31) ਉਠ ਸਾਕੀ ਜ਼ਰਾ ਗਮ ਕੀ ਦਵਾ ਦੇ ਦੇ, ਮਾਰੇ ਜੋ ਮੇਰਾ ਗਮ ਐਸੀ ਅਦਾ ਦੇ ਦੇ।
(32) ਬਹੁਤੇ ਘਰਾਂ ਵਿਚ ਉਦਾਸੀ ਹੈ, ਜੇ ਕੋਈ ਹੱਸਦਾ ਹੈ ਤਾਂ ਫੋਕਾ ਫੋਕਾ ਜਿਹਾ, ਉਪਰੋਂ ਉਪਰੋਂ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਵੇਖਿਓ ਕਚਿਹਰੀ ਜ਼ਰਾ ਧਰਮ ਰਾਜ ਦੀ...

*ਪਹਾੜ ਚੜ੍ਹ ਕੇ ਪਤਾ ਲੱਗਦੈ ਕਿ ਉਤਰਨ ਵੇਲੇ ਇਹ ਨੀਵੇਂ ਹੀ ਹੋਣਗੇ, ਹੌਂਸਲਾ ਉਚਾ ਹੋਵੇਗਾ। ਕੋਲ ਜਾ ਕੇ ਹੀ ਅਹਿਸਾਸ ਹੁੰਦੈ ਕਿ ਪਹਾੜ ਮਿੱਟੀ ਦੇ ਢੇਰ ਹੀ ਹੁੰਦੇ ਨੇ, ਇਸ ਲਈ ਦੂਰੋਂ ਹੀ ਵੇਖਦੇ ਰਹੋ ਤਾਂ ਚੰਗਾ ਹੈ। ਜਿਹੜੇ ਇਸ ਵਿਸ਼ਵਾਸ ਨਾਲ ਤੁਰੇ ਆ ਰਹੇ ਹਨ ਕਿ ਸੱਪ ਸਿਰਫ਼ ਖੁੱਡਾਂ 'ਚ ਰਹਿੰਦੇ ਨੇ, ਉਹ ਮਹਿਜ਼ ਭਰਮ 'ਚ ਨੇ। ਧਰਤੀ 'ਤੇ ਬੰਦੇ ਸੱਪਾਂ ਨਾਲੋਂ ਵੀ ਵੱਧ ਖ਼ਤਰਨਾਕ ਦਗੜ-ਦਗੜ ਕਰ ਰਹੇ ਹਨ। ਇਹ ਜਦੋਂ ਡੰਗ ਮਾਰਦੇ ਨੇ, ਪੀੜ ਨਾ ਵੀ ਹੋਣ ਦਿੰਦੇ ਹੋਣ, ਜ਼ਿੰਦਗੀ ਨੂੰ ਉਮਰ ਭਰ ਲਈ ਜ਼ਖ਼ਮੀ ਕਰ ਦਿੰਦੇ ਨੇ। ਅਗਲੇ ਜਨਮਾਂ ਦਾ ਫਿਕਰ ਕਰਨ ਨਾਲੋਂ ਚੰਗਾ ਹੈ, ਜਿਹੜੀ ਮਿਲੀ ਹੈ ਉਹਨੂੰ ਜੀਅ ਲਵੋ। ਜੇ ਹਾਲੇ ਤੀਕਰ ਬਹੁਤ ਕੁਝ ਬਚਿਆ ਹੋਇਆ ਹੈ, ਜੇ ਭਲਾਈ ਸ਼ਬਦ ਜਿਉਂਦਾ ਹੈ ਤਾਂ ਇਸ ਕਰਕੇ ਕਿ ਕੁਦਰਤ ਹਾਕਮਾਂ ਦੇ ਕਬਜ਼ੇ ਤੋਂ ਮੁਕਤ ਹੈ। ਜੇ ਬਚਣਾ ਚਾਹੁੰਦੇ ਹੋ ਤਾਂ ਉਨ੍ਹਾਂ ਤੋਂ ਲਾਂਭੇ ਰਹੋ ਜਿਹੜੇ ਚਿਹਰੇ ਤਾਂ ਬੀਬਿਆਂ ਵਾਲੇ ਸੀ, ਪਰ ਈਰਖਾ ਦਾ ਬਰੂਦ ਅੰਦਰ ਤੁੰਨੀ ਬੈਠੇ ਰਹੇ। 'ਰੰਗ-ਰਲੀਆਂ' ਸ਼ਬਦ ਨੂੰ ਸਿਰਫ਼ ਜਵਾਨੀ ਨਾਲ ਨਾ ਜੋੜੋ, ਰਲ ਕੇ ਜ਼ਿੰਦਗੀ ਵਿਚ ਰੰਗ ਭਰਨ ਦਾ ਨਾਂ ਮੌਜ ਹੁੰਦਾ ਹੈ। ਮਿੱਤਰਤਾ ਦੇ ਵਾਸਤੇ 'ਚ ਜ਼ਹਿਰ ਵੇਚਣ ਵਾਲਿਆਂ ਨਾਲੋਂ, ਸੁਚੇਤ ਰਹਿਣ ਕਰਕੇ ਦੁਸ਼ਮਣ ਚੰਗਾ ਹੀ ਹੁੰਦਾ ਹੈ। ਇਕ ਪ੍ਰੇਮੀ ਨੇ ਜਦੋਂ ਪ੍ਰੇਮਿਕਾ ਨੂੰ ਰੁਮਾਲ ਫੜਾਉਂਦਿਆਂ ਕਿਹਾ, "ਲੈ ਮੇਰੇ ਪਿਆਰ ਦੀ ਨਿਸ਼ਾਨੀ" ਤਾਂ ਉਹ ਮੂੰਹ ਫੇਰ ਗਈ ਕਿ ਪਿਆਰ ਕਰਕੇ ਸੌਗਾਤ ਦਿੰਦਾ ਤਾਂ ਮੈਂ ਪ੍ਰਵਾਨ ਕਰ ਲੈਂਦੀ, ਤੂੰ ਸੌਗਾਤ ਦੇ ਕੇ ਪਿਆਰ ਕਰਨਾ ਚਾਹੁੰਦੈਂ ਇਸ ਲਈ ਤੇਰੀ ਸਾਡੀ ਬੱਸ ਵੇ। ਹਕੂਮਤਾਂ ਪਰਜਾ ਨੂੰ ਸੌਗਾਤਾਂ ਦੇ ਕੇ ਹੀ ਵਰਚਾਉਣ ਦੇ ਯਤਨ ਕਰ ਰਹੀਆਂ ਹਨ। ਹਾਕਮਾਂ ਨੂੰ ਸਿਰਫ਼ ਸ਼ੱਕ ਹੈ ਕਿ ਜਨਤਾ ਭੋਲੀ ਤੇ ਬੁੱਧੂਆਂ ਦਾ ਕਾਫ਼ਲਾ ਹੈ ਪਰ ਗੱਦਾਫ਼ੀ ਸ਼ਾਇਦ ਇਸੇ ਵਹਿਮ 'ਚ ਮਾਰਿਆ ਗਿਆ। ਜੇ ਦੁਨੀਆਂ ਵਿਚ ਇਸ ਵੇਲੇ ਸਭ ਤੋਂ ਵੱਧ 'ਪੀੜ' ਦੀਆਂ ਦਵਾਈਆਂ ਬਣ ਰਹੀਆਂ ਹਨ ਤਾਂ ਕਿਵੇਂ ਕਹਿ ਸਕਦੇ ਹੋ ਕਿ ਦੁਨੀਆਂ ਸੁਖਾਲੀ ਹੁੰਦੀ ਜਾ ਰਹੀ ਹੈ? ਜੇ ਮਖਮਲੀ ਗਦੈਲਿਆਂ 'ਤੇ ਪੈਸੇ ਵਾਲਿਆਂ ਦੀ ਰਾਤ ਪਲਸੇਟੇ ਮਾਰਦਿਆਂ ਦੀ ਲੰਘਦੀ ਹੈ, ਤੇ ਤੁਹਾਡੀ ਅੱਖ ਸੁੱਕੀ ਖਾ ਕੇ ਵਾਣ ਵਾਲੇ ਮੰਜੇ ਉਤੇ ਵੀ ਨਹੀਂ ਖੁੱਲ੍ਹਦੀ ਤਾਂ ਅੰਦਾਜ਼ਾ ਲਗਾ ਲਿਓ, ਖ਼ੁਸ਼ਹਾਲ ਕੌਣ ਹੈ? ਧਰਮ ਰਾਜ ਵਿਸ਼ਵਾਸ ਦਾ ਨਾਂ ਹੀ ਹੈ ਪਰ ਵਿਸ਼ਵਾਸ ਕਤਲ ਕਿਵੇਂ ਹੋ ਰਿਹੈ?*

"ਵੇ ਛਲਾਰੂਆ ਜਿਹਿਆ ਕੌਣ ਐਂ ਤੂੰ?"

"ਹੱਦ ਹੋ ਗਈ ਭੂਆ, ਤੂੰ ਤਾਂ ਮਰਦਮਸ਼ਮਾਰੀ ਵਾਲਿਆਂ ਵਾਂਗੂੰ ਸਵਾਲ ਈ ਕਰਦੀ ਰਹਿੰਨੀ ਐਂ। ਮੈਂ ਹੈਗਾਂ ਭਜਨੇ ਦਾ ਕਾਂਤੀ।"

"ਤੀਵੀਆਂ ਆਲਾ ਨਾਂ ਐ ਤੇਰਾ, ਤਾਂ ਹੀ ਜਨਾਨਾ ਜਿਹਾ ਲਗਦੈਂ। ਚੱਲ ਤੂੰ ਦੱਸ ਫੱਤੂ ਦਾ ਘਰ ਕਿਹੜੈ?"

"ਭੂਆ ਉਹਨੂੰ ਤਾਂ ਕਈ ਸਾਲ ਹੋ'ਗੇ ਚੜ੍ਹਾਈ ਕਰ ਗਏ ਨੂੰ।"

"ਮੈਂ ਅੱਗ ਲਾਉਣੇ ਨੂੰ ਫੂਕਣੈ। ਉਹਦੇ ਮੱਦੀ ਨੂੰ ਲੱਭਦੀ ਫਿਰਦੀ ਆਂ।"

"ਸਾਕ ਕਰਾਉਣੈ?"

"ਲਫੇੜਾ ਮਾਰੂੰ, ਲੱਸੀ ਵਾਂਗ ਵਧੀ ਜਾਨੈਂ। ਦੱਸੇਂਗਾ ਕਿ ਨਹੀਂ?"

"ਭੂਆ, ਅਹੁ ਤਾਸ਼ ਖੇਡਦੈ ਬੋਹੜ ਹੇਠਾਂ। ਆ ਗਿਆ ਤੈਨੂੰ ਵੇਖ ਕੇ।"

"ਵੇ ਮੱਦੀ, ਪਹਿਲਾਂ ਆਹ ਮੰਜਾ ਡਾਹ ਜੀਹਦਾ ਵੀ ਹੈ, ਮੇਰਾ ਤਾਂ ਸਾਹ ਉਪਰਲਾ ਉਪਰ ਤੇ ਹੇਠਲਾ ਹੇਠਾਂ।"

"ਕੀ ਹੋ ਗਿਆ ਭੂਆ?"

"ਨਖੁੱਤੀ ਦਿਆ ਮੈਂ ਰਾਤੀਂ ਪੂਰੀ ਹੋ ਗਈ ਤੀ।"

"ਪਹਿਲਾਂ ਅੱਧੀ ਤੀ ਭੂਆ।"

"ਵੇ ਕਛਹਿਰੇ ਜਿਹੇ ਆਲੇ ਵਾਂਗੂੰ ਢੂਚਰਾਂ ਡਾਹੀ ਜਾਨੈਂ, ਤੇਰੀ ਮਾਂ ਵਰਗੀ ਆਂ ਮੈਂ।"

"ਕਛਹਿਰੇ ਆਲਾ ਕਿਹੜਾ?"

"ਜਿਹੜਾ ਫ਼ਿਲਮਾਂ 'ਚ ਹੁੰਦਾ ਤੀਗਾ।"

"ਅੱਛਾ ਮਿਹਰ ਮਿੱਤਲ ਕਹਿ।"

"ਮੈਂ ਕਿਤੇ ਕੈਮਰਾ ਚੱਕੀ ਫਿਰਦੀ ਹੁੰਦੀ ਤੀ।"

"ਭੂਆ ਚੱਲ ਦੱਸ, ਰਾਤੀਂ ਕੀ ਹੋਇਆ?"

"ਵੇ ਮੱਦੀ, ਮੈਂ ਦੋ ਖਾਧੀਆਂ ਮੱਕੀ ਦੀਆਂ ਸਾਗ ਨਾਲ। ਫਿਰ ਅੱਖ ਔਤਰੀ ਪਤਾ ਨ੍ਹੀਂ ਕਦੋਂ ਲੱਗ ਗੀ।"

"ਕੀਹਦੇ ਨਾ ਭੂਆ?"

"ਵੇ ਮੈਂ ਤਾਂ ਜੁਆਨੀ 'ਚ ਵਿਚਾਲਿਓਂ ਦੋ ਕਰ ਦਿੰਦੀ ਤਿਗੀ ਜਿਹੜਾ ਮੇਰੇ ਵੱਲ ਅੱਖ ਚੁੱਕਦਾ। ਹੁਣ ਬੁੱਢੇ ਵਾਰੇ ਛੜਿਆਂ ਦੇ ਖੁਸਰੇ ਨੱਚਣੇ ਐਂ।"

"ਚੱਲ, ਅੱਗੇ ਗੱਲ ਤਾਂ ਦੱਸ?"

"ਵੇ ਮੱਦੀ, ਮੈਂ ਵੇਖਿਆ, ਮੈਂ ਤਾਂ ਕਿਤੇ ਹੋਰ ਈ ਆ ਗੀ। ਪਰੀਆਂ ਘੁੰਮਣ ਕਿਤੇ, ਮੈਨੂੰ ਅਹੁੜੇ ਕੁਛ ਨਾ ਪਈ ਮੈਂ ਹੈ ਕਿੱਥੇ? ਮੇਰੇ ਤਦ ਨਜ਼ਰੀਂ ਪਿਆ ਆਪਣੇ ਪਿੰਡ ਆਲਾ ਸੰਤੂ ਮਾਹਟਰ ਫੇਰ।"

"ਭੂਆ ਉਹਨੂੰ ਤਾਂ ਦਸ ਸਾਲ ਹੋ ਗਏ ਪੂਰਾ ਹੋਏ ਨੂੰ।"

"ਵੇ ਹਾਅ ਈ ਤਾਂ ਤੈਨੂੰ ਮੈਂ ਦੱਸਣ ਲੱਗੀ ਆਂ, ਪਈ ਮੈਂ ਤਾਂ ਟੁੱਟ ਪੈਣਿਆਂ ਜਾ ਪਹੁੰਚੀ ਧਰਮ ਰਾਜ ਦੇ ਦਰਬਾਰ 'ਚ।"

"ਭੂਆ ਕਿੱਦਾਂ ਦਾ ਲੱਗਾ ਫੇ?"

"ਵੇ ਨਾ ਮੈਂ ਕਿਸੇ ਨੂੰ ਮਿਲ ਕੇ ਗਈ, ਨਾ ਬਿਮਾਰ ਠਮਾਰ ਹੋਈ, ਭੱਠੀ ਦੀ ਅੱਗ ਨ੍ਹੀਂ ਠੰਢੀ ਹੋਈ ਹੋਣੀ, ਪਈ ਆਹ ਮੇਰੇ ਨਾਲ ਕੀ ਹੋ ਗਿਆ?"

"ਭੂਆ, ਸੰਤੂ ਮਾਹਟਰ ਉਥੇ ਭਲਾ ਕੀ ਕਰਦਾ ਤੀ?"

"ਵੇਖ ਲੈ ਮੱਦੀ, ਧਰਮੀ ਬੰਦਿਆਂ ਨਾਲ ਧਰਮ ਰਾਜ ਵੀ ਧਰਮ ਪਾਲਦੈ।"

"ਸੰਤੂ ਚੰਗਾ ਤੀਗਾ ਬਹੁਤ।"

"ਧਰਮ ਰਾਜ ਨੇ ਤਾਂ ਹੀ ਤਾਂ ਆਪਣੇ ਦਫ਼ਤਰ 'ਚ ਪਾਣੀ ਪਿਆਉਣ ਰੱਖਿਆ ਹੋਇਐ। ਮੈਂ ਸੰਤੂ ਨੂੰ ਹੌਲੀ ਦੇਣੀ ਕਿਹਾ, ਹੁਣ ਸਵਰਗ ਆਲੀ ਕੁੰਡੀ ਖੋਲ੍ਹ ਦੇ ਮਲਕ ਦੇਣੀ।"

"ਫੇਰ?"

"ਆਂਹਦਾ ਭੂਆ ਏਥੇ ਕਾਗ਼ਜ਼ਾਂ ਦਾ ਈ ਹਿਸਾਬ-ਕਿਤਾਬ ਚੱਲਦੈ, ਪੰਜਾਬ ਵਾਂਗੂੰ ਵੱਢੀ ਨ੍ਹੀਂ। ਉਂ ਪਾਣੀ ਦੀ ਥਾਂ ਦੁੱਧ ਦਾ ਗਲਾਸ ਫੜਾ ਗਿਆ।"

"ਅੱਛਾ! ਇਹ ਵੱਢੀ ਨ੍ਹੀਂ ਤੀਗੀ?"

"ਵੇ ਅੱਗੇ ਤਾਂ ਸੁਣ-ਜਦ ਨੂੰ ਪੈ ਗਈ ਵਾਛੜ।"

"ਮੀਂਹ ਲੱਗ ਗਿਆ ਤੀ ਭੂਆ?"

"ਅਕਲ ਦਿਆ ਅੰਨ੍ਹਿਆਂ, ਮੱਸਿਆ ਆਲੀ ਰਾਤ ਨੂੰ ਜੰਮਿਆ ਹੋਣੈਂ। ਵਿਚੋਂ ਈ ਨਾਈ ਦੇ ਉਸਤਰੇ ਵਾਂਗ ਫਿਰ ਜਾਨੈਂ...ਵੱਡੇ ਵੱਡੇ ਬੰਦੇ ਆ ਗਏ...ਲੱਗ ਗਈ ਨੁਕਰੇ ਮੈਂ ਤਾਂ, ਚੱਕੀਰਾਹੇ ਵਾਂਗੂੰ ਫਸਾ ਲਈ ਚੁੰਝ ਗੋਡਿਆਂ 'ਚ।"

"ਕੌਣ ਤੀ ਬੰਦੇ ਭੂਆ?"

"ਵੇ ਏਥੇ ਜਿਨ੍ਹਾਂ ਨਾਲ ਕਾਲੇ ਕੱਪੜਿਆਂ ਆਲੇ ਬੰਦੂਕਾਂ ਲੈ ਕੇ ਘੁੰਮਦੇ ਹੁੰਦੇ ਐ।"

"ਸਿਆਣੇ ਫਿਰ?"

"ਅੱਟਾ ਸੱਟਾ ਈ ਮੈਨੂੰ ਚੇਤੇ ਐ। ਹਿਸਾਬ ਤੂੰ ਲਾਈ ਚੱਲ ਪਈ ਕੌਣ ਹੋਣਗੇ?"

"ਚੱਲ ਦੱਸ?"

"ਪਹਿਲਾਂ ਤਾਂ ਨਿੱਕਾ ਜਿਹਾ ਸਰਦਾਰ। ਗੱਲਾਂ ਕਰੇ ਪਈ ਇਹ ਦਿੱਲੀ ਦਾ ਰਾਜਾ ਤੀਗਾ।"

"ਮਨਮੋਹਨ ਸਿੰਹੁ ਤਾਂ ਨ੍ਹੀਂ ਤੀ?"

"ਹਾਂ, ਹਾਂ! ਬੱਸ ਹਾ ਈ ਸੀ ਨਾਂ। ਧਰਮ ਰਾਜ ਗੁੱਸੇ 'ਚ ਪੈ ਗਿਆ, ਕਹਿਣ ਲੱਗਾ-ਸਰਦਾਰਾ, ਬੰਦਾ ਤਾਂ ਤੂੰ ਬੜਾ ਸਿਰੇ ਦਾ ਚੰਗਾ ਤੀ। ਕੜ੍ਹੀ ਹੋਰਨਾਂ ਨੇ ਘੋਲੀ, ਹੱਥ ਤੇਰੇ ਵੀ ਲਬੇੜ'ਤੇ। ਸੋਨੇ ਅਰਗਾ ਹਿਸਾਬ ਤੀ ਤੇਰਾ, ਤੂੰ ਤਾਂ ਅਮਰੀਕਾ ਵਾਂਗੂੰ...ਉਥੇ ਭਲਾ ਕੀ ਖ਼ਰਾਬ ਹੋ ਜਾਂਦੈ?"

"ਕਰੈਡਿਟ?"

"ਹਾਂ, ਹੈਦਾਂ ਦੀ ਆਂਹਦਾ ਤੀ 'ਗਰੇਜ਼ੀ 'ਚ ਕੁਝ। ਧਰਮ ਰਾਜ ਘੰਟੀ ਵਜਾ ਕੇ ਕਹੇ-ਤੇਰਾ ਤਾਂ ਸੁਰਗ ਆਲਾ ਰਾਹ ਬਿੱਲੀ ਕੱਟ 'ਗੀ। ਤੇਰਿਆਂ ਵਜ਼ੀਰਾਂ ਨੇ ਖਾ ਲਿਆ ਮੁਲਕ ਲੁੱਟ ਕੇ...ਤੇ ਵਿਚਾਰਾ 'ਕਹਿਰੇ ਜਿਹੇ ਸਰੀਰ ਆਲਾ ਸਰਦਾਰ ਇਕ ਰੁੱਕਾ ਜਿਹਾ 'ਗਾਂਹ ਨੂੰ ਕਰੀ ਜਾਵੇ।"

"ਚਿੱਠੀ ਹੋਣੀ ਐ ਕਿਸੇ ਦੀ?"

"ਧਰਮ ਰਾਜ ਕਹਿੰਦਾ, ਸਰਦਾਰਾ ਇਹ ਕੀ ਐ?"

"ਕੀ ਬੋਲਿਆ ਫਿਰ ਮਨਮੋਹਨ ਸਿਹੁੰ?"

"ਉਹਨੇ ਚਿੱਠੀ ਦੀਆਂ ਲੀਰਾਂ ਕਰਕੇ ਖਲਾਰ ਤੀਆਂ ਦਫ਼ਤਰ 'ਚ। ਪਹਿਲਾਂ ਤਾਂ ਲੋਹਾ-ਲਾਖਾ ਸੀ, ਫਿਰ ਹੱਸ ਪਿਆ। ਪਿੱਠ 'ਤੇ ਹੱਥ ਫੇਰ ਕੇ ਆਂਹਦਾ-ਭੋਲਿਆ ਸਰਦਾਰਾ, ਇਹ ਸੋਨੀਆ ਗਾਂਧੀ ਦੀ ਚਿੱਠੀ ਏਥੇ ਨ੍ਹੀਂ ਚੱਲਦੀ? ਉਂ ਘਾਬਰੇ ਨੂੰ ਪਾਣੀ ਪਿਆ ਕੇ ਕੁਰਸੀ 'ਤੇ ਬਠਾ 'ਤਾ, ਪਈ ਚੱਲ ਸੋਚਦੇ ਆਂ ਤੇਰਾ ਵੀ ਕੁਝ।"

"ਭੂਆ ਹੋਰ ਕੌਣ ਤੀ?"

"ਕਿਤੇ ਇਕ ਤਿਗਾ। ਮਗਰੇ ਇਕ ਪੌਣੇ ਕੁ ਚਾਰ ਫੁੱਟ ਦਾ ਬੰਦਾ ਉਲਰ ਉਲਰ ਆਵੇ। ਧਰਮ ਰਾਜ ਨੂੰ ਆਖੇ, ਅਸੀਂ ਬੁੱਢੇ ਹੋ ਗਏ ਕੁਰਸੀ 'ਤੇ ਬੈਠੇ, ਤੂੰ ਇਕ ਵਾਰ ਵੋਟਾਂ ਤਾਂ ਪੁਆ। ਜੇ ਮੁੜ ਕੇ ਤੈਨੂੰ ਸਿੰਘਾਸਣ ਵੱਲ ਵੇਖਣ ਵੀ ਦੇ'ਤਾ।...ਧਰਮ ਰਾਜ ਵੀ ਪੈ ਗਿਆ ਫੇ ਟੁੱਟ ਕੇ-ਓਏ ਤੂੰ ਬੰਦਾ ਕਿ ਮੱਝ।"

"ਫੇ ਬੋਲਿਆ ਕੁਛ?"

"ਭੁੜਕ ਪਿਆ ਧਰਮ ਰਾਜ ਵੱਲ ਅੱਖਾਂ ਕੱਢ ਕੇ। ਅਖੇ, ਤੈਨੂੰ ਮੈਂ ਮੱਝ ਲਗਦੀ ਆਂ। ਗਿਆਰਾਂ ਜੁਆਕ ਨੇ ਮੇਰੇ। ਫਿਰ ਮੈਨੂੰ ਬਿਨਾ ਪੁੱਛੇ ਤੋਂ ਰਬੜ ਜਿਹੀ ਨੇ 'ਪ੍ਰੇਸ਼ਨ ਕਰਾ ਲਿਆ। ਅਸੀਂ ਤਾਂ ਮੁਲਕ ਦੀ ਰੇਲ ਬਣਾ ਕੇ ਰੇਲ ਚਲਾਤੀ, ਤੂੰ ਕੀ ਐਂ?"

"ਅੱਛਾ, ਖੱਪ ਉਥੇ ਵੀ ਪਾ ਲੈਂਦੇ ਆ?"

"ਆ ਗਿਆ ਫੇ ਬਰਛਾ ਚੁੱਕੀ ਯਮਰਾਜ। ਕਾਲਾ ਰੰਗ, ਕਿਤੇ ਡੇਲੇ ਚਮਕਣ। ਉਦੋਂ ਈ ਪਤਾ ਲੱਗਾ ਜਦ ਸੇਵਾਦਾਰ ਲੀੜਾ ਜਿਹਾ ਚੁੱਕੀ ਆਵੇ।"

"ਕਾਹਤੇ?"

"ਫਰਸ਼ 'ਤੇ ਚਿੱਕੜ ਲਾਤਾ। ਫੇਰ ਪਜਾਮਾ ਤੇ ਨਿੱਕਰ ਮੰਗਦਾ ਫਿਰੇ।"

"ਭੂਆ ਅੰਦਾਜ਼ੇ ਜਿਹੇ ਨਾਲ ਨਾਂ ਤਾਂ ਦੱਸ?"

"ਕਿਤੇ ਦੋ ਜਮਾਤਾਂ ਪੜ੍ਹੀ ਹੁੰਦੀ ਨਾ, ਤਾਂ ਕੱਢਦੀ ਇਨ੍ਹਾਂ ਦਾ ਜਲੂਸ ਕੱਢਣ ਵਾਲਿਆਂ ਦਾ 'ਖਬਾਰਾਂ 'ਚ ਜਲੂਸ। ਨਾਂ ਉਹਦਾ ਮੂਹਰੇ ਤਾਂ ਲਾਲੂ ਲਾਲੂ ਆਂਹਦੇ ਤੀ...ਤੇ ਪਿੱਛੇ ਉਹਦੇ ਲਗਦਾ ਤੀ...ਆਹ ਜਿਹੜਾ ਆਪਣੇ ਰੱਬ ਦੇ ਘਰਾਂ 'ਚ ਅਰਦਾਸ ਪਿੱਛੇ ਵੰਡਦੇ ਹੁੰਦੇ ਆ...ਪ੍ਰਸਾਦ।"

"ਅੱਛਾ ਭੂਆ ਲਾਲੂ ਪ੍ਰਸਾਦ।"

"ਹਾਂ ਹਾਂ! ਹਾਅ ਈ ਤਿਗਾ। ਉਹਨੂੰ ਤਾਂ ਫੇ ਕਪੁੱਤ ਕਰਕੇ ਗਿੱਲੀਂ ਕੱਪੜੀਂ ਬਹਾਤਾ ਭੁੰਜੇ ਈ, ਪਈ ਮੂੰਹ ਨਾ ਖੋਲ੍ਹੀਂ ਹੁਣ।"

"ਬੱਸ ਫੇ?"

"ਵੇ ਬੱਸ ਕਾਹਨੂੰ। ਵਿਚ ਤੇਰਾ ਫੁੱਫੜ ਤੰਗ ਕਰੀ ਜਾਵੇ। ਝੀਤਾਂ ਥਾਣੀਂ ਇਸ਼ਾਰੇ ਕਰਕੇ, ਪਈ ਲੰਘ ਆ ਅੰਦਰ।"

"ਅੱਛਾ ਤੂੰ ਫੇ ਦੇਖਿਆ ਫੁੱਫੜ ਕਿੱਦਾਂ ਦਾ ਤੀ?"

"ਉਦਾਂ ਦਾ ਈ ਖਸਰ ਖਾਧਾ, ਵਿੰਗੀਆਂ ਲੱਤਾਂ, ਜਾਭਾਂ ਅੰਦਰ ਨੂੰ, ਦੰਦ ਕਰੇਲੇ ਦੇ ਬੀਆਂ ਅਰਗੇ। ਮੈਂ ਸੰਤੂ ਮਾਹਟਰ ਨੂੰ ਕਿਹਾ-ਮਾਰ ਏਹਨੂੰ ਢੀਚਕ ਜਿਹੇ ਨੂੰ ਦਬਕਾ। ਆਂਹਦਾ-ਭੂਆ ਬੱਸ ਕਰ ਹਟ ਜੂ ਹੋਰ ਘੜੀ ਨੂੰ, ਤੀਵੀਆਂ ਦੇ ਠਰਕੀ ਏਥੇ ਵੀ ਲਾਲਾਂ ਨਾਲ ਮੂੰਹ ਲਬੇੜੀ ਰੱਖਦੇ ਐ।"

"ਅੱਗੇ ਕੀਹਦੀ ਵਾਰੀ ਆਈ ਫੇ?"

"ਹਾ ਹਾ ਦਾਦੇ ਮੰਗਾਉਣਾ ਨਾਂ ਨ੍ਹੀਂ ਆਉਂਦਾ ਜਿਥੋਂ ਤੇਰਾ ਫੁੱਫੜ ਨਾਲੇ ਲਿਆ ਕੇ ਦਿੰਦਾ ਹੁੰਦਾ ਤੀ।"

"ਅੱਛਾ ਪਟਿਆਲੇ ਆਲਾ...।"

"ਬਈ ਮੱਦੀ, ਧਰਮ ਰਾਜ ਤਾਂ ਲੋਟ ਪੋਟ ਹੋ ਹੋ ਜਾਵੇ। ਦੰਦ ਨਾ ਉਹਦੇ ਅੰਦਰ ਵੜਨ।"

"ਕਾਹਤੋਂ?"

"ਆਖੇ, ਤੂੰ ਆਂ ਜੀਹਨੇ ਦਾਦੇ ਪੜਦਾਦਿਆਂ ਦੀ ਲਾਜ ਰੱਖੀ ਹੋਈ ਐ।"

"ਕੀ ਲਾਜ?"

"ਆਹਿੰਦਾ, ਇਹਨੂੰ ਹਾਲੇ ਠਰਕ ਭੋਰਨ ਦਿਓ। ਉਹਨੂੰ ਤਾਂ ਨਾਲੇ ਈ ਧੱਕਾ ਦੇ 'ਤਾ ਹੇਠਾਂ, ਪਈ ਵੋਟਾਂ ਆ ਗੀਆਂ। ਖ਼ੌਰੇ ਫਿਰ ਲੱਗ ਜੇ ਸੂਤ।"

"ਤੇ ਅੱਖ ਝਪਕਦਿਆਂ ਹੋ ਗਿਆ ਗਾਇਬ ਉਥੋਂ।"

"ਭੂਆ ਤੈਨੂੰ ਤਾਂ ਨ੍ਹੀਂ ਕੁਛ ਕਿਹਾ?"

"ਸਾਰੀ ਉਮਰ ਭੱਠੀ 'ਤੇ ਦਾਣੇ ਈ ਭੁੰਨ੍ਹੇ ਆ ਮੱਦੀ, ਮੈਂ ਕਿਹੜਾ ਠੱਗੀਆਂ ਮਾਰੀਆਂ। ਮੱਦੀ ਸੰਤੂ ਦੱਸੇ ਪਈ ਆਪਣੇ ਪਿੰਡ ਆਲਾ ਪੁਲਿਸ ਦਾ ਟੌਟ ਮਣਸਾ ਜਿਹੜਾ ਵਿਆਜੂ ਪੈਸੇ ਦੇ ਕੇ ਲੋਕਾਂ ਦਾ ਖ਼ੂਨ ਪੀਂਦਾ ਤੀ, ਜਿੱਦਣ ਮਰ ਕੇ ਏਥੇ

(ਬਾਕੀ ਸਫਾ 37 'ਤੇ)

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਚੋਣਾਂ

ਲੀਡਰ ਜ਼ਹਿਰਾਂ ਉਗਲਦੇ ਬਣ ਗਏ ਅੱਗ ਦੀ ਨਾਲ।
ਸਿਆਸਤ ਗੰਧਲੀ ਹੋ ਗਈ ਕਿੱਦਾਂ ਹੋਈ ਕਮਾਲ।
ਕਾਂ ਤੂੰ ਨਿਰਾ ਬਲੂੰਗੜਾ ਜਾਂ ਬਾਂਦਰ ਦਾ ਰੂਪ,
ਸ਼ਬਦਾਂ ਨਾਲ ਸ਼ਰਾਰਤਾਂ ਉਂਜ ਕਰਕੇ ਕੱਢਦੇ ਗਾਲ।
ਜਦ ਪੁੱਠਾ ਕਰਕੇ ਟੰਗਿਆ ਆਉਣੀ ਨਾਨੀ ਯਾਦ,
ਥੋੜੇ ਪੰਜ ਨੇ ਲੰਘ ਗਏ ਹੁਣ ਆ ਗਏ ਸਾਡੇ ਸਾਲ।
ਤੱਕੜੀ ਨਾ ਕਿਤੇ ਪੈ ਜਾਏ ਹੱਥ ਪੰਜੇ ਦੇ ਵੱਸ,
ਪੱਤੇ ਝੂਰਨ ਲੱਗ ਪਏ ਤੇ ਸੁੱਕਣ ਲੱਗ ਪਏ ਡਾਲ।
ਹੱਥ ਵਿਖਾਏ ਤੁਸਾਂ ਨੇ ਹੁਣ ਵੇਖਿਓ ਸਾਡਾ ਹੱਥ,
ਕੌਡਾਂ ਕਰਾਂਗੇ ਮੂਧੀਆਂ ਜ਼ਰਾ ਦੇਖਿਓ ਸਾਡੀ ਚਾਲ।
ਤੂੰ ਕੀ ਸਾਡਾ ਕਰੇਂਗਾ ਗਏ ਵੱਡੇ-ਵਡੇਰੇ ਹਾਰ,
ਮਿੱਤਰਾ ਸਮਝ ਨ੍ਹੀਂ ਆਵਣਾ ਤੈਨੂੰ ਸਾਡਾ ਇੰਦਰ ਜਾਲ।
ਲੋਕ ਤਮਾਸ਼ਾ ਵੇਖਦੇ ਕਰੀਏ ਕੀ ਇਨ੍ਹਾਂ ਤੋਂ ਆਸ,
ਸੂਬ੍ਹਾ ਝਗੜਦੇ ਦੇਖੀਏ ਜੋ ਰਾਤੀਂ ਹੁੰਦੇ ਖਾਸ।
ਸਾਧ ਵਜਾਉਂਦੇ ਚੁਟਕੀਆਂ ਆ ਗਈ ਕੇਹੀ ਰੁੱਤ,
ਚੋਣਾਂ ਚੜ੍ਹੀਆਂ ਸਿਰਾਂ 'ਤੇ ਮਾਂਵਾਂ ਭੁੱਲੀਆਂ ਪੁੱਤ।

# ਢਾਈ ਦਿਨ ਦੀ ਪ੍ਰਾਹੁਣੀ ਸੀਗੀ ਤੂੰ...

## ਧੁੱਪੇ ਬੈਠੀਆਂ ਯਾਦਾਂ

ਜਦੋਂ ਦਾ ਅਸਮਾਨ ਟਟੀਹਰੀ ਦੇ ਹੱਥਾਂ 'ਚੋਂ ਨਿਕਲ ਕੇ ਕੰਪਿਊਟਰ ਦੇ ਹੱਥਾਂ ਵਿਚ ਚਲੇ ਗਿਆ ਹੈ, ਇੰਟਰਨੈਟ ਦੀ ਦੁਨੀਆਂ ਵਿਚ ਘੁੰਡ ਥੱਲੇ ਹੁਸੀਨ ਚਿਹਰੇ ਵੀ ਲੁਕੇ ਨਹੀਂ ਰਹੇ। ਪਹਿਲਾਂ ਮਨੁੱਖ ਦੇ ਹੱਥ ਸੋਟਾ ਹੁੰਦਾ ਸੀ, ਫਿਰ ਡਾਂਗ, ਫਿਰ ਤਲਵਾਰ, ਫਿਰ ਬੰਦੂਕ, ਤੇ ਜਦੋਂ ਰਿਵਾਲਰ ਤੇ ਅਸਾਲਟਾਂ ਆ ਗਈਆਂ, ਪਿੱਦੀ ਵੀ ਹਾਥੀ ਨੂੰ ਟੀਟਣੇ ਚੁੰਘਾਉਣ ਲੱਗ ਪਈ ਹੈ। ਪ੍ਰਮਾਣੂ ਬੰਬਾਂ ਦਾ ਤਾਂ ਖਤਰਾ ਬਣਿਆ ਹੋਇਆ ਹੈ, ਜਦੋਂ ਦੇ ਬੰਦੇ ਬੰਬ ਬਣ ਗਏ ਨੇ, ਪਤਾ ਨ੍ਹੀਂ ਕੀਹਦੀ ਕਿਥੇ ਜਾਹ-ਜਾਂਦੀ ਹੋ ਜੂ? ਮੈਂ ਦਸ ਹਜ਼ਾਰ ਤੋਂ ਵੱਧ ਤਸਵੀਰਾਂ ਚੰਗੇ ਬੈਂਕ ਦੇ ਸੁਰੱਖਿਅਤ ਲਾਕਰ ਵਾਂਗ ਸਾਂਭ ਕੇ ਇਸ ਕਰਕੇ ਰੱਖੀਆਂ ਹੋਈਆਂ ਨੇ ਕਿ ਵਿਗਿਆਨ ਯੁੱਗ ਦੇ ਬੰਦੇ ਕਿਹਾ ਕਰਨਗੇ-ਚੁਬਾਰਾ ਕੱਚੀਆਂ ਇੱਟਾਂ ਦਾ ਵੀ ਪਾਇਆ ਜਾ ਸਕਦੈ? ਇਹ ਤਸਵੀਰ ਜਿਹਦੇ ਹੱਥੋਂ ਵੀ ਕੰਪਿਊਟਰ ਖੋਹ ਕੇ ਲੈ ਗਿਆ ਹੈ, ਪਤਾ ਨ੍ਹੀਂ, ਪਰ ਮੈਂ ਸਮਝਦਾ ਸੀ-ਸ਼ਾਇਦ ਇਹ ਮੇਰੇ ਟਰੰਕ 'ਚ ਹੀ ਰਾਖਵੀਂ ਹੈ। ਦੋ ਗੱਲਾਂ ਪਹਿਲੀਆਂ ਇਹ ਖਾਸ ਹਨ ਕਿ ਪਹਿਲਾਂ ਇਹ ਉਸ ਜ਼ਮਾਨੇ ਦਾ ਰੰਗ ਹੈ, ਜਦੋਂ ਬਜ਼ੁਰਗ, ਮੁੰਡਿਆਂ ਨੂੰ ਹਦਾਇਤ ਕਰਿਆ ਕਰਦੇ ਸਨ-ਬਈ ਜੁਆਨੋ! ਕੰਮ ਧੰਦਾ ਵੇਲੇ ਸਿਰ ਨਿਬੇੜ ਲਿਓ, ਆਥਣੇ ਸ਼ਲਿੰਦਰਾਂ (ਸੁਰਿੰਦਰ ਕੌਰ) ਦਾ ਗੌਣ ਪਾਣੀ ਵੇਖਣ ਚੱਲਣੈ। ਫਿਰ ਸਦੀਕ, ਮਾਣਕ, ਸ਼ਿੰਦੇ ਹੋਰੀਂ ਆ ਗਏ। ਅਮਰ ਸਿੰਘ ਚਮਕੀਲਾ ਤੇ ਅਮਰਜੋਤ, ਬਿਰਲੇ ਵਾਲੇ ਰਾਮ ਪ੍ਰਕਾਸ਼ ਗੋਇਨਕਾ ਦੀ ਐਚ.ਐਮ.ਵੀ. ਕੰਪਨੀ ਨੂੰ ਜਹਾਨੋ ਤੁਰ ਕੇ ਵੀ ਹੁਣ ਤੱਕ ਵਿਕਰੀ ਪੱਖੋਂ ਸਭ ਤੋਂ ਵੱਧ ਆਮਦਨ ਦੇ ਰਹੇ ਹਨ।

'ਢਾਈ ਦਿਨ ਦੀ ਪ੍ਰਾਹੁਣੀ ਏਥੇ ਤੂੰ ਐਵੇਂ ਨਾ ਜਿੰਦੇ ਮਾਣ ਕਰੀਂ...' ਗਾਉਣ ਵਾਲਾ ਚਮਕੀਲਾ ਸੱਚੀਂ ਢਾਈ ਵੀ ਨਹੀਂ, ਦੋ ਦਿਨ ਕੱਟ ਕੇ ਗਿਆ ਹੋਣੈ, ਇਹ ਦੂਜਾ ਰੰਗ ਕਹਿ ਸਕਦੇ ਹਾਂ ਪਰ ਮੋਟੇ ਨੰਬਰ ਵਾਲੀਆਂ ਐਨਕਾਂ ਲਾ ਕੇ ਵੇਖਿਓ, ਸੱਜੇ ਪਾਸੇ ਢੋਲਕ ਵਜਾਉਣ ਵਾਲਾ ਗਰੀਬ ਦੇਬੂ (ਗੁਰਦੇਵ ਸਿੰਘ), ਗਾਉਣ ਵਾਲੇ ਚਮਕੀਲਾ ਤੇ ਅਮਰਜੋਤ ਨਿਹੱਥੇ ਬਰੂਦ ਨੇ ਨਿਗ਼ਲ ਲਏ ਹਨ। ਖੱਬੇ ਪਾਸੇ ਢੋਲਕ 'ਤੇ ਹੀ ਬੈਠੇ ਲਾਲ ਚੰਦ ਸਤਨੌਰ ਨੇ ਬਾਂਹ 'ਚ ਗੋਲੀ ਖਾਧੀ ਸੀ, ਤੇ ਚੌਥਾ ਹਰਜੀਤ (ਮੇਰੇ ਨੱਚਦੀ ਦੇ ਖੁੱਲ੍ਹ ਗਏ ਵਾਲ ਦਾ ਰਚੈਤਾ) ਭੰਗ ਦੇ ਭਾੜੇ ਵੀ ਨਹੀਂ ਕਹਿ ਸਕਦੇ, ਕਿਉਂਕਿ ਭੰਗ ਮਹਿੰਗੀ ਬਹੁਤ ਹੋ ਗਈ ਐ ਤੇ ਕੀਮਤੀ ਵੀ; ਬੱਸ, ਐਵੇਂ ਹੀ ਹਾਲਾਤ ਨੇ ਇਕੋ ਬੁਰਕੀ 'ਚ ਅੰਦਰ ਲੰਘਾ ਲਏ। ਇਹ ਬੀਬੀਆਂ ਦੀਆਂ ਬਨੇਰਿਆਂ ਵਾਲੀਆਂ ਯਾਦਾਂ ਤੇ ਰੇੜ੍ਹੀਆਂ ਦੀਆਂ ਸਟੇਜਾਂ ਦਾ ਸਭਿਆਚਾਰ ਮੈਰਿਜ ਪੈਲੇਸਾਂ 'ਤੇ ਨੱਚਣ ਵਾਲੇ ਚਰਖੇ ਮਧਾਣੀ ਵਾਲੇ ਗਰੁਪਾਂ ਨੇ ਖਾ ਲਿਆ ਹੈ।

ਤੇਈ ਸਾਲ ਪਿੱਛੋਂ ਵੀ ਇਸ ਜੋੜੀ ਦੇ ਸਰੋਤੇ ਘਟੇ ਨਹੀਂ ਪਰ ਉਹ ਵੀ ਇਸ ਤਸਵੀਰ ਨੂੰ ਇਕ ਵਾਰ ਜ਼ਰੂਰ ਹਿੱਕ ਨਾਲ ਲਾਉਣਗੇ ਜਿਨ੍ਹਾਂ ਨੇ 'ਬਾਬਾ ਤੇਰਾ ਨਨਕਾਣਾ' ਅਤੇ 'ਤਲਵਾਰ ਮੈਂ ਕਲਗੀਧਰ ਦੀ ਹਾਂ' ਹੀ ਗੀਤ ਚਲੋ ਸੁਣੇ ਹੋਣਗੇ।



ਆਨੇ-ਬਹਾਨੇ ਨਾਲ ਹੀ ਆਪਣੇ ਇਕ ਮਿੱਤਰ ਨੂੰ ਫਿਰ ਚੇਤੇ ਕਰ ਲਿਆ ਹੈ।

-ਐਸ. ਅਸ਼ੋਕ ਭੌਰਾ

# ਪੂਜਾ ਦਾ ਧਾਨ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਸੁਰਜੀਤ ਹਾਂਸ ਪੰਜਾਬੀ ਦੇ ਪ੍ਰਬੁਧ ਚਿੰਤਕ, ਇਤਿਹਾਸਕਾਰ ਅਤੇ ਲੇਖਕ ਹਨ। ਉਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਚਾਨਣੋ-ਚਾਨਣ ਹੋ ਜਾਈਦਾ ਹੈ। ਉਨ੍ਹਾਂ ਦੇ ਗਿਆਨ ਤੋਂ ਮੈਨੂੰ ਕਈ ਵਾਰੀ ਸ਼ਬਦਾਂ ਦੀਆਂ ਨਿਰੁਕਤੀਆਂ ਸੁਝਦੀਆਂ ਹਨ। ਤ੍ਰੈਮਾਸਿਕ 'ਸਿਰਜਣਾ' ਦਾ ਹਰ ਨਵਾਂ ਅੰਕ ਖੋਲ੍ਹਣ ਉਪਰੰਤ ਮੈਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਲਿਖਤ ਪੜ੍ਹਦਾ ਹਾਂ। ਉਹ ਹਰ ਅੰਕ ਵਿਚ ਕਿਸੇ ਇਕ ਚਰਚਿਤ ਗੈਰ-ਪੰਜਾਬੀ ਪੁਸਤਕ ਦਾ ਇਸ ਢੰਗ ਨਾਲ ਸਾਰ ਪੇਸ਼ ਕਰ ਜਾਂਦੇ ਹਨ ਕਿ ਲਗਦਾ ਹੈ ਸਾਰੀ ਕਿਤਾਬ ਪੜ੍ਹੀ ਗਈ। ਉਨ੍ਹਾਂ ਦੇ ਛੋਟੇ ਛੋਟੇ ਸੂਤਰਕ ਫਿਕਰਿਆਂ ਵਿਚ ਤਿਖੀ ਚੋਭ ਤੇ ਵਿਅੰਗ ਹੁੰਦਾ ਹੈ। ਕਈ ਵਾਰੀ ਤਾਂ ਲਗਦਾ ਹੈ ਕਿ ਉਨ੍ਹਾਂ ਕਿਸੇ ਨੁਕਤੇ ਦਾ ਸਿਰਫ਼ ਦਸ਼ਮਲਵ ਹੀ ਪੇਸ਼ ਕੀਤਾ ਹੈ। ਕੋਈ ਅਚੰਭਾ ਨਹੀਂ ਕਿ ਕਈ ਵਾਰ ਅਜਿਹੀ ਸ਼ੈਲੀ ਸੰਚਾਰ ਵਿਚ ਰੁਕਾਵਟ ਬਣਦੀ ਹੈ। ਸ਼ਾਇਦ ਇਹ ਗੱਲ ਵੀ ਹੋਵੇ ਕਿ ਇੱਕ ਵੱਡੀ ਸਾਰੀ ਕਿਤਾਬ ਦਾ ਵੱਡਾ ਸਾਰਾ ਸਾਰ ਪੇਸ਼ ਕਰਨ ਲੱਗਿਆਂ ਵਾਕਾਂ ਦਾ ਆਪਸ ਵਿਚ ਤਾਲਮੇਲ ਬਿਠਾਉਣਾ ਮੁਸ਼ਕਿਲ ਹੋਵੇ। ਫਿਰ ਉਹ ਆਪਣੇ ਵਲੋਂ ਮੌਕੇ 'ਤੇ ਹੀ ਘੜੇ ਸ਼ਬਦ ਵਰਤਣ ਦੀ ਵੀ ਜ਼ਿਦ ਕਰਦੇ ਹਨ ਜੋ ਕਈ ਵਾਰ ਅਣਘੜਤ ਜਿਹੇ ਹੁੰਦੇ ਹਨ। ਅਜਿਹੇ ਸ਼ਬਦਾਂ ਦਾ ਵਧੀਆ ਬਦਲ ਪਹਿਲਾਂ ਹੀ ਪੰਜਾਬੀ ਵਿਚ ਮੌਜੂਦ ਹੁੰਦਾ ਹੈ। ਕੁਝ ਵੀ ਹੋਵੇ ਇਹ ਤਕਨੀਕੀ ਜਿਹੀਆਂ ਊਣਤਾਈਆਂ ਉਨ੍ਹਾਂ ਦੀ ਵਡੇਰੀ ਪ੍ਰਾਪਤੀ ਦੇ ਸਨਮੁਖ ਨਿਗੂਣੀਆਂ ਹਨ। ਪੰਜਾਬੀ ਵਿਚ ਅਜਿਹੇ ਸਿਰੜੀ ਬੁਧੀਜੀਵੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਕਾਮਨਾ ਹੈ, ਉਹ ਲੰਮੀ ਉਮਰ ਭੋਗਣ!

ਮੈਂ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਕਰਨ ਲੱਗਾ ਹਾਂ। ਇਸ ਦਾ ਸਬੱਬ ਵੀ ਤਾਂ ਬਣਿਆ ਕਿਉਂਕਿ ਉਨ੍ਹਾਂ ਆਪ ਹੀ ਇੱਕ ਜਾਣਕਾਰੀ ਦੀ ਘਾਟ ਦਰਸਾਈ ਹੈ ਤੇ ਮੈਂ ਅਜਿਹੇ ਵਿਸ਼ੇ ਵਿਚ ਮਾੜੀ ਮੋਟੀ ਮੱਸ ਰੱਖਦਾ ਹਾਂ। ਸਿਰਜਣਾ ਦੇ ਪਿਛਲੇ ਅੰਕ 'ਚ ਉਨ੍ਹਾਂ ਫਰਾਂਸੀਸੀ ਇਤਿਹਾਸਕਾਰ ਫ਼ਰਨਾਂ ਬਰੌਦੇਲ ਦੀ ਵੱਡ-ਆਕਾਰੀ ਪੁਸਤਕ 'ਸਰਮਾਏਦਾਰੀ ਦੀ ਉਪਜ ਅਤੇ ਇਤਿਹਾਸ' ਦਾ ਰਿਵਿਊ ਕਰਦਿਆਂ ਲਿਖਿਆ ਹੈ, "ਪੰਜਾਬੀ ਦਾ ਮੁਹਾਵਰਾ ਹੈ-ਪੂਜਾ ਦਾ ਧਾਨ ਬੰਦੇ ਨੂੰ ਕੋਹੜੀ ਕਰ ਦਿੰਦਾ ਹੈ। ਸਾਡੀਆਂ ਔਰਤਾਂ (ਮਰਦ ਨਹੀਂ) ਗੁਰਦਵਾਰੇ ਥਾਲੀਆਂ 'ਚ ਕਣਕ ਚੜ੍ਹਾਉਂਦੀਆਂ ਹਨ ਪਰ ਅਸੀਂ ਇਹਨੂੰ ਕਹਿੰਦੇ ਧਾਨ ਹੀ ਹਾਂ। ਕੀ ਕਣਕ ਦੀ ਚੜ੍ਹਤ ਚਾਵਲ ਤੋਂ ਮਗਰੋਂ ਹੋਈ ਜਾਂ ਅੰਨ ਲਈ ਪਹਿਲਾਂ ਧਾਨ ਲਫ਼ਜ਼ ਸੀ ਜਿਹੜਾ ਚਾਵਲ ਆਉਣ ਤੇ ਉਹਦੇ ਨਾਉਂ ਲੱਗ ਗਿਆ?"

'ਪੂਜਾ ਦਾ ਧਾਨ' ਭਾਈ ਗੁਰਦਾਸ ਦੀ ਇਕ ਵਾਰ ਦਾ ਸਿਰਲੇਖ ਹੈ ਤੇ ਸ਼ਾਇਦ ਇਹ ਉਕਤੀ ਉਥੋਂ ਹੀ ਪ੍ਰਚਲਿਤ ਹੋਈ ਹੋਵੇ। ਇਸ ਵਾਰ ਵਿਚ ਇਕ ਥਾਂ ਉਨ੍ਹਾਂ ਲਿਖਿਆ ਹੈ,

ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ॥
ਤਿਉ ਅਜਰੁ ਝਾਕ ਭੰਡਾਰ ਦੀ ਵਿਆਪੇ ਵੇਮੁਖੈ॥

ਇਸ ਤਰ੍ਹਾਂ ਭਾਈ ਸਾਹਿਬ ਨੇ ਧਾਰਮਿਕ ਸਥਾਨਾਂ ਤੇ ਭੰਡਾਰੇ ਵੱਲ ਝਾਕ ਨੂੰ ਨਾ ਜਰੀ ਜਾਣ ਵਾਲੀ ਗੱਲ ਕਿਹਾ ਹੈ। ਗੁਰੂ ਨਾਨਕ ਦੇਵ ਨੇ ਵੀ ਇਕ ਦੋ ਥਾਈਂ ਮਲੇਛ ਧਾਨ ਦੀ ਗੱਲ ਕੀਤੀ ਹੈ।

ਪਹਿਲਾਂ ਅੰਨ ਸ਼ਬਦ ਦੀ ਹੀ ਗੱਲ ਕਰ ਲਈਏ। ਇਹ ਸੰਸਕ੍ਰਿਤ ਧਾਤੂ 'ਅਦ' ਤੋਂ ਬਣਿਆ ਹੈ ਜਿਸ ਦਾ ਅਰਥ-ਖਾਣਾ, ਭਖਣਾ ਹੈ ਤੇ ਇਸ ਦੇ ਲਿਥੁਏਨੀਅਨ, ਗਰੀਕ, ਲੈਟਿਨ, ਗੌਥਿਕ, ਜਰਮਨ, ਅੰਗਰੇਜ਼ੀ ਆਦਿ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਬਹੁਤਿਆਂ ਦੀ ਕੀ ਗੱਲ ਕਰਨੀ ਹੈ, ਅੰਗਰੇਜ਼ੀ ਸ਼ਬਦ ਈਟ (eat), ਐਡੀਬਲ (edible) ਅਤੇ ਓਬੀਸ (obese) ਇਸ ਦੇ ਸੁਜਾਤੀ ਹਨ। 'ਈਟ ਅਤੇ 'ਐਡੀਬਲ ਤਾਂ ਉਚਾਰਣ ਤੋਂ ਹੀ ਸਬੰਧੀ ਦਿਸਦੇ ਹਨ ਪਰ 'ਖਾ ਖਾ ਕੇ ਪਲਿਆ, ਭੁੱਚਰ' ਦੇ ਅਰਥਾਂ ਵਾਲਾ 'ਓਬੀਸ' ਜ਼ਰਾ ਦੁਰਾਡਾ ਲਗਦਾ ਹੈ। ਇਸ ਨੂੰ ਪਾੜ ਕੇ ਲਾਗੇ ਲਿਆਉਂਦੇ ਹਾਂ: ob+edere, ਸ਼ਬਦ ਵਿਚਲਾ ob ਤਾਂ ਇਕ ਅਗੇਤਰ ਹੈ ਜਿਸ ਦਾ ਅਰਥ ਉਪਰ ਹੁੰਦਾ ਹੈ ਅਤੇ edere ਲਾਤੀਨੀ ਵਲੋਂ ਆਇਆ ਹੈ ਜਿਸ ਦੀ 'ਅਦ' (ਅੰਨ) ਨਾਲ ਸਾਂਝ ਸਪਸ਼ਟ ਝਲਕਦੀ ਹੈ। ਇਸ ਤਰ੍ਹਾਂ ਇਸ ਸ਼ਬਦ ਦੇ ਅੱਖਰੀ ਅਰਥ ਬਣਦੇ ਹਨ, 'ਜੋ ਉਪਰ ਦੀ ਖਾ ਗਿਆ ਹੋਵੇ।' 'ਅੰਨ' ਮੁਢਲੇ ਤੌਰ 'ਤੇ 'ਅਦ' ਦੀ ਭੂਤਕਾਲਕ ਕਿਰਿਆ ਹੈ ਜਿਸ ਦਾ ਅਰਥ ਹੈ 'ਖਾਧਾ ਹੋਇਆ'। ਇਸੇ ਤੋਂ ਅੱਗੇ ਵਿਕਸਿਤ ਹੋ ਕੇ ਅਰਥ ਬਣੇ 'ਖਾਜਾ' ਖਾਸ ਤੌਰ 'ਤੇ ਉਬਲੇ ਚਾਵਲ। ਬਾਅਦ ਵਿਚ ਕੋਈ ਵੀ ਖਾਣਯੋਗ ਦਾਣਿਆਂ ਦਾ ਭਾਵ ਵਿਕਸਿਤ ਹੋਇਆ। ਸੰਸਕ੍ਰਿਤ 'ਚ ਇਸ ਦਾ ਅਰਥ ਰਹੱਸਮਈ ਭੋਜਨ ਵੀ ਹੈ ਅਰਥਾਤ ਇਸ ਨੂੰ ਪਰਮ ਸੱਤਾ ਦੇ ਵਿਚਰਨ ਵਾਲਾ ਖੋਲ ਸਮਝਿਆ ਗਿਆ ਹੈ। ਗੁਰੂ ਨਾਨਕ ਨੇ ਅੰਨ ਨੂੰ ਦੇਵਤਾ ਦੀ ਤਸ਼ਬੀਹ ਦਿੱਤੀ ਹੈ। ਕਬੀਰ ਜੀ ਫਰਮਾਉਂਦੇ ਹਨ, ਜਪੀਐ ਨਾਮੁ ਅੰਨ ਕੈ ਸਾਦਿ ਜਪੀਐ ਨਾਮੁ ਜਪੀਐ ਅੰਨੁ॥

ਧਾਨ ਸ਼ਬਦ ਦਾ ਧਾਤੂ 'ਧਾ' ਹੈ। ਇਸ ਧਾਤੂ ਵਿਚ ਰੱਖਣਾ, ਚੁੱਕਣਾ ਆਦਿ ਦੇ ਭਾਵ ਨਿਹਿਤ ਹਨ। ਇਹ ਧਾਰਨ ਕਰਨਾ ਹੀ ਹੋਇਆ ਜੋ ਆਪਣੇ ਆਪ ਵਿਚ ਵੀ ਇਸੇ ਧਾਤੂ ਤੋਂ ਬਣਿਆ ਹੈ। ਅਸਲ ਵਿਚ ਇਸ ਧਾਤੂ ਤੋਂ ਦੋ ਤਰ੍ਹਾਂ ਦੇ ਅਰਥ ਨਿਕਲਦੇ ਹਨ: 1. ਕਿਸੇ ਵਸਤੂ ਆਦਿ ਵਲੋਂ ਆਪਣੇ ਚੁਫੇਰੇ ਕੁਝ ਲਪੇਟਣਾ ਜਾਂ ਰੱਖਣਾ; 2. ਕਿਸੇ ਵਸਤੂ ਦਾ ਆਪਣੇ ਅੰਦਰ ਕੁਝ ਰੱਖਣਾ, ਧਰਨਾ, ਸਮਾਉਣਾ। ਅਸੀਂ ਇਸ ਦੇ ਅਨਾਜ ਦੇ ਅਰਥਾਂ ਵੱਲ ਆਈਏ। ਧਰਤੀ ਕਿਸੇ ਬੀਜ ਨੂੰ ਧਾਰਨ ਕਰਕੇ ਜਾਂ ਰੱਖ ਕੇ ਜੋ ਪੈਦਾ ਕਰਦੀ ਹੈ ਉਹ ਸੰਸਕ੍ਰਿਤ ਵਿਚ 'ਧਾਨਯ' ਹੈ ਜਿਸ ਨੇ ਬਾਅਦ ਵਿਚ 'ਧਾਨ' ਦਾ ਰੂਪ ਲਿਆ। ਇਸ ਤਰ੍ਹਾਂ ਮੁਢਲੇ ਤੌਰ 'ਤੇ ਧਾਨ (ਧਾਨਯ) ਦਾ ਅਰਥ ਧਰਤੀ ਤੋਂ ਪੈਦਾ ਹੋਈ ਕੋਈ ਉਪਜ ਹੈ। ਰਿਗ ਵੇਦ 'ਚ ਕਈ ਥਾਂ ਧਾਨਯ ਸ਼ਬਦ ਕਿਸੇ ਵੀ ਅਨਾਜ ਲਈ ਵਰਤਿਆ ਗਿਆ ਹੈ। ਬਾਅਦ ਵਿਚ ਇਹ ਚਾਵਲ ਲਈ ਰੂੜ ਹੋ ਗਿਆ। ਪੰਜਾਬੀ ਵਿਚ ਧਾਨ ਨੂੰ ਧਾਣ ਵੀ ਕਿਹਾ ਜਾਂਦਾ ਹੈ, ਸ਼ਿਵ ਕੁਮਾਰ ਦੀ ਕਵਿਤਾ 'ਚ ਇਹ ਸ਼ਬਦ ਕਈ ਥਾਂ ਆਇਆ ਹੈ,

ਏਸ ਖੇਤ ਵਿਚ ਕਦੇ ਨਹੀਂ ਉਗਦੀ ਖੇਤੀ,
ਏਸ ਖੇਤ ਦੇ ਧਾਣ ਕਦੇ ਨਹੀਂ ਪੱਕਦੇ।
ਭੁੱਲ ਨਾ ਬੋਲੇ ਕੋਇਲ ਇਹਨੀਂ ਅੰਬੀਂ,
ਇਹਨੀਂ ਬਾਗੀਂ ਮੋਰ ਕਦੇ ਨਹੀਂ ਨੱਚਦੇ।



ਧਾਨ, ਝੋਨਾ, ਮੁੰਜੀ ਜਾਂ ਜੀਰੀ

ਸੰਸਕ੍ਰਿਤ ਵਿਚ ਇਕੱਲੇ 'ਧਾਨ' ਦਾ ਅਰਥ ਪਾਤਰ, ਭਾਂਡਾ, ਖੋਲ, ਆਬਾਦ ਥਾਂ ਆਦਿ ਹੈ। ਇਹ ਸਾਰੇ ਸ਼ਬਦ ਅਜਿਹੀ ਵਸਤ ਦੇ ਅਰਥਾਵੇ ਹਨ ਜਿਸ ਵਿਚ ਜਾਂ ਜਿਸ ਦੇ ਉਦਾਲੇ ਕੁਝ ਰੱਖਿਆ ਜਾਂ ਧਰਿਆ ਜਾਂਦਾ ਹੈ। ਅਸਲ ਵਿਚ ਦਾਣੇ ਦੇ ਅਰਥ ਵਾਲਾ ਸੰਸਕ੍ਰਿਤ ਸ਼ਬਦ 'ਧਾਨਾ' ਹੈ ਜਿਸ ਦਾ ਇਹ ਅਰਥ ਇਸ ਲਈ ਪਿਆ ਕਿਉਂਕਿ ਇਹ ਧਰਤੀ ਵਿਚ 'ਧਰੇ' ਜਾਂਦੇ ਹਨ ਅਤੇ ਧਰਤੀ ਦੁਆਰਾ ਹੀ 'ਜਣੇ' ਜਾਂਦੇ ਹਨ। ਸੰਸਕ੍ਰਿਤ ਵਿਚ ਇਸ ਸ਼ਬਦ ਦਾ ਅਰਥ ਭੁੰਨ ਕੇ ਪੀਸੇ ਹੋਏ ਜੌਂ, ਚੌਲ ਜਾਂ ਕੋਈ ਹੋਰ ਅਨਾਜ ਅਰਥਾਤ ਸੱਤੂ ਵੀ ਹੈ। ਧਾਨ ਦਾ ਅਰਥ ਧਨੀਆ ਵੀ ਹੈ ਤੇ ਧਨੀਆ ਆਪ ਧਾਨ ਤੋਂ ਹੀ ਵਿਕਸਿਤ ਹੋਇਆ ਹੈ। ਫਾਰਸੀ ਵਲੋਂ ਆਇਆ 'ਦਾਨਾ' ਸ਼ਬਦ ਇਸ ਦਾ ਸੁਜਾਤੀ ਹੈ।

ਪਰ 'ਧਾਨ' ਦੀ ਬਹੁਤੀ ਵਰਤੋਂ ਪਿਛੇਤਰ ਦੇ ਤੌਰ 'ਤੇ ਹੁੰਦੀ ਹੈ ਜਿਸ ਵਿਚ ਇਸ ਦੇ ਅਰਥ 'ਰਖਣ ਵਾਲਾ, ਧਾਰਨ ਕਰਨ ਵਾਲਾ, ਆਬਾਦੀ ਵਾਲਾ' ਹੈ। ਆਮ ਵਰਤੋਂ ਵਿਚ ਆਉਣ ਵਾਲਾ ਗਰਭਾਧਾਨ, ਪ੍ਰਧਾਨ ਤੇ ਸ਼ਾਇਦ ਦਧੂਨਾ ਵਿਚ ਇਹ ਪਿਛੇਤਰ ਦੇਖਿਆ ਜਾ ਸਕਦਾ ਹੈ ਪਰ 'ਧਾਨੀ' ਦੇ ਰੂਪ ਵਿਚ ਇਸ ਦੀ ਵਧੇਰੇ ਵਰਤੋਂ ਆਬਾਦੀ ਵਾਲਾ, ਵਸੋਂ ਵਾਲਾ ਦੇ ਤੌਰ 'ਤੇ ਹੋਈ ਹੈ। ਫਾਰਸੀ ਵਲੋਂ 'ਦਾਨਾ/ਦਾਨੀ' ਇਸ ਦੇ ਸੁਜਾਤੀ ਪਿਛੇਤਰ ਹਨ। ਦੋਨਾਂ ਦੀਆਂ ਮਿਸਾਲਾਂ ਲੈਂਦੇ ਹਾਂ: ਪੁਸ਼ਪਧਾਨੀ, ਧਰਮ ਧਾਨੀ, ਧੂਲਧਾਨੀ, ਬਲਧਾਨੀ, ਜ਼ਹਿਰਧਾਨੀ, ਰਾਜਧਾਨੀ; ਅਤਰਦਾਨੀ, ਮਸਾਲੇਦਾਨੀ, ਮਛਰਦਾਨੀ, ਫੁਲਦਾਨ,ਪਾਇਦਾਨ ਆਦਿ। "ਢੱਠਾ ਵਿਚ ਮੈਦਾਨ ਦੇ ਰਾਜਿਆਂ ਦਾ ਧਾਨੀ" (ਜੰਗਨਾਮਾ) ਵਿਚ ਧਾਨੀ ਦਾ ਅਰਥ (ਆਪਣੇ ਅਧੀਨ) ਰੱਖਣ ਵਾਲਾ ਹੈ ਜਦ ਕਿ ਕਾਹਨ ਸਿੰਘ ਨੇ ਮੋਢੀ, ਮੁਖੀਆ ਲਿਖਿਆ ਹੈ। ਇਸ ਦਾ ਅਰਥ "ਧਾਨ ਦੇ ਪੱਤੇ ਜਿਹਾ ਹਰੇ ਰੰਗਾ"(ਮਹਾਨ ਕੋਸ਼) ਵੀ ਹੈ। ਢਾਣੀ/ਢਾਣਾ ਸ਼ਬਦ ਤੇ ਪਿਛੇਤਰ ਵੀ ਇਸੇ ਦੇ ਰੁਪਾਂਤਰ ਹਨ। ਪੰਜਾਬ, ਹਰਿਆਣਾ, ਰਾਜਸਥਾਨ, ਯੂ.ਪੀ. ਤੇ ਭਾਰਤ ਦੇ ਗੁਆਂਢੀ ਦੇਸ਼ਾਂ ਵਿਚ ਇਹ ਸ਼ਬਦ/ਪਿਛੇਤਰ ਸੈਂਕੜੇ ਪਿੰਡਾਂ ਕਸਬਿਆਂ ਦੇ ਨਾਂਵਾਂ ਦੇ ਅੱਗੇ ਪਿਛੇ ਲਗਦਾ ਹੈ ਜਿਵੇਂ ਬੁਲਢਾਣਾ, ਢਾਣਾ ਕਲਾਂ, ਢਾਣੀ ਲਹਿਰਿਆਂ ਵਾਲੀ, ਬਾਹਣਾ ਵਾਲੀ ਢਾਣੀ, ਢਾਣੀ ਡੋਗਰਾਂਵਾਲਾ, ਚੂਹੜੀਵਾਲਾ ਢਾਣਾ, ਚਿਚੌਲੀਢਾਣਾ ਆਦਿ। ਫਿਰੋਜ਼ਪੁਰ ਜ਼ਿਲੇ ਵਿਚ ਖਾਸ ਨਾਂਵਾਂ ਵਾਲੀਆਂ ਬਹੁਤ ਸਾਰੀਆਂ ਢਾਣੀਆਂ ਹਨ ਜਿਵੇਂ ਢਾਣੀ ਅਰੂੜ ਸਿੰਘ, ਢਾਣੀ ਕੜਾਕਾ ਸਿੰਘ, ਢਾਣੀ ਸੁੱਚਾ ਸਿੰਘ ਆਦਿ।

'ਧਾ' ਧਾਤੂ ਦੇ ਧਾਰਨ ਕਰਨ ਵਾਲੇ ਅਰਥ ਇਸ ਨੂੰ ਸਾਕਾਰਾਤਮਕਤਾ ਪ੍ਰਦਾਨ ਕਰਦੇ ਹਨ ਅਰਥਾਤ ਇਸ ਤੋਂ ਅਜਿਹੇ ਸ਼ਬਦਾਂ ਦੀ ਉਤਪਤੀ ਹੋਈ ਹੈ ਜੋ ਕਿਸੇ ਗੁਣ ਦੀ ਭਰਪੂਰਤਾ ਜਾਂ ਬਹੁਲਤਾ ਦੇ ਅਰਥ ਦਿੰਦੇ ਹਨ। ਧਨ ਸ਼ਬਦ ਹੀ ਲੈ ਲਓ। ਇਸ ਦੇ ਮੂਲਕ ਅਰਥ ਬਣਦੇ ਹਨ ਦੁਨੀਆਂਦਾਰੀ ਚਲਾਉਣ ਵਾਲਾ ਸਾਧਨ ਅਰਥਾਤ ਦੌਲਤ। ਇਸ ਤੋਂ ਅੱਗੇ ਧਨੀ, ਧਨਵਾਨ, ਧਨਵੰਤ, ਨਿਰਧਨ ਬਣੇ ਹਨ। ਰਿਣ ਦੇ ਉਲਟ ਅਰਥਾਂ ਵਾਲਾ 'ਧੰਨ' ਵੀ ਜਮ੍ਹਾਂ ਦੇ ਅਰਥ ਦਿੰਦਾ ਹੈ। 'ਗੁਰੂ ਜੀ ਧੰਨ ਧੰਨ' ਹਨ ਦਾ ਭਾਵ ਹੈ ਉਨ੍ਹਾਂ ਵਿਚ ਅਦੁੱਤੀ ਗੁਣਾਂ ਦੀ ਭਰਮਾਰ ਹੈ। 'ਧੰਨ ਧੰਨ ਹੋਈ ਪਈ ਹੈ' ਜਾਂ 'ਧੰਨ ਧੰਨ ਕਰਾ ਦਿੱਤੀ' ਦਾ ਮਤਲਬ ਕੋਈ ਚਮਤਕਾਰੀ ਵਰਤਾਰਾ ਪ੍ਰਤੱਖ ਹੋਇਆ ਹੈ। 'ਧੰਨਵਾਦ' ਦਾ ਅਰਥ ਕਿਸੇ ਨੇ ਤੁਹਾਨੂੰ ਕੁਝ ਬਖਸ਼ ਕੇ ਮਾਲਾਮਾਲ ਕੀਤਾ ਹੈ ਜਿਸ ਦੇ ਜਵਾਬ ਵਿਚ ਤੁਸੀਂ ਕੁਝ ਵਾਦ (ਬਿਆਨ) ਦੇ ਰਹੇ ਹੋ। ਕਲਮ ਜਾਂ ਤਲਵਾਰ ਦੇ ਧਨੀ ਵਿਚ ਦੋਨਾਂ ਚੀਜ਼ਾਂ ਦੀ ਮੁਹਾਰਤ ਨਾਲ ਸੰਪੰਨ ਹੋਣ ਦੇ ਅਰਥ ਸਮਾਏ ਹੋਏ ਹਨ। ਇਸੇ ਤਰ੍ਹਾਂ ਧੰਨ ਜਿਗਰਾ, ਧੰਨਭਾਗ ਦੇ ਸਾਕਾਰਾਤਮਕ ਅਰਥ ਸਮਝੇ ਜਾ ਸਕਦੇ ਹਨ। ਗੁਰਬਾਣੀ ਵਿਚ ਜੀਵ ਆਤਮਾ ਨੂੰ ਧਨ ਵੀ ਕਿਹਾ ਗਿਆ ਹੈ ਕਿਉਂਕਿ ਇਹ ਮਨੁਖ ਦੇ ਸਰੀਰ ਵਿਚ ਧਰੀ ਹੋਈ ਹੈ,

ਢਾਹ ਮੜੋਲੀ ਲੂਟਿਆ ਦੇਹੁਰਾ
ਸਾ ਧਨ ਪਕੜੀ ਏਕ ਜਨਾ॥

ਅਰਥਾਤ ਜਮਾਂ ਨੇ ਸਰੀਰ ਰੂਪੀ ਮੰਦਰ ਢਾਹ ਕੇ ਜੀਵ ਆਤਮਾ ਨੂੰ ਫੜ ਲਿਆ ਹੈ। ਇਥੋਂ ਅਸੀਂ ਨਿਧਨ ਹੋਣ (ਮਰਨ) ਦੇ ਅਰਥ ਵੀ ਸਮਝ ਸਕਦੇ ਹਾਂ, ਸਰੀਰ ਦਾ ਆਤਮਾ-ਰਹਿਤ ਹੋ ਜਾਣਾ।

ਔਰਤ ਨੂੰ ਧਾਨੀ, ਜਾਂ ਵਿਆਹ ਪਿਛੋਂ ਦੂਜੇ ਦੇ ਘਰ ਜਾਣ ਵਾਲੀ ਦੇ ਅਰਥਾਂ 'ਚ ਪਰਾਇਆ ਧਨ ਦੇ ਅੰਤਰਗਤ ਅਸੀਂ ਇਸ ਧਾਤੂ ਦੇ ਹੋਰ ਪਸਾਰ ਦੇਖ ਸਕਦੇ ਹਾਂ। ਗੁਰਬਾਣੀ 'ਚ ਤਾਂ ਔਰਤ ਨੂੰ ਧਨ ਕਿਹਾ ਹੀ ਗਿਆ ਹੈ। ਰਾਜਸਥਾਨੀ ਵਿਚ ਪਤੀ ਨੂੰ ਧਣੀ ਕਿਹਾ ਜਾਂਦਾ ਹੈ। ਖਾਸ ਨਾਂਵਾਂ ਜਿਵੇਂ ਧੰਨੋ, ਧੰਨਾ ਆਦਿ ਵਿਚ ਇਸ ਸ਼ਬਦ ਦੀ ਵਰਤੋਂ ਹੈ। ਗੱਲ ਕੀ ਇਸ ਧਾਤੂ ਨੇ ਧੰਨ ਧੰਨ ਕਰਾਈ ਪਈ ਹੈ!

# 'ਪੰਜਾਬੀਆਂ ਦੀ ਬੱਲੇ ਬੱਲੇ' ਕਰਵਾ ਰਿਹੈ ਪੰਮੀ ਬਾਈ

ਸਵਰਨ ਸਿੰਘ ਟਹਿਣਾ*

ਗਾਉਣ ਦੇ ਨਾਲ-ਨਾਲ ਲੋਕ ਨਾਚ ਭੰਗੜੇ ਦੀ ਸ਼ਾਨ ਬਹਾਲ ਰੱਖਣ ਵਿਚ ਪੰਮੀ ਬਾਈ ਦਾ ਵੱਡਾ ਯੋਗਦਾਨ ਹੈ। ਅੱਜ ਕੱਲ੍ਹ ਬਹੁਤ ਘੱਟ ਕਲਾਕਾਰ ਨੇ, ਜੋ ਗਾਉਂਦਿਆਂ-ਗਾਉਂਦਿਆਂ ਭੰਗੜੇ ਦੇ ਸਟੈਪ ਵੀ ਪੇਸ਼ ਕਰਦੇ ਹੋਣ, ਕਿਉਂਕਿ ਨਵੇਂ ਰੰਗ ਵਿਚ ਰੰਗਿਆ ਪੂਰ ਪੱਛਮੀ ਤਰਜ ਦੇ ਡਾਂਸ ਦਾ ਸੰਗ ਕਰ ਰਿਹਾ ਹੈ। ਪੰਮੀ ਬਾਈ ਦੀ ਸਟੇਜ ਦੇਖਿਆਂ ਜਿੱਥੇ ਪੁਰਾਣੇ ਨਾਚਾਂ ਦੇ ਦਰਸ਼ਨ ਹੋ ਜਾਂਦੇ ਨੇ, ਉਥੇ ਅਤੀਤ ਦੀਆਂ ਗਾਗਰਾਂ ਚੁੱਕੀ, ਮੱਥੇ 'ਤੇ ਟਿੱਕੇ ਲਾਈ, ਲਹਿੰਗਾ ਪਾਈ ਮੁਟਿਆਰਾਂ ਦਾ ਚੇਤਾ ਆ ਜਾਂਦੈ। ਜਿਹੜਾ ਕੁੱਝ ਕਿਸੇ ਵੇਲ਼ੇ ਤੀਆਂ ਵਿਚ ਦੇਖਣ ਨੂੰ ਮਿਲਦਾ ਸੀ, ਉਹ ਪੰਮੀ ਦੀ ਸਟੇਜ 'ਤੇ ਆਣ ਢੁੱਕਦੈ। ਜਿਹੜੇ ਗੱਭਰੂਆਂ ਦੀਆਂ ਸ਼ਮਲੇ ਵਾਲੀਆਂ ਪੱਗਾਂ, ਤਿੱਲੇਦਾਰ ਜੁੱਤੀਆਂ ਤੇ ਚਾਦਰੇ ਮੇਲਿਆਂ ਜਾਂ ਵਿਆਹਾਂ ਮੌਕੇ ਨਜ਼ਰ ਆਉਂਦੇ ਸਨ, ਉਹ ਉਸ ਦੀ ਸਟੇਜ 'ਤੇ ਦਿਸ ਪੈਂਦੇ ਨੇ।

ਪੰਮੀ ਅਕਸਰ ਆਖਦੈ, 'ਮੈਂ ਬਹੁਤ ਗਾਇਕਾਂ ਨਾਲੋਂ ਘੱਟ ਪੈਸਾ ਕਮਾਇਆ ਹੋਵੇਗਾ, ਪਰ ਇੱਜ਼ਤ ਕਮਾਉਣ ਵੱਲ ਵੱਧ ਧਿਆਨ ਦਿੱਤੈ। ਜਦੋਂ ਮੈਂ ਪੰਜਾਬ ਪੁਲਿਸ ਦੇ ਸੱਭਿਆਚਾਰ ਵਿਭਾਗ ਦੀ ਨੌਕਰੀ ਛੱਡੀ ਸੀ ਤਾਂ ਸੁਪਨਾ ਲਿਆ ਸੀ ਕਿ ਆਪਣੇ ਲੋਕ ਨਾਚਾਂ ਦੀ ਸੇਵਾ ਕਰਾਂਗਾ ਤੇ ਰੱਬ ਦੀ ਰਜ਼ਾ ਨਾਲ ਇਹ ਸੁਪਨਾ ਸੱਚ ਵੀ ਹੋਇਆ। ਬਾਬਾ ਪੋਖਰ ਸਿੰਘ ਵਰਗਿਆਂ ਦੀ ਸੰਗਤ ਦਾ ਅਸਰ ਮੇਰੀ ਪੇਸ਼ਕਾਰੀ ਵਿਚੋਂ ਝਲਕਣ ਲੱਗਾ ਅਤੇ ਮੈਂ ਉਸ ਪਹਿਰਾਵੇ ਵਿਚ ਪ੍ਰਵਾਨ ਹੋਇਆ, ਜਿਸ ਨੂੰ ਸਿਰਫ਼ ਸੱਭਿਆਚਾਰਕ ਗਰੁਪਾਂ ਨਾਲ ਜੋੜ ਕੇ ਦੇਖਿਆ ਜਾਂਦਾ ਸੀ।'

ਪੰਮੀ ਬਾਈ ਦੀ ਜਟਕਾ ਗਾਇਕੀ ਦੇ ਕਾਫੀ ਨਮੂਨੇ ਸਰੋਤਿਆਂ ਸ਼ਿੱਦਤ ਨਾਲ ਪਸੰਦ ਕੀਤੇ। ਉਹ ਬੋਲੀਆਂ ਦਾ ਬਾਦਸ਼ਾਹ ਤੇ ਭੰਗੜੇ ਦਾ ਰਾਜਾ ਅਖਵਾਇਆ ਤੇ ਇਸ ਸਭ ਦਾ ਇੱਕ ਕਾਰਨ ਉਸ ਦਾ ਮਲਵਈ ਸੱਭਿਆਚਾਰ ਨਾਲ ਜੁੜਿਆ ਹੋਣਾ ਹੈ ਤੇ ਦੂਜਾ ਹੈ ਉਸ ਦੀ ਸੋਚ ਦਾ ਸੁਥਰਾਪਣ। ਇੱਕ ਵੇਲ਼ੇ ਉਸ ਨੇ 'ਮਾਝੇ, ਮਾਲਵੇ, ਦੁਆਬੇ ਦੀਆਂ ਬੋਲੀਆਂ' ਜ਼ਰੀਏ ਸੰਗੀਤ ਸਮਰਾਟ ਚਰਨਜੀਤ ਆਹੂਜਾ ਨਾਲ ਮਿਲ ਕੇ ਅਜਿਹੀ ਹਾਜ਼ਰੀ ਲਵਾਈ ਕਿ ਕੈਸਿਟਾਂ ਆਉਂਦੀਆਂ, ਸਾਲ ਬੀਤਦੇ ਗਏ ਪਰ ਉਸ ਦੀ ਕਦਰ ਵਧਦੀ ਹੀ ਗਈ। ਜਿਵੇਂ-ਜਿਵੇਂ ਜਵਾਨੀ ਨੂੰ ਵਰਗਲਾਉਂਦੀ ਗਾਇਕੀ ਨੇ ਜ਼ੋਰ ਫੜਨਾ ਸ਼ੁਰੂ ਕੀਤਾ, ਗੀਤਾਂ ਦੇ ਬੋਲਾਂ ਵਿਚ ਹਿੰਸਾ ਸਿਖਰਾਂ ਛੂਹਣ ਲੱਗੀ, ਇਸ਼ਕ ਵਿਚਲੀ ਪਾਕੀਜ਼ਗੀ ਨੁੱਕਰੇ ਲਾ ਅੱਯਾਸ਼ੀ ਵਾਲੇ ਗੀਤ ਗਾਏ ਜਾਣ ਲੱਗੇ, ਉਵੇਂ-ਉਵੇਂ ਪੰਮੀ ਬਾਈ ਵਰਗੇ ਕਲਾਕਾਰਾਂ ਦੀ ਸ਼ੋਭਾ ਵਿਚ ਇਜ਼ਾਫ਼ਾ ਹੁੰਦਾ ਗਿਆ।

ਪੰਮੀ ਬਾਈ ਦਾ ਗਾਇਆ 'ਵੇ ਮੈਂ ਪਾਣੀ ਭਰੇਨੀਂ ਆਂ ਪੱਤਣੋਂ", 'ਰੰਗਲੀ ਦੁਨੀਆਂ ਤੋਂ ਜੀਅ ਨਹੀਂ ਜਾਣ ਨੂੰ ਕਰਦਾ', 'ਹਾਂ ਜੱਟ ਪੰਜਾਬੀ ਦੋਸਤੋ', 'ਪੱਗਾਂ ਵਿਚੋਂ ਪੱਗ ਪਟਿਆਲਾਸ਼ਾਹੀ ਏ', 'ਗੱਡੀ ਜੱਟ ਦੀ', 'ਫੌਜੀ ਬਾਰਡਰ 'ਤੇ ਦੇਖ ਧਮਾਲਾਂ ਪਾਉਂਦਾ' ਤੇ ਕਈ ਹੋਰ ਗੀਤ ਹਰ ਵਰਗ ਦੇ ਸਰੋਤਿਆਂ ਦੇ ਬੁੱਲ੍ਹੀਂ ਚੜ੍ਹੇ। ਇੱਕ ਵੇਲ਼ੇ ਪੰਮੀ ਬਾਈ ਨੇ ਅਸਲੋਂ ਨਵੇਂ ਉਪਰਾਲੇ ਸ਼ੁਰੂ ਕੀਤੇ ਤੇ ਆਪਣੇ ਗੀਤ 'ਹਾਂ ਜੱਟ ਪੰਜਾਬੀ ਦੋਸਤੋ' ਵਿਚ ਲੋਕ ਗੀਤਾਂ ਦੀ ਮਾਂ ਸੁਰਿੰਦਰ ਕੌਰ, ਗੁਰਦਾਸ ਮਾਨ ਸਮੇਤ ਸੱਭਿਆਚਾਰਕ ਤੇ ਖੇਡ ਜਗਤ ਨਾਲ ਜੁੜੀਆਂ ਉਘੀਆਂ ਸ਼ਖਸੀਅਤਾਂ ਨੂੰ ਵੀਡੀਓ ਵਿਚ ਦਿਖਾ ਦਿੱਤਾ। ਉਸ ਦੇ ਇਸ ਨਿੱਗਰ ਉਪਰਾਲੇ ਨੂੰ ਸਭਨਾਂ ਨੇ ਇੱਕੋ ਜਿਹਾ ਪਸੰਦ ਕੀਤਾ। ਬਾਅਦ ਵਿਚ ਜਦੋਂ ਵੀ ਉਸ ਦੀ ਨਵੀਂ ਕੈਸਿਟ ਆਈ, ਕਿਸੇ ਦੇ ਟਾਈਟਲ ਗੀਤ ਵਿਚ ਉਸ ਨੇ ਅਫ਼ਰੀਕਨ ਲੋਕਾਂ ਤੋਂ ਫੋਕ ਗੀਤਾਂ 'ਤੇ ਭੰਗੜਾ ਪਵਾਇਆ ਤੇ ਕਦੇ ਗੋਰੀਆਂ ਤੋਂ ਗਿੱਧਾ।

ਪਿਛਲੇ ਕੁੱਝ ਦਿਨਾਂ ਤੋਂ ਪੰਮੀ ਬਾਈ ਮੁੜ ਚਰਚਾ ਵਿਚ ਹੈ। ਇਸ ਵਾਰ ਚਰਚਾ ਦਾ ਕਾਰਨ ਉਸ ਦਾ ਮਿਰਜ਼ਾ ਬਣਨਾ ਹੈ। ਉਹ ਸਾਹਿਬਾਂ ਨੂੰ



ਪੰਮੀ ਬਾਈ

ਕੱਢ ਲਿਆਉਂਦਾ ਹੈ, ਜੰਡ ਥੱਲੇ ਸਾਹਿਬਾਂ ਦੀ ਬੁੱਕਲ ਦਾ ਨਿੱਘ ਮਾਣਦਾ ਘੂਕ ਸੌਂ ਜਾਂਦਾ ਹੈ, ਸਾਹਿਬਾਂ ਉਸ ਦਾ ਤੀਰਾਂ ਵਾਲਾ ਭੱਥਾ ਜੰਡ 'ਤੇ ਟੰਗ ਦਿੰਦੀ ਹੈ ਤੇ ਮਿਰਜ਼ਾ ਮਾਰਿਆ ਜਾਂਦਾ ਹੈ। ਇਹ ਪ੍ਰੇਮ ਗਾਥਾ ਸਭ ਦੀ ਸੁਣੀ ਸੁਣਾਈ ਹੈ, ਨਵਾਂ ਕੁੱਝ ਨਹੀਂ। ਪਰ ਪੰਮੀ ਦੀ ਅਦਾਕਾਰੀ ਨੇ ਸਭ ਦਾ ਧਿਆਨ ਖਿੱਚਿਆ ਹੈ। ਇੱਕ ਦਿਨ ਰਾਜ ਕਾਕੜਾ ਪੰਮੀ ਨੂੰ ਫੋਨ ਕਰਕੇ ਕਹਿੰਦਾ, "ਬਾਈ, ਇਉਂ ਲੱਗਦੈ, ਜਿਵੇਂ ਮਿਰਜ਼ਾ ਸੱਚੀਂ ਥੋਡੇ ਵਰਗਾ ਹੀ ਹੋਊ।"

ਪੰਮੀ ਬਾਈ ਨੇ 'ਮਿਰਜ਼ਾ' ਦਾ ਅਖੀਰਲਾ ਅੰਤਰਾ ਜਿਸ ਤਰ੍ਹਾਂ ਡਿੱਗਿਆਂ ਹੋਇਆਂ, ਢਹੀ ਪੱਗ ਨਾਲ ਨਿਭਾਇਆ, ਉਸ ਵੱਲ ਦੇਖ ਮੂੰਹੋਂ ਸ਼ਾਬਾਸ਼ ਨਿਕਲਦੀ ਹੈ।

ਇਹ 'ਮਿਰਜ਼ਾ' ਨਵੀਂ ਕੈਸਿਟ 'ਪੰਜਾਬੀਆਂ ਦੀ ਬੱਲੇ ਬੱਲੇ' ਵਿਚ ਸ਼ਾਮਲ ਹੈ ਤੇ ਟਾਈਟਲ ਗੀਤ ਵਿਚ ਜਿੱਥੇ ਵੱਖ-ਵੱਖ ਮੁਲਕਾਂ 'ਚ ਜਾ ਕੇ ਕਾਮਯਾਬੀ ਦੇ ਝੰਡੇ ਗੱਡਣ ਵਾਲੇ ਪੰਜਾਬੀਆਂ ਦੀ ਸਿਫ਼ਤ ਕੀਤੀ ਗਈ ਹੈ, ਉਥੇ ਫ਼ਿਲਮਾਂਕਣ ਵਿਚ ਵੱਖ-ਵੱਖ ਮੁਲਕਾਂ ਵਿਚਲੇ ਮਸ਼ਹੂਰ ਪੰਜਾਬੀਆਂ ਦੀਆਂ ਤਸਵੀਰਾਂ ਪੇਸ਼ ਕੀਤੀਆਂ ਗਈਆਂ ਹਨ। ਐਸ.ਪੀ. ਸਿੰਘ ਉਬਰਾਏ, ਟਿੰਮ ਉਪਲ, ਕੰਵਲਜੀਤ ਸਿੰਘ ਬਖ਼ਸ਼ੀ, ਤਨਮਨਜੀਤ ਸਿੰਘ ਢੇਸੀ, ਸੁਰਜੀਤ ਸਿੰਘ ਅਬੂਧਾਬੀ, ਭਾਈ ਬਲਜੀਤ ਸਿੰਘ ਤੇ ਡਾ. ਰਾਜਵੰਤ ਸਿੰਘ ਸਮੇਤ ਕਈ ਹੋਰਾਂ ਨੂੰ ਪੰਜਾਬੀਆਂ ਦੀ ਸ਼ਾਨ ਵਜੋਂ ਪੇਸ਼ ਕੀਤਾ ਗਿਆ ਹੈ।

'ਪੰਜਾਬੀਆਂ ਦੀ ਬੱਲੇ ਬੱਲੇ' ਨੌਂ ਗੀਤਾਂ ਦਾ ਗੁਲਦਸਤਾ ਹੈ, ਜੋ ਦੇਵ ਥਰੀਕੇ ਵਾਲਾ, ਰਾਜ ਕਾਕੜਾ, ਸਾਹਿਬ ਸਾਬ੍ਹੀ, ਜੱਗੀ ਸਿੰਘ, ਧੀਮਾਨ ਰਾਜਪੁਰਾ, ਅਰਸ਼ੀ ਕੋਕਰੀ ਕਲਾਂ ਤੇ ਬਲਵੀਰ ਅਈਆਪੁਰੀ ਦੇ ਲਿਖੇ ਹੋਏ ਹਨ। ਗੀਤਾਂ ਨੂੰ ਸੰਗੀਤਬੱਧ ਕੁਲਜੀਤ ਤੇ ਹਰਜੀਤ ਗੁੱਡੂ ਨੇ ਕੀਤਾ ਹੈ। ਥੋੜ੍ਹੀ ਦੇਰ ਪਹਿਲਾਂ ਹੋਂਦ ਵਿਚ ਆਈ ਕੰਪਨੀ 'ਵੰਝਲੀ ਰਿਕਾਰਡਜ਼' ਨੇ ਸੀ.ਡੀ. ਦੀ ਬਨਾਵਟ ਤੋਂ ਚੈਨਲ ਪਬਲੀਸਿਟੀ ਤੱਕ ਸਭ ਕੁੱਝ ਏਨੀ ਰੀਝ ਨਾਲ ਕੀਤਾ ਹੈ ਕਿ ਉਸ ਦੇ ਵੀ ਚੰਗੇ ਭਵਿੱਖ ਦੀ ਉਮੀਦ ਬੱਝਦੀ ਹੈ।

ਮਰਜ਼ੀ ਨਾਲ ਚੱਲਣ ਤੇ ਸਦਾ ਮੂਡ ਵਿਚ ਰਹਿਣ ਵਾਲੀ ਗੱਲ ਨੂੰ ਪੰਮੀ ਬਾਈ ਨੇ ਆਪਣੇ ਢੰਗ ਨਾਲ ਪੇਸ਼ ਕੀਤਾ ਹੈ। ਗੀਤ ਸੁਣ ਕਦੇ-ਕਦੇ ਇੰਜ ਜਾਪਦਾ ਹੈ, ਜਿਵੇਂ ਪੰਮੀ ਆਪਣੇ ਸੁਭਾਅ ਬਾਰੇ ਦੱਸ ਰਿਹਾ ਹੋਵੇ ਤੇ ਕਦੇ ਜਾਪਦਾ ਹੈ ਕਿ ਉਹ ਸਮੂਹ ਪੰਜਾਬੀਆਂ ਦੀ ਗੱਲ ਕਰ ਰਿਹੈ। ਬੋਲ ਹਨ,

ਹਾਂ ਗੱਭਰੂ ਛੈਲ ਛਬੀਲਾ,
ਅਣਖੀ ਤੇ ਅਣਖੀਲਾ।
ਕਦੇ ਮੈਂ ਝੂਠ ਨਾ ਕਹਿੰਦਾ ਹਾਂ,
ਮੈਂ ਮਰਜ਼ੀ ਦਾ ਮਾਲਕ,
ਆਪਣੇ ਮੂਡ 'ਚ ਰਹਿੰਦਾ ਹਾਂ।

ਸਭ ਵੰਨਗੀ ਦੇ ਗੀਤਾਂ ਦਾ ਸ਼ਿੰਗਾਰ 'ਪੰਜਾਬੀਆਂ ਦੀ ਬੱਲੇ ਬੱਲੇ' ਵਿਚਲਾ 'ਜਿਹੜੇ ਅੱਖੀਆਂ 'ਚੋਂ ਪੀ ਲੈਂਦੇ ਸਾਰੀ ਉਮਰ ਸ਼ਰਾਬੀ ਰਹਿੰਦੇ', 'ਜੱਗ ਵਿਚ ਜਿਊਣ ਦਾ ਸਵਾਦ ਜਿਹਾ ਆ ਗਿਆ', 'ਕੀ ਕਰਨੇ ਮਹਿਲ ਮੁਨਾਰੇ, ਜਿੱਥੇ ਹੋਣ ਨਾ ਸੱਜਣ ਪਿਆਰੇ', 'ਪੁੱਤ ਸਰਦਾਰਾਂ ਦਾ', 'ਸੱਚ ਕਹਿੰਦੇ ਰੱਬ ਤਾਂ ਮੰਨ ਜਾਂਦਾ ਪਰ ਯਾਰ ਮਨਾਉਣਾ ਸੌਖਾ ਨਹੀਂ' ਤੇ ਬੋਲੀਆਂ ਸੁਣਨ ਵਾਲੇ ਨੂੰ ਤ੍ਰਿਪਤ ਕਰਦੀਆਂ ਹਨ।

ਮੰਦੀ ਦੇ ਇਸ ਸੀਜ਼ਨ ਵਿਚ ਜਦੋਂ ਤੱਤਾ ਨਾ ਗਾਉਣ ਵਾਲਿਆਂ ਦੀਆਂ ਕੈਸਿਟਾਂ ਨੂੰ ਰਿਲੀਜ਼ ਕਰਨਾ ਕੰਪਨੀਆਂ ਘਾਟੇ ਦਾ ਸੌਦਾ ਸਮਝਦੀਆਂ ਹੋਣ ਤੇ ਅੱਲੜ੍ਹ ਉਮਰ ਰੈਪ ਅਤੇ ਟੁੱਚੂ ਬੋਲਾਂ ਵਾਲੇ ਖਰੂਦ ਨੂੰ ਪਸੰਦ ਕਰ ਰਹੀ ਹੋਵੇ, ਉਸ ਵੇਲ਼ੇ 'ਪੰਜਾਬੀਆਂ ਦੀ ਬੱਲੇ ਬੱਲੇ' ਦਾ ਰਿਲੀਜ਼ ਹੋਣਾ ਸ਼ੁਭ ਸ਼ਗਨ ਹੈ।

ਪਹਿਲੀਆਂ ਕੈਸਿਟਾਂ ਵਾਂਗ ਪੰਮੀ ਨੂੰ ਆਪਣੀ ਇਸ ਕੈਸਿਟ ਤੋਂ ਵੀ ਬਹੁਤ ਉਮੀਦਾਂ ਹਨ। ਗੱਲੀਂ ਬਾਤੀਂ ਉਹ ਅਕਸਰ ਆਖ ਬੈਠਦੈ, 'ਜਿਹੜੇ ਕਲਾਕਾਰ ਗੀਤਾਂ ਨੂੰ ਆਪਣੇ ਪਰਿਵਾਰਾਂ ਤੋਂ ਸੈਂਸਰ ਨਹੀਂ ਕਰਾਉਣਾ ਜਾਣਦੇ, ਉਨ੍ਹਾਂ ਦਾ ਦਿੱਲੀ, ਮੁੰਬਈ ਬਣੇ ਸੈਂਸਰ ਦਫ਼ਤਰਾਂ ਨਾਲ ਵੀ ਕੋਈ ਵਾਸਤਾ ਨਹੀਂ ਹੋ ਸਕਦਾ।'

*ਫੋਨ:91-98141-78883

# ਇੱਕ ਥੱਪੜ ਦਾ ਐਲਾਨ

**ਹਰਪਾਲ ਸਿੰਘ ਭਿੰਡਰ**



*ਸ਼ਾਨ ਸਿੰਘ ਸਰਦਾਰ ਦੀ-ਅਦਾਲਤ ਵਿਚ ਪੇਸ਼ੀ ਭੁਗਤਣ ਜਾ ਰਿਹਾ ਭਾਈ ਹਵਾਰਾ*

ਸਿੱਖ ਸੰਘਰਸ਼ ਦੇ ਬਾਹਰੀ ਜਲੌਂ ਦੇ ਟੁੱਟਣ ਤੋਂ ਬਾਦ ਸਿੱਖ ਕੌਮ ਚੌਤਰਫ਼ੇ ਹਮਲਿਆਂ 'ਚ ਘਿਰੀ, ਮੂਕ ਨਿਰਾਸ਼ਾ ਦੀ ਘੋਰ ਪੀੜ ਸਹਿੰਦੀ, ਦਿਨੋ ਦਿਨ ਨਿਘਾਰ ਵੱਲ ਹੀ ਜਾਈ ਜਾ ਰਹੀ ਹੈ। ਇਹੋ ਜਿਹੇ ਨਿਰਾਸ਼ ਮਾਹੌਲ ਵਿਚ ਜਦੋਂ ਕਦੇ ਅਜਿਹੀ ਖ਼ਬਰ ਸੁਣਨ ਨੂੰ ਮਿਲੇ ਜਿਸ ਵਿਚ ਕੋਈ ਮਾੜਾ ਮੋਟਾ ਵੀ ਜੁਝਾਰੂ ਤੱਤ ਪ੍ਰਗਟ ਹੋਇਆ ਹੋਵੇ ਤਾਂ ਕੌਮ ਵਿਚ ਚੜ੍ਹਦੀ ਕਲਾ ਦਾ ਰੌਂਅ ਆਪ ਮੁਹਾਰੇ ਵਹਿ ਤੁਰਦਾ ਹੈ। ਇਹੋ ਜਿਹਾ ਹੀ ਕੁਝ ਉਸ ਵੇਲੇ ਮਹਿਸੂਸ ਹੋਇਆ ਜਦੋਂ ਜਾਂਬਾਜ਼ ਜੁਝਾਰੂ ਭਾਈ ਜਗਤਾਰ ਸਿੰਘ ਹਵਾਰਾ ਨੇ ਇੱਕ ਕੱਟੜਪੰਥੀ ਹਿੰਦੂ ਅਤਿਵਾਦੀ ਨੂੰ ਆਪਣੇ ਕਰਾਰੇ ਥੱਪੜ ਦਾ ਸਵਾਦ ਚਖਾਇਆ। ਪਿਛਲੇ ਦੋ ਹਫ਼ਤਿਆਂ ਤੋਂ ਕੌਮ ਦਾ ਇੱਕ ਵੱਡਾ ਹਿੱਸਾ ਇਸ ਛੋਟੀ ਜਿਹੀ ਖ਼ੁਸ਼ੀ ਦੇ ਮਾਨੋ ਜਸ਼ਨ ਮਨਾ ਰਿਹਾ ਹੈ, ਜਿਸ ਦੀਆਂ ਗੂੰਜਾਂ ਚਹੁੰ-ਕੂੰਟੀਂ ਪਈਆਂ ਹਨ। ਰੋਜ਼ਾਨਾ ਹਜ਼ਾਰਾਂ ਥੱਪੜਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ ਪਰ ਇਸ ਥੱਪੜ ਵਿਚ ਉਹ ਕਿਹੜਾ ਕ੍ਰਿਸ਼ਮਾ ਸੀ ਜਿਸ ਨੇ ਇੱਕਦਮ ਸਾਰੀ ਕੌਮ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ? ਪ੍ਰਿੰਟ ਅਤੇ ਬਿਜਲਈ ਮੀਡੀਏ ਵਿਚ ਚਾਰ ਚੁਫ਼ੇਰੇ 'ਹਵਾਰਾ ਹਵਾਰਾ' ਹੀ ਹੋ ਰਹੀ ਹੈ। ਇਸ ਥੱਪੜ ਨੇ ਅਵੇਸਲੀ ਹੋਈ ਕੌਮ ਨੂੰ ਇੱਕੋ ਝਟਕੇ ਨਾਲ ਹਲੂਣ ਕੇ ਆਪਣੇ ਮਾਣਮੱਤੇ ਵਿਰਸੇ ਨਾਲ ਅਚੇਤ ਹੀ ਜੋੜ ਦਿੱਤਾ ਹੈ। ਕੌਮ ਨੇ ਇਸ ਥੱਪੜ ਦੀ ਰੋਸ਼ਨੀ ਵਿਚ ਇੱਕ ਵਾਰ ਫਿਰ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰਕੇ ਸਿਜਦਾ ਕੀਤਾ ਹੈ ਅਤੇ ਉਸ ਤੋਂ ਖ਼ੁਰਾਕ ਹਾਸਲ ਕੀਤੀ ਹੈ। ਇਹੋ ਇਸ ਥੱਪੜ ਦੀ 'ਕਰਾਮਾਤ' ਹੈ। ਜਿਵੇਂ ਕੋਈ ਰੋਸ਼ਨੀ ਮਲਕੜੇ ਜਿਹੇ ਸਾਰੀ ਕੌਮ ਦੀ ਰੂਹ ਦੁਆਲੇ ਖਿਲਰ ਗਈ ਹੋਵੇ ਅਤੇ ਇਸ ਨੂੰ ਨਵੀਂ ਸ਼ਕਤੀ ਨਾਲ ਭਰ ਦਿੱਤਾ ਹੋਵੇ। ਜਿਵੇਂ ਕਿਸੇ ਲੰਮੀ ਔੜ ਤੋਂ ਬਾਦ ਛੋਟੇ ਜਿਹੇ ਛੜਾਟੇ ਨਾਲ ਹੀ ਲੱਖਾਂ ਫੁੱਲ ਇੱਕੋ ਵੇਲੇ ਟਹਿਕ ਗਏ ਹੋਵਣ।

ਵੇਖਣ ਨੂੰ ਭਾਵੇਂ ਇਹ ਖ਼ਬਰ ਛੋਟੀ ਜਿਹੀ ਹੀ ਹੈ ਪਰ ਆਪਣੇ ਅੰਤਰੀਵ ਅਰਥਾਂ ਵਿਚ ਬਹੁਤ ਡੂੰਘੀਆਂ ਰਮਜ਼ਾਂ ਛੁਪਾਈ ਬੈਠੀ ਹੈ। ਹਵਾਰੇ ਦਾ ਇਹ ਥੱਪੜ ਗਲੀ ਦੇ ਇੱਕ ਗੁੰਡੇ ਦੇ ਮੂੰਹ 'ਤੇ ਨਹੀਂ ਸਗੋਂ ਇਹ ਜੁਝਾਰੂ ਸੰਘਰਸ਼ ਦੇ ਵਾਰਸਾਂ ਵੱਲੋਂ ਹਿੰਦੁਸਤਾਨ ਦੀ ਮੂੰਹ ਜ਼ੋਰ ਤਾਕਤ ਦੇ ਮੂੰਹ 'ਤੇ ਪਿਆ ਹੈ ਜਿਹੜੀ ਸਿੱਖ ਸਪਿਰਟ ਨੂੰ ਖ਼ਤਮ ਕਰਨ ਦਾ ਐਲਾਨ ਕਰਨਾ ਚਾਹੁੰਦੀ ਹੈ। ਇਸ ਥੱਪੜ ਨੇ ਇਸ ਗੱਲ ਦਾ ਸੰਦੇਸ਼ ਦਿੱਤਾ ਹੈ ਕਿ ਜੁਝਾਰੂ ਤੱਤ ਅਜੇ ਮੋਇਆ ਨਹੀਂ। ਤੁਸੀਂ ਸਾਨੂੰ ਫਾਂਸੀਆਂ 'ਤੇ ਤਾਂ ਲਟਕਾ ਸਕਦੇ ਹੋ ਪਰ ਫਾਂਸੀਆਂ ਵੱਲ ਜਾਂਦਿਆਂ ਗੀਤ ਗਾਉਣੋਂ ਨਹੀਂ ਰੋਕ ਸਕਦੇ। ਤੁਹਾਡੀ ਤਿਹਾੜ ਜੇਲ੍ਹ ਦੀਆਂ ਕੰਧਾਂ ਸਾਡੇ ਸਿਦਕ ਨਾਲੋਂ ਬਹੁਤ ਨੀਵੀਆਂ ਹਨ। ਅਸੀਂ ਆਪਣੀਆਂ ਲੱਤਾਂ ਨਾਲ ਨਹੀਂ ਹੌਂਸਲਿਆਂ ਨਾਲ ਚੱਲਦੇ ਹਾਂ। ਸਾਡੀ ਮੌਤ ਵੀ ਮੌਤ ਨੂੰ ਜਿੱਤੇਗੀ। ਤੁਸੀਂ ਸਾਨੂੰ ਮਾਰ ਤਾਂ ਸਕਦੇ ਹੋ ਪਰ ਹਰਾ ਨਹੀਂ ਸਕਦੇ। ਇਹ ਐਲਾਨ ਹੈ ਜੋ ਇਸ ਥੱਪੜ ਨੇ ਕੀਤਾ ਹੈ ਜਿਸ ਦੇ ਗਵਾਹ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਭਾਈ ਜਗਤਾਰ ਸਿੰਘ ਹਵਾਰਾ ਖ਼ੁਦ ਹਨ।

ਅਸਲ ਵਿਚ ਭਾਈ ਹਵਾਰੇ ਹੋਰੀਂ ਅਦਾਲਤੀ ਕਾਰਵਾਈ ਲਈ ਆਉਂਦੇ, ਜਿਸ ਮਾਣ-ਮੱਤੀ ਟੌਹਰ ਨਾਲ ਤੁਰਦੇ ਹਨ, ਉਹ ਇਨ੍ਹਾਂ ਜਨੂੰਨੀ ਕਾਇਰਾਂ ਤੋਂ ਬਰਦਾਸ਼ਤ ਨਹੀਂ ਹੁੰਦੀ। ਇਸ ਤੋਰ ਵਿਚ ਇਨ੍ਹਾਂ ਨੂੰ ਆਪਣੀ ਬਰਬਾਦੀ ਦੇ ਹੜ੍ਹ ਚੜ੍ਹੇ ਆਉਂਦੇ ਦਿਸਦੇ ਹਨ। ਉਸ ਦੇ ਪੈਰਾਂ ਵਿਚ ਮਹਾਂਕਾਲ ਦਾ ਕੋਈ ਕਾਲ-ਰੂਪ ਨੱਚਦਾ ਨਜ਼ਰ ਆਉਂਦਾ ਹੈ। ਯੋਧਾ ਜਦੋਂ ਤੁਰਦਾ ਹੈ ਤਾਂ ਏਦਾਂ ਲਗਦਾ ਹੈ ਜਿਵੇਂ ਧਰਤੀ 'ਤੇ ਕੋਈ ਨਿਵਾਜ਼ਸ਼ ਕਰ ਰਿਹਾ ਹੋਵੇ। ਪੁਲਿਸ ਵਾਲੇ ਮਹਿਜ਼ ਬਾਡੀਗਾਰਡ ਬਣ ਕੇ ਰਹਿ ਜਾਂਦੇ ਹਨ। ਇਸ ਤੌਰ ਵਿਚ ਕਿਸੇ ਜਿੱਤ ਦਾ ਸਰੂਰ ਹੈ, ਇਸ ਆਵਾਜ਼ ਵਿਚ ਮਹਾਂਬਲੀ ਦਾ ਕੋਈ ਨਾਦ ਹੈ, ਇਨ੍ਹਾਂ ਚਿਹਰਿਆਂ 'ਤੇ ਤੇਜੱਸਵੀਆਂ ਵਰਗਾ ਕੋਈ ਨੂਰ ਝਰਦਾ ਹੈ, ਇਹ ਨੈਣ ਦੂਰ ਕਿਸੇ ਨਿਸ਼ਾਨੇ 'ਤੇ ਅਡੋਲ ਟਿਕੇ ਹੋਏ ਹਨ, ਜੋ ਅੱਜ ਵੀ ਦੁਸ਼ਮਣ ਦੀ ਅੱਖ ਵਿਚ ਅੱਖ ਪਾ ਕੇ ਵੇਖਣ ਦੀ ਹਿੰਮਤ ਰੱਖਦੇ ਹਨ। ਇਹ ਜਨੂੰਨੀ ਹਿੰਦੁਤਵੀ ਲੋਕ ਉਨ੍ਹਾਂ ਨੂੰ ਹਾਰੇ ਹੋਏ ਵੇਖਣਾ ਚਾਹੁੰਦੇ ਹਨ ਅਤੇ ਉਹ ਅੱਗੋਂ ਜਿੱਤ ਦੇ ਜੈਕਾਰੇ ਛੱਡਦੇ ਹਨ ਜੋ ਇਨ੍ਹਾਂ ਦੀ ਫੁੱਟੀ ਅੱਖ ਨਹੀਂ ਭਾਉਂਦੇ। ਇਹ ਸੋਚਦੇ ਹਨ ਕਿ ਜਿਸ ਤਰ੍ਹਾਂ ਅਸੀਂ ਹਜ਼ਾਰਾਂ ਸਾਲ ਰੀਂਗ ਰੀਂਗ ਕੇ ਗੁਲਾਮੀ ਕੱਟੀ, ਇਹ ਕਿਉਂ ਨਹੀਂ ਕੱਟਦੇ? ਇਹ ਝੁਕਦੇ ਕਿਉਂ ਨਹੀਂ? ਇਹ ਟੁੱਟਦੇ ਕਿਉਂ ਨਹੀਂ? ਇਨ੍ਹਾਂ ਬੇਗੈਰਤਾਂ ਨੂੰ ਮੁਗ਼ਲ ਕਾਲ ਦਾ ਉਹ ਫ਼ੁਰਮਾਨ ਯਾਦ ਆਉਂਦਾ ਹੈ ਕਿ ਜੇ ਕੋਈ ਮੁਗ਼ਲ ਥੁੱਕਣਾ ਚਾਹੇ ਤਾਂ ਹਿੰਦੂ ਨੂੰ ਉਸ ਦੀ ਸਹੂਲਤ ਲਈ ਆਪਣਾ ਮੂੰਹ ਅੱਡ ਦੇਣਾ ਚਾਹੀਦਾ ਹੈ। ਪਰ ਇਹ ਤਾਂ ਇਨ੍ਹਾਂ ਦੇ ਹੀ ਮੂੰਹ 'ਤੇ ਥੁੱਕ ਕੇ ਚਲੇ ਜਾਂਦੇ ਹਨ।

ਜਦੋਂ ਉਹ ਦੋ ਉਂਗਲਾਂ ਖੜੀਆਂ ਕਰਕੇ 'ਵਿਕਟਰੀ' ਦਾ ਨਿਸ਼ਾਨ ਬਣਾਉਂਦੇ ਹਨ ਤਾਂ ਇਹ ਉਂਗਲਾਂ ਸਿੱਧੀਆਂ ਇਨ੍ਹਾਂ ਦੀਆਂ ਅੱਖਾਂ ਵਿਚ ਸੁਰਾਖ਼ ਕਰਦੀਆਂ ਹਨ। ਇਸ ਲਈ ਇਹ ਇਸ ਸ਼ਾਨ ਨੂੰ ਕਿਸੇ ਵੀ ਕੀਮਤ 'ਤੇ ਰੋਲਣਾ ਚਾਹੁੰਦੇ ਹਨ। ਦੂਸਰਾ ਇਹ ਲੋਕ ਭਾਈ ਹਵਾਰੇ ਦੀ ਹੱਤਕ ਕਰਕੇ ਉਸ ਦੀ ਸਿੱਖ ਨੌਜਵਾਨਾਂ ਵਿਚ ਬਣੀ ਹੀਰੋ ਦੀ ਛਵੀ ਤੋੜਨਾ ਚਾਹੁੰਦੇ ਸਨ ਜੋ ਉਨ੍ਹਾਂ ਨੂੰ ਉਲਟਾ ਪਿਆ ਅਤੇ ਭਾਈ ਹਵਾਰਾ ਇੱਕ ਵਾਰ ਫਿਰ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਬਣ ਕੇ ਉਭਰਿਆ ਅਤੇ ਆਪਣੇ ਅਸਲੀ ਹੀਰੋ ਹੋਣ ਦਾ ਸਿੱਕਾ ਮੰਨਵਾ ਗਿਆ।

ਉਪਰੋਕਤ ਕਾਰਨਾਂ ਤਹਿਤ ਇਨ੍ਹਾਂ ਨੇ, ਜਿਵੇਂ ਹਿੰਦੂ ਪਹਾੜੀ ਰਾਜਿਆਂ ਨੇ ਲੋਹਗੜ੍ਹ ਦੇ ਕਿਲੇ ਦਾ ਦਰਵਾਜ਼ਾ ਤੋੜਨ ਲਈ ਇੱਕ ਮਸਤ ਹਾਥੀ ਸ਼ਿੰਗਾਰ ਕੇ ਤੋਰਿਆ ਸੀ, ਇਵੇਂ ਹੀ ਇੱਕ ਮੋਟਾ ਜਿਹਾ 'ਹਾਥੀ' ਤਿਆਰ ਕਰਕੇ ਇਹ ਸੋਚ ਕੇ ਭੇਜਿਆ ਕਿ ਉਹ ਜਾਂਦਿਆਂ ਹੀ ਸਿੱਖ ਸੰਘਰਸ਼ ਦੇ 'ਲੋਹਗੜ੍ਹ' ਨੂੰ ਢੁੱਡ ਮਾਰ ਕੇ ਸੁੱਟ ਲਵੇਗਾ ਅਤੇ ਬਾਕੀ ਸਾਰੇ ਵਿਹੰਦਿਆਂ ਵਿਹੰਦਿਆਂ ਹੀ ਉਸ 'ਤੇ ਟੁੱਟ ਪੈਣਗੇ ਤੇ ਸੁਖਾਲਿਆਂ ਹੀ ਆਪਣੀ ਘੜੀ ਹੋਈ ਸਕੀਮ ਨੇਪਰੇ ਚਾੜ੍ਹ ਆਉਣਗੇ। ਪਰ ਉਨ੍ਹਾਂ ਨੂੰ ਭੁੱਲ ਗਿਆ ਕਿ ਖੋਤਾ ਖੋਤਾ ਹੀ ਹੁੰਦਾ ਹੈ ਭਾਵੇਂ ਉਹ ਰਾਜੇ ਦੇ ਖ਼ਜਾਨੇ ਨਾਲ ਲੱਦਿਆ ਹੋਵੇ, ਮੱਖੀ ਦੇ ਖੰਭਿਆਂ ਪਹਾੜ ਨਹੀਂ ਕੰਬਦੇ, ਦੁਨੀਆਂ ਭਾਵੇਂ ਕਿੰਨੀ ਵੀ ਬਦਲ ਜਾਵੇ, ਬਿੱਲੀਆਂ ਆਂਡੇ ਨਹੀਂ ਦੇਣ ਲੱਗਣਗੀਆਂ।

ਏਧਰ ਜਿਵੇਂ ਕਹਿੰਦੇ ਹਨ ਕਿ ਸ਼ੇਰ ਆਪਣੇ ਸ਼ਿਕਾਰ ਨੂੰ ਦੂਰੋਂ ਹੀ ਸੁੰਘ ਲੈਂਦਾ ਹੈ, ਭਾਈ ਹਵਾਰੇ ਨੇ ਦੂਰੋਂ ਹੀ ਮਹਿਸੂਸ ਕਰ ਲਿਆ ਸੀ ਕਿ ਅੱਜ ਹਵਾ ਵਿਚ ਮੁਖ਼ਾਲਫ਼ਤ ਜਿਹੀ ਕੋਈ ਚੀਜ਼ ਘੁਲੀ ਹੋਈ ਹੈ। ਜਿਉਂ ਹੀ ਇਹ 'ਹਾਥੀ' ਢੁੱਡ ਮਾਰਨ ਲਈ ਅੱਗੇ ਵਧਿਆ 'ਸ਼ੇਰ' ਨੇ ਆਉਂਦਿਆਂ ਹੀ ਪੰਜਾ ਮਾਰ ਕੇ ਸੁੱਟ ਲਿਆ ਜਿਵੇਂ ਭਾਈ ਬਚਿੱਤਰ ਸਿੰਘ ਨੇ ਆਪਣੀ ਨਾਗਣੀ ਦੇ ਇੱਕੋ ਵਾਰ ਨਾਲ ਮਸਤ ਹਾਥੀ ਦਾ ਮੂੰਹ ਭਵਾਂ ਦਿੱਤਾ ਸੀ। ਇਹ ਇੱਕ ਪੁਲਿਸ ਵਾਲੇ ਦੇ ਗਲ ਨਾਲ ਇਵੇਂ ਜਾ ਲੱਗਾ ਜਿਵੇਂ ਕੋਈ ਨਿਆਣਾ ਆਪਣੀ ਮਾਂ ਦੇ ਕੁੱਛੜ ਚੜ੍ਹਿਆ, ਡਰਦਾ ਉਸ ਦੀ ਕੱਛ ਵਿਚ ਵੜਦਾ ਜਾਵੇ ਅਤੇ ਕਹਿ ਰਿਹਾ ਹੋਵੇ "ਮੰਮੀ ਮੈਨੂੰ ਮਾਰਦਾ।"

ਸਿਆਣੇ ਕਹਿੰਦੇ ਹਨ ਕਿ ਜੇ ਸੂਰ ਨੂੰ ਸ਼ਿਕਾਰ ਦਾ ਸ਼ੌਕ ਜਾਗੇ ਤਾਂ ਉਸ ਨੂੰ ਮੋਟੇ ਹੋਣ ਤੋਂ ਬਚਣਾ ਚਾਹੀਦਾ ਹੈ ਪਰ ਇਸ ਤੁਅਸਬੀ ਸ਼ਖ਼ਸ ਨੂੰ ਵਹਿਮ ਹੋ ਗਿਆ ਸੀ ਕਿ ਮੈਂ ਆਪਣੇ ਢਿੱਡ ਨਾਲੋਂ ਜ਼ਿਆਦਾ ਭੱਜ ਲਵਾਂਗਾ। ਭਾਈ ਹਵਾਰੇ ਕੋਲ ਅੱਧੇ ਸਕਿੰਟ ਤੋਂ ਵੀ ਘੱਟ ਵਕਫ਼ਾ ਸੀ ਜਿਸ ਨੂੰ ਉਸ ਨੇ ਬੜੀ ਕਾਮਯਾਬੀ ਨਾਲ ਵਰਤ ਕੇ, ਦੁਸ਼ਮਣ ਦੇ ਮੂੰਹ ਵਿਚ ਵੀ ਉਂਗਲਾਂ ਪਵਾ ਦਿੱਤੀਆਂ। ਵਾਲੀਬਾਲ ਦੇ ਖਿਡਾਰੀ ਨੂੰ ਪਤਾ ਸੀ ਕਿ ਆਪਣੇ ਵੱਲ ਉਡਦੇ ਆਉਂਦੇ ਬਾਲ ਦੀ ਬਿਨਾਂ ਕਿਸੇ ਦੀ ਸਹਾਇਤਾ ਦੇ, ਨੈਟ 'ਤੇ ਚੜ੍ਹ ਕੇ, ਵਾਲੀ ਮਾਰ ਕੇ ਖ਼ੁੱਤ ਕਿਵੇਂ ਪਾਈਦਾ ਹੈ ਅਤੇ ਜੋ ਉਸ ਨੇ ਪਾ ਕੇ ਵਿਖਾ ਦਿੱਤਾ। ਲਗਦਾ ਹੈ ਜਿਵੇਂ ਗੁਰੂ ਦੇ ਇਸ ਸਿੱਖ 'ਤੇ ਕੋਈ ਅਲੌਕਿਕ ਬਖ਼ਸ਼ਿਸ਼ ਹੋਵੇ ਜੋ ਜਦੋਂ ਵੀ ਕੋਈ ਕਾਰਨਾਮਾ ਕਰਦਾ ਹੈ ਤਾਂ ਚਾਰ ਚੁਫ਼ੇਰੇ ਧੁੰਮਾਂ ਪੈ ਜਾਂਦੀਆਂ ਹਨ। ਇਸ ਦਾ ਹੌਸਲਾ ਸ਼ੇਰ ਵਰਗਾ ਹੈ, ਅੱਖ ਬਾਜ ਵਰਗੀ ਅਤੇ ਫੁਰਤੀ ਚੀਤੇ ਵਰਗੀ ਹੈ।

ਜਿਸ ਫੁਰਤੀ ਨਾਲ ਭਾਈ ਹਵਾਰੇ ਨੇ ਇਸ ਹਮਲੇ ਨੂੰ ਪਛਾੜਿਆ, ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਇੱਕ ਜਰਨੈਲ ਭਾਈ ਬਾਜ ਸਿੰਘ ਦੀ ਯਾਦ ਤਾਜ਼ਾ ਕਰਵਾ ਦਿੱਤੀ ਜਿਸ ਨੂੰ ਜਦੋਂ ਫਰੁਖ਼ਸ਼ੀਅਰ ਬਾਦਸ਼ਾਹ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਨੇ ਕਿਹਾ ਕਿ ਸੁਣਿਆ ਸੀ ਕਿ ਬਾਜ ਸਿੰਘ ਬਹੁਤ ਬਹਾਦਰ ਹੈ, ਤੇਰੀ ਉਹ ਬਹਾਦਰੀ ਹੁਣ ਕਿੱਥੇ ਗਈ? ਕਹਿੰਦੇ ਹਨ ਕਿ ਬਾਜ ਸਿੰਘ ਨੇ ਕਿਹਾ, ਮੇਰੀਆਂ ਹੱਥਕੜੀਆਂ ਖੋਲ੍ਹੋ ਫਿਰ ਦਿਖਾਉਂਦਾ ਹਾਂ। ਬਾਦਸ਼ਾਹ ਦੇ ਹੁਕਮ 'ਤੇ ਉਸ ਦੀਆਂ ਹੱਥਕੜੀਆਂ ਖੁੱਲ੍ਹਣ ਦੀ ਦੇਰ ਹੀ ਸੀ ਕਿ ਉਸ ਨੇ ਬਾਜ ਵਾਂਗੂੰ ਝਪਟ ਕੇ, ਕੋਲ ਖਲੋਤੇ ਇੱਕ ਸਿਪਾਹੀ ਦੀ ਤਲਵਾਰ ਨਾਲ ਭਰੇ ਦਰਬਾਰ ਵਿਚ ਵਿਹੰਦਿਆਂ ਹੀ ਵਿਹੰਦਿਆਂ ਸੱਤ ਸਿਪਾਹੀ ਢੇਰ ਕਰ ਦਿੱਤੇ ਫਿਰ ਜਾ ਕੇ ਮਸਾਂ ਉਸ ਨੂੰ ਕਾਬੂ ਕੀਤਾ ਜਾ ਸਕਿਆ। ਫਰੁਖ਼ਸ਼ੀਅਰ ਬਾਦਸ਼ਾਹ ਇੱਕ ਲੜਾਕੂ ਕੌਮ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਇੱਕ ਬਹਾਦਰ ਦੀ ਤਰ੍ਹਾਂ ਇੱਕ ਬਹਾਦਰ ਦੀ ਪਰਖ ਲੈਂਦਾ ਹੈ ਅਤੇ ਏਧਰ ਇਹ ਗੀਦੀ ਲੋਕ ਹੱਥਕੜੀਆਂ ਵਿਚ ਜਕੜੇ ਇੱਕ ਯੋਧੇ 'ਤੇ ਹਮਲਾ ਕਰਨ ਨੂੰ ਆਪਣੀ ਬਹਾਦਰੀ ਸਮਝਦੇ ਹਨ। ਇਹ ਹੈ ਕੌਮਾਂ ਦੀਆਂ ਖ਼ਸਲਤਾਂ ਵਿਚ ਫ਼ਰਕ।

ਸਿੱਖਾਂ ਕੋਲ ਲੜਨ ਮਰਨ ਦੀ ਆਪਣੀ ਇੱਕ ਪਰੰਪਰਾ ਹੈ ਜਿਸ ਨਾਲ ਇੱਕ ਪੂਰਾ ਇਤਿਹਾਸ ਜੁੜਿਆ ਹੋਇਆ ਹੈ। ਇਹ ਲੋਕ ਸ਼ਹਾਦਤ ਅਤੇ ਸੂਰਬੀਰਤਾ ਦੀ ਆਪਣੀ ਕੋਈ ਪਰੰਪਰਾ ਤਾਂ ਖੜੀ ਕਰਨੋਂ ਰਹੇ, ਜਿਨ੍ਹਾਂ ਕੋਲ ਹੈ ਉਸ ਦੀ ਛਵੀ ਰੋਲਣ ਲਈ ਘਟੀਆ ਗੋਂਦਾਂ ਗੁੰਦਦੇ ਰਹਿੰਦੇ ਹਨ। ਰਾਜ ਸੱਤਾ ਦੀ ਅੰਨ੍ਹੀ ਤਾਕਤ ਤਾਂ ਇਨ੍ਹਾਂ ਦੇ ਹੱਥ ਲੱਗ ਗਈ ਪਰ ਬਹਾਦਰੀ ਦੇ ਤੱਤ ਕਿੱਥੋਂ ਲੈ ਕੇ ਆਉਣਗੇ? ਰੱਬ ਦੁੱਧ ਤਾਂ ਦੇ ਦੇਂਦਾ ਹੈ ਪਰ ਡੋਲ੍ਹ ਦਾ ਇੰਤਜ਼ਾਮ ਤੁਹਾਨੂੰ ਆਪ ਕਰਨਾ ਪੈਂਦਾ ਹੈ। ਦੂਸਰੇ ਪਾਸੇ ਭਾਈ ਹਵਾਰਾ ਨੇ ਆਪਣੇ ਇਸ ਕਾਰਨਾਮੇ ਨਾਲ ਇਹ ਸਿੱਧ ਕੀਤਾ ਕਿ ਉਹ ਭੱਜੀ ਜਾਂਦੀ ਗਾਂ ਨੂੰ ਵੀ ਚੋਅ ਸਕਦਾ ਹੈ। ਇਸ ਕਾਰਨ ਬਹਾਦਰ ਸੈਨਾ ਨੂੰ ਲੈਣੇ ਦੇ ਦੇਣੇ ਪੈ ਗਏ। ਸਿਆਣੇ ਕਹਿੰਦੇ ਹਨ ਕਿ ਜੇ ਤੁਹਾਡੀ ਪੂਛ ਸੁੱਕੇ ਘਾਹ ਦੀ ਹੈ ਤਾਂ ਅੱਗ ਤੋਂ ਦੂਰ ਰਹੋ। ਪੰਗੇ ਨਾਲ ਉਦੋਂ ਤੱਕ ਪੰਗਾ ਨਾ ਲਵੋ ਜਦ ਤੱਕ ਪੰਗਾ ਤੁਹਾਡੇ ਨਾਲ ਪੰਗਾ ਨਾ ਲਵੇ।

ਦੂਸਰੇ ਪਾਸੇ ਬਹੁਗਿਣਤੀ ਹਿੰਦੂ ਮੀਡੀਆ ਫੱਫੇਕੁਟਣੀ ਵਾਲੀ ਭੂਮਿਕਾ ਨਿਭਾਉਂਦਾ, ਆਪਣੇ ਬਹੁਗਿਣਤੀ ਭਗਤਾਂ ਨੂੰ ਰਾਸ ਆਉਂਦਾ ਰਾਗ ਹੀ ਅਲਾਪਦਾ ਰਿਹਾ। ਇਹ ਤਾਂ ਇੰਟਰਨੈਟ ਦੀ ਬਦੌਲਤ, ਸੱਚ ਲੋਕਾਂ ਸਾਹਮਣੇ ਆਇਆ ਨਹੀਂ ਤਾਂ ਸਿੱਖ ਸੰਘਰਸ਼ ਦੇ ਵੇਲੇ ਵਾਂਗ ਉਹੋ ਕੁਝ ਹੀ ਬਾਹਰ ਆਉਣਾ ਸੀ ਜੋ ਸਰਕਾਰ ਜਾਂ ਬਹੁਗਿਣਤੀ ਚਾਹੁੰਦੀ। ਇਸ ਕਾਂਡ ਦੀਆਂ ਤਸਵੀਰਾਂ ਅਤੇ ਵੀਡੀਓ ਅਸੀਂ ਸਾਰਿਆਂ ਨੇ ਵੇਖੀਆਂ ਹਨ ਪਰ ਜਿਵੇਂ ਕਬਾੜੀਆ ਆਪਣੇ ਕੂੜ-ਕਬਾੜ ਦੀ ਤਾਰੀਫ਼ ਕਰਦਾ ਨਹੀਂ ਥੱਕਦਾ, ਬਹੁਗਿਣਤੀ ਮੀਡੀਆ ਚੀਖਦਾ ਰਿਹਾ ਕਿ ਬੱਬਰ ਖਾਲਸਾ ਕੇ ਆਤੰਕੀ ਕੇ ਮੂੰਹ ਪਰ ਤਮਾਚਾ। ਕਹਾਵਤ ਹੈ, ਬੋਲੇ ਨੇ ਗੂੰਗੇ ਤੋਂ ਸੁਣਿਆ ਕਿ ਅੰਨ੍ਹੇ ਨੇ ਲੰਗੜੇ ਨੂੰ ਭੱਜੇ ਜਾਂਦੇ ਦੇਖਿਆ ਸੀ। ਇਨ੍ਹਾਂ ਲੋਕਾਂ ਦੀ ਬੇਸ਼ਰਮੀ ਦੀ ਹੱਦ ਉਦੋਂ ਮੁੱਕੀ ਜਦੋਂ ਇਨ੍ਹਾਂ ਦੇ ਨੁਮਾਇੰਦੇ ਨੇ ਬਿਆਨ ਦਿੱਤਾ, "ਉਸਦੀ ਹਮਲਾ ਕਰਨ ਦੀ ਕੋਈ ਮਨਸ਼ਾ ਨਹੀਂ ਸੀ ਤੇ ਉਹ ਸਿਰਫ਼ ਨਾਅਰੇ ਲਾ ਕੇ ਹੀ ਰੋਸ ਪ੍ਰਗਟ ਕਰਨਾ ਚਾਹੁੰਦੇ ਸਨ ਜਦਕਿ ਇਸੇ ਦੌਰਾਨ ਪੁਲਿਸ ਮੁਲਾਜ਼ਮ ਵੱਲੋਂ ਉਸ ਦੇ ਮੂੰਹ 'ਤੇ ਹੱਥ ਰੱਖਣ ਕਾਰਨ ਉਹ ਉਸ ਕੋਲੋਂ ਆਪਣੇ-ਆਪ ਨੂੰ ਛੁਡਾ ਕੇ ਭੱਜਣ ਵੇਲੇ ਦੂਜੇ ਪਾਸੇ ਜਾਣ ਦੀ ਥਾਂ ਹਵਾਰੇ ਵੱਲ ਵਧ ਗਿਆ।" ਨਤਿਨਵੇਂ ਸਾਲ ਪੌੜੀਆਂ ਚੜ੍ਹਨ ਤੋਂ ਬਾਅਦ ਕੱਛੂ ਡਿੱਗ ਪਵੇ ਤਾਂ ਕਾਹਲੀ ਨੂੰ ਲਾਹਨਤਾਂ ਪਾਉਂਦਾ ਹੈ, ਇਹੋ ਕੁਝ ਇਹ ਲੋਕ ਕਰ ਰਹੇ ਹਨ। ਉਸ ਨੂੰ ਕੀ ਪਤਾ ਸੀ ਕਿ ਅਸਲੀ ਆਡੀਓ ਵੀਡੀਓ ਰਾਹੀਂ ਸੱਚ ਤਾਂ ਹਵਾ ਵਿਚ ਉਡ ਚੁੱਕਾ ਹੈ ਜੋ ਹੁਣ ਵਾਪਸ ਨਹੀਂ ਮੋੜਿਆ ਜਾ ਸਕਦਾ। ਇਹ ਥੱਪੜ ਤਾਂ ਇਤਿਹਾਸ ਦੇ ਵਿਸ਼ੇਸ਼ ਅੰਕੜਾਮਈ ਦਿਨ (11-11-11) 'ਤੇ ਆਪਣਾ ਇੰਦਰਾਜ ਕਰਵਾ ਚੁੱਕਾ ਹੈ।

ਸੋਚਣ ਵਾਲੀ ਗੱਲ ਇਹ ਹੈ ਕਿ ਇਹ ਲੋਕ ਕੌਣ ਹਨ ਜੋ ਕਦੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਫਾਂਸੀ 'ਤੇ ਲਟਕਾਉਣ ਲਈ ਆਪਣੇ ਆਪ ਨੂੰ ਜੱਲਾਦ ਦੇ ਤੌਰ 'ਤੇ ਪੇਸ਼ ਕਰਦੇ ਹਨ, ਕਦੇ ਭਾਈ ਜਗਤਾਰ ਸਿੰਘ ਤਾਰਾ ਦਾ ਸਿਰ ਵੱਢ ਕੇ ਲਿਆਉਣ ਵਾਲੇ ਲਈ ਸ਼ਰੇਆਮ ਇਨਾਮ ਐਲਾਨਦੇ ਹਨ ਅਤੇ ਹੁਣ ਭਾਈ ਹਵਾਰੇ ਹੁਰਾਂ 'ਤੇ ਹਮਲਾ ਕਰਨ ਦੀ ਹਮਾਕਤ ਕਰਦੇ ਹਨ। ਇਹ ਕੌਣ ਹਨ ਜੋ ਸਿੱਖਾਂ ਦੀ ਅਣਖ ਨੂੰ ਵਾਰ ਵਾਰ ਵੰਗਾਰ ਰਹੇ ਹਨ? ਕੀ ਕੋਈ ਦੱਸ ਸਕਦਾ ਹੈ ਕਿ ਸਿੱਖਾਂ ਕੋਲ ਹੋਰ ਕਿਹੜਾ ਰਾਹ ਬਚਦਾ ਹੈ? ਸ਼ਾਂਤੀ ਸ਼ਾਂਤੀ ਦੀ ਰਟ ਲਾਉਣ ਵਾਲੇ ਹੁਣ ਕਿੱਥੇ ਹਨ? ਕੀ ਇਨ੍ਹਾਂ ਲੋਕਾਂ ਨੂੰ ਹੁਣ ਆਪਣੀਆਂ ਅਦਾਲਤਾਂ 'ਤੇ ਵੀ ਇਤਬਾਰ ਨਹੀਂ ਰਿਹਾ? ਸਿੱਖ ਸੰਘਰਸ਼ ਜਦੋਂ ਆਪਣੀ ਪ੍ਰਚੰਡ ਸੀਮਾ 'ਤੇ ਸੀ ਉਦੋਂ ਇਹ ਧੋਤੀਆਂ ਵਾਲੇ 'ਬਹਾਦਰ' ਕਿੱਥੇ ਸਨ ਜੋ ਹੁਣ ਫਿਰ ਪੰਜਾਬ ਨੂੰ ਬਲਦੀ ਦੇ ਬੁੱਥੇ ਦੇਣਾ ਚਾਹੁੰਦੇ ਹਨ। ਇਹੋ ਜਿਹੇ ਲੋਕਾਂ ਨੂੰ ਇੱਕ ਹੀ ਨਸੀਹਤ ਦੀ ਲੋੜ ਹੈ ਕਿ ਮੋਮ ਦਾ ਸਿਰ ਲੈ ਕੇ ਅੱਗ ਦੇ ਨੇੜੇ ਨਹੀਂ ਜਾਈਦਾ। ਦੋਹਾਂ ਦੇ ਰਾਹ ਵੱਖ ਵੱਖ ਨੇ:

ਅਲਫਾਜ਼-ਓ-ਮਆਨੀ ਮੇਂ
ਤਫਾਵੁਤ ਨਹੀਂ ਲੇਕਿਨ,
ਮੁੱਲਾਂ ਕੀ ਅਜ਼ਾਂ ਔਰ,
ਮੁਜਾਹਿਦ ਕੀ ਅਜ਼ਾਂ ਔਰ।
ਪਰਵਾਜ਼ ਹੈ ਦੋਨੋਂ ਕੀ
ਇਸੀ ਏਕ ਫਿਜ਼ਾ ਮੇਂ,
ਕਰਗਸ (ਗਿਰਝ) ਕਾ ਜਹਾਂ ਔਰ,
ਸ਼ਾਹੀਂ (ਬਾਜ) ਕਾ ਜਹਾਂ ਔਰ।

## ਸੰਪਾਦਕ ਦੀ ਡਾਕ

# ਆਪਣੇ ਬੱਚਿਆਂ ਲਈ ਰੋਲ ਮਾਡਲ ਬਣਨ ਪੰਜਾਬੀ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ 19 ਨਵੰਬਰ ਦੇ ਅੰਕ ਵਿਚ ਯੂਬਾ ਸਿਟੀ ਸ਼ਹਿਰ ਦੀ ਸਿਟੀ ਕੌਂਸਲ ਦੀਆਂ ਚੋਣਾਂ ਸਬੰਧੀ ਛਪੀ ਖ਼ਬਰ ਦੇ ਹਵਾਲੇ ਨਾਲ ਮੈਂ ਆਪਣੇ ਸਾਥੀ ਪਾਠਕਾਂ ਦੇ ਧਿਆਨ ਵਿਚ ਕੁਝ ਗੱਲਾਂ ਲਿਆਉਣੀਆਂ ਚਾਹੁੰਦਾ ਹਾਂ। ਖ਼ਬਰ ਵਿਚ ਕਿਹਾ ਗਿਆ ਸੀ ਕਿ ਸਾਬਕਾ ਮੇਅਰ ਕਸ਼ਮੀਰ (ਕੈਸ਼) ਗਿੱਲ ਜਿਸ ਬੈਂਕ ਦਾ ਵਾਇਸ ਪ੍ਰੈਜ਼ੀਡੈਂਟ ਸੀ, ਉਸ ਦੀ ਬੈਂਕਰਪਸੀ ਹੋ ਗਈ ਸੀ ਜਦ ਕਿ ਬੈਂਕਰਪਸੀ ਨਹੀਂ ਸਗੋਂ ਇਹ ਬੈਂਕ ਪਹਿਲਾਂ ਹੀ ਕਿਸੇ ਦੂਸਰੀ ਬੈਂਕ ਨੇ ਖਰੀਦ ਲਿਆ ਸੀ। ਬੈਂਕਰਪਸੀ ਵਾਲੀ ਗੱਲ ਤਕਨੀਕੀ ਤੌਰ 'ਤੇ ਠੀਕ ਨਹੀਂ ਪਰ ਇਨ੍ਹਾਂ ਚੋਣਾਂ ਵਿਚ ਜੋ ਕੁਝ ਹੋਇਆ ਅਤੇ ਚੋਣਾਂ ਵਿਚ ਸਾਡੇ ਪੰਜਾਬੀ ਉਮੀਦਵਾਰਾਂ ਤੇ ਉਨ੍ਹਾਂ ਦੇ ਸਪੋਰਟਰਾਂ ਨੇ ਜਿਸ ਤਰੀਕੇ ਨਾਲ ਕੰਮ ਕੀਤਾ, ਉਸ ਸਭ ਨਾਲ ਪੰਜਾਬੀਆਂ ਦਾ ਸਿਰ ਝੁਕਿਆ ਹੈ। ਗੁਰਦੁਆਰੇ ਅਤੇ ਸ਼ਹਿਰ ਦੇ ਪਤਵੰਤੇ ਕਹਾਉਣ ਵਾਲੇ ਸੱਜਣਾਂ ਨੇ ਜਿਵੇਂ ਚੋਣ ਜ਼ਾਬਤੇ ਦੀਆਂ ਧੱਜੀਆਂ ਉਡਾਈਆਂ, ਉਸ ਨਾਲ ਜ਼ਰੂਰ ਦੂਜੇ ਲੋਕਾਂ ਵਿਚ ਸਾਡੀ ਕਮਿਊਨਿਟੀ ਖਿਲਾਫ਼ ਨਫ਼ਰਤ ਪੈਦਾ ਹੋਈ ਹੋਵੇਗੀ।

ਮੈਂ ਸਕੂਲ ਟੀਚਰ ਹੋਣ ਕਰਕੇ ਇਸ ਮਾਮਲੇ ਸਬੰਧੀ ਬਹੁਤ ਸਾਰੇ ਬੱਚਿਆਂ ਨਾਲ ਗੱਲ ਕੀਤੀ। ਸਕੂਲੀ ਬੱਚਿਆਂ ਦਾ ਕਹਿਣਾ ਸੀ ਕਿ ਸਾਡੇ ਵੱਡੇ ਜਦੋਂ ਅਜਿਹੇ ਕੰਮ ਕਰਦੇ ਹਨ ਤਾਂ ਸਾਨੂੰ ਦੂਜੇ ਬੱਚਿਆਂ ਨਾਲ ਗੱਲ ਕਰਦਿਆਂ ਸ਼ਰਮ ਮਹਿਸੂਸ ਹੁੰਦੀ ਹੈ। ਉਨ੍ਹਾਂ 'ਚੋਂ ਕਈਆਂ ਨੇ ਕਿਹਾ ਕਿ ਪੰਜਾਬੀ ਇੱਥੇ ਆ ਕੇ ਅਮਰੀਕਾ ਦੇ ਸਿਸਟਮ ਵਿਚ ਫਿਟ ਨਹੀਂ ਹੋ ਰਹੇ। ਸਕੂਲ ਟੀਚਰ ਹੋਣ ਨਾਤੇ ਮੈਂ ਸਮੂਹ ਪੰਜਾਬੀਆਂ ਨੂੰ ਬੇਨਤੀ ਕਰਦਾ ਹਾਂ ਕਿ ਗੁਰੂਘਰਾਂ ਅਤੇ ਹੋਰ ਸੰਸਥਾਵਾਂ ਦੇ ਆਗੂਆਂ ਨੂੰ ਆਪਣੇ ਬੱਚਿਆਂ ਲਈ ਰੋਲ ਮਾਡਲ ਬਣਨਾ ਚਾਹੀਦਾ ਹੈ, ਨਹੀਂ ਤਾਂ ਇਸ ਦਾ ਬੱਚਿਆਂ 'ਤੇ ਬਹੁਤ ਮਾੜਾ ਅਸਰ ਪਵੇਗਾ। ਜੇ ਕਿਸੇ ਗੁਰੂਘਰ ਦਾ ਕੋਈ ਆਗੂ ਜੁਰਮ ਕਰਦਾ ਹੈ ਤਾਂ ਇਸ ਨਾਲ ਬੱਚੇ ਸਾਡੇ ਕਲਚਰ ਅਤੇ ਧਰਮ ਤੋਂ ਦੂਰ ਹੁੰਦੇ ਹਨ। ਚੋਣਾਂ ਵਿਚ ਝੂਠੇ ਅਤੇ ਗਲਤ ਵਾਅਦੇ ਕਰਨ ਨਾਲ ਭਾਈਚਾਰੇ 'ਚ ਸਾਡੀ ਸਾਖ ਡਿੱਗਦੀ ਹੈ। ਜਿਹੜੇ ਨਵੇਂ ਬੱਚੇ ਸਿਆਸਤ 'ਚ ਆਉਣਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਅੜਿੱਕੇ ਬਣ ਰਹੇ ਹਨ। ਕਿੰਨੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਕੌਂਸਲ ਚੋਣਾਂ ਵਿਚ 3 ਬੰਦੇ ਚੁਣੇ ਜਾਣੇ ਸਨ, ਪਿਛਲੀ ਵਾਰ ਦੋ ਪੰਜਾਬੀ ਜਿੱਤੇ ਸਨ, ਇਸ ਵਾਰ ਦੋਵਾਂ ਨੂੰ ਆਪਣੇ ਜਿੱਤਣ ਨਾਲੋਂ ਆਪਣੇ ਵਿਰੋਧੀ ਦੂਜੇ ਪੰਜਾਬੀ ਨੂੰ ਹਰਾਉਣ ਦਾ ਜ਼ਿਆਦਾ ਫਿਕਰ ਸੀ। ਜੇ ਰਲ ਕੇ ਤੁਰਦੇ ਤਾਂ ਦੋਵੇਂ ਵੱਡੀ ਗਿਣਤੀ ਨਾਲ ਜਿੱਤਦੇ।

ਇਕ ਗੱਲ ਹੋਰ। ਦੋ ਕੁ ਸਾਲ ਪਹਿਲਾਂ ਇਕ ਉਮੀਦਵਾਰ ਦੱਖਣੀ ਯੂਬਾ ਸਿਟੀ 'ਚ ਹੈਪੀ ਪਾਰਕ, ਜਿਥੇ ਬਹੁਗਿਣਤੀ ਪੰਜਾਬੀ ਰਹਿੰਦੇ ਹਨ, ਏਰੀਏ ਵਿਚ ਪ੍ਰਚਾਰ ਕਰ ਰਿਹਾ ਸੀ ਤਾਂ ਪਾਰਕ 'ਚ ਬੈਠਣ ਵਾਲੇ ਬਜ਼ੁਰਗਾਂ ਨੇ ਉਸ ਨੂੰ ਦੱਸਿਆ ਕਿ ਕਈ ਲੋਕ ਪਾਰਕ 'ਚ ਕੁੱਤੇ ਲੈ ਕੇ ਆਉਂਦੇ ਹਨ ਤੇ ਜਾਣ-ਬੁਝ ਕੇ ਕੁੱਤਿਆਂ ਤੋਂ ਮਲ-ਮੂਤਰ ਉਨ੍ਹਾਂ ਦੇ ਬੈਠਣ ਵਾਲੇ ਥਾਂ 'ਤੇ ਕਰਵਾਉਂਦੇ ਹਨ। ਉਸ ਉਮੀਦਵਾਰ ਨੇ ਭਰੋਸਾ ਦਿੱਤਾ ਕਿ ਪਾਰਕ 'ਚ ਕੁੱਤੇ ਆਉਣੇ ਬੰਦ ਕਰਾਏ ਜਾਣਗੇ, ਪਾਰਕ 'ਚ ਬਾਥਰੂਮ ਅਤੇ ਮੀਂਹ-ਧੁੱਪ ਤੋਂ ਬਚਣ ਲਈ ਸ਼ੈਡ ਬਣਾਏ ਜਾਣਗੇ। ਇਸ ਤੋਂ ਬਿਨਾਂ ਪੰਜਾਬੀ ਬੱਚਿਆਂ ਨੂੰ ਸ਼ਹਿਰ/ਕਾਊਂਟੀ ਦੀਆਂ ਨੌਕਰੀਆਂ ਦਿਵਾਉਣ 'ਚ ਮਦਦ ਕੀਤੀ ਜਾਵੇਗੀ ਪਰ ਚੋਣਾਂ ਪਿਛੋਂ ਇਹ ਵਾਅਦੇ ਕਰਨ ਵਾਲੇ ਇਸ ਕੌਂਸਲਰ ਨੂੰ ਜਦੋਂ ਲੋਕ ਮਿਲੇ ਤਾਂ ਉਹਨੇ ਕੋਈ ਲੜ-ਸਿਰਾ ਨਾ ਫੜਾਇਆ।

ਖੈਰ, ਕੁੱਤਿਆਂ ਵਾਲਾ ਮਾਮਲਾ ਇਲਾਕੇ ਦੇ ਬਜ਼ੁਰਗ ਮਹਿੰਦਰ ਸਿੰਘ ਨਿੱਜਰ ਨੇ ਆਪਣੇ ਤੌਰ 'ਤੇ ਹੱਲ ਕਰਵਾਇਆ। ਉਨ੍ਹਾਂ ਨੇ ਇਹ ਯਕੀਨੀ ਬਣਵਾਇਆ ਕਿ ਹਰ ਬੰਦਾ ਪਾਰਕ 'ਚ ਕੁੱਤਾ ਰੱਸੀ ਪਾ ਕੇ ਲੈ ਕੇ ਆਵੇ ਅਤੇ ਕੁੱਤੇ ਦਾ ਗੰਦ ਚੁੱਕਣ ਲਈ ਲਿਫਾਫਾ ਵਗੈਰਾ ਵੀ ਯਕੀਨਨ ਉਹ ਕੋਲ ਲੈ ਕੇ ਆਵੇ। ਪੁਲਿਸ ਨੂੰ ਬੇਨਤੀ ਕਰਕੇ ਉਸ ਵਕਤ ਪੈਟਰੋਲਿੰਗ ਵੀ ਵਧਾਈ ਗਈ। ਇਸ ਇਲਾਕੇ ਵਿਚ ਜਦੋਂ ਹਿੱਲ ਕਰੈਸਟ ਕੰਪਨੀ ਦਾ ਪਾਣੀ ਸਟੈਂਡਰਡ ਮੁਤਾਬਿਕ ਗੰਦਾ ਸਾਬਿਤ ਹੋਇਆ ਤਾਂ ਕੌਂਸਲਰ ਨੇ ਕੋਈ ਮਦਦ ਨਹੀਂ ਕੀਤੀ। ਇਸ ਸਬੰਧੀ ਹੈਪੀ ਪਾਰਕ 'ਚ ਪਬਲਿਕ ਮੀਟਿੰਗ ਹੋਈ। ਇਸ ਮੀਟਿੰਗ ਵਿਚ ਜਦੋਂ ਜਿੱਤੇ ਹੋਏ ਕੌਂਸਲਰ ਨੂੰ ਪਾਰਕ ਵਿਚ ਸ਼ੈਡ ਅਤੇ ਬਾਥਰੂਮ ਬਣਾਉਣ ਬਾਰੇ ਪੁੱਛਿਆ ਗਿਆ ਤਾਂ ਉਹਨੇ ਕਿਹਾ ਕਿ ਇਹ ਸ਼ਹਿਰ ਦੀ ਪਾਲਿਸੀ ਦੇ ਉਲਟ ਹੈ। ਬਾਥਰੂਮ ਬਣਨ ਨਾਲ ਜੁਰਮ ਵਧਦਾ ਹੈ। ਸੁਆਲ ਉਠਦਾ ਹੈ ਕਿ ਕੇ ਇਹ ਸਭ ਕੁਝ ਪਤਾ ਹੁੰਦਿਆਂ ਕੌਂਸਲਰ ਨੇ ਚੋਣਾਂ ਦੇ ਦਿਨਾਂ ਵਿਚ ਇਹ ਐਲਾਨ ਕਿਉਂ ਕੀਤਾ?

ਯਾਦ ਰਹੇ ਕਿ ਇਸ ਮੀਟਿੰਗ ਵਿਚ ਸਟਰ ਕਾਊਂਟੀ ਦੇ ਕਈ ਚੁਣੇ ਹੋਏ ਨੁਮਾਇੰਦੇ ਵੀ ਸ਼ਾਮਲ ਸਨ। ਲੋਕ ਸੁਆਲ ਕੌਂਸਲਰ ਨੂੰ ਪੁੱਛ ਰਹੇ ਸਨ ਤੇ ਉਨ੍ਹਾਂ ਦੇ ਜੁਆਬ ਯੂਬਾ ਸਿਟੀ ਦੇ ਇਕ ਗੁਰਦੁਆਰੇ ਦਾ ਇਕ ਅਹਿਮ ਡਾਇਰੈਕਟਰ ਦੇ ਰਿਹਾ ਸੀ। ਕੌਂਸਲਰ ਨੇ ਜੇਕਰ ਆਪਣੇ ਸਵਾਲਾਂ ਦੇ ਜਵਾਬ ਭਾਈਚਾਰੇ ਵਿਚ ਬਦਨਾਮ ਉਸੇ ਭ੍ਰਿਸ਼ਟ ਬੰਦੇ ਤੋਂ ਹੀ ਦਿਵਾਉਣੇ ਸਨ ਤਾਂ ਚੰਗਾ ਹੁੰਦਾ, ਉਹ ਖ਼ੁਦ ਚੋਣ ਨਾ ਲੜਦਾ ਤੇ ਆਪਣੇ ਉਸ ਬੁਲਾਰੇ ਨੂੰ ਹੀ ਚੋਣ ਲੜਵਾਉਂਦਾ। ਗੱਲਾਂ ਤਾਂ ਬਹੁਤ ਹਨ, ਅੰਤ 'ਚ ਬੱਸ ਇਹੋ ਕਹਾਂਗਾ ਕਿ ਸਤਿਕਾਰਯੋਗ ਪੰਜਾਬੀਓ! ਆਪਣੇ ਬੱਚਿਆਂ ਦੇ ਉਜਲ ਭਵਿੱਖ ਖ਼ਾਤਰ ਉਨ੍ਹਾਂ ਲਈ ਰੋਲ ਮਾਡਲ ਬਣੋ। ਤੁਸੀਂ ਜੰਮ ਜੰਮ ਲੀਡਰੀਆਂ ਕਰੋ ਪਰ ਆਪਣਾ ਮੁਕਾਮ ਇੰਨਾ ਉਚਾ ਰੱਖੋ ਕਿ ਤੁਸੀਂ ਅਮਰੀਕੀ ਸਮਾਜ ਵਿਚ ਦੂਰੋਂ ਹੀ ਚਮਕਦੇ ਦਿਸੋ। ਆਓ, ਮਨਾਂ ਵਿਚੋਂ ਨਫ਼ਰਤਾਂ ਕੱਢ ਕੇ ਰਲ-ਮਿਲ ਕੇ ਆਪਣੇ ਪੰਜਾਬੀ ਬੱਚਿਆਂ ਦਾ ਭਵਿੱਖ ਉਸਾਰੀਏ!

**-ਐਮ.ਐਸ. ਸੰਧੂ**
**ਸੈਕਰਾਮੈਂਟੋ, ਕੈਲੀਫੋਰਨੀਆ।**

# ...ਇੱਦਾਂ ਵੈਰ ਨਹੀਂ ਕਮਾਈਦਾ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

"ਹੈਲੋ, ਪਰੀਤ ਮੈਂ ਸੰਨੀ ਬੋਲਦਾਂ ਤੇ ਟਰੱਕ ਸਟਾਪ 'ਤੇ ਪਹੁੰਚ ਗਿਆਂ ਤੇ ਤੁਸੀਂ ਮੈਨੂੰ ਆ ਕੇ ਪਿੱਕ ਕਰ ਲਵੋ।" ਸੰਨੀ ਨੇ ਆਪਣੀ ਘਰ ਵਾਲੀ ਪਰੀਤ ਨੂੰ ਬੜੇ ਪਿਆਰ ਭਰੇ ਸ਼ਬਦਾਂ ਨਾਲ ਕਿਹਾ।

"ਸੰਨੀ, ਡੈਡ ਸੁੱਤੇ ਪਏ ਨੇ। ਉਨ੍ਹਾਂ ਨੇ ਅਰਲੀ ਮੌਰਨਿੰਗ ਕੰਮ 'ਤੇ ਜਾਣਾ ਹੈ। ਤੁਸੀਂ ਚਾਰ-ਪੰਜ ਘੰਟੇ ਟਰੱਕ ਵਿਚ ਹੀ ਸੌਂ ਜਾਵੋ। ਮੈਂ ਬਾਅਦ ਵਿਚ ਤੁਹਾਨੂੰ ਪਿੱਕ ਕਰ ਲਵਾਂਗੀ।" ਪਰੀਤ ਨੇ ਸੰਨੀ ਨੂੰ ਜਵਾਬ ਦਿੱਤਾ।

"ਪਰੀਤ! ਮੈਂ ਚਾਰ ਦਿਨਾਂ ਤੋਂ ਸ਼ਾਵਰ ਨਹੀਂ ਲਿਆ ਤੇ ਰਸਤੇ ਵਿਚ ਖਾਣਾ ਵੀ ਨਹੀਂ ਖਾਧਾ। ਬੱਸ ਇਹੀ ਸੋਚਦਾ ਟਰੱਕ ਭਜਾਈ ਆਇਆਂ ਕਿ ਘਰ ਪਹੁੰਚ ਕੇ ਸ਼ਾਵਰ ਲੈ ਕੇ ਰੋਟੀ ਖਾਵਾਂਗਾ।" ਜਿਵੇਂ ਭੁੱਖ ਨੇ ਸੰਨੀ ਦੀ ਮੱਤ ਮਾਰੀ ਪਈ ਸੀ।

"ਸੰਨੀ, ਚਾਰ ਘੰਟੇ ਵੇਟ ਕਰੋ। ਜਦੋਂ ਮੈਂ ਗੈਰਿਜ ਵਿਚੋਂ ਕਾਰ ਕੱਢਣ ਲੱਗੀ ਤਾਂ ਡੈਡ ਜਾਗ ਜਾਣਗੇ। ਦੈਨ ਆਈ ਨੀਡ ਸਲੀਪ ਟੂ। ਬਾਏ ਸੰਨੀ ਸੀ ਯੂ ਟੁਮਾਰੋ।" ਪਰੀਤ ਨੇ ਸੰਨੀ ਨਾਲੋਂ ਫੋਨ ਕੱਟਦਿਆਂ ਕਿਹਾ।

"ਹੈਲੋ, ਪਰੀਤ ਫੋਨ ਕਿਉਂ ਕੱਟਿਆ। ਤੂੰ ਹਰ ਵਾਰ ਡੈਡ ਦਾ ਖਿਆਲ ਰੱਖਦੀ ਏਂ, ਮੈਨੂੰ ਪਿੱਛੇ ਛੱਡ ਦਿੰਦੀ ਏਂ, ਕਿਉਂ? ਮੈਨੂੰ ਜਵਾਬ ਚਾਹੀਦਾ ਹੈ?"

"ਸੰਨੀ ਪਲੀਜ਼, ਸਾਨੂੰ ਸੌਣ ਦਿਓ। ਜੋ ਕੁਝ ਕਹਿਣਾ ਹੈ, ਸਵੇਰੇ ਕਹਿ ਲਿਓ।" ਪਰੀਤ ਨੇ ਫ਼ੋਨ ਦੀ ਤਾਰ ਕੱਢ ਦਿੱਤੀ ਤੇ ਲਾਈਟ ਬੰਦ ਕਰ ਦਿੱਤੀ।

ਸੰਨੀ ਜ਼ਖ਼ਮੀ ਹੋਏ ਸੱਪ ਵਾਂਗ ਮੂੰਹੋਂ ਝੱਗ ਸਿੱਟਦਾ ਆਪਣੇ-ਆਪ ਹੀ ਬੋਲਣ ਲੱਗ ਪਿਆ, "ਘਰ ਮੇਰਾ ਹੈ, ਘਰਵਾਲੀ ਮੇਰੀ ਹੈ। ਘਰ ਦਾ ਮਾਲਕ ਕੰਜਰ ਸਹੁਰਾ ਬਣਿਆ ਬੈਠਾ ਹੈ। ਜਿਹੜੇ ਮਾਪਿਆਂ ਨੇ ਮੈਨੂੰ ਪਾਲ-ਪੋਸ ਕੇ ਪੜ੍ਹਾਇਆ ਤੇ ਬਾਹਰ ਭੇਜਿਆ, ਉਨ੍ਹਾਂ ਨੂੰ ਇਸ ਜਨਾਨੀ ਨੇ ਇਕ ਮਹੀਨਾ ਵੀ ਨਹੀਂ ਕੱਟਣ ਦਿੱਤਾ ਤੇ ਉਹ ਵਿਚਾਰੇ ਵਾਪਸ ਇੰਡੀਆ ਚਲੇ ਗਏ। ਮੈਂ ਆਪਣਾ ਘਰ ਬਚਾਉਣ ਦਾ ਮਾਰਾ ਬੋਲਿਆ ਨਹੀਂ।" ਸੰਨੀ ਨੇ ਜੱਟਾਂ ਵਾਲਾ ਲਲਕਾਰਾ ਮਾਰਦਿਆਂ ਆਪਣੀ ਅਣਖ ਨੂੰ ਇਕੱਠੀ ਕਰਦਿਆਂ ਟੈਕਸੀ ਫੜੀ ਤੇ ਘਰ ਆ ਗਿਆ। ਜ਼ੋਰ ਦੀ ਬੂਹੇ ਨੂੰ ਲੱਤ ਮਾਰੀ ਤੇ ਅੰਦਰ ਵੜ ਗਿਆ।

ਨੇਪਾਲੀ ਚੌਕੀਦਾਰ ਵਾਂਗ ਸਹੁਰੇ ਨੇ ਨਿੱਕੀਆਂ ਅੱਖਾਂ ਖੋਲ੍ਹਦਿਆਂ ਪੁੱਛਿਆ, "ਕੌਣ ਹੈ ਅੱਧੀ ਰਾਤ ਨੂੰ ਜੋ ਸਾਨੂੰ ਸੌਣ ਨਹੀਂ ਦਿੰਦਾ।"

"ਤੇਰਾ ਜਵਾਈ ਜਿਸ ਦਾ ਇਹ ਘਰ ਹੈ।" ਸੰਨੀ ਨੇ ਆਪਣੀ ਇਕੱਠੀ ਕੀਤੀ ਅਣਖ ਦਾ ਪਹਿਲਾ ਸਬੂਤ ਦਿੰਦਿਆਂ ਗੱਜ ਕੇ ਉਤਰ ਦਿੱਤਾ।

ਛੇ ਸੈੱਲਾਂ ਵਾਲੀ ਟਾਰਚ ਵਾਂਗ ਸਹੁਰੇ ਨੇ ਸੰਨੀ ਨੂੰ ਪਛਾਣਨ ਦੀ ਕੋਸ਼ਿਸ਼ ਕੀਤੀ। ਜਦੋਂ ਅੱਖਾਂ ਨੇ 'ਹਾਂ' ਦੀ ਗਵਾਹੀ ਭਰੀ ਤਾਂ ਸਹੁਰਾ ਘਬਰਾ ਗਿਆ ਕਿ ਅੱਜ ਗਿੱਦੜ ਵੀ ਸ਼ੇਰ ਵਾਲੀ ਬੋਲੀ ਬੋਲਣ ਲੱਗ ਪਿਆ ਹੈ, ਤੇ ਫਿਰ ਵੀ ਇਕ ਦਬਕਾ ਮਾਰ ਗਿੱਦੜ ਤੋਂ ਸ਼ੇਰ ਦੀ ਖੱਲ ਉਤਾਰਨ ਦੀ ਕੋਸ਼ਿਸ਼ ਕੀਤੀ।

"ਤੈਨੂੰ ਪਤਾ ਨਹੀਂ, ਅਸੀਂ ਸੁੱਤੇ ਪਏ ਹਾਂ। ਆਪ ਤਾਂ ਤੇਰਾ ਨਾ ਖਾਣ ਦਾ ਟਾਈਮ ਹੈ, ਨਾ ਸੌਣ ਦਾ ਤੇ ਨਾ ਨਹਾਉਣ ਦਾ।" ਸਹੁਰਾ ਵੀ ਹੰਢਿਆ ਹੋਇਆ ਸਾਬਕਾ ਫ਼ੌਜੀ ਸੀ।

"ਇਹ ਘਰ ਮੇਰਾ ਹੈ, ਤੇਰੇ ਪਿਓ ਦਾ ਨਹੀਂ। ਮੈਂ ਬਹੁਤ ਚਿਰ ਦਾ ਸਬਰ ਤੋਂ ਕੰਮ ਲੈ ਰਿਹਾ ਸੀ, ਪਰ ਅੱਜ ਸਬਰ ਦਾ ਬੰਨ੍ਹ ਟੁੱਟ ਗਿਆ ਹੈ। ਤੁਹਾਨੂੰ ਸਾਰਿਆਂ ਨੂੰ ਰੋੜ੍ਹ ਕੇ ਲੈ ਜਾਊਂਗਾ। ਮੇਰੀਆਂ ਕਾਰਾਂ, ਮੇਰਾ ਖਰਚਾ, ਤੂੰ ਕਮਾਈ ਕਰਕੇ ਸਾਰੇ ਡਾਲਰ ਇੰਡੀਆ ਆਪਣੇ ਨਸ਼ਈ ਪੁੱਤ ਨੂੰ ਭੇਜਦਾ ਹੈਂ। ਸਹੁੰ ਖਾ ਕੇ ਕਹਿ, ਕਦੇ ਦੁੱਧ ਦੀ ਗੈਲਨ ਵੀ ਖਰੀਦ ਕੇ ਲਿਆਂਦੀ ਹੈ। ਬਜ਼ੁਰਗ ਤਾਂ ਆਪਣੀ ਧੀ ਦੇ ਘਰੋਂ ਪਾਣੀ ਨਹੀਂ ਸੀ ਪੀਂਦੇ, ਤੇ ਤੂੰ ਵਿਸਕੀ ਬਿਨਾ ਗੱਲ ਨਹੀਂ ਕਰਦਾ। ਤੇ ਕੰਮ ਕਰਕੇ ਸਾਡਾ ਲੱਕ ਟੁੱਟਿਆ ਪਿਆ ਹੈ।" ਸੰਨੀ ਦੀ ਅਣਖ ਵੇਸਣ ਵਾਂਗ ਫੁੱਲਦੀ ਜਾਂਦੀ ਸੀ ਤੇ ਉਸ ਨੇ ਵਿਸਕੀ ਦਾ ਵੱਡਾ ਗਲਾਸ ਭਰ ਲਿਆ।

ਸਹੁਰਾ ਵਕਤ ਨੂੰ ਦੇਖਦਾ ਸਿਰ 'ਤੇ ਨਿੱਕੀ ਦੁਪੱਟੀ ਬੰਨ੍ਹਦਾ ਫੌਜੀਆਂ ਵਾਂਗ ਮੋਰਚੇ ਵਿਚ ਵੜ ਗਿਆ ਤੇ ਅੰਦਰੋਂ ਕੁੰਡਾ ਲਾ ਲਿਆ। ਪਰੀਤ ਰੌਲਾ ਸੁਣ ਕੇ ਥੱਲੇ ਉਤਰ ਆਈ ਤੇ ਸੰਨੀ ਨੂੰ ਜਨਾਨੀ ਵਾਲੇ ਚਲਿੱਤਰਾਂ ਰਾਹੀਂ ਟਿਕਾਉਣ ਲੱਗੀ।

"ਸੰਨੀ ਪਲੀਜ਼, ਚੁੱਪ ਕਰ ਜਾਵੋ। ਡੈਡ ਦਾ ਕੋਈ ਕਸੂਰ ਨਹੀਂ। ਗ਼ਲਤੀ ਮੇਰੀ ਹੈ, ਪਲੀਜ਼ ਸੰਨੀ। ਮੈਨੂੰ ਮੁਆਫ਼ ਕਰ ਦੇਵੋ।" ਪਰੀਤ ਨੇ ਪਹਿਲੀ ਚਲਿੱਤਰੀ ਦਿਖਾਈ।

"ਤੈਨੂੰ ਮੈਂ ਬਹੁਤ ਵਾਰ ਸਮਝਾਇਆ ਸੀ ਕਿ ਇਸ ਛੜਿੱਤ ਬੁੱਢੇ ਨੇ ਆਪਣੀ ਗ੍ਰਹਿਸਥ ਦੀ ਗੱਡੀ ਦੇ ਟਾਇਰਾਂ ਵਿਚ ਘੁਸਪੈਠ ਦੇ ਛੁਰੇ ਗੱਡ ਦੇਣੇ ਨੇ, ਤੇ ਅਸੀਂ ਦੋਵਾਂ ਨੇ ਰਾਹੋਂ-ਕੁਰਾਹ ਹੋ ਜਾਣਾ ਹੈ ਤੇ ਇਸ ਗੱਡੀ 'ਤੇ ਬੈਠੇ ਸਾਡੇ ਬੱਚੇ ਰੁਲ ਜਾਣੇ ਹਨ, ਪਰ ਤੂੰ ਮੇਰੀ ਇਕ ਨਹੀਂ ਮੰਨੀ।" ਸੰਨੀ ਵਿਸਕੀ ਦਾ ਭਰਿਆ ਗਲਾਸ ਕੱਚੀ ਲੱਸੀ ਵਾਂਗ ਚਾੜ੍ਹ ਗਿਆ।

"ਸੰਨੀ, ਚੱਲੋ ਉਠੋ। ਸ਼ਾਵਰ ਲੈ ਕੇ ਆਵੋ, ਮੈਂ ਗਰਮ-ਗਰਮ ਰੋਟੀ ਪਕਾ ਕੇ ਖਵਾਉਂਦੀ ਹਾਂ।" ਡਰ ਅੱਗੇ ਭੂਤਨੇ ਨੱਚਣ ਲੱਗ ਗਏ ਸਨ। ਪਰੀਤ ਕਿਚਨ ਵਿਚ ਰੋਟੀ ਦੇ ਆਹਰ ਲੱਗ ਗਈ ਤੇ ਸੰਨੀ ਨੇ ਟੀ.ਵੀ. ਦੀ ਉਚੀ ਆਵਾਜ਼ ਛੱਡ ਦਿੱਤੀ, ਤੇ ਖੱਦਰ ਦਾ ਇਕ ਗਲਾਸ ਹੋਰ ਵਿਸਕੀ ਨਾਲ ਭਰ ਲਿਆ। ਲੱਗਦਾ ਸੀ ਸੰਨੀ ਕਿਸੇ ਨਤੀਜੇ 'ਤੇ ਪਹੁੰਚਣਾ ਚਾਹੁੰਦਾ ਸੀ, ਪਰ ਵਿਰੋਧੀ ਪਾਰਟੀ ਮੈਦਾਨ ਛੱਡ ਕੇ ਭੱਜ ਗਈ। ਸੰਨੀ ਨੇ ਵਿਸਕੀ ਦਾ ਗਲਾਸ ਫਿਰ ਖਾਲੀ ਕਰ ਦਿੱਤਾ ਤੇ ਆਪਣੇ ਅਤੀਤ ਦੀ ਸੂਈ ਬਾਨਵੇਂ 'ਤੇ ਜਾ ਰੋਕੀ...

ਖਾੜਕੂ ਸੰਘਰਸ਼ ਦੇ ਪਿਛਲੇਰੇ ਦਿਨਾਂ ਵਿਚ ਸੰਨੀ ਨੂੰ ਸੰਗਰੂਰ ਸ਼ਹਿਰ ਵਿਚੋਂ ਪੁਲਿਸ ਨੇ ਨਾਕੇ ਤੋਂ ਗ੍ਰਿਫ਼ਤਾਰ ਕਰ ਲਿਆ। ਲੱਡਾ ਕੋਠੀ ਵਿਚ ਉਸ 'ਤੇ ਪੁਲਿਸ ਨੇ ਅੰਨ੍ਹਾ ਤਸ਼ੱਦਦ ਕੀਤਾ। ਸੰਨੀ ਦਸਵੀਂ ਦੇ ਪੇਪਰ ਦੇ ਕੇ ਵਿਹਲਾ ਹੋਇਆ ਸੀ ਤੇ ਕਿਸੇ ਚੰਗੇ ਕਾਲਜ ਵਿਚ ਦਾਖ਼ਲਾ ਲੈ ਕੇ ਅੱਗੇ ਪੜ੍ਹਾਈ ਕਰਨੀ ਚਾਹੁੰਦਾ ਸੀ। ਸ਼ਹਿਰ ਵਿਚ ਦੀ ਦੂਜੇ ਗੇੜੇ ਹੀ ਦਬੋਚਿਆ ਗਿਆ। ਪੁਲਿਸ ਸੰਨੀ ਤੋਂ ਖਾੜਕੂਆਂ ਦੇ ਟਿਕਾਣੇ ਪੁੱਛਦੀ ਸੀ। ਸੰਨੀ ਤਾਂ ਖਾੜਕੂਆਂ ਦੇ ਸੰਘਰਸ਼ ਤੋਂ ਬਹੁਤ ਦੂਰ ਸੀ ਪਰ ਪੁਲਿਸ ਨੇ ਪੈਸੇ ਬਣਾਉਣ ਦੀ ਨੀਅਤ ਨਾਲ ਹੀ ਫੜ ਲਿਆ। ਸੰਨੀ ਦੇ ਪਿਤਾ ਭਾਗ ਸਿੰਘ ਆਪਣੇ ਇਲਾਕੇ ਵਿਚ ਮੰਨੇ-ਪ੍ਰਮੰਨੇ ਸਮਾਜ ਸੇਵਕ ਸਨ ਤੇ ਧਾਰਮਿਕ ਖਿਆਲਾਂ ਨਾਲ ਆਪਣੇ ਪਰਿਵਾਰ ਦੀ ਅਗਵਾਈ ਕਰਦੇ ਹੋਏ ਵਧੀਆ ਜੀਵਨ ਬਤੀਤ ਕਰ ਰਹੇ ਸਨ।

ਪੁਲਿਸ ਦਾ ਮੁਖ਼ਬਰ ਹੀ ਪਿੰਡ ਦੱਸ ਗਿਆ ਕਿ ਸੰਨੀ ਲੱਡਾ ਕੋਠੀ ਪੁਲਿਸ ਦੇ ਕਬਜ਼ੇ ਵਿਚ ਹੈ। ਭਾਗ ਸਿੰਘ ਨੇ ਪੁਲਿਸ ਨੂੰ ਮੋਟੀ ਰਕਮ ਰਿਸ਼ਵਤ ਵਿਚ ਦੇ ਕੇ ਆਪਣੇ ਇਕਲੌਤੇ ਪੁੱਤਰ ਨੂੰ ਛੁਡਵਾਇਆ। ਸੰਨੀ ਦਾ ਇਲਾਜ ਕਰਵਾਇਆ। ਸੰਨੀ ਪੁਲਿਸ ਦੀ ਕੁੱਟ ਤੋਂ ਬਹੁਤ ਡਰ ਗਿਆ ਸੀ। ਹੁਣ ਘਰੋਂ ਬਾਹਰ ਵੀ ਨਾ ਨਿਕਲਦਾ। ਭਾਗ ਸਿੰਘ ਨੇ ਆਪਣੇ ਰਿਸ਼ਤੇਦਾਰਾਂ ਨਾਲ ਸਲਾਹ ਕੀਤੀ ਕਿ ਸੰਨੀ ਨੂੰ ਅਮਰੀਕਾ ਭੇਜ ਦੇਈਏ। ਸਾਰਿਆਂ ਵਲੋਂ ਹਾਂ ਪਿੱਛੋਂ ਭਾਗ ਸਿੰਘ ਨੇ ਸੰਨੀ ਨੂੰ ਅਮਰੀਕਾ ਆਪਣੇ ਕਿਸੇ ਹਮਜਮਾਤੀ ਕੋਲ ਭੇਜ ਦਿੱਤਾ।

ਇੱਥੇ ਆ ਕੇ ਸੰਨੀ ਤਿੰਨ ਸਾਲ ਪੜ੍ਹਦਾ ਰਿਹਾ। ਭਾਗ ਸਿੰਘ ਪਿੱਛੋਂ ਖਰਚਾ ਭੇਜਦਾ ਰਿਹਾ। ਸੰਨੀ ਨੇ ਆਪਣੇ ਪੇਪਰ ਬਣਾ ਲਏ ਸਨ। ਫਿਰ ਸੰਨ ਦੋ ਹਜ਼ਾਰ ਵਿਚ ਸਿਟੀਜ਼ਨ ਹੋ ਕੇ ਪਿੰਡ ਗਿਆ। ਹੁਣ ਪਹਿਲਾਂ ਨਾਲੋਂ ਪੰਜਾਬ ਦਾ ਮਾਹੌਲ ਠੀਕ ਸੀ। ਭਾਗ ਸਿੰਘ ਨੇ ਸੰਨੀ ਵਾਸਤੇ ਲੜਕੀ ਪਹਿਲਾਂ ਹੀ ਪਸੰਦ ਕਰ ਛੱਡੀ ਸੀ। ਸੰਨੀ ਦੀ ਹਾਂ 'ਤੇ ਵਿਆਹ ਪੱਕਾ ਹੋ ਗਿਆ।

ਹਰਪ੍ਰੀਤ ਕੌਰ, ਜਿਸ ਨੇ ਨਰਸਿੰਗ ਦਾ ਕੋਰਸ ਕੀਤਾ ਹੋਇਆ ਸੀ, ਇਕੱਲੇ ਭਰਾ ਦੀ ਇਕੱਲੀ ਭੈਣ ਸੀ ਤੇ ਵਰ ਕੈਨੇਡਾ, ਅਮਰੀਕਾ ਵਾਲਾ ਹੀ ਚਾਹੁੰਦੀ ਸੀ। ਬਿਨਾ ਦਾਜ-ਦਹੇਜ ਲਿਆਂ ਭਾਗ ਸਿੰਘ ਨੇ ਆਪਣੀ ਨੂੰਹ ਘਰ ਲੈ ਆਂਦੀ। ਚਾਰ ਮਹੀਨੇ ਰਹਿ ਕੇ ਸੰਨੀ ਵਾਪਸ ਆ ਗਿਆ। ਟਰੱਕ 'ਤੇ ਕਮਾਈ ਵਧੀਆ ਹੁੰਦੀ ਸੀ। ਜਲਦੀ ਹੀ ਆਪਣਾ ਘਰ ਲੈ ਲਿਆ। ਅਜੇ ਘਰ ਨੂੰ ਸ਼ਿੰਗਾਰਦਾ ਹੀ ਸੀ ਕਿ ਪਰੀਤ ਨੂੰ ਵੀ ਵੀਜ਼ਾ ਮਿਲ ਗਿਆ। ਦੋ-ਦੋ ਖੁਸ਼ੀਆਂ ਇਕੱਠੀਆਂ ਮਿਲ ਗਈਆਂ। ਡੋਲੀ ਵਾਂਗ ਹੀ ਦੁਬਾਰਾ ਪਰੀਤ ਨੂੰ ਬੀ.ਐਮ. ਡਬਲਿਊ ਵਿਚੋਂ ਉਤਾਰਿਆ ਗਿਆ। ਨਵੇਂ ਘਰ ਵਿਚ ਝਾਂਜਰ ਦੀ ਛਣਕਾਰ ਮਿੱਠਾ ਸੰਗੀਤ ਛੇੜਦੀ। ਸੰਨੀ ਨੂੰ ਲੱਗਦਾ, ਅੰਬਰਾਂ ਦਾ ਚੰਨ ਜਿਵੇਂ ਬੁੱਕਲ ਵਿਚ ਹੋਵੇ, ਜਿਵੇਂ ਜ਼ਿੰਦਗੀ ਦੀ ਮੱਸਿਆ ਕੱਟੀ ਗਈ ਹੋਵੇ, ਜਿਵੇਂ ਪੁੰਨਿਆ ਨੇ ਪਿਆਰ ਨਾਲ ਬੂਹਾ ਖੋਲ੍ਹ ਕੇ ਆਪਣੀ ਗੋਦ ਵਿਚ ਬਿਠਾ ਲਿਆ ਹੋਵੇ, ਜਿਵੇਂ ਸੰਨੀ ਕਿਸੇ ਨਵੀਂ ਦੁਨੀਆਂ ਵਿਚ ਘੁਲ-ਮਿਲ ਗਿਆ ਹੋਵੇ।

ਪੁੰਨਿਆ ਦੇ ਚੰਨ ਨੂੰ ਘਰ ਇਕੱਲਿਆਂ ਛੱਡ ਕੇ ਪਹਾੜੀ ਰਾਹਾਂ ਵਿਚ ਵੜਨ ਨੂੰ ਹੁਣ ਸੰਨੀ ਦਾ ਦਿਲ ਨਾ ਕਰਦਾ। ਸੰਨੀ ਟਰੱਕ ਲੋਕਲ ਚਲਾਉਣ ਲੱਗ ਪਿਆ। ਪਰੀਤ ਨੇ ਹੋਰ ਪੜ੍ਹਾਈ ਕਰਕੇ ਨਰਸ ਦੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਦੋਵਾਂ ਨੂੰ ਜ਼ਿੰਦਗੀ ਫੁੱਲਾਂ ਨਾਲੋਂ ਵੀ ਹੌਲੀ ਲੱਗਦੀ।

ਪਰਮਾਤਮਾ ਨੇ ਸੰਨੀ ਨੂੰ ਪਿਆਰਾ ਜਿਹਾ ਪੁੱਤਰ ਬਖ਼ਸ਼ ਦਿੱਤਾ, ਖੁਸ਼ੀ ਦੂਣੀ ਹੋ ਹੋ ਜਾਂਦੀ। ਸੰਨੀ ਨੇ ਆਪਣੇ ਮਾਤਾ-ਪਿਤਾ ਨੂੰ ਬੁਲਾਉਣਾ ਚਾਹਿਆ, ਪਰ ਉਹ ਜ਼ਿੰਦਗੀ ਦਾ ਪਿਛਲਾ ਪਹਿਰਾ ਆਪਣੀ ਜੰਮਣ ਭੋਇੰ ਵਿਚ ਹੀ ਬਿਤਾਉਣਾ ਚਾਹੁੰਦੇ ਸਨ। ਫਿਰ ਪਰੀਤ ਨੇ ਆਪਣੇ ਮੰਮੀ ਡੈਡੀ ਸੱਦ ਲਏ। ਮੰਮੀ ਮੁੰਡੇ ਦੀ ਸਾਂਭ ਸੰਭਾਲ ਕਰ ਲੈਂਦੀ ਤੇ ਇਹ ਦੋਵੇਂ ਜਣੇ ਆਪਣੇ ਕੰਮ 'ਤੇ ਜਾ ਵੜਦੇ। ਚਾਰ ਹਾੜ੍ਹ-ਸਿਆਲ ਲੰਘੇ ਤਾਂ ਪਰੀਤ ਨੇ ਇਕ ਹੋਰ ਪੁੱਤਰ ਨੂੰ ਜਨਮ ਦਿੱਤਾ ਤੇ ਫੌਜੀ ਡੈਡ ਸਕਿਊਰਿਟੀ ਦੀ ਜੌਬ 'ਤੇ ਜਾ ਲੱਗਿਆ। ਬੇਬੇ ਘਰ ਦੋਹਤਿਆਂ ਨੂੰ ਲੋਰੀਆਂ ਦੇਈ ਜਾਂਦੀ। ਹੁਣ ਸੰਨੀ ਨੂੰ ਲੱਗਦਾ ਕਿ ਸਹੁਰਾ ਸਾਹਿਬ ਮੇਰੀ ਸ਼ਰਾਬ ਪੀ ਕੇ ਮੇਰੇ 'ਤੇ ਹੀ ਖੋੜ ਦਿੰਦਾ ਹੈ। ਨਿੱਕੀ ਨਿੱਕੀ ਗੱਲ 'ਤੇ ਥਾਣੇਦਾਰ ਵਾਂਗ ਪੁੱਛ-ਪੜਤਾਲ ਕਰਨ ਲੱਗ ਜਾਂਦਾ ਹੈ। ਕਈ ਵਾਰ ਪਰੀਤ ਨੂੰ ਕਿਹਾ ਕਿ ਡੈਡ ਨੂੰ ਕਹਿ ਕਿ ਉਹ ਆਪਣੇ ਦਾਇਰੇ ਵਿਚ ਹੀ ਰਿਹਾ ਕਰੇ। ਸਾਡੀ ਜ਼ਿੰਦਗੀ ਵਿਚ ਦਖ਼ਲ ਨਾ ਦੇਵੇ।

ਡੈਡ ਦੀ ਨਸ਼ਾ ਕਰਨ ਦੀ ਆਦਤ ਵਧਦੀ ਗਈ, ਸੰਨੀ ਤੇ ਪਰੀਤ ਦੀ ਤੂੰ-ਤੂੰ, ਮੈਂ-ਮੈਂ ਸ਼ੁਰੂ ਹੋਣ ਲੱਗ ਗਈ। ਮਾਂ ਨਸ਼ਈ ਪੁੱਤ ਦੇ ਦੁੱਖੋਂ ਪਿੰਡ ਰਹਿਣ ਲੱਗ ਪਈ। ਫੌਜੀ ਡੈਡ ਖਰਚਾ ਭੇਜੀ ਜਾਂਦਾ। ਫਿਰ ਸੰਨੀ ਨੇ ਆਪਣੇ ਮੰਮੀ ਡੈਡੀ ਜ਼ੋਰ ਪਾ ਕੇ ਸੱਦ ਲਏ। ਅਜੇ ਪੰਜ ਦਿਨ ਨਹੀਂ ਸੀ ਹੋਏ ਉਨ੍ਹਾਂ ਨੂੰ ਆਇਆਂ ਕਿ ਫੌਜੀ ਡੈਡ ਨੇ ਪਤਾ ਨਹੀਂ ਕਿਹੜੀ ਖ਼ੁਫ਼ੀਆ ਰਿਪੋਰਟ ਪਰੀਤ ਦੇ ਕੰਨਾਂ ਵਿਚ ਸੁਣਾ ਦਿੱਤੀ। ਪਰੀਤ ਤਾਂ ਕਹੇ, ਮੈਂ ਬਿਨਾ ਤੀਲੀ ਲਾਇਆਂ ਸਭ ਕੁਝ ਸੁਆਹ ਕਰ ਦੇਊਂ। ਭਾਗ ਸਿੰਘ ਸੋਚਦਾ ਕਿ ਇਹ ਉਹੀ ਫੌਜੀ ਹੈ ਜਿਹੜਾ ਧੀ ਦੇ ਰਿਸ਼ਤੇ ਲਈ ਉਹਦੇ ਪੈਰਾਂ ਵਿਚੋਂ ਨਹੀਂ ਸੀ ਉਠਦਾ, ਤੇ ਧੀ ਦੇ ਤਾਂ ਮੂੰਹ ਵਿਚ ਜਿਵੇਂ ਜ਼ੁਬਾਨ ਹੀ ਨਹੀਂ ਹੁੰਦੀ ਸੀ, ਅੱਜ ਇਹ ਮੇਰੇ ਪੁੱਤ ਨੂੰ ਦੁਸ਼ਮਣਾਂ ਵਾਂਗ ਘੇਰੀ ਫਿਰਦੇ ਹਨ।

ਭਾਗ ਸਿੰਘ ਨੇ ਸੰਨੀ ਨਾਲ ਵਿਚਾਰ-ਵਟਾਂਦਰਾ ਕੀਤਾ ਤੇ ਦੋਵੇਂ ਜੀਅ ਇੰਡੀਆ ਨੂੰ ਰਵਾਨਾ ਹੋ ਗਏ।

"ਸੰਨੀ ਰੋਟੀ ਖਾਓ।" ਪਰੀਤ ਨੇ ਰੋਟੀ ਟੇਬਲ 'ਤੇ ਰੱਖਦਿਆਂ ਕਿਹਾ। ਸੰਨੀ ਆਪਣੇ ਅਤੀਤ ਦੀ ਨੀਂਦ ਵਿਚੋਂ ਜਾਗਿਆ।

"ਪਹਿਲਾਂ ਆਪਣੇ ਡੈਡ ਨੂੰ ਬਾਹਰ ਕੱਢ, ਮੈਂ ਉਹਦੇ ਨਾਲ ਗੱਲ ਕਰਨੀ ਹੈ। ਮੈਂ ਬੜੀ ਵਾਰ ਸਮਝਾਇਆ ਕਿ ਗੁਬਾਰੇ ਵਿਚ ਜ਼ਿਆਦਾ ਹਵਾ ਨਹੀਂ ਭਰੀਦੀ, ਨਹੀਂ ਤਾਂ ਉਹ ਆਪਣੇ ਹੀ ਮੂੰਹ 'ਤੇ ਫੱਟ ਜਾਂਦਾ ਹੈ। ਇਨ੍ਹਾਂ ਲੋਕਾਂ ਨੂੰ ਪੁੱਛੋ, ਬਈ ਕਿਉਂ ਧੀ ਦੇ ਘਰ ਛਾਉਣੀ ਬਣਾ ਕੇ ਬੈਠ ਜਾਂਦੇ ਹੋ? ਕਹਿੰਦੇ ਤਾਂ ਹੋ ਪੁੱਤ ਨਾਲ ਸੰਸਾਰ ਵਿਚ ਗੰਢ ਪੈਂਦੀ ਹੈ ਪਰ ਖਾਂਦੇ ਹੁਣ ਧੀਆਂ ਦਾ ਹੋ। ਧੀ ਜੰਮਣ ਤੋਂ ਡਰਦੇ ਹੋ, ਹਕੂਮਤਾਂ ਧੀ ਦੇ ਘਰ ਵਿਚ ਕਰਦੇ ਹੋ! ਪਤਾ ਨਹੀਂ, ਮੀਆਂ-ਬੀਵੀ ਦੇ ਜੀਵਨ ਵਿਚ ਦਖ਼ਲਅੰਦਾਜ਼ੀ ਕਰਨ ਦਾ ਇਨ੍ਹਾਂ ਨੇ ਠੇਕਾ ਲਿਆ ਹੋਇਆ ਹੈ।"

ਸੰਨੀ ਬੋਲੀ ਜਾ ਰਿਹਾ ਸੀ ਤੇ ਪਰੀਤ ਕੋਲ ਬੈਠੀ ਖਾਮੋਸ਼ ਹੋ ਕੇ ਸੁਣੀ ਜਾ ਰਹੀ ਸੀ। ਸੰਨੀ ਨੇ ਰੋਟੀ ਨਹੀਂ ਖਾਧੀ। ਤਿੰਨਾਂ ਕਾਰਾਂ ਦੀਆਂ ਚਾਬੀਆਂ ਲੁਕੋ ਲਈਆਂ। ਸਵੇਰੇ ਡੈਡ ਉਠਿਆ, ਨਹਾ ਕੇ ਤਿਆਰ ਹੋਇਆ ਤੇ ਕਾਰ ਦੀ ਚਾਬੀ ਲੱਭੇ। ਹਿੰਮਤ ਨਾ ਪਵੇ ਕਿ ਹਾਕ ਮਾਰ ਕੇ ਪੁੱਛ ਲਵਾਂ। ਸੰਨੀ ਦੀ ਸ਼ਰਾਬ ਅਜੇ ਲੱਥੀ ਨਹੀਂ ਸੀ ਤੇ ਬੋਲਿਆ, "ਫੌਜੀਆ, ਕਮਰਕੱਸਾ ਕਰ ਲੈ। ਤੇਰੀ ਕੱਲ੍ਹ ਨੂੰ ਫਲੈਟ ਹੈ। ਜੇ ਤੈਂ ਨਹੀਂ ਜਾਣਾ ਤਾਂ ਸਾਂਭ ਆਪਣੀ ਧੀ ਤੇ ਨਿਆਣੇ, ਮੈਂ ਚਲਾ ਜਾਂਦਾ ਹਾਂ। ਲੋਕ ਕਹਿੰਦੇ ਨੇ, ਸੰਨੀ ਨੇ ਦਾਜ ਤਾਂ ਨਹੀਂ ਲਿਆ ਪਰ ਦਾਜ ਵਿਚ ਸਹੁਰਾ ਮਿਲ ਗਿਆ। ਕ੍ਰਿਪਾ ਕਰੋ, ਦੁਬਾਰੇ ਇਸ ਘਰ ਵਿਚ ਪੈਰ ਨਾ ਰੱਖਿਓ।"

ਫੌਜੀ ਡੈਡ ਪਰੀਤ ਵੱਲ ਦੇਖਣ ਲੱਗਾ ਪਰ ਉਹਨੇ ਸੰਨੀ ਦੀ ਬਾਂਹ ਫੜ ਲਈ। ਫੌਜੀ ਡੈਡ ਨੂੰ ਲੱਗਿਆ ਕਿ ਇੱਥੋਂ ਛਾਉਣੀ ਪੁੱਟਣੀ ਪਊ। ਉਨ੍ਹਾਂ ਨੇ ਹਮੇਸ਼ਾ ਦੁੱਖ ਪਾਇਆ ਜਿਨ੍ਹਾਂ ਨੇ ਆਪਣੀ ਔਕਾਤ ਵਿਚ ਰਹਿਣਾ ਛੱਡਿਆ। ਫੌਜੀ ਡੈਡ ਦੇ ਤੁਰ ਜਾਣ ਤੋਂ ਬਾਅਦ ਦੋਵਾਂ ਨੂੰ ਲੱਗਿਆ ਕਿ ਸਾਡਾ ਅੱਜ ਮੁਕਲਾਵਾ ਹੋਇਆ ਤੇ ਅੱਜ ਤੋਂ ਜ਼ਿੰਦਗੀ ਸ਼ੁਰੂ ਹੋਈ ਹੈ। ਘਾਤ ਲਾ ਕੇ ਆਪਣਿਆਂ ਦੀ ਪਿੱਠ ਵਿਚ ਵਾਰ ਕਰਨ ਵਾਲਾ ਸੂਰਮਾ ਨਹੀਂ, ਬੁਜ਼ਦਿਲ ਅਖਵਾਉਂਦਾ ਹੈ।

### ਖਿਮਾ ਜਾਚਨਾ

ਦੋ ਹਫਤੇ ਪਹਿਲਾਂ ਲਿਖੇ ਲੇਖ ਵਿਚ ਪੰਜਾਬ ਦੇ ਪੇਂਡੂ ਸਭਿਆਚਾਰ ਦੇ ਰੌਂਅ ਵਿਚ ਮੈਂ ਇਕ ਜਾਤੀਸੂਚਕ ਸ਼ਬਦ ਆਪਣੇ ਇਕ ਪਾਤਰ ਦੇ ਮੂੰਹੋਂ ਅਖਵਾਇਆ। ਪੇਂਡੂ ਰੌਂਅ ਵਿਚ ਲਿਖੇ ਗਏ ਇਸ ਸ਼ਬਦ ਬਾਰੇ ਕੁਝ ਪਾਠਕਾਂ ਨੇ ਇਤਰਾਜ਼ ਕੀਤਾ ਹੈ। ਮੇਰਾ ਕਿਸੇ ਦਾ ਦਿਲ ਦੁਖਾਉਣ ਦਾ ਉਕਾ ਹੀ ਕੋਈ ਮਕਸਦ ਨਹੀਂ ਸੀ। ਮੈਂ ਇਸ ਗੱਲ ਬਾਰੇ ਬਿਲਕੁਲ ਸਪਸ਼ਟ ਹਾਂ ਕਿ ਸਿੱਖੀ ਵਿਚ ਜਾਤ-ਪਾਤ ਦਾ ਕੋਈ ਅਰਥ ਨਹੀਂ ਅਤੇ ਨਾ ਹੀ ਮੈਨੂੰ ਸਿੱਖ ਹੁੰਦਿਆਂ ਜਾਤ-ਪਾਤ ਦਾ ਕੋਈ ਭਿੰਨ ਭੇਦ ਹੈ। ਫਿਰ ਵੀ ਜੇ ਕਿਸੇ ਦੇ ਦਿਲ ਨੂੰ ਚੋਟ ਪਹੁੰਚੀ ਹੈ ਤਾਂ ਮੈਂ ਖਿਮਾ ਦਾ ਜਾਚਕ ਹਾਂ।

-ਮੇਜਰ ਕੁਲਾਰ

ਰੰਗ ਮੰਚ ਤੋਂ

# ਕਿਰਦਾਰ ਜੋ ਚੇਤੇ 'ਚ ਵਸਿਆ ਰਹਿੰਦੈ-ਬਲਜੀਵਨ

**ਐਸ. ਅਸ਼ੋਕ ਭੌਰਾ**

ਬੜੀ ਦੇਰ ਹੋ ਗਈ ਜਦੋਂ ਬਲਕਰਨ ਵੜਿੰਗ ਦੀ 'ਉਡੀਕਾਂ ਸਾਉਣ ਦੀਆਂ' ਪੰਜਾਬੀ ਫਿਲਮ ਦੀ ਬਹੁਤੀ ਸ਼ੂਟਿੰਗ ਮੇਰੀਆਂ ਅੱਖਾਂ ਅੱਗਿਓਂ ਲੰਘੀ। ਅਮਰ ਨੂਰੀ 'ਏਹੋ ਹਮਾਰਾ ਜੀਵਣਾ' ਦੀ ਪ੍ਰਸਿੱਧੀ ਤੋਂ ਬਾਅਦ ਇਸ ਫਿਲਮ ਵਿਚ ਸ਼ਾਮਲ ਹੋਈ ਸੀ। ਦਿਲਸ਼ਾਦ ਅਖ਼ਤਰ ਸਿੱਧਾ ਫਿਲਮ 'ਚ ਗਾਉਣ ਲਈ ਚੁਣਿਆ ਗਿਆ ਸੀ। ਗੀਤ ਨਵੇਂ ਨਵੇਂ ਆਏ ਮੁੰਡੇ ਧਰਮ ਕੰਮੇਆਣਾ ਨੇ ਲਿਖੇ ਸਨ ਪਰ ਵਧੀਆ ਕਹਾਣੀ ਦੀਆਂ ਪੱਸਲੀਆਂ ਮਾੜੇ ਨਿਰਦੇਸ਼ਨ ਕਾਰਨ ਅੰਦਰ ਪੈ ਗਈਆਂ। ਉਂਜ ਪਿਛਲੇ ਕਝ ਅਰਸੇ ਤੋਂ ਜਿਸ ਤਰ੍ਹਾਂ ਅੰਗੜਾਈ ਅਮਰੀਕਾ 'ਚ ਰੰਗ-ਮੰਚ ਨੇ ਲਈ ਹੈ, ਸਿਹਤਮੰਦ ਮੁਕਾਬਲੇ 'ਚੋਂ ਨਿਕਲਿਆ ਬਹੁਤ ਕੁਝ ਹੈ। ਜਸਵਿੰਦਰ ਬੀਸਲਾ, ਡਿੰਪਲ ਆਦਿ ਨਿਰਦੇਸ਼ਨ ਦੇ ਕਮਾਲ 'ਚੋਂ ਸਰੋਤਿਆ ਦੇ ਚੇਤੇ 'ਚ ਵਸੀਆਂ ਹਨ। ਤੇ ਜਿਸ ਕਲਾਕਾਰ ਦੀ ਕਈ ਕੋਣਾਂ ਤੋਂ ਫੋਟੋ ਖਿੱਚਣ ਲਈ ਰੰਗ-ਮੰਚ ਪ੍ਰੇਮੀ ਮੂਧੇ ਸਿੱਧੇ ਹੁੰਦੇ ਹਨ, ਉਹ ਬਲਜੀਵਨ ਧਾਲੀਵਾਲ ਹੈ। ਰੰਗ-ਮੰਚ ਦੀਆਂ ਜਿਨ੍ਹਾਂ ਝੀਤਾਂ ਥਾਣੀ ਮੈਂ ਬਲਜੀਵਨ ਨੂੰ ਜਾਣਦਾ ਹਾਂ, ਕਹਿ ਸਕਦਾਂ ਕਿ ਬਲਜੀਵਨ ਆਪਣੇ ਕਿਰਦਾਰ ਨਾਲ ਅਜਿਹੀ ਟਿੱਚ ਬਟਨਾਂ ਦੀ ਜੋੜੀ ਬਣਦੈ ਕਿ ਪਤਾ ਨਹੀਂ ਲਗਦੈ ਕਿ ਗੁਰੂ ਨੇ ਚੇਲਾ ਢਾਹ ਲਿਆ ਜਾਂ ਚੇਲੇ ਨੇ ਗੁਰੂ। ਉਹ ਹਸਾ ਵੀ ਜਾਂਦੈ, ਗੰਭੀਰ ਵੀ ਕਰ ਜਾਂਦੈ, ਆਪਣੇ ਚਰਿੱਤਰ ਨਾਲ ਜੱਫੀ ਵੀ ਪਾਈ ਰੱਖਦੈ। ਉਸ ਵੇਲੇ ਉਹ ਬਲਜੀਵਨ ਨਹੀਂ ਲਗਦਾ ਤੇ ਅਗਲੇ ਦਿਨ ਮਿਲੋਗੇ ਤਾਂ ਝੱਟ ਦੇਣੀ ਕਹਿ ਦੇਵੋਗੇ-ਬਲਜੀਵਨ ਉਹ ਰੋਲ ਨਹੀਂ ਕਰ ਸਕਦਾ।

ਬਲਜੀਵਨ ਨੂੰ 'ਮਿੱਟੀ ਰੁਦਨ ਕਰੇ' ਵਿਚ ਬਾਰੂ ਦੇ ਰੋਲ 'ਚ ਸ਼ਰਾਬੀ-ਕਬਾਬੀ ਤੇ ਵਿਗੜੇ ਕਿਰਦਾਰ ਵਜੋਂ ਦਿਖਾਇਆ ਗਿਆ ਹੈ ਪਰ ਉਹ ਨਸ਼ੇ ਦੀ ਪੂਰਤੀ ਲਈ ਘਰ ਦੇ ਭਾਂਡੇ ਵੇਚਣ ਵੇਲੇ ਗਲਾਸ ਨੈਫੇ 'ਚੋਂ ਕੱਢ ਕੇ ਜਦੋਂ ਪਤਨੀ ਨੂੰ ਫੜਾਉਂਦੈ ਕਿ 'ਲੈ, ਇਕੋ ਈ ਆ' ਤਾਂ ਅਦਾਕਾਰੀ ਤੇ ਨਿਰਦੇਸ਼ਨ ਦੀਆਂ ਬਰੀਕੀਆਂ ਨੂੰ ਜਾਣਨ ਵਾਲਾ ਕਹਿ ਸਕਦੈ ਕਿ ਰੰਗ ਕਾੜ੍ਹ ਕੇ ਚੜ੍ਹਿਐ! ਇਸ ਦ੍ਰਿਸ਼ ਵੇਲੇ ਗਹਿਰ-ਗੰਭੀਰ ਦਰਸ਼ਕ ਹਾਸਾ ਉਲਾਰ-ਉਲਾਰ ਸੁੱਟਦੇ ਹਨ। 'ਪੱਤਣਾਂ 'ਤੇ ਰੋਣ ਖੜ੍ਹੀਆਂ' ਵਿਚ ਪੰਡਿਤ ਮੋਲੂ ਰਾਮ ਦਾ ਕਿਰਦਾਰ ਜਿਵੇਂ ਬਲਜੀਵਨ ਨੇ ਨਿਭਾਇਐ, ਜਾਪਦੈ ਕਿ ਪੰਜਾਬ ਦੇ ਅਜਿਹੇ ਪਾਤਰ ਨੇ ਤੀਹ ਸਾਲ ਪੁਰਾਣੀਆਂ ਰੀਲਾਂ ਤੇਲ ਲਾ ਕੇ ਚਲਾਈਆਂ ਹਨ। ਫਿਲਮਾਂ ਹੋਣ ਚਾਹੇ ਰੰਗ-ਮੰਚ, ਕਈ ਬੰਦੇ ਸਤੀਸ਼ ਕੌਲ ਵਾਂਗ ਹੀਰੋ ਹੀ ਫਿੱਟ ਬਹਿੰਦੇ ਨੇ, ਤੇ ਕਈ ਖਲਨਾਇਕ ਹੀ ਚੰਗੇ ਲਗਦੇ ਨੇ ਪਰ ਜਿਸ ਤਰ੍ਹਾਂ ਦਾ ਮਿਸ਼ਰਣ ਬਲਜੀਵਨ ਕੋਲ ਹੈ, ਲਗਦਾ ਨਹੀਂ ਕਿ ਉਹਤੋਂ ਚਰਖੇ ਦੀ ਜਿਹੜੀ ਮਰਜ਼ੀ ਪੂਣੀ ਕਤਾ ਲਵੋ। ਜਿਨ੍ਹਾਂ ਨੇ ਨਾਟਕ 'ਪੱਤਣਾਂ 'ਤੇ ਰੋਣ ਖੜ੍ਹੀਆਂ' ਵੇਖਿਆ ਹੈ, ਉਹ ਮੇਰੀ ਇਸ ਸੋਚ ਨੂੰ ਕਦਾਚਿਤ ਉਹਦੇ ਹੱਕ ਵਿਚ ਉਲਾਰੂ ਜਾਂ ਇਕਪਾਸੜ ਨਹੀਂ ਕਹਿਣਗੇ।

ਬਲਜੀਵਨ ਨੇ ਸੰਨ 1979 'ਚ ਬੀ.ਏ. ਪਿੱਛੋਂ



ਬਲਜੀਵਨ ਧਾਲੀਵਾਲ

ਕੁਲਵੰਤ ਬਦੇਸ਼ਾ, ਫਿਰ ਪ੍ਰੇਮ ਹਾਂਡਾ, ਮੋਹਨ ਕੰਬੋਜ, ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਬਲਰਾਜ ਪੰਡਿਤ ਦੇ ਅੱਗੇ-ਪਿੱਛੇ ਭੂਮਿਕਾ ਵਿਚ ਥੀਏਟਰ ਨਾਲ ਹੱਥ ਮਿਲਾਇਆ। ਸਟੇਜ ਤੇ ਡਰਾਮਾ ਡਿਵੀਜ਼ਨ ਪੰਜਾਬ ਸਰਕਾਰ ਨਾਲ ਜੁੜ ਕੇ ਆਪਣੇ ਅੰਦਰਲਾ ਅਦਾਕਾਰੀ ਦਾ ਸ਼ੁਦਾਈ ਪਰਿੰਦਾ ਸਾਬਣ ਮਲ-ਮਲ ਕੇ ਨੁਹਾਉਣਾ ਸ਼ੁਰੂ ਕਰ ਦਿੱਤਾ। 'ਗੁੰਗੀ ਗਲੀ', 'ਬੇਗਾਨੇ ਬੋਹੜ ਦੀ ਛਾਂ' (ਅਜਮੇਰ ਔਲਖ) 'ਕਣਕ ਦੀ ਬੱਲੀ' (ਬਲਵੰਤ ਗਾਰਗੀ) ਉਹਦੇ ਪ੍ਰਵੇਸ਼ ਦੁਆਰ ਤੇ ਪਹਿਲੇ ਨਾਟਕ ਸ਼ਗਨਾਂ ਦਾ ਤੇਲ ਲੈ ਕੇ ਆਏ।

ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ ਦੇ ਸੰਪਰਕ ਵਿਚ ਆਉਣ ਪਿੱਛੋਂ ਬਲਜੀਵਨ, ਅਮਰੀਕਾ ਦੇ ਪੰਜਾਬੀ ਸਰੋਤਿਆਂ ਵਿਚ ਉਦੋਂ ਨਿਤਰਿਆ ਜਦੋਂ 1997 'ਚ ਨਿਊ ਯਾਰਕ 'ਚ ਉਹ 'ਗੁੰਗੀ ਵਹੁਟੀ' ਨਾਲ ਪੂਰੀ ਤਰ੍ਹਾਂ ਜੰਮ ਕੇ ਨਿਭਿਆ। ਉਂਜ, ਉਹ ਕਦੇ ਪੰਜਾਬ 'ਚ ਹਾਸਰਸ ਪੁੱਤਰ ਵਜੋਂ 'ਮੁੰਡਾ ਜਵਾਨ ਤੇ ਬਾਪੂ ਪ੍ਰੇਸ਼ਾਨ' ਵਿਚ ਵੀ ਪ੍ਰਵਾਨ ਚੜ੍ਹਿਆ ਸੀ। 1990 ਦੇ ਆਸ-ਪਾਸ ਬਲਜੀਵਨ ਨੇ ਆਪਣਾ 'ਨਾਟਕ ਵਾਲਾ ਐਂਟਰਟੇਨਮੈਂਟ ਗਰੁਪ' ਬਣਾਇਆ ਸੀ। 1996 ਵਿਚ ਉਸ ਨੇ ਡਾ. ਸਵਦੇਸ਼ ਦੀਪਕ ਦੀ ਅਗਵਾਈ ਹੇਠ ਚੇਨਈ ਵਿਚ 'ਕੋਰਟ ਮਾਰਸ਼ਲ' ਖੇਡ ਕੇ ਹਿੰਦੋਸਤਾਨ ਦੀਆਂ ਛੇ ਟੀਮਾਂ 'ਚੋਂ ਪਹਿਲਾ ਸਥਾਨ ਲਿਆ ਸੀ। 'ਅੱਗ ਦੇ ਕਲੀਰੇ' ਵਿਚ ਵੀ ਉਹਨੇ ਕੰਮ ਕੀਤਾ, ਗਾਰਗੀ ਨਾਲ 'ਲੋਹਾ ਕੁੱਟ' ਵਿਚ ਵੀ ਤੇ 'ਮਿਰਜ਼ਾ ਸਾਹਿਬਾਂ' ਵਿਚ ਵੀ।

ਸੱਚ ਹੈ ਕਿ ਜਿਸ ਤਰ੍ਹਾਂ ਦੇ ਪ੍ਰਬੰਧ ਵਿਚ ਜਿਸ ਮਿੱਟੀ ਦੀ ਮਹਿਕ 'ਚ ਉਹ ਅੱਜ ਕੱਲ੍ਹ ਰਹਿ ਰਿਹੈ, ਇਥੇ ਰੋਜ਼ੀ ਕਮਾਉਣ ਆਇਆਂ ਨੂੰ ਕਲਾ ਕਰ ਕੇ ਹੁਲਾਰਾ ਤਾਂ ਮਿਲ ਜਾਂਦੈ ਪਰ ਕਲਾ ਰੱਜ ਕੇ ਆਕਸੀਜਨ ਪ੍ਰਾਪਤ ਨਹੀਂ ਕਰ ਸਕਦੀ। ਫਿਰ ਵੀ ਆਸ ਕਰਾਂਗੇ ਕਿ ਜਿਸ ਤਰ੍ਹਾਂ ਦੇ ਸੁਪਨਿਆਂ ਨੂੰ ਉਹ ਸਵੇਰੇ ਨੁਹਾ-ਧੁਆ ਕੇ ਨਾਲ ਲੈ ਕੇ ਨਿਕਲਦੈ, ਉਨ੍ਹਾਂ ਨੂੰ ਅਮਲ ਮਿਲੇ। ਸ਼ਿਕਾਗੋ ਰਹਿੰਦਾ ਗੁਰਮੁੱਖ ਭੁੱਲਰ ਉਹਦੇ ਇਨ੍ਹਾਂ ਸੁਪਨਿਆਂ 'ਚ ਹੁੰਗਾਰਿਆਂ ਦੀ ਟਿਕ-ਟਿਕ ਭਰਨ ਵਾਲਾ ਸਭ ਤੋਂ ਨੇੜਲਾ ਇਨਸਾਨ ਹੈ।

ਬਲਜੀਵਨ ਆਪਣੀ ਪਤਨੀ ਮਧੂ ਧਾਲੀਵਾਲ ਤੇ ਬੇਟੀ ਅਨੇਸ਼ੀ ਧਾਲੀਵਾਲ ਨਾਲ ਕੈਲੀਫੋਰਨੀਆ ਦੇ ਸੈਨ ਹੋਜ਼ੇ ਸ਼ਹਿਰ 'ਚ ਵਸਦਾ ਹੈ। ਚਲੋ, ਅੱਜ ਕੱਲ੍ਹ ਭਾਵੇਂ ਮੁਦਲੀਆਂ ਚਿੰਤਾਵਾਂ ਸਾਰਿਆਂ ਦੀਆਂ ਜਿਉਂਦੇ ਰਹਿਣ ਦੀਆਂ ਹੀ ਨੇ ਪਰ ਕਮਾਉਣਾ, ਖਾਣਾ ਤੇ ਸੌਂ ਜਾਣਾ, ਇਹ ਤਿੰਨ ਕੋਣੇ ਤਿੰਨ ਕਾਨਿਆਂ ਵਰਗੇ ਹੀ ਹੁੰਦੇ ਨੇ। ਇਸ ਲਈ ਜ਼ਿੰਦਗੀ ਦੇ ਮਕਸਦ ਵਾਲਾ ਬਲਜੀਵਨ ਵਾਂਗ ਚੌਥਾ ਘਰ ਵੀ ਪਾਉਣਾ ਚਾਹੀਦੈ।

# ਧੂੜ ਵਿਚਲੇ ਕਣ

***ਵਰਿਆਮ ਸਿੰਘ ਸੰਧੂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਅਤੇ ਸੰਤੋਖ ਸਿੰਘ ਧੀਰ ਦੀ ਪੀੜ੍ਹੀ ਤੋਂ ਅਗਲੀ ਪੀੜ੍ਹੀ ਦਾ ਮੋਹਰੀ ਕਹਾਣੀਕਾਰ ਹੈ। ਉਹ ਪੰਜਾਬ ਦੇ ਪੇਂਡੂ ਅਤੇ ਖਾਸ ਕਰ ਕਿਸਾਨੀ ਜੀਵਨ ਨੂੰ ਅਜਿਹੀ ਬਾਰੀਕੀ ਨਾਲ ਚਿਤਵਦਾ ਅਤੇ ਚਿਤਰਦਾ ਹੈ ਕਿ ਪਾਠਕ ਨੂੰ ਉਸ ਦੀਆਂ ਕਹਾਣੀਆਂ ਵਿਚਲਾ ਸੱਚ ਆਪਣੇ ਹੱਡੀਂ ਹੰਢਾਇਆ ਸੱਚ ਲੱਗਣ ਲੱਗ ਜਾਂਦਾ ਹੈ। ਪਾਠਕਾਂ ਨੂੰ ਇਹ ਸ਼ਿਕਾਇਤ ਤਾਂ ਹੋ ਸਕਦੀ ਹੈ ਕਿ ਉਸ ਦੀਆਂ ਕਹਾਣੀਆਂ ਕੁਝ ਵੱਧ ਲੰਮੀਆਂ ਹੁੰਦੀਆਂ ਹਨ ਪਰ ਭਾਵੇਂ ਇਹ ਪੰਜਾਬ ਦੀ ਦੋ ਦਹਾਕੇ ਲੰਮੀ ਖਾੜਕੂ ਲਹਿਰ ਦੇ ਵੇਲੇ ਤੋਂ ਪਹਿਲਾਂ ਦੀਆਂ "ਡੁੰਮ" ਜਿਹੀਆਂ ਕਹਾਣੀਆਂ ਹੋਣ ਜਾਂ ਖਾੜਕੂ ਵੇਲੇ ਦੀਆਂ "ਭੱਜੀਆਂ ਬਾਹੀਂ" ਵਰਗੀਆਂ ਅਤੇ ਜਾਂ ਖਾੜਕੂ ਲਹਿਰ ਤੋਂ ਬਾਅਦ ਦੀ "ਰਿਮਝਿਮ ਪਰਬਤ" ਵਰਗੀ ਕਹਾਣੀ-ਵਰਿਆਮ ਸੰਧੂ ਆਪਣੇ ਪਾਤਰਾਂ ਦੇ ਮਨਾਂ ਦੀਆਂ ਅਜਿਹੀਆਂ ਤੈਹਾਂ ਫੋਲਦਾ ਹੈ ਕਿ ਪਾਠਕ ਨੂੰ ਉਹ ਪਾਤਰ ਆਪਣੇ ਆਲੇ ਦੁਆਲੇ ਵਸਦੇ ਦਾਦੇ, ਨਾਨੇ, ਤਾਏ, ਚਾਚੇ ਜਾਂ ਵੱਡੇ-ਛੋਟੇ ਭਰਾ ਹੀ ਜਾਪਣ ਲੱਗਦੇ ਹਨ। ਹਾਲ ਹੀ ਵਿਚ ਉਸ ਦੀ ਛਪੀ ਸਾਹਿਤਕ ਸਵੈ-ਜੀਵਨੀ "ਧੂੜ ਵਿਚਲੇ ਕਣ" ਉਸ ਦੀ ਰਚਨਾ ਪ੍ਰਕ੍ਰਿਆ ਉਤੇ ਡੂੰਘੀ ਝਾਤ ਪੁਆਉਂਦੀ ਹੈ। ਇਨ੍ਹਾਂ ਕਾਲਮਾਂ ਵਿਚ ਅਸੀਂ ਇਹ ਸਵੈ-ਜੀਵਨੀ ਪਾਠਕਾਂ ਲਈ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ***

## ਸਫ਼ਰ ਜ਼ਿੰਦਗੀ ਦਾ



**ਵਰਿਆਮ ਸਿੰਘ ਸੰਧੂ**

*ਲੜੀ ਜੋੜਨ ਲਈ ਪਿਛਲਾ ਅੰਕ ਵੇਖੋ*

### ਨੀਂਹ ਦੀਆਂ ਇੱਟਾਂ

ਸਾਡਾ ਘਰ ਪਿੰਡ ਦੇ ਮੁੱਖ-ਬਾਜ਼ਾਰ ਵਿਚ ਸੀ। ਬਾਜ਼ਾਰ ਚੜ੍ਹਦੇ ਪਾਸਿਓਂ ਸ਼ੁਰੂ ਹੋ ਕੇ ਪਿੰਡ ਨੂੰ ਦੋ ਭਾਗਾਂ ਵਿਚ ਵੰਡਦਾ ਲਹਿੰਦੇ ਪਾਸੇ ਜਾ ਕੇ ਖ਼ਤਮ ਹੁੰਦਾ ਸੀ। ਪਿੰਡ ਦੇ ਐਨ ਅੱਧ ਵਿਚਾਲੇ ਛੋਟਾ ਜਿਹਾ ਚੌਂਕ ਸੀ। ਇਥੇ ਬਾਜ਼ਾਰ ਮਧਾਣੀ-ਚੀਰੇ ਵਾਂਗ ਕੱਟਿਆ ਹੋਇਆ ਸੀ। ਚੌਕ ਦੇ ਵਿਚਕਾਰੋਂ ਬਾਜ਼ਾਰ ਦਾ ਇੱਕ ਹਿੱਸਾ ਤਾਂ ਸਿੱਧਾ ਲਹਿੰਦੇ ਵੱਲ ਜਾਂਦਾ ਸੀ। ਚੌਂਕ ਵਿਚੋਂ ਹੀ ਇੱਕ ਛੋਟੀ ਗਲੀ ਪਿੰਡ ਦੀ ਦੱਖਣ ਦੀ ਬਾਹੀ ਵੱਲ ਨਿਕਲਦੀ ਸੀ, ਜਿਸ ਵਿਚ ਬਾਜ਼ਾਰ ਦੇ ਦੁਕਾਨਦਾਰਾਂ ਦੇ ਹੀ ਘਰ ਸਨ। ਪਹਾੜ ਦੀ ਬਾਹੀ ਬਾਜ਼ਾਰ ਦੀ ਦੂਜੀ ਸ਼ਾਖ਼ਾ ਨਿਕਲਦੀ ਸੀ ਜੋ ਫਰਲਾਂਗ ਕੁ ਲੰਮੇ ਬਾਜ਼ਾਰ ਦੇ ਖ਼ਤਮ ਹੋਣ 'ਤੇ ਵੱਡੀ ਗਲੀ ਵਿਚ ਬਦਲ ਜਾਂਦੀ ਸੀ। ਇਹ ਗਲੀ ਥੋੜ੍ਹੇ ਵਿੰਗ-ਵਲੇਵੇਂ ਖਾ ਕੇ ਸਾਡੀ ਪੱਤੀ ਚੰਦੂ ਕੀ ਵਿਚੋਂ ਤੇ ਸਾਡੇ ਅੰਦਰਲੇ ਘਰ ਕੋਲੋਂ ਲੰਘਦੀ ਪਹਾੜ ਵਾਲੇ ਪਾਸੇ ਪਿੰਡੋਂ ਬਾਹਰ ਨਿਕਲ ਜਾਂਦੀ ਸੀ। ਬਾਜ਼ਾਰ ਦੇ ਅੱਧ ਵਿਚਾਲੇ ਇਸ ਚੌਂਕ ਵਿਚ ਲਹਿੰਦੀ ਅਤੇ ਪਹਾੜ ਦੀ ਬਾਹੀ ਨਿਕਲਦੇ ਬਾਜ਼ਾਰਾਂ ਦੀ ਨੁੱਕਰ ਵਿਚ ਹੀ ਸੀ ਸਾਡੀ ਹਵੇਲੀ। ਚੌਂਕ ਤੋਂ ਅੱਗੇ ਲਹਿੰਦੇ ਵੱਲ ਨੂੰ ਨਿਕਲਦੇ ਬਾਜ਼ਾਰ ਵਿਚ ਸਾਡੇ ਘਰ ਦੀਆਂ 4 ਕੋਠੜੀਆਂ ਦੇ ਬੂਹੇ ਖੁੱਲ੍ਹਦੇ ਸਨ। ਇਨ੍ਹਾਂ ਵਿਚੋਂ ਪਹਿਲੀ ਕੋਠੜੀ ਬੈਠਕ ਵਜੋਂ ਵਰਤੀ ਜਾਂਦੀ ਸੀ, ਅਗਲੀ ਗਰਮੀਆਂ ਨੂੰ ਤੂੜੀ ਪਾਉਣ ਤੇ ਸਿਆਲ 'ਚ ਡੰਗਰ ਬੰਨ੍ਹਣ ਦੇ ਕੰਮ ਆਉਂਦੀ ਸੀ। ਵਸੋਂ ਵਾਲਾ ਹਿੱਸਾ ਹੋਣ ਕਰਕੇ ਤੀਜੀ ਕੋਠੜੀ ਦਾ ਬਾਜ਼ਾਰ ਵੱਲ ਖੁੱਲ੍ਹਦਾ ਦਰਵਾਜ਼ਾ ਅਕਸਰ ਬੰਦ ਹੀ ਰਹਿੰਦਾ ਸੀ ਜਦ ਕਿ ਚੌਥੀ ਕੋਠੜੀ ਦਾ ਦਰਵਾਜ਼ਾ ਲਾਹ ਕੇ ਓਥੇ ਬਾਜ਼ਾਰ ਵੱਲ ਕੰਧ ਕਰ ਦਿੱਤੀ ਹੋਈ ਸੀ।

ਵਸੋਂ ਵਾਲੀਆਂ ਪਿਛਲੀਆਂ ਦੋਵਾਂ ਕੋਠੜੀਆਂ ਦੇ ਪਿਛਵਾੜੇ ਬਾਜ਼ਾਰੋਂ ਪਾਰ ਇਲਾਕੇ ਦੇ ਕਹਿੰਦੇ ਕਹਾਉਂਦੇ ਰਹੇ ਸੇਠ ਝੰਡੂ ਸ਼ਾਹ ਦੀ ਤਿੰਨ ਮੰਜ਼ਲੇ ਚੁਬਾਰਿਆਂ ਵਾਲੀ ਵੱਡੀ ਇਮਾਰਤ ਸੀ। ਉਹ ਮੇਰੇ ਪਿਤਾ ਦੇ ਪੜਨਾਨੇ ਕਿਸ਼ਨ ਸਿੰਘ ਦਾ ਸਮਕਾਲੀ ਸੀ ਅਤੇ ਦੇਸ਼-ਵੰਡ ਤੋਂ ਕਈ ਸਾਲ ਪਹਿਲਾਂ ਚੜ੍ਹਾਈ ਕਰ ਚੁੱਕਾ ਸੀ। ਹੁਣ ਇਸ ਭੁੱਲ-ਭੁਲੱਈਆਂ ਵਾਲੇ ਵੱਡੇ ਮਕਾਨ ਵਿਚ ਉਸ ਦੇ ਇਸ ਸਮੇਂ ਬਜ਼ੁਰਗ ਹੋ ਚੁੱਕੇ ਪੁੱਤਰ ਦੀਵਾਨ ਸ਼ਾਹ ਦੇ ਬਾਲ-ਬੱਚੜਦਾਰ ਪੰਜ ਪੁੱਤਰਾਂ ਦੀ ਰਿਹਾਇਸ਼ ਸੀ। ਇਨ੍ਹਾਂ ਦੇ ਨਾਂ ਸਨ-ਗੁਰਲਾਲ ਚੰਦ, ਗੋਪਾਲ ਚੰਦ, ਗੁਰਦਿਆਲ ਚੰਦ, ਗੁਰੂਦਾਸ ਅਤੇ ਰਾਮਦਾਸ। ਦੀਵਾਨ ਚੰਦ ਤੇ ਉਸ ਦੀ ਪਤਨੀ ਵੀ ਅਜੇ ਹਰੀ-ਕਾਇਮ ਸਨ। ਉਸ ਵੱਡੇ ਮਕਾਨ ਦੇ ਹੇਠਾਂ ਕਿਰਾਏ ਦੀਆਂ ਦੋ ਦੁਕਾਨਾਂ ਵਿਚ ਮਿਸਤਰੀ ਰਾਮ ਸਿੰਘ ਅਤੇ ਮਿਹਰ ਸਿੰਘ ਹੁਰੀਂ ਲੱਕੜੀ ਦਾ ਕਾਰੋਬਾਰ ਕਰਦੇ ਸਨ। ਸੰਦੂਕ, ਪਲੰਘ ਅਤੇ ਚਰਖ਼ੇ ਬਣਾਉਣ ਵਿਚ ਉਨ੍ਹਾਂ ਦੀ ਵਿਸ਼ੇਸ਼ ਮੁਹਾਰਤ ਸੀ। ਮਿਹਰ ਸਿੰਘ ਸਾਈਕਲ ਕਿਰਾਏ 'ਤੇ ਦੇਣ ਅਤੇ ਮੁਰੰਮਤ ਦਾ ਕੰਮ ਵੀ ਨਾਲ ਨਾਲ ਕਰੀ ਜਾਂਦਾ ਸੀ।

ਦੀਵਾਨ ਸ਼ਾਹ ਦਾ ਤੀਜੇ ਥਾਂ ਛੋਟਾ ਮੁੰਡਾ ਗੁਰਦਿਆਲ ਚੰਦ ਆਪਣੇ ਵੱਡੇ ਮਕਾਨ ਹੇਠਲੀ ਤੀਜੀ ਦੁਕਾਨ ਵਿਚ ਕਰਿਆਨੇ ਦੀ ਦੁਕਾਨ ਕਰਦਾ ਸੀ। ਉਹ ਭਿੰਨ ਭਿੰਨ ਤਰ੍ਹਾਂ ਦੇ ਅਰਕ ਅਤੇ ਸ਼ਰਬਤ ਤਿਆਰ ਕਰਨ ਦਾ ਮਾਹਿਰ ਵੀ ਸੀ। ਹਫ਼ਤੇ ਦਸੀਂ ਦਿਨੀਂ ਅਰਕ ਕਸ਼ੀਦ ਕਰਨ ਲਈ ਉਸ ਵੱਲੋਂ ਚੜ੍ਹਾਈ ਭੱਠੀ ਵਿਚੋਂ ਮਹਿਕ ਭਿਜਿਆ ਧੂੰਆਂ ਉਠਦਾ ਰਹਿੰਦਾ। ਇਹ ਬਾਜ਼ਾਰ ਅੱਗੋਂ ਨਿੱਕਾ ਜਿਹਾ ਮੋੜ ਮੁੜ ਕੇ ਘਾਟੀ ਉਤਰ ਕੇ ਰਾਮਗੜ੍ਹੀਏ ਸਿੰਘਾਂ ਦੇ ਬਾਜ਼ਾਰ ਵਿਚ ਵਟ ਜਾਂਦਾ ਸੀ। ਦੂਰ ਤੱਕ ਇਸ ਬਾਜ਼ਾਰ ਦੇ ਦੋਹੀਂ ਪਾਸੀਂ ਲੱਕੜੀ ਦਾ ਕੰਮ ਕਰਨ ਵਾਲੇ ਕਾਰੀਗਰਾਂ ਦੀਆਂ ਦੁਕਾਨਾਂ ਸਨ। ਆਟਾ ਪੀਹਣ ਵਾਲੀਆਂ ਮਸ਼ੀਨਾਂ, ਲੱਕੜਾਂ ਚੀਰਦੇ ਆਰੇ। ਸੁਰ ਸਿੰਘ ਦੇ ਬਣੇ ਪਲੰਘ, ਸੰਦੂਕ, ਗੱਡੇ ਅਤੇ ਚਰਖ਼ੇ ਆਦਿ ਲੋਕ 20-20 ਕੋਹਾਂ ਤੋਂ ਖ਼ਰੀਦਣ ਆਉਂਦੇ।

ਚੌਂਕ ਤੋਂ ਪਹਾੜ ਦੀ ਬਾਹੀ ਵੱਲ ਨਿਕਲਦੇ ਬਾਜ਼ਾਰ ਵਿਚ ਨੁੱਕਰ ਉਤੇ ਲਾਭ ਚੰਦ ਬਜਾਜੀ ਵਾਲੇ ਦੀ ਅਤੇ ਉਸ ਤੋਂ ਅੱਗੇ ਉਸ ਦੇ ਛੋਟੇ ਭਰਾ ਵੇਦ ਪ੍ਰਕਾਸ਼ ਦੀ ਕਰਿਆਨੇ ਦੀ ਦੁਕਾਨ ਸੀ ਅਤੇ ਅੱਗੇ ਸੀ ਸਾਡੀ ਗਾਡੀ ਦਰਵਾਜ਼ੇ ਵਾਲੀ ਵੱਡੀ ਡਿਓੜ੍ਹੀ ਜਿਹੜੀ ਪਹਾੜ ਵੱਲ ਜਾਂਦੇ ਮੇਨ ਬਾਜ਼ਾਰ ਵਿਚ ਖੁੱਲ੍ਹਦੀ ਸੀ। ਡਿਓੜ੍ਹੀ ਦੇ ਐਨ ਸਾਹਮਣੇ ਪਾਸੇ, ਪੰਦਰਾਂ-ਵੀਹ ਫੁੱਟ ਦਾ ਬਾਜ਼ਾਰ ਛੱਡ ਕੇ ਦੋ ਚੁਬਾਰਿਆਂ ਵਾਲੀ ਦੋ-ਮੰਜ਼ਿਲਾ ਇਮਾਰਤ ਸੀ। ਇਹ ਇਮਾਰਤ ਵੀ ਝੰਡੂ-ਸ਼ਾਹ-ਦੀਵਾਨ ਸ਼ਾਹ ਹੁਰਾਂ ਦੀ ਸੀ ਪਰ ਦਿਨਾਂ ਦੇ ਫੇਰ ਕਰਕੇ ਦੀਵਾਨ ਸ਼ਾਹ ਹੁਰਾਂ ਨੂੰ ਇਹ ਲਾਭ ਚੰਦ ਅਤੇ ਵੇਦ ਪ੍ਰਕਾਸ਼ ਦੇ ਪਿਤਾ ਜੈ ਰਾਮ ਕੋਲ ਗਹਿਣੇ ਕਰਨੀ ਪਈ ਸੀ; ਜਿੱਥੇ ਮੇਰੀ ਮੁਢਲੀ ਸੰਭਾਲ ਵੇਲੇ ਪਿੰਡ ਦਾ ਪਟਵਾਰੀ ਰਿਹਾ ਕਰਦਾ ਸੀ। ਫਿਰ ਕੁੱਝ ਸਾਲ ਓਥੇ ਕਰਮ ਚੰਦ ਮੋਚੀ ਵੀ ਰਹਿੰਦਾ ਰਿਹਾ। ਪਿੱਛੋਂ ਦੀਵਾਨ ਸ਼ਾਹ ਹੁਰਾਂ ਇਹ ਇਮਾਰਤ ਛੁਡਵਾ ਲਈ ਸੀ। ਇਸ ਇਮਾਰਤ ਦੇ ਪਿਛਲੇ ਦੋ ਕਮਰਿਆਂ ਅੱਗੇ ਓਡਾ ਹੀ ਲੰਮਾਂ ਚੌੜਾ ਬਰਾਂਡਾ ਸੀ। ਇਨ੍ਹਾਂ ਦੋਵਾਂ ਚੁਬਾਰਿਆਂ ਦੇ ਹੇਠਾਂ ਦੋ ਦੁਕਾਨਾਂ ਸਨ। ਸਾਡੀ ਡਿਓੜ੍ਹੀ ਨੂੰ ਐਨ ਸਾਹਮਣੇ ਦੀਵਾਨ ਸ਼ਾਹ ਦੇ ਸਭ ਤੋਂ ਵੱਡੇ ਲੜਕੇ ਗੁਰਲਾਲ ਸ਼ਾਹ ਦੀ ਮੁਨਿਆਰੀ ਦੀ ਦੁਕਾਨ ਸੀ, ਜਿਸ ਨੂੰ ਕੁੱਝ ਸਾਲਾਂ ਬਾਅਦ ਉਸ ਨੇ ਹਲਵਾਈ ਦੀ ਦੁਕਾਨ ਵਿਚ ਬਦਲ ਲਿਆ। ਦੂਜੀ ਦੁਕਾਨ ਵਿਚ ਗੋਪਾਲ ਚੰਦ ਦੇ ਮੁੰਡੇ ਕਰਿਆਨੇ ਦੀ ਦੁਕਾਨ ਕਰਨ ਲੱਗੇ ਸਨ। ਉਪਰਲੇ ਚੁਬਾਰਿਆਂ ਵਿਚੋਂ ਇੱਕ ਵਿਚ ਗੁਰਲਾਲ ਸ਼ਾਹ ਦਾ ਪਰਿਵਾਰ ਅਤੇ ਦੂਜੇ ਵਿਚ ਉਸ ਦੇ ਛੋਟੇ ਭਰਾ ਗੋਪਾਲ ਦਾਸ ਦਾ ਪਰਿਵਾਰ ਆ ਵੱਸਿਆ ਸੀ। ਸਾਡੀ ਡਿਓੜ੍ਹੀ ਦੇ ਖੱਬੇ ਹੱਥ ਬਾਜ਼ਾਰ ਵਿਚ ਡਾਕਟਰ ਕਰਮ ਚੰਦ ਦੀ ਦੁਕਾਨ ਸੀ। ਸਾਡੇ ਘਰ ਦੇ ਲਹਿੰਦੇ ਪਾਸੇ ਵਾਲੇ ਮੁਸਲਮਾਨੀ ਘਰਾਂ 'ਚ ਪਾਕਿਸਤਾਨੋਂ ਆਏ ਹਿੰਦੂ-ਸਿੱਖ ਵੱਸ ਗਏ ਸਨ। ਸਾਡੇ ਘਰ ਦੇ ਪਿਛਵਾੜੇ ਰਾਮ ਚੰਦ ਅਤੇ ਬੁੱਢਾ ਸਿੰਘ ਪੈਂਚ ਆ ਵੱਸਿਆ ਸੀ। ਖੱਬੇ ਹੱਥ ਡਾ. ਕਰਮ ਚੰਦ ਦੀ ਦੁਕਾਨ ਦੇ ਪਿਛਲਾ ਘਰ ਠਾਕਰ ਸਿੰਘ ਝਟਕਈ ਨੇ ਮੱਲ ਲਿਆ ਸੀ।

ਮੇਰੇ ਪਿਓ ਦੇ ਮਾਮੇ ਮਾਮੀ ਦਾ ਜਾਂ ਹੁਣ ਇਹ ਕਹਿ ਲਈਏ ਕਿ ਸਾਡਾ ਭਾਈਚਾਰਾ ਤਾਂ ਦੂਰ ਚੰਦੂ ਕੀ ਪੱਤੀ ਵਿਚ ਸੀ। ਅਸੀਂ ਓਧਰ ਵੀ ਦੁੱਖ-ਸੁੱਖ ਦੇ ਵੇਲੇ, ਕੰਮ-ਧੰਦੇ ਲਈ ਆਉਂਦੇ ਜਾਂਦੇ ਰਹਿੰਦੇ ਪਰ ਅਕਸਰ ਸਾਡਾ ਰੋਜ਼ਾਨਾ ਮੇਲ-ਜੋਲ ਆਪਣੇ ਆਂਢ-ਗੁਆਂਢ ਨਾਲ ਹੀ ਸੀ। ਇਨ੍ਹਾਂ ਵਿਚ ਭਾਵੇਂ ਬਹੁਤੇ ਬਾਹਮਣ-ਖੱਤਰੀ ਹੀ ਸਨ ਪਰ ਸਾਡੇ ਘਰ ਦੇ ਨਾਲ ਨਾਲ ਮੋਚੀ, ਝਟਕਈ, ਸੁਨਿਆਰ, ਲੋਹਾਰ, ਤਰਖ਼ਾਣ, ਪੈਂਚ (ਮਹਿਰੇ) ਆਦਿ ਵੀ ਵੱਸਦੇ ਸਨ। ਮੇਰੇ ਪਿਓ ਤੋਂ ਉਮਰ ਵਿਚ ਛੋਟੇ ਸਾਰੇ ਆਂਢੀ-ਗੁਆਂਢੀ ਮੇਰੇ 'ਚਾਚੇ' ਸਨ ਅਤੇ ਵੱਡੇ ਮੇਰੇ 'ਤਾਏ'। ਉਨ੍ਹਾਂ ਦੇ ਬੱਚਿਆਂ ਨਾਲ ਹੀ ਮੇਰੀ ਦੋਸਤੀ ਸੀ, ਭਾਵੇਂ ਕਿ ਸਾਡੇ ਭਾਈਚਾਰੇ ਦੇ ਜੱਟਾਂ ਦੇ ਮੁੰਡੇ ਵੀ ਮੇਰੇ ਦੋਸਤ ਸਨ। ਨਾ ਮੈਨੂੰ ਡਾ. ਕਰਮ ਚੰਦ ਦਾ ਮੁੰਡਾ ਗੁਲਜ਼ਾਰੀ ਲਾਲ ਓਪਰਾ ਲੱਗਦਾ ਸੀ, ਨਾ ਹੀ ਬੁੱਢਾ ਸਿੰਘ ਮਹਿਰੇ ਦਾ ਮੁੰਡਾ ਤਾਰੀ ਅਤੇ ਨਾ ਹੀ ਪ੍ਰੀਤਮ ਸੁੰਹ ਸੁਨਿਆਰੇ ਦਾ ਮੁੰਡਾ ਮੁੱਖਾ। ਠਾਕਰ ਸਿੰਘ ਝਟਕਈ ਦਾ ਸਾਲਾ ਅਰਜਨ ਵੀ ਮੇਰਾ ਬੇਲੀ ਸੀ ਅਤੇ ਹਰਨਾਮ ਦਰਜ਼ੀ ਦਾ ਮੁੰਡਾ ਪਿਆਰਾ ਵੀ। ਜਾਤ-ਪਾਤ ਮੰਨਣ ਵਾਲੀ ਕੱਟੜ ਹਉਮੈ ਮੇਰੇ ਵਿਚ ਬਚਪਨ ਤੋਂ ਹੀ ਨਹੀਂ ਸੀ। ਅਸੀਂ ਸਭ ਯਾਰ-ਬੇਲੀ ਸਾਂ। ਮੇਰੇ ਵਿਚ ਜਾਤ-ਪਾਤੀ ਖੁੱਲ੍ਹ-ਦਿਲੀ ਅਤੇ ਸਹਿਣਸ਼ੀਲਤਾ ਦਾ ਇੱਕ ਕਾਰਨ ਇਹ ਵੀ ਹੈ ਕਿ ਮੈਂ ਅਜਿਹੇ ਸਰਬ-ਸਾਂਝੇ ਮਾਹੌਲ ਵਿਚ ਪਲਿਆ। ਅਸੀਂ ਵਿਆਹਾਂ-ਸ਼ਾਦੀਆਂ, ਖ਼ੁਸ਼ੀ-ਗ਼ਮੀ ਵਿਚ ਇੱਕ ਦੂਜੇ ਦੇ ਘਰ ਸਕਿਆਂ ਵਾਂਗ ਹੀ ਆਉਂਦੇ-ਜਾਂਦੇ। ਇੱਕ ਦੂਜੇ ਦੇ ਘਰ ਖੇਡਦੇ। ਇੱਕ ਦੂਜੇ ਦੇ ਘਰੋਂ ਹੀ ਖਾ-ਪੀ ਲੈਂਦੇ। ਕੋਈ ਵਿਤਕਰਾ ਨਹੀਂ ਸੀ। ਵੱਡਿਆਂ ਦੇ ਸਮੇਂ ਤੋਂ ਲੈ ਕੇ ਇਹ ਪਿਆਰ ਬਣਿਆ ਹੋਇਆ ਸੀ।

ਇੰਜ ਸਾਡੇ ਘਰ ਦਾ ਡਿਓੜ੍ਹੀ ਵੱਲ ਦਾ ਮੁੱਖ ਦਰਵਾਜ਼ਾ ਜਿੱਥੇ ਪਹਾੜ ਦੀ ਬਾਹੀ ਵਾਲੇ ਬਾਜ਼ਾਰ ਵਿਚ ਖੁੱਲ੍ਹਦਾ ਸੀ ਓਥੇ ਲਹਿੰਦੇ ਵੱਲ ਦੇ ਬਾਜ਼ਾਰ ਵਿਚ ਸਾਡੀਆਂ ਦੋ ਕੋਠੜੀਆਂ ਦੇ ਦਰਵਾਜ਼ੇ ਖੁੱਲ੍ਹਦੇ ਸਨ। ਕਈ ਲੋਕ ਤਾਂ ਕਦੀ ਕਦੀ ਰਸ਼ਕ ਨਾਲ ਇਹ ਵੀ ਆਖਦੇ ਕਿ ਕਿਆ ਜੱਟਾਂ ਨੇ ਪਿੰਡ ਦੀ ਧੁੰਨੀ ਸਮਝੇ ਜਾਣ ਵਾਲੇ ਅਤੇ ਨਿਰੋਲ ਹਿੰਦੂ ਆਬਾਦੀ ਵਾਲੇ ਕੇਂਦਰੀ ਹਿੱਸੇ ਉਤੇ ਕਬਜ਼ਾ ਆਣ ਜਮਾਇਆ ਹੈ! ਕਬਜ਼ਾ ਤਾਂ ਇਹ ਪਤਾ ਨਹੀਂ ਕਦੋਂ ਕੁ ਦਾ ਸੀ! ਪਰ ਪੀੜ੍ਹੀਆਂ ਤੋਂ ਕਦੀ ਸਾਡੇ ਪਰਿਵਾਰ ਦੇ ਵਡੇਰਿਆਂ ਦੀ ਆਪਣੇ ਆਸੇ ਪਾਸੇ ਰਹਿੰਦੇ ਲੋਕਾਂ ਨਾਲ ਕਹੀ-ਸੁਣੀ ਨਹੀਂ ਸੀ ਹੋਈ। ਸਾਰੇ ਆਪਸ ਵਿਚ ਬੜੀ ਸਦਭਾਵਨਾ ਨਾਲ ਰਹਿੰਦੇ ਸਨ। ਜਦੋਂ ਅਜੇ ਇਹ ਥਾਂ ਸਿਰਫ਼ ਹਵੇਲੀ ਵਜੋਂ ਹੀ ਵਰਤੋਂ ਵਿਚ ਆਉਂਦੀ ਸੀ ਅਤੇ ਸਾਡਾ ਪਰਿਵਾਰ ਅੰਦਰਲੇ ਘਰੋਂ ਆ ਕੇ ਏਥੇ ਰਹਿਣ ਨਹੀਂ ਸੀ ਲੱਗਾ, ਉਦੋਂ ਤਾਂ ਇਸ ਖੁੱਲ੍ਹੀ ਹਵੇਲੀ ਵਿਚ ਪਿੰਡ ਦੇ ਹਿੰਦੂ ਭਾਈਚਾਰੇ ਵੱਲੋਂ ਰਾਮ-ਲੀਲਾ ਵੀ ਖੇਡੀ ਜਾਂਦੀ, ਜਿਸ ਵਿਚ ਸਿੱਖ ਮੁੰਡੇ ਵੀ ਪਾਰਟ ਕਰਦੇ। ਵੇਖਦੇ ਤਾਂ ਇਸ ਨੂੰ ਹਿੰਦੂ-ਸਿੱਖ ਸਾਰੇ ਹੀ ਰਲ-ਮਿਲ ਕੇ ਸਨ।

ਡਿਓੜ੍ਹੀ ਵਿਚ ਬਾਬੇ ਕਿਸ਼ਨ ਸਿੰਘ ਵੇਲੇ ਦੀਆਂ ਰੌਣਕਾਂ ਹੁਣ ਵੀ ਲੱਗਦੀਆਂ ਸਨ। ਮੇਰੀ ਸੰਭਾਲ ਵਿਚ ਵੀ ਤਿੰਨ-ਚਾਰ ਵੱਡੇ ਪਾਵਿਆਂ ਵਾਲੇ ਪਲੰਘ ਡਿਓੜ੍ਹੀ ਵਿਚ ਡੱਠੇ ਰਹਿੰਦੇ; ਜਿੱਥੇ ਪੰਜ-ਸੱਤ ਬੰਦੇ ਬੈਠੇ ਹੁੰਦੇ। ਜੱਗ-ਜਹਾਨ ਦੀਆਂ ਗੱਲਾਂ ਕਰਦੇ। ਡਿਓੜ੍ਹੀ ਦਾ ਵੱਡਾ ਦਰਵਾਜ਼ਾ ਸਾਰੀ ਦਿਹਾੜੀ ਖੁੱਲ੍ਹਾ ਰਹਿੰਦਾ। ਬਾਹਰਲੇ ਪਿੰਡਾਂ ਤੋਂ ਸੌਦਾ-ਸੂਤ ਲੈਣ ਆਉਣ ਵਾਲੇ ਬੰਦੇ ਆਪਣੀਆਂ ਘੋੜੀਆਂ ਨੂੰ ਸਾਡੀ ਹਵੇਲੀ ਵਿਚ ਬੰਨ੍ਹਦੇ। ਪਾਣੀ-ਧਾਣੀ ਪੀਂਦੇ। ਕੰਮ-ਧੰਦਾ ਕਰਨ ਤੋਂ ਬਾਅਦ ਬੈਠੀ ਸੰਗਤ ਦਾ ਸਾਥ ਵੀ ਮਾਣਦੇ। ਆਪਣੇ ਪਿੰਡਾਂ ਦੀਆਂ ਖ਼ਬਰਾਂ ਸੁਣਾਉਂਦੇ, ਏਥੋਂ ਦੀਆਂ ਸੁਣਦੇ। ਪੜ੍ਹਿਆ-ਲਿਖਿਆ ਕੋਈ ਜਣਾ ਅਖ਼ਬਾਰ ਪੜ੍ਹ ਕੇ ਖ਼ਬਰਾਂ ਸੁਣਾਉਂਦਾ। ਮੇਰੇ ਪਿਓ ਦਾ ਹਾਣੀ ਸੂਰਜਜੀਤ ਸਿੰਘ ਸੰਧੂ, ਜੋ ਪਿੱਛੋਂ ਕਨੇਡਾ ਜਾ ਵੱਸਿਆ, ਆਪਣੀ 'ਪ੍ਰੀਤ-ਲੜੀ' ਵੀ ਸਾਡੀ ਡਿਓੜ੍ਹੀ ਵਿਚ ਲੈ ਕੇ ਆ ਜਾਂਦਾ ਅਤੇ ਇਸ ਵਿਚੋਂ ਕੰਮ ਦੀਆਂ ਗੱਲਾਂ ਪੜ੍ਹ ਕੇ ਸੁਣਾਉਂਦਾ। ਪਿਛੋਂ ਇਹ 'ਪ੍ਰੀਤ-ਲੜੀ' ਮੇਰਾ ਪਿਓ ਪੜ੍ਹਦਾ। ਮੈਨੂੰ ਹੁਣ ਵੀ ਯਾਦ ਹੈ ਜਦੋਂ ਮੈਂ 8-9 ਸਾਲ ਦਾ ਸਾਂ, ਮੇਰੀ ਮਾਂ ਮੇਰੇ ਵਾਲਾਂ ਵਿਚ ਘਿਓ ਝੱਸ ਰਹੀ ਸੀ ਤੇ ਮੈਂ ਮੂੰਹ ਅੱਗੇ ਆਏ ਵਾਲਾਂ ਨੂੰ ਪਾਸੇ ਕਰਕੇ 'ਪ੍ਰੀਤ-ਲੜੀ' ਵਿਚ ਗੁਰਬਖ਼ਸ਼ ਸਿੰਘ ਦਾ ਪ੍ਰਸ਼ਨ-ਉਤਰ ਵਾਲਾ ਕਾਲਮ "ਮੇਰੇ ਝਰੋਖੇ 'ਚੋਂ" ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸਾਂ।

ਸੰਨ ਪਚਵੰਜਾ ਵਿਚ ਆਏ ਵੱਡੇ ਮੀਹਾਂ ਤੇ ਹੜ੍ਹਾਂ ਕਰਕੇ ਪਿੰਡ ਵਿਚ ਬੜੇ ਮਕਾਨ ਢਹਿ ਗਏ। ਡਿਓੜ੍ਹੀ ਦੇ ਖੱਬੇ ਹੱਥ ਵਾਲੀ ਦੁਕਾਨ ਵੀ ਢਹਿ ਗਈ ਤੇ ਨਾਲ ਹੀ ਉਸ ਦੁਕਾਨ ਅਤੇ ਡਿਓੜ੍ਹੀ ਵਿਚਕਾਰਲੀ ਸਾਂਝੀ ਕੰਧ ਵੀ। ਡਿਓੜ੍ਹੀ ਦੀ ਛੱਤ ਦਾ ਇਸ ਪਾਸੇ ਵਾਲਾ ਹਿੱਸਾ ਵੀ ਨੁਕਸਾਨਿਆ ਗਿਆ। ਨਾ ਉਹ ਦੁਕਾਨ ਕਿਸੇ ਬਣਾਈ ਤੇ ਨਾ ਹੀ ਵਿਚਕਾਰਲੀ ਕੰਧ। ਸਿੱਟੇ ਵਜੋਂ ਹੌਲੀ ਹੌਲੀ ਹਵੇਲੀ ਦੀ ਛੱਤ ਡਿੱਗਦੀ ਵੇਖ ਅਸੀਂ ਆਪ ਹੀ ਢਾਹ ਦਿੱਤੀ। ਵਿਚਕਾਰਲੀ ਕੱਚੀ ਕੰਧ ਦਸ ਕੁ ਫੁੱਟ ਉਚੀ ਕਰਕੇ ਓਹਲਾ ਕਰ ਲਿਆ। ਉਂਜ ਕੁਝ ਸਾਲ ਪਿੱਛੋਂ ਅਸੀਂ ਡਿਓੜ੍ਹੀ ਦੇ ਬਾਹਰਲੇ ਤੀਹ ਕੁ ਫੁੱਟ ਲੰਮੇ ਪੱਕੇ ਮੱਥੇ ਵਿਚੋਂ ਇੱਕ ਪਾਸੇ ਬਾਰਾਂ ਕੁ ਫੁੱਟ ਦਾ ਦਰਵਾਜ਼ਾ ਬਣਾ ਕੇ ਤੇ ਘਰ ਲਈ ਰਾਹ ਛੱਡ ਕੇ ਬਾਕੀ ਹਿੱਸੇ ਵਿਚ ਲੰਮੀ ਪੱਕੀ ਬੈਠਕ ਪਾ ਲਈ ਸੀ ਪਰ ਮੈਂ ਜਿਹੜੀ ਗੱਲ ਸੁਣਾਉਣ ਲੱਗਾ ਹਾਂ ਉਹ ਉਦੋਂ ਦੀ ਹੈ ਜਦੋਂ ਡਿਓੜ੍ਹੀ ਢਹਿ ਚੁੱਕੀ ਸੀ ਅਤੇ ਇਹ ਥਾਂ ਅਜੇ ਖਾਲੀ ਹੀ ਪਿਆ ਸੀ। ਅਸੀਂ ਏਥੇ ਆਪਣੇ ਡੰਗਰ ਬੰਨ੍ਹਦੇ ਸਾਂ। ਡਿਓੜ੍ਹੀ ਦੇ ਖੱਬੇ ਹੱਥ ਦੁਕਾਨ ਵਾਲਾ ਥਾਂ ਜਿਹੜਾ ਖੋਲਾ ਹੋ ਚੁਕਿਆ ਸੀ, ਉਹ ਥਾਂ ਡਾ. ਕਰਮ ਚੰਦ ਨੇ ਮੁੱਲ ਲੈ ਲਿਆ ਸੀ ਅਤੇ ਉਹ ਏਥੇ ਆਪਣੀ ਨਵੀਂ ਪੱਕੀ ਦੁਕਾਨ ਬਣਾਉਣੀ ਚਾਹੁੰਦਾ ਸੀ। ਪਹਿਲਾਂ ਉਹ ਤਿੰਨ ਕੁ ਦੁਕਾਨਾਂ ਦੂਰ ਇੱਕ ਕੱਚੀ ਦੁਕਾਨ 'ਚ ਆਪਣਾ ਕਲਿਨਕ ਚਲਾਉਂਦਾ ਸੀ।

ਕਰਮ ਚੰਦ ਨੂੰ ਨਵੀਂ ਬਣਾਈ ਜਾਣ ਵਾਲੀ ਦੁਕਾਨ ਦੇ ਹਿਸਾਬ ਨਾਲ ਮੁੱਲ ਲਿਆ ਗਿਆ ਥਾਂ ਥੋੜ੍ਹਾ ਲੱਗਦਾ ਸੀ। ਕਰਮ ਚੰਦ ਦੀ ਹਸਰਤ ਸੀ ਕਿ ਦੁਕਾਨ ਥੋੜ੍ਹੀ ਹੋਰ ਖੁੱਲ੍ਹੀ ਹੋ ਜਾਂਦੀ! ਪਰ ਹੁੰਦੀ ਕਿਵੇਂ? ਜਦੋਂ ਨੀਹਾਂ ਪੁੱਟਣ ਲਈ ਵਿਚਕਾਰਲੀ ਸਾਂਝੀ ਕੰਧ ਢਾਹ ਦਿੱਤੀ ਗਈ ਤਾਂ ਕਰਮ ਚੰਦ ਨੇ ਨਾਲ ਰਲਦੇ ਸਾਡੀ ਡਿਓੜ੍ਹੀ ਵਾਲੇ ਖਾਲੀ ਥਾਂ ਵੱਲ ਵੇਖ ਕੇ ਕੋਲ ਖਲੋਤੇ ਮੇਰੇ ਪਿਓ ਨੂੰ ਵਿਗੋਚੇ ਦੇ ਭਾਵ ਨਾਲ ਕਿਹਾ, "ਦੀਦਾਰ, ਮੈਨੂੰ ਪਤੈ ਕਿ ਚਾਚੇ (ਹਕੀਕਤ ਸਿੰਘ) ਨੇ ਮੰਨਣਾ ਨਹੀਂ ਪਰ ਜੇ ਤੁਸੀਂ ਆਪਣੇ ਪਾਸਿਓਂ ਦੁਕਾਨ ਦੀ ਸੇਧ ਵਿਚ ਗਜ਼ ਭਰ ਲੀਰ ਦੀ ਲੀਰ ਮੈਨੂੰ ਛੱਡ ਦਿਓ ਤਾਂ ਕਿਆ ਕਹਿਣੇ! ਤੁਹਾਡੇ ਕੋਲ ਬਥੇਰਾ ਥਾਂ ਪਿਆ ਹੈ। ਪੈਸੇ ਜਿੰਨੇ ਆਖੋ ਓਨੇ ਦੇਣ ਨੂੰ ਤਿਆਰ ਹਾਂ।" ਪਰ ਉਹਦੀ ਹਿੰਮਤ ਨਹੀਂ ਸੀ ਪੈਂਦੀ ਕਿ ਬਾਪੂ ਹਕੀਕਤ ਸਿੰਘ ਨੂੰ ਆਖੇ ਕਿ ਏਨੀ ਕੁ ਥਾਂ ਉਸ ਨੂੰ ਮੁੱਲ ਦੇ ਦਵੇ।

'ਥਾਂ ਭਾਵੇਂ ਬਥੇਰਾ ਪਿਆ ਸੀ!' ਪਰ ਹਵੇਲੀ ਨਾਲ ਤਾਂ ਹਕੀਕਤ ਸਿੰਘ ਦੇ ਖ਼ਾਨਦਾਨ ਦੇ ਸੰਸਕਾਰ ਜੁੜੇ ਹੋਏ ਸਨ। ਉਹ ਆਪ ਹੀ ਦੱਸਦਾ ਹੁੰਦਾ ਸੀ। ਦੀਵਾਨ ਸ਼ਾਹ ਦੇ ਪਿਓ ਤੇ ਗੁਰਲਾਲ ਸ਼ਾਹ ਦੇ ਦਾਦੇ ਝੰਡੂ ਸ਼ਾਹ ਨੇ, ਜਿਹਦੀ ਸ਼ਾਹੂਕਾਰੀ ਇਲਾਕੇ ਵਿਚ ਚੱਲਦੀ ਸੀ ਅਤੇ ਜਿਹਦੇ ਬਣਾਏ ਮਕਾਨ ਹਵੇਲੀ ਦੇ ਦੋਵੇਂ ਪਾਸੇ ਅਸਮਾਨ ਨੂੰ ਛੂੰਹਦੇ ਸਨ, ਕਿਸ਼ਨ ਸੁੰਹ ਨੂੰ ਆਖਿਆ ਸੀ, "ਸਰਦਾਰ ਕਿਸ਼ਨ ਸਿਆਂ! ਚਾਦਰ ਵਿਛਾ ਕੇ ਜਿੰਨੇ ਪੈਸੇ ਪਾਏ ਜਾ ਸਕਦੇ ਈ, ਪਾ ਲੈ ਪਰ ਇਹ ਹਵੇਲੀ ਮੈਨੂੰ ਦੇ ਦੇਹ, ਮੇਰੇ ਨਾਲ ਲੱਗਦੀ ਹੈ।"

"ਸ਼ਾਹ ਉਂਜ ਇਹ ਹਵੇਲੀ ਤੇਰੀ ਹੀ ਐ। ਆਪਣਾ ਕੁੱਝ ਵੀ ਵੰਡਿਆ ਨਹੀਂ। ਜਿਵੇਂ ਚਾਹੇ ਵਰਤ ਪਰ ਮੁੱਲ ਲੈਣ ਦੀ ਗੱਲ ਮੁੜ ਕੇ ਨਾ ਮੈਨੂੰ ਆਖੀਂ। ਮੈਂ ਤਾਂ ਤੈਨੂੰ ਕਦੇ ਨਹੀਂ ਆਖਿਆ ਕਿ ਤੇਰੇ ਮਕਾਨ ਮੇਰੇ ਨਾਲ ਲੱਗਦੇ ਨੇ! ਏਦਾਂ ਹਵਸ ਵਧਾਈ ਚੰਗੀ ਨਹੀਂ ਹੁੰਦੀ ਝੰਡੂ ਸ਼ਾਹ! ਆਪਾਂ ਭਰਾ-ਭਰਾ ਗੁਆਂਢ ਵਿਚ ਭਰਾਵਾਂ ਵਾਂਗ ਰਹੀਏ। ਕਿਸੇ ਨੂੰ ਢਾਹੁਣ ਜਾਂ ਉਸ ਤੋਂ ਖੋਹਣ ਬਾਰੇ ਨਾ ਸੋਚੀਏ।" ਕਿਸ਼ਨ ਸਿੰਘ ਨੇ ਉਸ ਨੂੰ ਕੌੜ ਨਾਲ ਆਖਿਆ ਸੀ। ਪਿੱਛੋਂ ਤੋਂ ਚੱਲੀ ਆਉਂਦੀ ਇਹ ਗੱਲ ਸਭ ਨੂੰ ਹੀ ਪਤਾ ਸੀ।

ਹੁਣ ਕਰਮ ਚੰਦ ਉਸ ਹਵੇਲੀ ਵਿਚੋਂ ਕੁੱਝ ਥਾਂ 'ਮੁੱਲ' ਲੈਣਾ ਚਾਹੁੰਦਾ ਸੀ। ਉਸ ਨੂੰ ਵੀ ਪਤਾ ਸੀ ਕਿ ਹਕੀਕਤ ਸਿੰਘ ਉਸ ਨੂੰ ਇਹ ਥਾਂ ਕਦੋਂ ਮੁੱਲ ਦੇਣ ਲੱਗਾ ਹੈ! ਜਦੋਂ ਉਸ ਨੇ ਆਪਣੀ ਇਹ ਹਸਰਤ ਮੇਰੇ ਪਿਓ ਨਾਲ ਸਾਂਝੀ ਕੀਤੀ ਤਾਂ ਮੇਰੇ ਪਿਓ ਨੇ ਮੁਸਕਰਾ ਕੇ ਕਿਹਾ, "ਪੈਸਿਆਂ ਦੀ ਗੱਲ ਤਾਂ, ਡਾਕਟਰ ਜੀ, ਤੁਸੀਂ ਛੱਡੋ। ਉਂਜ ਆਪਾਂ ਐਂ ਕਰਦੇ ਆਂ...ਮਾਮੇ ਨੂੰ ਕਿਤੇ ਵਾਂਢੇ ਘਲਾ ਦੇਨੇਂ ਆਂ। ਪਿੱਛੋਂ ਆਪਾਂ ਨੀਂਹ ਰਖਾ ਕੇ ਕੰਧ ਚੁਕ ਦਿਆਂਗੇ। ਮਾਮਾ ਜਦੋਂ ਨੂੰ ਆਊ ਉਦੋਂ ਵੇਖੀ ਜਾਊ।"

ਕਰਮ ਚੰਦ ਝਿਜਕਦਾ ਅਤੇ ਡਰਦਾ ਵੀ ਸੀ। ਉਸ ਨੂੰ ਪਤਾ ਸੀ ਕਿ ਵਿਗੜ ਜਾਣ ਤੇ ਹਕੀਕਤ ਸਿੰਘ ਤਲਵਾਰ ਵੀ ਕੱਢ ਸਕਦਾ ਸੀ। ਪਰ ਮੇਰੇ ਪਿਤਾ ਨੇ ਬਾਪੂ ਨੂੰ ਕਿਤੇ ਕਿਸੇ ਕੰਮ ਵਾਂਢੇ ਜਾਣਾ ਮਨਾ ਹੀ ਲਿਆ। ਉਨ੍ਹਾਂ ਨੂੰ ਆਸ ਸੀ ਕਿ ਅੱਜ ਸ਼ਾਮ ਦਾ ਗਿਆ ਉਹ ਪੰਦਰਾਂ ਵੀਹਾਂ ਕੋਹਾਂ ਤੋਂ ਕੱਲ੍ਹ ਸ਼ਾਮ ਤੱਕ ਤੋਂ ਪਹਿਲਾਂ ਤਾਂ ਮੁੜਨ ਹੀ ਨਹੀਂ ਲੱਗਾ। ਚਾਹਵੇ ਤਾਂ 2-3 ਦਿਨ ਲਾ ਆਵੇ। ਸਵੇਰੇ ਨੀਂਹ ਰੱਖੀ ਜਾਣੀ ਸੀ। ਰਾਜ ਮਿਸਤਰੀ ਅਜੇ ਸੰਦ ਹੀ ਸੂਤ ਕਰਦੇ ਫ਼ਿਰਦੇ ਸਨ ਤੇ ਕਰਮ ਚੰਦ ਤੇ ਮੇਰਾ ਪਿਤਾ ਥਾਂ ਦਾ ਜਾਇਜ਼ਾ ਹੀ ਲੈਂਦੇ ਫ਼ਿਰਦੇ ਸਨ ਕਿ ਬਾਪੂ ਹਕੀਕਤ ਸਿੰਘ ਆ ਗਿਆ। ਕੀਤਾ ਤਾਂ ਅਜੇ ਭਾਵੇਂ ਕੁੱਝ ਨਹੀਂ ਸੀ ਪਰ ਦੋਹਾਂ ਨੂੰ ਜਾਪਿਆ ਜਿਵੇਂ ਚੋਰ ਸੰਨ੍ਹ 'ਤੋਂ ਫੜ੍ਹਿਆ ਗਿਆ ਹੋਵੇ। ਉਨ੍ਹਾਂ ਦੀ ਬਣਾਈ ਸਕੀਮ ਉਤੇ ਪਾਣੀ ਫ਼ਿਰ ਗਿਆ ਸੀ।

"ਸੁਣ ਓਏ ਦੀਦਾਰ! ਤੇ ਕਰਮ ਚੰਦਾ ਤੂੰ ਵੀ ਸੁਣ! ਮੇਰੇ ਨਾਲ ਹੇਰਾ ਫ਼ੇਰੀ ਮਾਰਦੇ ਸਾਓ!"

ਸੁਣ ਕੇ ਦੋਹਾਂ ਦੇ ਚਿਹਰੇ ਉਤੇ ਤਰੇਲੀ ਆ ਗਈ। ਉਨ੍ਹਾਂ ਸਹਿਮੀਆਂ ਨਜ਼ਰਾਂ ਨਾਲ ਬਾਪੂ ਦੇ ਚਿਹਰੇ ਵੱਲ ਵੇਖਿਆ। ਮੈਂ ਇਸ ਮੌਕੇ ਦਾ ਚਸ਼ਮਦੀਦ ਗਵਾਹ ਹਾਂ। ਪਰ ਬਾਪੂ ਤਾਂ ਮੁਸਕੜੀਏ ਹੱਸ ਰਿਹਾ ਸੀ, "ਦਾਈਆਂ ਤੋਂ ਪੇਟ ਨਹੀਂ ਲੁਕੇ ਰਹਿੰਦੇ। ਜਿਹੜੀ ਤੁਹਾਡੇ ਢਿੱਡ 'ਚ ਐ, ਉਹ ਮੇਰਿਆਂ ਨਹੁੰਆਂ 'ਚ ਐ। ਐਧਰ ਆ ਓ ਮਿਸਤਰੀ" ਉਹਨੇ ਰਾਜ ਮਿਸਤਰੀ ਨੂੰ ਆਵਾਜ਼ ਮਾਰੀ, "ਆਹ ਲੈ, ਐਥੇ ਕੰਧ ਕੀਤਿਆਂ ਇਹਦੀ ਦੁਕਾਨ ਠੀਕ ਬਣ ਜੂ।" ਉਹਨੇ ਜ਼ਮੀਨ 'ਤੇ ਪੈਰ ਰੱਖਿਆ। ਇਹ ਕਰਮ ਚੰਦ ਤੇ ਮੇਰੇ ਪਿਓ ਵੱਲੋਂ ਪਹਿਲਾਂ ਮਿਥੇ ਹੋਏ ਥਾਂ ਤੋਂ ਵੀ ਡੇਢ ਫੁੱਟ ਅੰਦਰ ਨੂੰ ਸੀ।

"ਬਾਪੂ ਜੀ! ਸਰਦਾਰ ਜੀ, ਵਾਧੂ" ਮਿਸਤਰੀ ਕਾਂਡੀ ਫੜੀ ਅਹੁਲ ਕੇ ਉਸ ਵੱਲ ਵਧਿਆ। ਮੇਰਾ ਪਿਤਾ ਅਤੇ ਕਰਮ ਚੰਦ ਅਜੇ ਵੀ ਬੁੱਤ ਬਣੇ ਖੜੋਤੇ ਸਨ।

"ਲਿਆ ਫ਼ਿਰ ਮਾਰ ਬੰਦੇ ਨੂੰ ਵਾਜ ਅਤੇ ਵਾਹਗੁਰੂ ਆਖ ਕੇ ਨੀਂਹ ਪੁੱਟੋ...।" ਕਰਮ ਚੰਦ ਦੀਆਂ ਅੱਖਾਂ ਵਿਚ ਪਾਣੀ ਸਿੰਮ ਆਇਆ।

ਇਹ ਸਦ-ਭਾਵ ਕੇਵਲ ਇੱਕ ਪਾਸੜ ਨਹੀਂ ਸੀ। ਦੋਹਾਂ ਪਾਸਿਆਂ ਤੋਂ ਅਜਿਹੀ ਮੁਹੱਬਤ ਦਾ ਪ੍ਰਗਟਾ ਅਕਸਰ ਹੀ ਹੁੰਦਾ ਰਹਿੰਦਾ। ਅਜਿਹੇ ਸਦ-ਭਾਵੀ ਮਾਹੌਲ ਵਿਚ ਪਲਣ ਦਾ ਅਸਰ ਵੀ ਜ਼ਰੂਰ ਮੇਰੀ ਮਾਨਸਿਕ ਬਣਤਰ ਉਤੇ ਪਿਆ ਹੋਵੇਗਾ।

ਬਾਪੂ ਹਕੀਕਤ ਸਿੰਘ ਦੇ ਵੇਲੇ ਦੀਆਂ ਹੀ ਕਈ ਹੋਰ ਗੱਲਾਂ ਮੈਨੂੰ ਯਾਦ ਹਨ। ਉਹ ਬਹੁਤ ਮਜ਼ਾਕੀਆ ਇਨਸਾਨ ਸੀ। ਐਵੇਂ ਹੀ ਅਗਲੇ ਨਾਲ ਛੇੜ-ਛਾੜ ਕਰਦੇ ਰਹਿਣਾ। ਸਾਡੇ ਆਂਢ-ਗੁਆਂਢ ਦੀਆਂ ਬਜ਼ੁਰਗ ਔਰਤਾਂ ਨਾਲ ਉਹ ਬੁੱਢੇ-ਵਾਰੇ ਵੀ ਦਿਓਰਾਂ ਵਾਂਗ ਮਜ਼ਾਕ ਕਰਦਾ। ਨੱਥੂ ਰਾਮ ਦੀ ਮਾਂ ਪਾਰਵਤੀ ਨੂੰ ਉਹ ਅਕਸਰ ਸ਼ਰਾਰਤ ਨਾਲ ਆਖਦਾ, "ਸ਼ਾਹਣੀ! ਰਾਤੀਂ ਮੈਨੂੰ ਸ਼ਾਹ ਮਿਲਿਆ ਸੀ ਸੁਫ਼ਨੇ 'ਚ।" ਉਹਦਾ ਭਾਵ ਉਹਦੇ ਮਰ ਚੁੱਕੇ ਪਤੀ ਤੋਂ ਹੁੰਦਾ, "ਉਹ ਮੈਨੂੰ ਆਖਦਾ ਸੀ ਕਿ ਮੇਰਾ ਸ਼ਾਹਣੀ ਬਿਨਾਂ ਜੀਅ ਨਹੀਂ ਲੱਗਦਾ। ਉਹਨੂੰ ਘਲਾ ਮੇਰੇ ਕੋਲ," ਉਹ ਮੁਸਕੜੀਆਂ 'ਚ ਹੱਸਦਾ।

"ਵੇ ਫ਼ਿਟੇ ਮੂੰਹ ਤੇਰਾ! ਹੁਣ ਬੁੱਢੇ ਵਾਰੇ ਤਾਂ ਕੁੱਝ ਸ਼ਰਮ ਕਰ। ਮੈਂ ਕਿਓਂ ਮਰਾਂ! ਪਹਿਲਾਂ ਤੂੰ ਮਰ। ਤੇਰੇ ਪਿੱਛੇ ਪਿੱਛੇ ਮੈਂ ਆਊਂਗੀ," ਅੱਧਾ ਗੁੱਸੇ ਅਤੇ ਅੱਧੇ ਲਾਡ ਨਾਲ ਉਹ ਉਸ ਨੂੰ ਝਿੜਕਦੀ। ਉਹਦਾ ਪੁੱਤ ਵੀ ਇਹ ਮਸ਼ਕਰੀ ਸੁਣ ਕੇ ਹੱਸਦਾ ਰਹਿੰਦਾ, "ਚਾਚਾ! ਸਾਰੀ ਉਮਰ ਬੱਸ ਮੁੰਡੇ ਦਾ ਮੁੰਡਾ ਹੀ ਰਿਹਾ...।"

ਮੈਨੂੰ ਯਾਦ ਹੈ, ਡਾ. ਕਰਮ ਚੰਦ ਦੀ ਦੁਕਾਨ 'ਤੇ ਜਦੋਂ ਕਦੀ ਮਰੀਜ਼ ਨਾ ਹੋਣਾ ਜਾਂ ਵਿਹਲ ਹੋਣੀ ਤਾਂ ਉਹਨੇ ਸਾਡੇ ਘਰ ਆ ਵੜਨਾ। ਰਸੋਈ ਕੋਲ ਜਾਂ ਚੌਤਰੇ ਕੋਲ ਆ ਕੇ ਆਵਾਜ਼ ਦੇਣੀ, "ਓ ਨਾਮ੍ਹੋ ਕੌਰੇ! ਜੋਗਿੰਦਰ ਕੌਰੇ! ਕੀ ਧਰਿਆ ਜੇ...!"

ਮੇਰੀ ਮਾਂ ਜਾਂ ਦਾਦੀ ਨੇ ਦੱਸਣਾ।

"ਕੋਈ ਰੋਟੀ ਵੀ ਪਈ ਜੇ ਸਵੇਰ ਦੀ...?"

"ਸਵੇਰ ਦੀ ਕਿਓਂ ਜੀ...ਸੁੱਖੀ ਸਾਂਦੀ ਹੁਣੇ ਸੱਜਰੀ ਲਾਹ ਦਿੰਦੀ ਆਂ।" ਮੇਰੀ ਦਾਦੀ ਜਾਂ ਮਾਂ ਨੇ ਆਖਣਾ।

"ਨਹੀਂ ਨਹੀਂ, ਰੋਟੀਆਂ ਕਰ ਦੋ ਉਰ੍ਹਾਂ ਮੇਰੇ ਵੱਲ ਅਤੇ ਉਤੇ ਹੀ ਸਲੂਣਾ ਪਾ ਦੇਹ।"

ਉਹਨੇ ਹੱਥ ਉਤੇ ਰੋਟੀ ਰੱਖ ਕੇ, ਬੁਰਕੀ ਤੋੜ ਤੋੜ ਕੇ ਖਾਈ ਜਾਣੀ ਤੇ ਘਰਦਿਆਂ ਜੀਆਂ ਨਾਲ ਏਧਰ ਓਧਰ ਦੀਆਂ ਮਾਰਦੇ ਰਹਿਣਾ।

"ਲਿਆ ਓਏ ਪਾਣੀ ਦਾ ਗਲਾਸ ਦੁਕਾਨ 'ਤੇ ਮਰੀਜ਼ ਨਾ ਆ ਗਿਆ ਹੋਵੇ ਕੋਈ" ਕਦੀ ਕਦੀ ਉਹਨੇ ਮੈਨੂੰ ਆਖਣਾ। ਸਾਡੇ ਘਰ ਉਹਦਾ ਇੰਜ ਅਪਣੱਤ ਨਾਲ ਆ ਜਾਣਾ ਅਤੇ ਆਪਣੇ ਘਰ ਵਾਂਗ ਹੀ ਰੋਟੀ ਮੰਗ ਕੇ ਖਾ ਲੈਣਾ ਅੱਜ ਵੀ ਜਦੋਂ ਮੈਨੂੰ ਯਾਦ ਆਉਂਦਾ ਹੈ ਤਾਂ ਸਾਂਝੇ ਭਾਈਚਾਰੇ ਦੀ ਰੇਸ਼ਮੀ ਸਾਂਝ ਵਾਲੇ ਆਪਸੀ ਮੁਹੱਬਤੀ ਅਹਿਸਾਸ ਨਾਲ ਮੇਰਾ ਆਪਾ ਸਰਸ਼ਾਰ ਹੋ ਜਾਂਦਾ ਹੈ।

**(ਚਲਦਾ)**

***ਚੌਂਕ ਤੋਂ ਪਹਾੜ ਦੀ ਬਾਹੀ ਵੱਲ ਨਿਕਲਦੇ ਬਾਜ਼ਾਰ ਵਿਚ ਨੁੱਕਰ ਉਤੇ ਲਾਭ ਚੰਦ ਬਜਾਜੀ ਵਾਲੇ ਦੀ ਅਤੇ ਉਸ ਤੋਂ ਅੱਗੇ ਉਸ ਦੇ ਛੋਟੇ ਭਰਾ ਵੇਦ ਪ੍ਰਕਾਸ਼ ਦੀ ਕਰਿਆਨੇ ਦੀ ਦੁਕਾਨ ਸੀ ਅਤੇ ਅੱਗੇ ਸੀ ਸਾਡੀ ਗਾਡੀ ਦਰਵਾਜ਼ੇ ਵਾਲੀ ਵੱਡੀ ਡਿਓੜ੍ਹੀ ਜਿਹੜੀ ਪਹਾੜ ਵੱਲ ਜਾਂਦੇ ਮੇਨ ਬਾਜ਼ਾਰ ਵਿਚ ਖੁੱਲ੍ਹਦੀ ਸੀ। ਡਿਓੜ੍ਹੀ ਦੇ ਐਨ ਸਾਹਮਣੇ ਪਾਸੇ, 15-20 ਫੁੱਟ ਦਾ ਬਾਜ਼ਾਰ ਛੱਡ ਕੇ ਦੋ ਚੁਬਾਰਿਆਂ ਵਾਲੀ ਦੋ-ਮੰਜ਼ਿਲਾ ਇਮਾਰਤ ਸੀ। ਇਹ ਇਮਾਰਤ ਵੀ ਝੰਡੂ-ਸ਼ਾਹ-ਦੀਵਾਨ ਸ਼ਾਹ ਹੁਰਾਂ ਦੀ ਸੀ ਪਰ ਦਿਨਾਂ ਦੇ ਫੇਰ ਕਰਕੇ ਦੀਵਾਨ ਸ਼ਾਹ ਹੁਰਾਂ ਨੂੰ ਇਹ ਲਾਭ ਚੰਦ ਅਤੇ ਵੇਦ ਪ੍ਰਕਾਸ਼ ਦੇ ਪਿਤਾ ਜੈ ਰਾਮ ਕੋਲ ਗਹਿਣੇ ਕਰਨੀ ਪਈ ਸੀ; ਜਿੱਥੇ ਮੇਰੀ ਮੁਢਲੀ ਸੰਭਾਲ ਵੇਲੇ ਪਿੰਡ ਦਾ ਪਟਵਾਰੀ ਰਿਹਾ ਕਰਦਾ ਸੀ।***

ਕਹਾਣੀ

# ਕਬਰ 'ਚ ਦਫ਼ਨ ਹਜ਼ਾਰ ਵਰ੍ਹੇ

***ਅਜਮੇਰ ਸਿੱਧੂ ਦੀ ਕਹਾਣੀ 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਅੱਜ ਦੇ ਯੁੱਗ ਵਿਚ ਟੁਕੜਿਆਂ ਵਿਚ ਵੰਡੇ ਜਾ ਰਹੇ ਬੰਦੇ ਦੀ ਕਥਾ ਹੈ। ਵਿਗਿਆਨ ਦੀ ਤਰੱਕੀ ਨੇ ਬੰਦੇ ਨੂੰ ਦਿਸਹੱਦਿਆਂ ਤੋਂ ਪਾਰ ਲੈ ਕੇ ਜਾਣਾ ਸੀ ਪਰ ਇਸ ਯੁੱਗ ਵਿਚ ਬੰਦੇ ਦੀ ਪਰਵਾਜ਼ ਇੰਨੀ ਛੋਟੀ ਅਤੇ ਖਤਰਨਾਕ ਹੋ ਜਾਵੇਗੀ, ਇਹ ਕਿਆਸ ਨਾ ਵਿਗਿਆਨ ਅਤੇ ਨਾ ਹੀ ਵਿਗਿਆਨੀਆਂ ਨੇ ਕਦੀ ਕੀਤਾ ਹੋਵੇਗਾ। ਕਹਾਣੀ ਵਿਚ ਇਕ ਧਰਮ ਵਿਸ਼ੇਸ਼ ਦਾ ਬੰਦਾ ਨਫਰਤ ਵਿਚ ਜਿਸ ਤਰ੍ਹਾਂ ਦੀ ਹਰਕਤ ਕਰਦਾ ਹੈ, ਉਹ ਬੰਦੇ ਦੇ ਬੰਦਾ ਹੋਣ 'ਤੇ ਦਾਗ ਹੈ। -ਸੰਪਾਦਕ***

ਮੈਂ ਲੈਬ ਵਿਚ ਬੈਠਾ ਐਸ.ਪੀ. ਸ਼ੁਕਲਾ ਦੇ ਫ਼ੋਨ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹਾਂ। ਉਨ੍ਹਾਂ ਕੋਲ ਮੇਰੇ ਲਈ ਬਹੁਤ ਵੱਡੀ ਖ਼ਬਰ ਹੈ। ਬਲਾਤਕਾਰੀ ਦਾ ਡੀ.ਐਨ.ਏ. ਤੇਤੀ ਨੰਬਰ ਵਾਲੇ ਦੋਸ਼ੀ ਨਾਲ ਮੈਚ ਕਰ ਗਿਆ ਸੀ। ਉਸ ਦੀ ਰਿਪੋਰਟ ਪੁਲਿਸ ਵਿਭਾਗ ਦੇ ਸਪੁਰਦ ਕੀਤੀ ਨੂੰ ਪੰਜ ਘੰਟੇ ਬੀਤ ਗਏ ਨੇ। ਰਿਪੋਰਟ ਦੇਣ ਪਿਛੋਂ ਮੈਂ ਸਿੱਧਾ ਲੈਬ ਵਿਚ ਆ ਗਿਆ ਸੀ। ਇਥੇ ਆ ਕੇ ਮੈਂ ਇਸ ਰਿਪੋਰਟ ਬਾਰੇ ਐਸ.ਪੀ. ਸਾਹਿਬ ਨਾਲ ਫ਼ੋਨ 'ਤੇ ਗੱਲ ਸਾਂਝੀ ਕੀਤੀ। ਮੈਂ



**ਅਜਮੇਰ ਸਿੱਧੂ**

ਉਨ੍ਹਾਂ ਤੋਂ ਉਸ ਕੁਕਰਮੀ ਦਾ ਨਾਂ ਵੀ ਪੁੱਛਿਆ। ਉਨ੍ਹਾਂ ਨੇ 'ਕੁੱਝ ਮਿੰਟ ਠਹਿਰ ਕੇ ਦੱਸਦਾਂ' ਕਹਿ ਕੇ ਫ਼ੋਨ ਕੱਟ ਦਿੱਤਾ। ਮੈਂ ਪੁਲਿਸ ਨੂੰ ਰਿਪੋਰਟ ਦੇਣ ਵੇਲੇ ਤਾਂ ਉਤਸ਼ਾਹ ਵਿਚ ਸੀ। ਹੁਣ ਜਦ ਐਸ.ਪੀ. ਸਾਹਿਬ ਦੀ ਵਾਪਸੀ ਕਾਲ ਵੀ ਨਹੀਂ ਆਈ, ਮੈਂ ਉਦਾਸ ਹੋ ਗਿਆ।

ਮੈਂ ਇਸ ਉਦਾਸੀ 'ਚੋਂ ਨਿਕਲਣ ਲਈ ਆਪਣਾ ਧਿਆਨ ਆਰਸੀ ਜਾਂ ਆਪਣੀ ਖੋਜ ਵੱਲ ਡਾਇਵਰਟ ਕਰਨ ਲੱਗਾ।

ਮੈਂ ਅੱਠ ਸਾਲ ਪਹਿਲਾਂ ਬਰਕਲੇ ਯੂਨੀਵਰਸਿਟੀ ਦਾ ਸਟੂਡੈਂਟ ਸੀ। ਆਖ਼ਰੀ ਸਮੈਸਟਰ ਵੇਲੇ ਉਥੇ ਸੈਮੀਨਾਰ ਹੋਇਆ। ਸੈਮੀਨਾਰ ਦਾ ਵਿਸ਼ਾ ਸੀ 'ਕੀ ਮਨੁੱਖ ਦੀ ਉਮਰ ਹਜ਼ਾਰ ਵਰ੍ਹੇ ਹੋ ਸਕਦੀ ਹੈ?' ਇਸ ਸੈਮੀਨਾਰ ਵਿਚ ਦੁਨੀਆਂ ਭਰ ਦੇ ਵਿਗਿਆਨੀਆਂ ਨੇ ਹਿੱਸਾ ਲਿਆ ਸੀ। ਮੈਨੂੰ ਵੀ ਯੂਨੀਵਰਸਿਟੀ ਨੇ ਇਸ ਸੈਮੀਨਾਰ ਲਈ ਡੈਲੀਗੇਟ ਚੁਣਿਆ ਸੀ। ਸੈਮੀਨਾਰ ਵਿਚ ਇਹ ਤੱਤ ਉਭਰ ਕੇ ਸਾਹਮਣੇ ਆਇਆ ਸੀ ਕਿ ਆਦਮੀ ਦੀ ਉਮਰ ਲੰਮੀ ਕਰਨ ਦਾ ਫ਼ਾਰਮੂਲਾ ਲੈਬ ਵਿਚੋਂ ਹੀ ਨਿਕਲ ਸਕਦਾ ਹੈ।

ਇਸ ਬਾਰੇ ਮੇਨ ਆਈਡੀਆ ਬ੍ਰਾਇਓਗ੍ਰੋਨੋਲਾਜਿਸਟ ਡਾਕਟਰ ਸਟੀਫ਼ਨ ਦਾ ਹੀ ਉਭਰਿਆ ਸੀ। ਦੋ ਵਰ੍ਹੇ ਪਹਿਲਾਂ ਵੀ ਉਨ੍ਹਾਂ ਉਮਰ ਵਧਾਉਣ ਦੇ ਫ਼ਾਰਮੂਲੇ ਦਾ ਸੰਕੇਤ 'ਮਾਲੀਕਿਊਲਰ ਸਿਸਟਮਜ਼' ਸਾਇੰਸ ਮੈਗਜ਼ੀਨ ਦੇ ਸੰਪਾਦਕ ਹੁੰਦਿਆਂ ਦਿੱਤਾ ਸੀ। ਸੈਮੀਨਾਰ ਦੇ ਆਖ਼ਰੀ ਦਿਨ ਮੈਂ ਇਹ ਖੋਜ ਕਰਨ ਦੀ ਆਗਿਆ ਡਾਕਟਰ ਸਾਹਿਬ ਤੋਂ ਮੰਗੀ ਸੀ। ਉਨ੍ਹਾਂ ਮੇਰੀ ਪਿੱਠ ਥਾਪੜ ਕੇ ਸਹਿਮਤੀ ਦੇ ਨਾਲ ਨਾਲ ਇਸ ਖੋਜ ਦੇ ਦਸਤਾਵੇਜ਼ ਮੁਹੱਈਆ ਕਰਵਾਉਣ ਦਾ ਵਾਅਦਾ ਵੀ ਕੀਤਾ ਸੀ।

ਉਂਜ ਤਾਂ ਮੈਂ ਅਮਰੀਕਾ ਵਿਚ ਰਹਿ ਕੇ ਹੀ ਇਹ ਖੋਜ ਕਰਨ ਦਾ ਇੱਛੁਕ ਸਾਂ ਪਰ ਉਥੋਂ ਕੋਈ ਰਿਸਪੌਂਸ ਨਹੀਂ ਸੀ ਮਿਲਿਆ। ਸ਼ਾਇਦ ਅੱਜਕੱਲ੍ਹ ਅਮਰੀਕਾ ਸਰਕਾਰ ਨੇ ਵੀ ਅਜਿਹੀਆਂ ਖੋਜਾਂ ਤੋਂ ਹੱਥ ਖਿੱਚੇ ਹੋਏ ਹਨ। ਉਨ੍ਹਾਂ ਦਾ ਜ਼ੋਰ ਮੰਡੀਆਂ ਵਿਚ ਬਾਜ਼ਾਰ ਵਿਕਸਤ ਕਰਨ 'ਤੇ ਲੱਗਾ ਹੋਇਆ ਹੈ।

ਮੈਂ ਭਾਰਤ ਆ ਗਿਆ। ਮੇਰੀ ਮਾਂ ਸਿਹਤ ਵਿਭਾਗ ਦੀ ਡਾਇਰੈਕਟਰ ਹੁੰਦੀ ਸੀ। ਉਨ੍ਹਾਂ ਦਿਨਾਂ ਵਿਚ ਉਹ ਅਗਾਊਂ ਸੇਵਾਮੁਕਤੀ ਲੈ ਚੁੱਕੀ ਸੀ। ਡੈਡ ਨੇ ਉਨ੍ਹਾਂ ਲਈ ਮੇਰੇ ਦਾਦਾ ਜੀ ਸ. ਜਸਵੰਤ ਸਿੰਘ ਚਾਵਲਾ ਦੀ ਯਾਦ ਵਿਚ 'ਚਾਵਲਾ ਨਰਸਿੰਗ ਇੰਸਟੀਚੂਟ' ਖੋਲ੍ਹ ਦਿੱਤਾ ਸੀ। ਮੇਰਾ ਇਰਾਦਾ ਉਨ੍ਹਾਂ ਦੇ ਕਾਲਜ ਵਿਚ ਲੈਬ ਬਣਾਉਣ ਦਾ ਸੀ। ਡੈਡ ਸੈਂਟਰ ਵਿਚ ਆਈ.ਏ.ਐਸ. ਅਧਿਕਾਰੀ ਨੇ ਪਰ ਉਨ੍ਹਾਂ ਨੇ ਇਥੇ ਦਿੱਲੀ ਦੇ ਨੈਸ਼ਨਲ ਇੰਸਟੀਚੂਟ ਆਫ਼ ਕ੍ਰਿਮੀਨੋਲੋਜੀ ਐਂਡ ਫ਼ੋਰੈਂਸਿਕ ਸਾਇੰਸ ਵਿਚ ਮੈਨੂੰ ਜੌਬ ਦੁਆ ਦਿੱਤੀ। ਇਸ ਜੌਬ ਦੇ ਨਾਲ ਨਾਲ ਮੈਂ ਆਪਣੀ ਪ੍ਰਾਈਵੇਟ ਲੈਬ ਵਿਚ ਜਵਾਨੀ ਵਾਲੇ ਹਾਰਮੋਨਜ਼ ਵਿਚ ਵਾਧਾ ਕਰਨ ਦੇ ਫ਼ਾਰਮੂਲੇ 'ਤੇ ਰਿਸਰਚ ਸ਼ੁਰੂ ਕਰ ਦਿੱਤੀ।

ਦਿੱਲੀ ਵਰਗੇ ਸ਼ਹਿਰ ਵਿਚ ਲੈਬ ਬਣਾਉਣਾ ਕਿਹੜਾ ਸੌਖਾ ਕੰਮ ਏ। ਡੈਡ ਨੇ ਮੈਨੂੰ ਦਿੱਲੀ ਦਾ ਲਗਭਗ ਹਰ ਏਰੀਆ ਦਿਖਾਇਆ। ਪੌਸ਼ ਏਰੀਏ 'ਚ ਵੀ ਲੈ ਕੇ ਗਏ। ਲੈਬ ਵਾਸਤੇ ਤਾਂ ਸ਼ਾਂਤ ਵਾਤਾਵਰਨ ਚਾਹੀਦਾ ਹੁੰਦੈ। ਫਿਰ ਯਮੁਨਾ ਪਾਰ ਤੋਂ ਖਾਸਾ ਦੂਰ ਆਹ ਜਗ੍ਹਾ ਪਸੰਦ ਆਈ ਸੀ। ਵਾਹਨਾਂ ਦੇ ਪ੍ਰੈਸ਼ਰ ਹਾਰਨਾਂ ਅਤੇ ਲੋਕਾਂ ਦੀ ਕਾਵਾਂ ਰੌਲੀ ਤੋਂ ਦੂਰ। ਸ਼ਹਿਰ ਦੇ ਭੀੜ ਭੜੱਕੇ ਤੋਂ ਤਾਂ ਕੋਹਾਂ ਦੂਰ। ਮੁੱਖ ਸੜਕ ਤੋਂ ਹਟ ਕੇ ਲਿੰਕ ਰੋਡ 'ਤੇ ਜਾਂਦਿਆਂ ਨਿੱਕੀ ਜਿਹੀ ਪਹਾੜੀ ਦੇ ਪੈਰਾਂ ਵਿਚ ਇਹ ਨਿਵੇਕਲੀ ਜਿਹੀ ਥਾਂ ਹੈ।

ਇਹਦੇ ਸੱਜੇ ਪਾਸੇ ਡੇਢ ਕੁ ਕਿਲੋਮੀਟਰ ਦੀ ਦੂਰੀ 'ਤੇ ਨਹਿਰ ਹੈ। ਇਥੋਂ ਦੀ ਸੜਕ ਅਵਾਜ਼ ਦੀ ਤਰੰਗ ਵਾਂਗ ਕਿਤੇ ਉਚੀ ਤੇ ਕਿਤੇ ਨੀਵੀਂ ਹੈ। ਇਸ ਘੱਟ ਚੌੜੀ ਸੜਕ ਦੇ ਆਲੇ ਦੁਆਲੇ ਟਾਂਵੀਆਂ ਟਾਂਵੀਆਂ ਕੋਠੀਆਂ ਹਨ। ਉਹ ਵੀ ਦੂਰ ਦੂਰ। ਚਾਰੇ ਪਾਸੇ ਲੱਗੇ ਦਰਖਤਾਂ ਵਿਚ ਲੁਕੀਆਂ ਹੋਈਆਂ। ਧਰਤੀ 'ਤੇ ਹਰਿਆਵਲ ਹੀ ਹਰਿਆਵਲ। ਬਿਲਕੁਲ ਸ਼ਾਂਤ ਏਰੀਆ। ਕਿਸੇ ਪੰਛੀ ਦੀ ਚਹਿਚਹਾਟ ਇਥੇ ਪਸਰੀ ਸ਼ਾਂਤੀ 'ਚ ਥਰ-ਥਰਾਹਟ ਜ਼ਰੂਰ ਪੈਦਾ ਕਰਦੀ ਹੈ।

ਮੈਂ ਡੈਡ ਨੂੰ ਇਸ ਕੋਠੀ ਲਈ ਹਾਂ ਕਰ ਦਿੱਤੀ। ਉਨ੍ਹਾਂ ਕਿਰਾਏ 'ਤੇ ਲੈ ਦਿਤੀ। ਮੈਂ ਸੁਰੱਖਿਆ ਵਾਲੇ ਪੱਖ ਤੋਂ ਇਹਨੂੰ ਸਕਿਓਰਿਟੀ ਅਲਾਰਮ ਨਾਲ ਜੋੜ ਦਿੱਤਾ। ਇਸ ਦੇ ਵੱਡੇ ਹਾਲ ਵਿਚ ਲੈਬ ਬਣਾ ਲਈ ਤੇ ਬਾਕੀ ਰੂਮ ਰਿਹਾਇਸ਼ ਲਈ ਰੱਖ ਲਏ।

ਇਸ ਲੈਬ ਦੇ ਸਭ ਤੋਂ ਨੇੜੇ ਜਸਟਿਸ ਇਰਫ਼ਾਨ ਅਲੀ ਦੀ ਕੋਠੀ ਹੈ ਜਿਸ ਦੀਆਂ ਖਿੜਕੀਆਂ 'ਚੋਂ ਹਲਕਾ ਹਲਕਾ ਪ੍ਰਕਾਸ਼ ਬਾਹਰ ਆਉਂਦਾ ਦਿਖਾਈ ਦਿੰਦਾ ਰਹਿੰਦਾ ਹੈ। ਇਥੇ ਕੋਈ ਇਕ ਦੂਜੇ ਨੂੰ ਜਾਣਦਾ ਨਹੀਂ। ਇਸ ਲੈਬ ਵਿਚ ਮੇਰਾ ਨਿੱਜੀ ਸਟਾਫ਼ ਹੁੰਦਾ ਹੈ। ਮੇਰੀ ਸਹਾਇਕ ਵਜੋਂ ਡਾ. ਰਾਧਿਕਾ ਹੁੰਦੀ ਹੈ ਜਾਂ ਫਿਰ ਮੇਰਾ ਨੌਕਰ ਯੋਗੇਸ਼। ਡਾ. ਰਾਧਿਕਾ ਕੰਮ ਪ੍ਰਤੀ ਭਾਵਨਾ ਰੱਖਣ ਵਾਲੀ ਕੁੜੀ ਏ। ਉਹ ਸਿਰਫ਼ ਡਿਊਟੀ 'ਤੇ ਆਉਂਦੀ ਤੇ ਸ਼ਾਮ ਨੂੰ ਵਰਕ ਰਿਪੋਰਟ ਦੇ ਕੇ ਚਲੀ ਜਾਂਦੀ। ਇਸ ਸਮੇਂ ਸਟਾਫ਼ ਦੇ ਘਰੋ-ਘਰੀ ਪਰਤਣ ਮਗਰੋਂ ਵੀ ਯੋਗੇਸ਼ ਲੈਬ ਵਿਚ ਹੀ ਰਹਿੰਦਾ।

ਮੇਰੇ ਵਰਗਾ ਵਿਗਿਆਨੀ ਰੱਬ ਦੀ ਹੋਂਦ ਤੋਂ ਮੁਨਕਰ ਹੈ ਪਰ ਯੋਗੇਸ਼ ਰਾਮ ਭਗਤ ਹੈ। ਉਸ ਨੇ ਸਰਵੈਂਟ ਰੂਮ ਨੂੰ ਮੰਦਰ 'ਚ ਬਦਲਿਆ ਹੋਇਆ ਹੈ। ਭਗਵਾਨ ਦੀ ਮੂਰਤੀ ਦੀ ਪੂਜਾ ਕੀਤੇ ਬਗੈਰ ਕਿਸੇ ਕੰਮ ਨੂੰ ਹੱਥ ਨਹੀਂ ਲਾਉਂਦਾ। ਬੱਤੀ ਸਾਲਾਂ ਦਾ ਹੋ ਗਿਆ ਹੈ। ਮੇਰੇ ਵਾਂਗ ਕੱਲਮ-ਕੱਲਾ। ਗ਼ਰੀਬੀ ਨੇ ਇਹਦਾ ਵਿਆਹ ਨਹੀਂ ਹੋਣ ਦਿਤਾ। ਉਂਜ ਇਹ ਚਿੱਟੇ ਕੁੜਤੇ ਪਜਾਮੇ ਵਿਚ ਸ਼ਾਂਤ ਚਿੱਤ ਦਿਖਾਈ ਦੇਵੇਗਾ। ਮੱਥੇ ਦੇ ਤਿਲਕ ਤੋਂ ਇਹ ਕੋਈ ਤਪੱਸਵੀ ਲਗਦਾ ਹੈ। ਇਖਲਾਕ ਦਾ ਵੀ ਵਧੀਆ ਲਗਦੈ। ਇਹਨੇ ਕਦੇ ਰਾਧਿਕਾ ਨੂੰ ਮਾੜੀ ਨਜ਼ਰ ਨਹੀਂ ਵੇਖਿਆ; ਸਗੋਂ ਕਹੇਗਾ-ਇਹ ਤਾਂ ਸਾਡੀ ਕੁੜੀ ਆ। ਇਹਨੇ ਕਦੇ ਬਿਗਾਨੀ ਆਰਸੀ ਨੂੰ ਵੀ ਨਹੀਂ ਸੀ ਸਮਝਿਆ। ਉਹਨੂੰ ਤਾਂ ਦੇਖ ਕੇ ਖਿੜ ਜਾਂਦਾ ਹੁੰਦਾ ਸੀ। ਡਾ. ਰਾਧਿਕਾ ਤੋਂ ਪਹਿਲਾ ਡਾ. ਜਾਵੇਦ ਮੇਰਾ ਸਹਾਇਕ ਹੁੰਦਾ ਸੀ। ਯੋਗੇਸ਼ ਉਹਨੂੰ ਦੇਖ ਕੇ ਸੜ-ਭੁੱਜ ਜਾਂਦਾ। ਮੈਂ ਇਹਨੂੰ ਡਾਂਟਦਾ ਵੀ ਪਰ ਇਹ ਉਹਦਾ ਕਹਿਣਾ ਨਾ ਮੰਨਦਾ। ਅੱਜਕੱਲ੍ਹ ਨੌਕਰ ਲੱਭਣੇ ਵੀ ਔਖੇ ਨੇ। ਇਸੇ ਕਾਰਨ ਮੈਂ ਸਖਤੀ ਨਾ ਕਰਦਾ। ਹਾਰ ਕੇ ਜਾਵੇਦ ਨੇ ਨੌਕਰੀ ਤੋਂ ਛੁੱਟੀ ਕਰ ਲਈ।... ਖੈਰ, ਮੈਨੂੰ ਡਾ. ਰਾਧਿਕਾ ਉਹਦੇ ਨਾਲੋਂ ਵੀ ਸਿੰਸੀਅਰ ਕੁੜੀ ਮਿਲ ਗਈ। ਯੋਗੇਸ਼ ਇਹਦੇ ਨਾਲ ਪਰਚਿਆ ਰਹਿੰਦਾ।

ਚਾਣਚੱਕ, ਮੈਨੂੰ ਛੇ ਸਾਲ ਪੁਰਾਣੀ ਗੱਲ ਯਾਦ ਆ ਗਈ। ਮੈਂ ਉਸ ਦਿਨ ਫ਼ੋਰੈਂਸਿਕ ਸੈਂਟਰ ਦੀ ਜੌਬ ਤੋਂ ਖਿਝ ਗਿਆ ਸੀ। ਦਿਹਾੜੀ ਵਿਚ ਮਸਾਂ ਚਾਰ ਸੈਂਪਲਾਂ ਦੀ ਰਿਪੋਰਟ ਤਿਆਰ ਹੁੰਦੀ ਹੈ। ਉਥੇ ਸੱਤ-ਸੱਤ, ਅੱਠ ਅੱਠ ਸੈਂਪਲ ਮੂਹਰੇ ਕਰ ਦਿੰਦੇ ਨੇ। ਬੰਦਾ ਪਾਗਲ ਨਾ ਹੋਊ ਤਾਂ ਹੋਰ ਕੀ ਹੋਊ? ਸਵੇਰ ਤੋਂ ਸ਼ਾਮ ਤੱਕ ਫ਼ੋਰੈਂਸਿਕ ਸੈਂਟਰ ਫਸੇ ਰਹੋ। ਫਿਰ ਆਪਣੀ ਲੈਬ ਵਿਚ ਆ ਕੇ ਡਟਣਾ ਪੈਂਦਾ। ਵਿਗਿਆਨੀਆਂ ਦੀ ਵੀ ਕੋਈ ਜ਼ਿੰਦਗੀ ਹੁੰਦੀ ਆ?

ਉਸ ਦਿਨ ਫੋਰੈਂਸਿਕ ਸੈਂਟਰ ਤੋਂ ਤਾਂ ਜਲਦੀ ਤੁਰ ਪਿਆ ਸੀ ਪਰ ਮੈਂ ਦੇਰ ਤਕ ਯਮੁਨਾ ਪੁਲ 'ਤੇ ਲੱਗੇ ਟ੍ਰੈਫ਼ਿਕ ਜਾਮ ਵਿਚ ਫਸਿਆ ਰਿਹਾ। ਇਹੋ ਸੋਚਦਾ ਕਿ... ਮੈਂ, ਬੰਦੇ ਦੀ ਉਮਰ ਕੋਈ ਹਜ਼ਾਰ ਵਰ੍ਹੇ ਕਰਨ ਲੱਗਾ ਹੋਇਆਂ ਹਾਂ ਪਰ ਸਾਡੀਆਂ ਸਰਕਾਰਾਂ ਕੋਲੋਂ ਸੱਠ ਪੈਂਹਠ ਵਰ੍ਹਿਆਂ ਵਿਚ ਟ੍ਰੈਫ਼ਿਕ ਦੀ ਸਮੱਸਿਆ ਹੀ ਹੱਲ ਨਹੀਂ ਹੋਈ। ਕੀ ਨੇ ਭਾਰਤ ਦੀਆਂ ਅਸਲ ਸਮੱਸਿਆਵਾਂ, ਤੇ ਕੀ ਹੈ ਮੇਰੀ ਖੋਜ? ਉਨ੍ਹਾਂ ਪਲਾਂ 'ਚ ਮੈਂ ਮਾਯੂਸ ਜਿਹਾ ਹੋ ਗਿਆ ਸੀ। ਭੀੜ 'ਚੋਂ ਨਿਕਲ ਕੇ ਕਾਰ ਸੁੰਨੀ ਸੜਕ 'ਤੇ ਪਈ ਤਾਂ ਸੁੱਖ ਦਾ ਸਾਹ ਲਿਆ। ਅਸਮਾਨ 'ਤੇ ਇਕ ਦਮ ਹਨੇਰਾ ਛਾ ਗਿਆ। ਦੇਖਦੇ-ਦੇਖਦੇ ਜ਼ੋਰ ਨਾਲ ਹਨ੍ਹੇਰੀ ਵੀ ਆ ਗਈ। ਅਚਾਨਕ ਕਾਰ ਦੀ ਛੱਤ 'ਤੇ ਮੋਟੀਆਂ ਮੋਟੀਆਂ ਬੂੰਦਾਂ ਡਿੱਗਣ ਲੱਗੀਆਂ। ਜ਼ੋਰ ਦਾ ਮੀਂਹ ਉਤਰ ਆਇਆ। ਇਉਂ ਲੱਗ ਰਿਹਾ ਸੀ ਜਿਵੇਂ ਸਾਰੇ ਬੱਦਲ ਧਰਤੀ ਦੇ ਇਸ ਕੋਨੇ 'ਤੇ ਇਕੱਠੇ ਹੋ ਕੇ ਵਰ੍ਹ ਰਹੇ ਹੋਣ। ਸੜਕ 'ਤੇ ਪਾਣੀ ਭਰ ਜਾਣ ਨਾਲ ਕਾਰ ਚੱਲਣੀ ਔਖੀ ਹੋ ਗਈ ਸੀ। ਮੈਂ ਬੜੀ ਮੁਸ਼ਕਲ ਨਾਲ ਲੈਬ ਤੱਕ ਪਹੁੰਚਿਆ।

ਮੈਂ ਕੱਪੜੇ ਬਦਲੇ। ਨੌਕਰ ਨੂੰ ਚਾਹ ਬਣਾਉਣ ਨੂੰ ਕਿਹਾ। ਬਾਹਰ ਮੀਂਹ ਤੇ ਹਨ੍ਹੇਰੀ ਆਪਣਾ ਵਿਕਰਾਲ ਰੂਪ ਦਿਖਾਉਣ ਲੱਗੇ ਹੋਏ ਸਨ। ਮੈਂ ਖਿੜਕੀ ਵਿਚੋਂ ਪਾਣੀ ਦੀਆਂ ਘਰਾਲਾਂ ਪੈਂਦੀਆਂ ਦੇਖਣ ਲੱਗ ਪਿਆ। ਬਾਹਰ ਤਾਂ ਇਵੇਂ ਲੱਗ ਰਿਹਾ ਸੀ ਜਿਵੇਂ ਤੂਫ਼ਾਨ ਆ ਗਿਆ ਹੋਵੇ। ਮੈਂ ਸੱਜੇ ਪਾਸੇ ਜਸਟਿਸ ਇਰਫਾਨ ਅਲੀ ਦੀ ਕੋਠੀ ਵੱਲ ਨਿਗ੍ਹਾ ਮਾਰੀ। ਹਨ੍ਹੇਰੇ ਕਾਰਨ ਕੋਠੀ ਝਾਉਲੀ ਝਾਉਲੀ ਨਜ਼ਰ ਆ ਰਹੀ ਸੀ। ਵਿਚ ਵਿਚ ਲਿਸ਼ਕ ਰਹੀ ਬਿਜਲੀ ਕਾਰਨ ਬੰਦ ਗੇਟ ਦਾ ਜਿੰਦਾ ਚਮਕ ਪੈਂਦਾ।

ਖੋਜ ਕਾਰਜ ਤੋਂ ਜਦੋਂ ਵੀ ਵਿਹਲ ਮਿਲਦੀ, ਮੈਂ ਤਰੋਤਾਜ਼ਾ ਹੋਣ ਲਈ ਜਸਟਿਸ ਸਾਹਿਬ ਦੀ ਕੋਠੀ ਵੱਲ ਜ਼ਰੂਰ ਦੇਖਦਾ। ਕੋਠੀ ਦੇ ਪਾਰਕ ਵਿਚਲੇ ਘਾਹ, ਗੁਲਾਬ ਅਤੇ ਕਲੀਆਂ ਦੇਖ ਕੇ ਮਨ ਅਸ਼ ਅਸ਼ ਕਰ ਉਠਦਾ। ਨਾਲ ਹੀ ਉਹਦਾ ਕਲੀਆਂ ਜਿਹਾ ਰੂਪ ਮੇਰੇ ਸਾਹਮਣੇ ਸਾਕਾਰ ਹੋ ਜਾਂਦਾ। ਉਹ ਟਹਿਲਦੀ ਹੋਈ ਪਾਰਕ ਵਿਚ ਆਣ ਬਹਿੰਦੀ।

ਮੀਂਹ ਦੀ ਛਮਛਮ 'ਚੋਂ ਅਚਾਨਕ ਦਰਵਾਜ਼ਾ ਖੜਕਣ ਦੀ ਆਵਾਜ਼ ਸੁਣਾਈ ਦਿੱਤੀ। ਦਰਵਾਜ਼ੇ ਦੇ ਮੋਟੇ ਹੈਂਡਲ ਨਾਲ ਫਿੰਗਰ ਪ੍ਰਿੰਟ ਸੈਂਸਰ ਲੱਗਾ ਹੋਇਐ। ਕੋਈ ਬੰਦਾ ਬਿਨਾਂ ਆਗਿਆ ਅੰਦਰ ਨਹੀਂ ਆ ਸਕਦਾ। ਕੰਪਿਊਟਰ ਵਿਚ ਉਨ੍ਹਾਂ ਲੋਕਾਂ ਨੂੰ ਪਛਾਣਨ ਦਾ ਖਾਸ ਪ੍ਰੋਗਰਾਮ ਹੈ ਜਿਹੜੇ ਪ੍ਰਯੋਗਸ਼ਾਲਾ ਵਿਚ ਅਕਸਰ ਆਉਂਦੇ ਰਹਿੰਦੇ ਹਨ। ਕੰਪਿਊਟਰ ਉਨ੍ਹਾਂ ਦੇ ਨਾਮ ਦੀ ਆਵਾਜ਼ ਦਿੰਦਾ ਤੇ ਸਕਰੀਨ 'ਤੇ ਤਸਵੀਰ ਵੀ ਆ ਜਾਂਦੀ। ਇਹ ਆਵਾਜ਼ ਬੇਨਾਮੀ ਸੀ। ਫਿਰ ਸਕਰੀਨ 'ਤੇ ਫ਼ੋਟੋ ਕਿਸ ਦੀ ਆਉਣੀ ਸੀ? ਨਾ ਚਾਹੁੰਦੇ ਹੋਏ ਵੀ ਮੈਂ ਦਰਵਾਜ਼ਾ ਖੋਲ੍ਹ ਦਿੱਤਾ ਸੀ। ਹੈਂਅ...ਇਰਫ਼ਾਨ ਅਲੀ ਦੇ ਬਾਗ ਦਾ ਫੁੱਲ?

"ਸਰ, ਮੈਂ ਅੰਦਰ ਆ ਸਕਦੀ ਆਂ?" ਉਸ ਨੇ ਲੰਮੇ ਵਾਲਾਂ ਨੂੰ ਥੋੜ੍ਹਾ ਝਟਕਦਿਆਂ ਦਰਵਾਜ਼ਾ ਪੂਰਾ ਖੋਲ੍ਹ ਲਿਆ ਸੀ।

"ਹਾਂ...ਹਾਂ। ਕਿਉਂ ਨਹੀਂ।"

ਮੈਂ ਉਸ ਦੇ ਵਾਲਾਂ ਤੋਂ ਝੜ ਰਹੀਆਂ ਚਾਂਦੀ ਦੀਆਂ ਗੋਲੀਆਂ ਨੂੰ ਫ਼ਰਸ਼ 'ਤੇ ਬੇ-ਆਵਾਜ਼ ਡਿੱਗ ਡਿੱਗ ਟੁੱਟਦਿਆਂ ਦੇਖਣ ਲੱਗਾ। ਕਿਸੇ ਅਨੋਖੀ ਜਿਹੀ ਸੁਗੰਧ ਨਾਲ ਕਮਰਾ ਭਰ ਗਿਆ ਸੀ। ਜਿਉਂ ਉਹ ਪਰੀਆਂ ਦੇ ਝੁੰਡ ਵਿਚੋਂ ਵਿਛੜ ਕੇ ਆਈ ਹੋਵੇ।

"ਸਰ, ਮੈਂ ਆਰਸੀ ਸ਼ਾਹ। ਤੁਸੀਂ ਆਰਸੀ ਕਹਿ ਸਕਦੇ ਹੋ। ਤੁਹਾਡੇ ਗੁਆਂਢ ਤੋਂ ਆਂ। ਡੈਡ ਤੇ ਨੌਕਰ ਘਰ ਨਈਂ। ਕਾਰ ਵਿਚੋਂ ਚਾਬੀ ਲੱਭੀ ਨਈਂ। ਸ਼ਾਇਦ ਕਿਤੇ...। ਕੀ ਡੈਡ ਦੇ ਆਉਣ ਤੱਕ ਇਥੇ ਰੁਕ ਸਕਦੀ ਆਂ?" ਉਹ ਇਹ ਸਭ ਕੁੱਝ ਇਕੋ ਸਾਹੇ ਬੋਲ ਗਈ ਸੀ।

ਮੈਂ ਉਹਨੂੰ ਜੀ ਆਇਆਂ ਕਿਹਾ। ਸਾਧਾਰਨ ਜਿਹੀ ਸਜਾਵਟ ਵਾਲਾ ਇਹ ਮੇਰਾ ਰੂਮ ਮੇਰੇ ਵਾਂਗ ਹੀ ਉਘੜ-ਦੁਗੜਾ ਹੈ। ਮੇਰੇ ਵਾਂਗ ਹੀ ਅੱਖੜ ਜਿਹਾ ਤੇ ਟੁੱਟ ਭੱਜ ਵਾਲਾ। ਉਹਦੇ ਸਾਹਵੇਂ ਹੋਰ ਵੀ ਊਣਾ-ਊਣਾ ਲੱਗਣ ਲੱਗ ਪਿਆ ਸੀ। ਥੋੜ੍ਹੀ ਦੇਰ ਬਾਅਦ ਨੌਕਰ ਦੋ ਕੱਪ ਚਾਹ, ਖਾਣ ਪੀਣ ਦਾ ਸਾਮਾਨ ਅਤੇ ਤੌਲੀਆ ਲੈ ਕੇ ਆ ਗਿਆ। ਪਹਿਲਾਂ ਆਰਸੀ ਨੇ ਤੌਲੀਏ ਨਾਲ ਸਿਰ ਦੇ ਵਾਲ ਸੁਕਾਏ। ਮੂੰਹ ਪੂੰਝਿਆ। ਟਾਪ ਤੇ ਜੀਨ ਵੀ ਨਚੋੜੇ। ਫਿਰ ਬਿਟਰ ਬਿਟਰ ਤੱਕ ਰਹੇ ਯੋਗੇਸ਼ ਦੇ ਹੱਥ ਤੌਲੀਆ ਫੜਾ ਕੇ ਹੱਸ ਪਈ।

"ਸਰ, ਤੁਸੀਂ ਇਥੇ ਇਕੱਲੇ ਰਹਿੰਦੇ ਓ?" ਚਾਹ ਦਾ ਘੁੱਟ ਭਰਦੇ ਹੋਏ ਉਸ ਨੇ ਗੱਲਬਾਤ ਸ਼ੁਰੂ ਕਰਨ ਦੇ ਉਦੇਸ਼ ਨਾਲ ਪੁੱਛਿਆ।

"ਕੱਲਾ ਈ ਆਂ।"

"ਪਿਛੋਂ ਅਸੀਂ ਜੰਮੂ-ਕਸ਼ਮੀਰ ਤੋਂ ਆਂ। ਡੈਡ ਹਾਈਕੋਰਟ 'ਚ ਜੱਜ ਨੇ। ਮੈਂ ਨਵੀਂ ਦਿੱਲੀ ਯੂਨੀਵਰਸਿਟੀ 'ਚ ਕੈਮਿਸਟਰੀ ਦੀ ਲੈਕਚਰਾਰ ਹਾਂ। ਤੁਸੀਂ?" ਉਸ ਨੇ ਆਪਣੇ ਬਾਰੇ ਜਾਣ-ਪਛਾਣ ਕਰਵਾਈ ਸੀ।

ਮੈਂ ਉਹਨੂੰ ਆਪਣੇ ਬਾਰੇ ਵੀ ਦੱਸ ਦਿੱਤਾ। ਮੈਨੂੰ ਉਸ ਨਾਲ ਗੱਲਾਂ ਕਰ ਕੇ ਅਨੰਦ ਆਉਣ ਲੱਗਾ।

"ਤੁਸੀਂ ਕਿਹੜੀ ਖੋਜ ਕਰ ਰਹੇ ਹੋ?" ਉਸ ਨੇ ਸਿਰ ਦੇ ਵਾਲਾਂ ਨੂੰ ਛੰਡਿਆ ਸੀ।

ਮੈਂ ਉਸ ਦੇ ਸਵਾਲ ਦਾ ਕੋਈ ਸਪੱਸ਼ਟ ਜਵਾਬ ਨਈਂ ਸੀ ਦਿੱਤਾ। ਨੌਕਰ ਟਰੇਅ ਵਿਚ ਖ਼ਾਲੀ ਕੱਪ ਚੁੱਕ ਕੇ ਲੈ ਗਿਆ ਸੀ। ਹੋਰ ਨਿੱਕੀਆਂ ਨਿੱਕੀਆਂ ਗੱਲਾਂ ਹੁੰਦੀਆਂ ਰਹੀਆਂ। ਤਕਰੀਬਨ ਡੇਢ ਕੁ ਘੰਟੇ ਬਾਅਦ ਮੀਂਹ ਵੀ ਰੁਕ ਗਿਆ ਸੀ। ਬਾਹਰ ਨਿਕਲ ਕੇ ਦੇਖਿਆ ਤਾਂ ਅਸਮਾਨ ਸਾਫ਼ ਹੋ ਗਿਆ ਸੀ। ਉਨ੍ਹਾਂ ਦੀ ਕੋਠੀ ਵਿਚ ਵੀ ਰੋਸ਼ਨੀ ਜਗਮਗਾਉਣ ਲੱਗੀ ਸੀ।

ਉਹ ਕਮਰੇ ਵਿਚੋਂ ਨਿੱਕੇ ਨਿੱਕੇ ਕਦਮ ਪੁੱਟਦੀ ਬਾਹਰ ਨਿਕਲੀ ਤੇ ਕਾਰ ਵਿਚ ਜਾ ਬੈਠੀ। ਸਟੇਅਰਿੰਗ ਘੁੰਮਾਉਂਦੀ ਹੋਈ ਨੇ ਵਿੰਡ ਸਕਰੀਨ ਤੋਂ ਬਾਹਰ ਦੇਖਿਆ। ਸਾਫ਼ ਆਕਾਸ਼ ਵਿਚ ਚੰਦਰਮਾ ਵਿਖਾਈ ਦੇਣ ਲੱਗਾ ਸੀ। ਮੈਂ ਪਹਿਲਾਂ ਉਹਦੇ ਵੱਲ ਵੇਖ ਕੇ ਮੁਸਕਰਾਇਆ ਤੇ ਫਿਰ ਚੰਦਰਮਾ ਵੱਲ। ਉਹਨੇ ਕਈ ਵਾਰ ਅੱਖਾਂ ਝਪਕੀਆਂ। ਕਾਰ ਸਟਾਰਟ ਕੀਤੀ ਤਾਂ ਰੌਸ਼ਨੀ ਫੈਲ ਗਈ। ਉਹ ਬਹੁਤ ਹੀ ਹੌਲੀ ਆਵਾਜ਼ ਵਿਚ 'ਸੀ ਯੂ...' ਬੋਲੀ। ਕਾਰ ਲੈ ਕੇ ਆਪਣੀ ਕੋਠੀ ਅੰਦਰ ਚਲੀ ਗਈ ਸੀ।

ਆਰਸੀ ਨੂੰ ਜਿਸ ਕੁਰਸੀ 'ਤੇ ਬਿਠਾਇਆ ਗਿਆ ਸੀ, ਉਸ ਉਤੇ ਬੈਠਣ ਵਾਲੇ ਦੇ ਲੈਬ ਦੇ ਕੈਮਰੇ ਆਪਣੇ ਆਪ ਫ਼ੋਟੋ ਖਿੱਚ ਲੈਂਦੇ ਨੇ। ਕੁਰਸੀ ਦੀਆਂ ਬਾਂਹਾਂ ਨਾਲ ਹੱਥਾਂ ਦਾ ਸਪਰਸ਼ ਹੁੰਦਿਆਂ ਹੀ ਫਿੰਗਰ ਪ੍ਰਿੰਟ ਆ ਜਾਂਦੇ ਨੇ। ਦੀਵਾਰ ਵਾਲੀ ਮਸ਼ੀਨ ਉਸ ਦੇ ਜੇਬ ਵਿਚਲੇ ਸੈਲ ਫੋਨ ਦਾ ਨੰਬਰ ਅਤੇ ਡਰਾਈਵਿੰਗ ਲਾਇਸੈਂਸ ਵਰਗੇ ਡਾਕੂਮੈਂਟਸ ਤੋਂ ਐਡਰੈਸ ਸੇਵ ਕਰ ਲੈਂਦੀ ਹੈ। ਸਭ ਤੋਂ ਪਹਿਲਾਂ ਮੈਂ ਉਹਦਾ ਨਾਂ ਤੇ ਫੋਟੋ ਫਿੰਗਰ ਪ੍ਰਿੰਟ ਸੈਂਸਰ ਵਿਚ ਐਡ ਕੀਤੇ। ਫਿਰ ਤਾਂ ਜਿਵੇਂ ਉਹ ਮੇਰੇ ਸਾਹਾਂ ਵਿਚ ਹੀ ਐਡ ਹੋ ਗਈ ਹੋਵੇ।

ਐਨੀ ਸੁੰਦਰ ਤੇ ਜ਼ਹੀਨ ਕੁੜੀ...। ਬੱਸ, ਮੈਂ ਦੇਖਦਾ ਰਹਿ ਗਿਆ। ਮੈਂ ਜੌਬ ਅਤੇ ਕੰਮ ਤੋਂ ਅੱਕਿਆ ਪਿਆ ਸਾਂ। ਮੈਨੂੰ ਲੱਗਾ ਕਿ ਇਹ ਕੁੜੀ ਸੁੱਖ ਦੇ ਸਕਦੀ ਆ। ਹੁਣ ਹੋਟਲਾਂ ਵਿਚ ਭੱਜਣ ਦੀ ਲੋੜ ਨਈਂ ਰਹਿਣੀ। ਇਸੇ ਲਈ ਦਿਨ ਰਾਤ ਉਹਦਾ ਫੁੱਲਾਂ ਜਿਹਾ ਰੂਪ ਮੇਰੇ ਸਾਹਮਣੇ ਆਉਣ ਲੱਗਾ। ਕੁਰਸੀ 'ਤੇ ਬੈਠੀ ਜਦੋਂ ਚਾਹ ਪੀ ਰਹੀ ਸੀ ਤਾਂ ਸੁਰਾਹੀਦਾਰ ਗਰਦਨ 'ਚੋਂ ਚਾਹ ਦਾ ਘੁੱਟ ਲੰਘਦਾ ਵੀ ਦਿਸਦਾ ਸੀ। ਗੋਰੇ ਚਿੱਟੇ ਨਿਛੋਹ ਬਦਨ ਉਤੇ ਨੀਲੀਆਂ-ਨੀਲੀਆਂ ਨਾੜਾਂ ਇਵੇਂ ਲੱਗੀਆਂ ਜਿਵੇਂ ਕੁਦਰਤ ਰਾਣੀ ਨੇ ਉਹਨੂੰ ਸ਼ਿੰਗਾਰਨ ਲਈ ਬੂਟੀਆਂ ਪਾਈਆਂ ਹੋਣ। ਉਹਦੀਆਂ ਅੱਖਾਂ ਦਾ ਬਲੌਰੀਪਨ ਪਾਗਲ ਜਿਹਾ ਕਰ ਗਿਆ ਸੀ।

ਮੈਂ ਆਰਸੀ ਨੂੰ ਹਜ਼ਾਰ ਵਰ੍ਹੇ ਤੱਕ ਅਮਰ ਕਰ ਦੇਣ ਦਾ ਫ਼ੈਸਲਾ ਕਰ ਲਿਆ ਸੀ। ਹੁਣ ਤੱਕ ਤਿੰਨ ਸੌ ਸੱਤਰ ਬੰਦਿਆਂ ਦੇ ਜੈਨੇਟਿਕ ਡਾਟੇ ਪਰਖ ਚੁੱਕਾ ਸੀ। ਮੈਂ ਆਪਣੀ ਖੋਜ ਦੀ ਮੇਨ ਸਟਰੀਮ ਆਰਸੀ ਨੂੰ ਬਣਾਉਣ ਦਾ ਮਨ ਬਣਾ ਲਿਆ ਸੀ। ਉਹਦੇ ਸਹਿਮਤ ਹੋ ਜਾਣ ਦੀ ਉਮੀਦ ਕਰਨ ਲੱਗਾ।

ਹਫ਼ਤੇ ਕੁ ਬਾਅਦ ਆਰਸੀ ਦਾ ਅਗਲੇ ਦਿਨ ਲੈਬ ਆਉਣ ਲਈ ਫ਼ੋਨ ਆ ਗਿਆ।

ਸਵੇਰੇ-ਸਵੇਰੇ ਸੂਰਜ ਦੀਆਂ ਕਿਰਨਾਂ ਮੇਰੇ 'ਤੇ ਪਈਆਂ। ਮੈਂ ਅੰਗੜਾਈ ਲੈ ਕੇ ਅੱਖਾਂ ਖੋਲ੍ਹੀਆਂ। ਆਕਾਸ਼ ਦਾ ਰੰਗ ਆਰਸੀ ਦੀਆਂ ਅੱਖਾਂ ਵਰਗਾ ਲੱਗਾ ਸੀ। ਮੈਨੂੰ ਆਰਸੀ ਦੇ ਆਉਣ ਦਾ ਚੇਤਾ ਆ ਗਿਆ। ਮੈਂ ਫਟਾਫਟ ਤਿਆਰ ਹੋਇਆ। ਕੁੱਝ ਸਮੇਂ ਬਾਅਦ ਉਹਨੇ ਗੇਟ ਦੇ ਹੈਂਡਲ ਨੂੰ ਟੱਚ ਕੀਤਾ। ਕੰਪਿਊਟਰ ਨੇ ਉਸੇ ਵਕਤ ਉਹਦੇ ਨਾਂ ਦੀ ਆਵਾਜ਼ ਦੇ ਦਿੱਤੀ। ਸਕਰੀਨ 'ਤੇ ਉਹਦੀ ਤਸਵੀਰ ਦੇਖ ਕੇ ਮਨ ਬਾਗੋ ਬਾਗ ਹੋ ਗਿਆ। ਸਾਰਾ ਦਿਨ ਫੋਰੈਂਸਿਕ ਸੈਂਟਰ ਦੇ ਕੰਮ ਨੇ ਕਮਲੇ ਕਰੀ ਰੱਖਿਆ ਸੀ। ਰਹਿੰਦਾ ਕੰਮ ਲੈਬ ਚੁੱਕ ਲਿਆਇਆ ਸਾਂ। ਅੱਧੀ ਰਾਤ ਤੱਕ ਉਸੇ ਕੰਮ ਵਿਚ ਉਲਝਿਆ ਰਿਹਾ ਸਾਂ। ਬੱਸ, ਉਹਨੂੰ ਦੇਖ ਕੇ ਸਾਰੀ ਥਕਾਵਟ ਲਹਿ ਗਈ।

ਮੈਂ ਝੱਟ ਦਰਵਾਜ਼ਾ ਖੋਲ੍ਹਿਆ।...ਤੇ ਉਹ ਠੁਮਕ ਠੁਮਕ ਤੁਰਦੀ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਆਣ ਬੈਠੀ। ਮੈਂ ਉਸ 'ਤੇ ਨਜ਼ਰ ਸੁੱਟੀ। ਅੱਜ ਉਹ ਹੋਰ ਵੀ ਸੋਹਣੀ ਲੱਗ ਰਹੀ ਸੀ। ਨੌਕਰ ਨਾਸ਼ਤਾ ਪਰੋਸਣ ਲੱਗਾ। ਉਦੋਂ ਤੱਕ ਡਾ. ਰਾਧਿਕਾ ਵੀ ਆ ਗਈ ਸੀ। ਉਹ ਵੀ ਰਸੋਈ ਵਿਚ ਨੌਕਰ ਨਾਲ ਹੱਥ ਵਟਾਉਣ ਲੱਗੀ। ਮੇਰੇ ਸਾਹਮਣੇ ਅਖ਼ਬਾਰ ਫੈਲਿਆ ਹੋਇਆ ਸੀ। ਮੈਂ ਨਾਸ਼ਤੇ ਦੇ ਨਾਲ ਨਾਲ ਖ਼ਬਰਾਂ ਵੀ ਪੜ੍ਹਨ ਲੱਗਾ। ਉਹਦੇ ਵੱਲ ਵੀ ਵੇਖ ਲੈਂਦਾ। ਉਹ ਅੱਖਾਂ ਝਪਕਦੀ ਤਾਂ ਲਗਦਾ ਜਿਵੇਂ ਪਲਕਾਂ ਤੋਂ ਸਿਤਾਰੇ ਝੜ ਰਹੇ ਹੋਣ। ਮੈਂ ਉਹਨੂੰ ਆਪਣੀ ਖੋਜ ਬਾਰੇ ਦੱਸਣ ਦਾ ਮਨ ਬਣਾ ਚੁੱਕਾ ਸਾਂ। ਨਾਸ਼ਤਾ ਕਰਨ ਤੋਂ ਬਾਅਦ ਮੈਂ ਉਹਨੂੰ ਲੈਬ ਅੰਦਰ ਲੈ ਗਿਆ।

ਲੈਬ ਵਿਚ ਕਈ ਤਰ੍ਹਾਂ ਦੇ ਯੰਤਰ ਪਏ ਹਨ ਜਿਨ੍ਹਾਂ ਦੀ ਉਹਨੂੰ ਸ਼ਾਇਦ ਬਹੁਤੀ ਜਾਣਕਾਰੀ ਨਈਂ ਸੀ। ਪੂਰਬੀ ਦੀਵਾਰ ਦੇ ਨਾਲ ਵੱਡਾ ਮੇਜ਼ ਲੱਗਾ ਹੋਇਆ। ਇਸ ਉਤੇ ਅਤੇ ਕੰਧ 'ਤੇ ਅਣਗਿਣਤ ਪੁਆਇੰਟ ਲੱਗੇ ਹੋਏ ਹਨ। ਆਮ ਦਫ਼ਤਰਾਂ ਵਿਚ ਵਰਤਣ ਵਾਲਾ ਮੇਜ਼ ਵੀ ਪਿਆ ਹੈ। ਇਸ ਉਤੇ ਖਾਸ ਪ੍ਰੋਗਰਾਮਿੰਗ ਵਾਲਾ ਕੰਪਿਊਟਰ ਅਤੇ ਤਿੰਨ ਚਾਰ ਛੋਟੇ ਵੱਡੇ ਬਕਸੇ ਪਏ ਹੋਏ ਹਨ। ਕਈ ਤਾਰਾਂ ਕੰਪਿਊਟਰ ਅਤੇ ਬਕਸਿਆਂ ਨੂੰ ਜੋੜ ਰਹੀਆਂ ਹਨ। ਮੇਜ਼ ਦੇ ਸਾਹਮਣੇ ਪਈ ਕੁਰਸੀ 'ਤੇ ਬੈਠ ਕੇ ਉਹ ਲੈਬ ਦਾ ਜਾਇਜ਼ਾ ਲੈਣ ਲੱਗੀ।

ਦੀਵਾਰਾਂ 'ਤੇ ਲੱਗੇ ਵਿਗਿਆਨੀਆਂ ਦੇ ਪੋਰਟਰੇਟ ਵੇਖਦਿਆਂ ਟੇਬਲ 'ਤੇ ਪਏ ਸ਼ੀਸ਼ੇ ਦੇ ਹੇਠ ਪਈ ਅੰਗਰੇਜ਼ੀ ਸਤਰ ਵਿਚ ਉਸ ਨੇ ਬੜੀ ਦਿਲਚਸਪੀ ਵਿਖਾਈ, "ਸਮੂਥ ਵੇਵਜ਼ ਨੈਵਰ ਪਰੋਡਿਊਸ ਸਕਿਲਡ ਸੇਲਰਜ਼।"

ਟੇਬਲ 'ਤੇ ਪਈ ਇਲੈਕਟ੍ਰੋਨਿਕ ਮਾਈਕਰੋਸਕੋਪ ਵਿਚੋਂ ਵੇਖਣ ਲਈ ਆਰਸੀ ਝੁਕੀ ਤਾਂ ਯੋਗੇਸ਼ ਦਾ ਧਿਆਨ ਉਹਦੇ ਵੱਲ ਹੋ ਗਿਆ ਸੀ। ਮੈਂ ਉਹਨੂੰ ਘੂਰਿਆ ਤਾਂ ਉਹ ਪਰ੍ਹੇ ਜਾ ਸੈਂਟਰੀਫਿਊਗਲ ਮਸ਼ੀਨ ਕੋਲ ਪਏ ਰੀਅਜੈਂਟਾਂ ਨੂੰ ਸ਼ੀਸ਼ੇ ਦੀ ਸੈਲਫ਼ ਉਤੇ ਟਿਕਾਣ ਲੱਗ ਪਿਆ। ਫਿਰ ਮੈਂ ਆਰਸੀ ਨੂੰ ਲੌਂਗੀਵਿਟੀ ਬਾਰੇ ਦੱਸਣ ਲੱਗ ਪਿਆ ਸਾਂ। ਪਹਿਲਾਂ ਤਾਂ ਉਹ ਹੱਸੀ ਜਾਵੇ। ਉਹਨੂੰ ਯਕੀਨ ਨਈਂ ਸੀ ਆ ਰਿਹਾ।

"ਹਾਂ, ਮਨੁੱਖ ਦੀ ਉਮਰ ਹਜ਼ਾਰ ਵਰ੍ਹੇ ਹੋ ਸਕਦੀ ਆ।"

***ਇਸ ਲੈਬ ਦੇ ਸਭ ਤੋਂ ਨੇੜੇ ਜਸਟਿਸ ਇਰਫ਼ਾਨ ਅਲੀ ਦੀ ਕੋਠੀ ਹੈ ਜਿਸ ਦੀਆਂ ਖਿੜਕੀਆਂ 'ਚੋਂ ਹਲਕਾ ਹਲਕਾ ਪ੍ਰਕਾਸ਼ ਬਾਹਰ ਆਉਂਦਾ ਦਿਖਾਈ ਦਿੰਦਾ ਰਹਿੰਦਾ ਹੈ। ਇਥੇ ਕੋਈ ਇਕ ਦੂਜੇ ਨੂੰ ਜਾਣਦਾ ਨਹੀਂ। ਇਸ ਲੈਬ ਵਿਚ ਮੇਰਾ ਨਿੱਜੀ ਸਟਾਫ਼ ਹੁੰਦਾ ਹੈ। ਮੇਰੀ ਸਹਾਇਕ ਵਜੋਂ ਡਾ. ਰਾਧਿਕਾ ਹੁੰਦੀ ਹੈ ਜਾਂ ਫਿਰ ਮੇਰਾ ਨੌਕਰ ਯੋਗੇਸ਼। ਡਾ. ਰਾਧਿਕਾ ਕੰਮ ਪ੍ਰਤੀ ਭਾਵਨਾ ਰੱਖਣ ਵਾਲੀ ਕੁੜੀ ਏ। ਉਹ ਸਿਰਫ਼ ਡਿਊਟੀ 'ਤੇ ਆਉਂਦੀ ਤੇ ਸ਼ਾਮ ਨੂੰ ਵਰਕ ਰਿਪੋਰਟ ਦੇ ਕੇ ਚਲੀ ਜਾਂਦੀ। ਇਸ ਸਮੇਂ ਸਟਾਫ਼ ਦੇ ਘਰੋ-ਘਰੀ ਪਰਤਣ ਮਗਰੋਂ ਵੀ ਯੋਗੇਸ਼ ਲੈਬ ਵਿਚ ਹੀ ਰਹਿੰਦਾ।***

ਡਾ. ਰਾਧਿਕਾ ਦੇ ਮੂੰਹੋਂ ਸੁਣ ਕੇ ਸ਼ਾਇਦ ਉਹਨੇ ਯਕੀਨ ਕਰ ਲਿਆ ਸੀ। ਉਸ ਸਮੇਂ ਰਾਧਿਕਾ ਟੈਸਟ ਟਿਊਬ 'ਚ ਪ੍ਰੋਟੀਨਾਂ ਨੂੰ ਨਿਖੇੜ ਰਹੀ ਸੀ। ਮੈਂ ਫੋਰੈਂਸਿਕ ਸੈਂਟਰ ਦੇ ਸੈਂਪਲ ਨੂੰ ਪਿਛਲੀ ਰਾਤ ਗਲਾਸ ਬੇਸ ਵਾਲੀ ਜੈੱਲ ਪਲੇਟ 'ਤੇ ਵਿਛਾ ਗਿਆ ਸੀ। ਵਿਛੇ ਹੋਏ ਸਟਾਰਸ ਦਾ ਕੋਈ ਰੀਐਕਸ਼ਨ ਨਹੀਂ ਸੀ ਹੋਇਆ। ਹੁਣ ਰਾਧਿਕਾ ਇਸ ਸੈਂਪਲ ਨੂੰ ਹਾਈ ਸਪੀਡ ਵਾਲੀ ਸੈਂਟਰੀਫਿਊਗਲ ਮਸ਼ੀਨ 'ਚ ਪਾਉਣ ਲਈ ਤਿਆਰ ਕਰ ਰਹੀ ਸੀ। ਸ਼ਾਇਦ ਆਰਸੀ ਨੂੰ ਉਹ ਕੋਈ ਗਹਿਰ ਗੰਭੀਰ ਵਿਗਿਆਨੀ ਲੱਗੀ ਹੋਏਗੀ। ਫਿਰ ਆਰਸੀ ਮੈਨੂੰ ਕਹਿਣ ਲੱਗੀ, "ਡਾ. ਸੁਵੀਰ ਸਿੰਘ ਜੀ, ਇਹ ਬੁਢਾਪਾ ਕੀ ਸ਼ੈਅ ਆ?" ਬੁਢਾਪੇ ਸਬੰਧੀ ਸਵਾਲ ਪੁੱਛ ਜਿਵੇਂ ਮੇਰੀ ਜਵਾਨੀ ਦਾ ਅੰਦਾਜ਼ਾ ਲਗਾਉਣ ਲੱਗੀ ਹੋਵੇ। ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਸ਼ਰਾਰਤੀ ਜਿਹਾ ਹਾਸਾ ਹੱਸਦੀ ਲੱਗੀ।

"ਮਿਟੋਥੋਂਡ੍ਰਿਆਲ ਫ੍ਰੀ ਰੈਡੀਕਲ ਥਿਊਰੀ ਆਫ਼ ਏਜਿੰਗ ਅਨੁਸਾਰ ਬੁਢਾਪਾ ਹੌਲੀ ਹੌਲੀ ਆਉਣ ਵਾਲੀ ਮੌਤ ਹੈ।"

"ਐਂ ਦੱਸੋ, ਤੁਸੀਂ ਬੁਢਾਪਾ ਖ਼ਤਮ ਕਿਵੇਂ ਕਰੋਗੇ?" ਉਸ ਨੇ ਅਗਲਾ ਸਵਾਲ ਪੁੱਛ ਲਿਆ।

"ਮਨੁੱਖੀ ਸਰੀਰ ਵਿਚ ਮਾਈਕਰੋ ਆਰਗੇਨਿਜ਼ਮ ਦਾ ਜੈਨੇਟਿਕ ਮੈਟੀਰੀਅਲ ਜੋੜ ਦਿੱਤਾ ਜਾਵੇਗਾ ਜਿਸ ਨਾਲ ਉਹ ਬੁਢਾਪੇ ਨਾਲ ਮਰਨ ਵਾਲੇ ਸੈਲਾਂ ਦੀ ਜ਼ਿੰਦਗੀ ਲੰਮੀ ਕਰ ਦੇਵੇਗਾ।" ਜਿਸ ਗੱਲ ਦਾ ਵਿਗਿਆਨੀ ਹਮੇਸ਼ਾ ਉਹਲਾ ਰੱਖਦਾ ਹੈ, ਮੈਂ ਉਹਨੂੰ ਉਹਦਾ ਹਿੰਟ ਦਿੱਤਾ ਸੀ।

ਮੇਰੀ ਗੱਲ ਸ਼ਾਇਦ ਉਹਦੇ ਪੱਲੇ ਨਹੀਂ ਸੀ ਪਈ। ਫਿਰ ਮੈਂ ਗੱਲ ਹੋਧਰੇ ਪਾਉਂਦਿਆਂ ਕਿਹਾ, "ਮੇਰੀ ਜ਼ਿੰਦਗੀ ਵਿਚ ਆਏ ਲੋਕਾਂ ਵਿਚੋਂ ਸਭ ਤੋਂ ਖ਼ੂਬਸੂਰਤ ਤੁਸੀਂ ਹੋ। ਮੈਂ ਚਾਹੁੰਦਾਂ ਆਰਸੀ ਮਨੁੱਖਾਂ ਵਿਚੋਂ ਪਹਿਲੀ ਹੋਵੇ ਜਿਹੜੀ ਹਜ਼ਾਰ ਵਰ੍ਹੇ ਤਕ ਤਰੋਤਾਜ਼ਾ ਤੇ ਜਵਾਨ ਰਹੇ।"

ਇਹ ਸੁਣ ਕੇ ਉਹਦੀਆਂ ਅੱਖਾਂ ਵਿਚ ਚਮਕ ਆ ਗਈ ਸੀ। ਉਹ ਸੈਂਟਰੀਫਿਊਗਲ ਮਸ਼ੀਨ 'ਤੇ ਉਂਗਲਾਂ ਮਾਰਨ ਲੱਗ ਪਈ। ਉਹ ਦੋ ਢਾਈ ਘੰਟੇ ਲੈਬ ਬੈਠੀ ਰਹੀ ਪਰ ਉਹਨੇ ਕੋਈ ਹੁੰਗਾਰਾ ਨਹੀਂ ਸੀ ਭਰਿਆ।

ਮੈਂ ਵੀ ਮੁੜ ਉਹਦੇ ਨਾਲ ਖੋਜ ਵਾਲੀ ਗੱਲ ਨਹੀਂ ਸੀ ਕੀਤੀ। ਫਿਰ ਉਹ ਦੂਏ-ਤੀਏ ਦਿਨ ਮੈਨੂੰ ਮਿਲਣ ਲੱਗ ਪਈ। ਕਦੇ ਉਹ ਮੇਰੇ ਕੋਲ ਆ ਜਾਂਦੀ। ਕਦੇ ਆਪਣੀ ਕੋਠੀ ਬੁਲਾ ਲੈਂਦੀ। ਚੰਦ ਮੁਲਾਕਾਤਾਂ ਤੋਂ ਬਾਅਦ ਉਹ ਮੇਰੀ ਹੋ ਗਈ ਸੀ। ਉਹਦਾ ਮੇਰਾ ਕੋਈ ਜੋੜ ਮੇਲ ਨਹੀਂ ਸੀ। ਕਦੀ ਕਦੀ ਮੈਂ ਸੋਚਦਾ ਕਿ ਉਹ ਕਿਸੇ ਏਜੰਸੀ ਦੀ ਮੈਂਬਰ ਨਾ ਹੋਵੇ। ਇਕ ਦਿਨ ਯੋਗੇਸ਼ ਨੇ ਮੈਨੂੰ ਆਖਿਆ ਸੀ।

"ਸਰ, ਇਸ ਕੁੜੀ 'ਤੇ ਯਕੀਨ ਨਾ ਕਰਿਓ। ਮੁਸਲਮਾਨ ਦੇਸ਼ ਦੀ ਸੁਰੱਖਿਆ ਦੀ ਸਾਰੀ ਸੂਚਨਾ ਪਾਕਿਸਤਾਨ ਨੂੰ ਦਿੰਦੇ ਆ। ਦੇਸ਼ ਵਿਚ ਅਤਿਵਾਦ ਫੈਲਾਉਣਾ ਚਾਹੁੰਦੇ ਆ।"

ਮੈਂ ਤਾਂ ਯੋਗੇਸ਼ ਦੀ ਗੱਲ ਸੁਣ ਕੇ ਡਰ ਗਿਆ ਸੀ। ਇਸ ਪਿੱਛੋਂ ਮੈਂ ਆਰਸੀ ਦੀ ਛਾਣਬੀਣ ਕੀਤੀ। ਜੱਜ ਸਾਹਿਬ ਆਪਣੀ ਡਿਊਟੀ ਵਿਚ ਮਸਰੂਫ਼ ਰਹਿੰਦੇ ਸਨ। ਘਰ ਹੋਰ ਕੋਈ ਮੈਂਬਰ ਨਹੀਂ ਸੀ। ਇਹ ਪੜ੍ਹਾਉਣ ਜਾਂਦੀ। ਓਵਰਲੋਡ ਵਰਕ ਇਹਨੂੰ ਥਕਾ ਦਿੰਦਾ। ਹਿਸਾਬ, ਸਾਇੰਸ ਵਿਸ਼ਿਆਂ ਦੇ ਅਧਿਆਪਕ ਹਮੇਸ਼ਾ ਕੰਮ ਨਾਲ ਝੱਲੇ ਹੋਏ ਰਹਿੰਦੇ ਹਨ। ਇਹਦਾ ਦੋਸਤਾਂ ਜਾਂ ਸਹੇਲੀਆਂ ਦਾ ਕੋਈ ਸਰਕਲ ਨਹੀਂ ਸੀ। ਆਪਣੇ ਰੁਝੇਵਿਆਂ ਭਰੇ ਜੀਵਨ ਤੋਂ ਤੰਗ ਆ ਕੇ ਮੇਰੇ ਵੱਲ ਆਉਣ ਲੱਗ ਪਈ ਸੀ। ਅੱਜ ਕੱਲ੍ਹ ਜਿੰਨਾ ਜੌਬ ਦਾ ਸਟਰੈਸ ਆ, 'ਕੱਲਾ ਬੰਦਾ ਬਚ ਨਹੀਂ ਸਕਦਾ। ਯੋਗੇਸ਼ ਵਾਲੀ ਕੋਈ ਗੱਲ ਸੱਚੀ ਨਾ ਨਿਕਲੀ।

ਇਕ ਤਰ੍ਹਾਂ ਮੇਰੀ ਜ਼ਿੰਦਗੀ 'ਚ ਮੇਰੀ ਖੋਜ ਦੇ ਨਾਲ ਨਾਲ ਆਰਸੀ ਵੀ ਜੁੜ ਗਈ ਸੀ। ਸਾਡੇ ਵਿਆਹ 'ਤੇ ਸਹਿਮਤੀ ਨਹੀਂ ਸੀ ਹੋਈ। ਉਂਜ 'ਤੇ ਜਸਟਿਸ ਸਾਹਿਬ ਨਿੱਘੇ ਬੰਦੇ ਹਨ। ਸਾਡੀਆਂ ਨਿੱਕੀਆਂ ਨਿੱਕੀਆਂ ਖੁਸ਼ੀਆਂ ਵੱਡੀਆਂ ਕਰ ਕੇ ਮਨਾਉਂਦੇ ਪਰ ਵਿਆਹ ਬਾਰੇ ਉਨ੍ਹਾਂ ਦਾ ਤਰਕ ਸੀ ਕਿ ਆਪਣੇ ਧਰਮ ਵਿਚ ਹੀ ਕਰਵਾਉਣਾ ਚਾਹੀਦਾ ਹੈ। ਜਦੋਂ ਉਹ ਲੈਬ ਆਏ ਹੋਏ ਇਹੋ ਜਿਹੀਆਂ ਗੱਲਾਂ ਕਰਨ ਲੱਗੇ, ਯੋਗੇਸ਼ ਵੀ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣ ਲੱਗਾ। ਉਂਜ ਉਹ ਆਰਸੀ ਦੇ ਕੋਲ ਢੁੱਕ-ਢੁੱਕ ਕੇ ਬਹਿੰਦਾ ਤੇ ਜੱਜ ਸਾਹਿਬ ਤੋਂ ਪਾਸਾ ਵੱਟ ਲੈਂਦਾ ਸੀ। ਵਿਆਹ ਵਾਲੇ ਮਾਮਲੇ 'ਤੇ ਜੱਜ ਸਾਹਿਬ ਨਾਲ ਸਟੈਂਡ ਕਰ ਗਿਆ ਸੀ। ਵਿਆਹ ਮੇਰਾ ਵੀ ਸੈਕੰਡਰੀ ਏਜੰਡਾ ਸੀ।

ਉਹ ਡਿਊਟੀ ਤੋਂ ਸੁਰਖ਼ਰੂ ਹੋ ਕੇ ਮੇਰੇ ਕੋਲ ਆ ਜਾਂਦੀ। ਫਿਰ ਉਹਦੀ ਮਰਜ਼ੀ ਚੱਲਦੀ। ਉਨ੍ਹੇਂ ਕਿੱਧਰ ਲੈ ਕੇ ਜਾਣਾ ਏ। ਕਿਹੜੀ ਪਾਰਟੀ ਅਟੈਂਡ ਕਰਵਾਉਣੀ ਹੈ। ਕਿੱਥੇ ਲੰਚ ਕਰਨਾ ਏ ਤੇ ਕਿੱਥੇ ਡਿਨਰ। ਇਹ ਉਹਦੇ 'ਤੇ ਡਿਪੈਂਡ ਹੁੰਦਾ ਸੀ। ਮੈਂ ਆਪਣੇ ਜੀਵਨ ਵਿਚ ਪਹਿਲ ਹਮੇਸ਼ਾ ਖੋਜ ਕਾਰਜ ਨੂੰ ਦਿਤੀ ਤੇ ਆਰਸੀ ਨੇ ਸਿਰਫ਼ ਮੁਹੱਬਤ ਨੂੰ। ਉਹ ਮੈਨੂੰ ਦਿੱਲੀ ਦੀ ਹਰ ਪਿਕਨਿਕ ਸਪੌਟ 'ਤੇ ਲੈ ਕੇ ਗਈ। ਮੈਂ ਜ਼ਿੰਦਗੀ ਵਿਚ ਕਦੇ ਨੱਚ ਕੇ ਨਹੀਂ ਸੀ ਦੇਖਿਆ। ਪਾਰਟੀਆਂ ਵਿਚ ਭੰਗੜਾ ਪਾਉਣਾ ਵੀ ਉਹਨੇ ਹੀ ਸਿਖਾਇਆ। ਆਪ ਤਾਂ ਉਹ ਕਮਾਲ ਦਾ ਡਾਂਸ ਕਰਦੀ ਸੀ।

ਪਿਛਲੇ ਪੰਜ ਛੇ ਸਾਲ ਤੋਂ ਮੇਰੀ ਤੇ ਆਰਸੀ ਦੀ ਸਾਂਝ ਸੋਹਣੀ ਨਿਭਦੀ ਆ ਰਹੀ ਸੀ। ਜਦੋਂ ਆਰਸੀ ਤੇਤੀ ਸਾਲ ਦੀ ਹੋਈ ਸੀ, ਉਹਨੂੰ ਵੱਡੀ ਹੋ ਰਹੀ ਉਮਰ ਦਾ ਝੋਰਾ ਵੱਢ ਵੱਢ ਖਾਣ ਲੱਗਾ, "ਮੇਰੀ ਉਮਰ ਢਲਣ ਲੱਗ ਪਈ ਡਾਕਟਰ ਸਾਹਿਬ। ਮੇਰੇ ਨਾਲ ਦੀਆਂ ਸਭ ਵਿਆਹ ਹੋ ਗਈਆਂ। ਡੈਡ ਤੇਰੇ ਲਈ ਨਹੀਂ ਮੰਨਦੇ ਤੇ ਮੈਂ ਕਿਸੇ ਹੋਰ ਲਈ ਨਹੀਂ ਮੰਨਦੀ।...ਮੇਰੀ ਬਿਊਟੀ ਖ਼ਤਮ ਹੋਣ ਕਿਨਾਰੇ ਆ। ਆਹ ਦੇਖੋ ਚਿਹਰਾ ਮੁਰਝਾਉਣ ਲੱਗ ਪਿਆ। ਆਹ ਠੋਡੀ ਹੇਠ ਰਿੰਕਲ ਪੈਣ ਲੱਗ ਪਏ ਨੇ। ਮੈਨੂੰ ਆਪਣੀ ਧੌਣ ਘੜੇ ਵਰਗੀ ਲੱਗਣ ਲੱਗ ਪਈ ਆ।" ਉਹ ਮੇਰੇ ਮੋਢੇ 'ਤੇ ਸਿਰ ਰੱਖ ਕੇ ਡੁਸਕਣ ਲੱਗ ਪੈਂਦੀ।

ਉਨ੍ਹਾਂ ਦਿਨਾਂ ਵਿਚ ਵਧਦੀ ਉਮਰ ਬਾਰੇ ਉਹ ਫ਼ਿਕਰਮੰਦ ਬਹੁਤ ਸੀ। ਉਹਨੂੰ ਚਿਹਰੇ 'ਤੇ ਪੈਂਦੀਆਂ ਝੁਰੜੀਆਂ ਤੰਗ ਕਰਦੀਆਂ। ਸਲਿਮ ਟਰਿਮ ਕੁੜੀ ਔਰਤ ਜਿਹੀ ਲੱਗਣ ਲੱਗ ਪਈ ਸੀ। ਮੈਂ ਵੀ ਉਹਦਾ ਸਰੀਰ ਦੇਖ ਕੇ ਫ਼ਿਕਰਮੰਦ ਹੋਣ ਲੱਗਾ ਸੀ। ਫਿਰ ਉਹਨੇ ਆਪ ਲੋਂਗੀਵਿਟੀ ਵਾਲੀ ਗੱਲ ਛੇੜ ਲਈ।

"ਸੁਵੀਰ ਜੀ, ਤੁਸੀਂ ਮੈਨੂੰ ਕਿਹਾ ਸੀ...ਆਰਸੀ ਮਨੁੱਖਾਂ ਵਿਚੋਂ ਪਹਿਲੀ ਹੋਵੇਗੀ ਜਿਹੜੀ ਹਜ਼ਾਰ ਵਰ੍ਹੇ ਤੱਕ ਤਰੋ-ਤਾਜ਼ਾ ਤੇ ਜਵਾਨ ਰਹੇਗੀ। ਹਜ਼ਾਰ ਵਰ੍ਹੇ ਨੂੰ ਮਾਰੋ ਗੋਲੀ। ਕੀ ਤੁਸੀਂ ਮਨੂੰ ਵੀਹ ਸਾਲ ਹੋਰ ਟਹਿਕਦੀ ਰੱਖ ਸਕਦੇ ਹੋ?"

ਮੈਂ ਵੀ ਨਹੀਂ ਸੀ ਚਾਹੁੰਦਾ ਕਿ ਇਹ ਫੁਲ ਮੁਰਝਾ ਜਾਏ। ਮੈਂ ਇਹਨੂੰ ਹਮੇਸ਼ਾ ਗੁਲਾਬ ਦੇ ਫੁੱਲ ਵਾਂਗ ਖਿੜੀ ਦੇਖਣਾ ਚਾਹੁੰਦਾ ਸੀ। ਫਿਰ ਮੈਂ ਉਹਨੂੰ ਲੈਬ ਸੱਦਣ ਲੱਗ ਪਿਆ। ਸਭ ਤੋਂ ਪਹਿਲਾਂ ਮੈਂ ਉਹਦੇ ਜੀਨਜ਼ ਦੇ ਸੈਂਪਲ ਸਟੋਰ ਕੀਤੇ। ਫੋਸਿਲ ਲੈਬ ਵਿਚ ਟੈਸਟਾਂ ਰਾਹੀਂ ਉਸ ਦੇ ਛੋਟੇ ਛੋਟੇ ਉਹ ਜੀਨਜ਼ ਲੱਭ ਲਏ ਜਿਹੜੇ ਜਵਾਨੀ ਉਤੇ ਅਸਰ ਪਾਉਂਦੇ ਨੇ। ਪਿਛਲੇ ਛੇ ਮਹੀਨਿਆਂ ਵਿਚ ਮੈਂ ਇਹ ਵੱਡੀ ਪ੍ਰਾਪਤੀ ਕੀਤੀ ਸੀ। ਪਿਛਲੇ ਛੇ ਸਾਲਾਂ ਵਿਚ ਹੋਰ ਲੋਕਾਂ 'ਤੇ ਵੀ ਤਜਰਬੇ ਕੀਤੇ ਸਨ ਪਰ ਸਫ਼ਲਤਾ ਨਹੀਂ ਸੀ ਮਿਲੀ।

ਮੈਂ ਆਰਸੀ ਦੇ ਜੀਨਜ਼ ਦਾ ਸੈਂਪਲ ਲੈ ਕੇ ਐਰੀਜ਼ੋਨਾ ਦੀ ਪ੍ਰਾਜੈਕਟ ਰਿਸਰਚ ਲੈਬਾਰਟਰੀ ਨੂੰ ਵੀ ਭੇਜ ਚੁੱਕਾ ਸਾਂ। ਦੁਨੀਆਂ ਦੇ ਸਾਰੇ ਸੈਂਪਲਾਂ ਦੀ ਪ੍ਰੋਸੈਸਿੰਗ ਐਰੀਜ਼ੋਨਾ ਵਿਚ ਹੀ ਹੁੰਦੀ ਹੈ। ਉਹ ਸੈਂਪਲ ਵੀ ਮੁਕੰਮਲ ਪਾਇਆ ਗਿਆ ਸੀ। ਦੂਜੀ ਪ੍ਰਾਪਤੀ ਇਹ ਹੋਈ ਸੀ ਉਥੇ ਹੀ ਜੈਨੇਟਿਕ ਡਾਟੇ ਦੀ ਪਰਖ ਵੀ ਕਰਵਾਈ ਸੀ। ਫ਼ਾਈਨਲ ਸਟੇਜ ਤੋਂ ਪਹਿਲਾਂ ਆਰਸੀ ਦੇ ਸਰੀਰ ਦੇ ਸੱਤ ਹਿੱਸਿਆਂ ਦੇ ਸੈੱਲਾਂ ਦੀ ਮੁਰੰਮਤ ਕਰਨੀ ਪੈਣੀ ਸੀ। ਜੀਨਜ਼ ਦੀ ਮੁਰੰਮਤ ਤਾਂ ਸੈਂਪਲ ਲੈਣ ਵੇਲੇ ਕਰ ਦਿੱਤੀ ਸੀ। ਮੈਂ ਆਪਣੀ ਖੋਜ ਦੇ ਬਿਲਕੁਲ ਨੇੜੇ ਪੁੱਜ ਗਿਆ ਸੀ।

ਉਨ੍ਹਾਂ ਦਿਨਾਂ ਵਿਚ ਹੀ ਇਹ ਅਨਹੋਣੀ ਵਾਪਰ ਗਈ। ਸਵੇਰੇ ਉਠ ਕੇ ਪਤਾ ਲੱਗਾ ਕਿ ਰਾਤ ਹਾਰਟ ਅਟੈਕ ਨੇ ਮੇਰੀ ਆਰਸੀ ਦੀ ਜਾਨ ਲੈ ਲਈ। ਉਹ ਸਾਡੇ ਦੋਵੇਂ ਘਰ ਸੁੰਨੇ ਕਰ ਗਈ ਸੀ। ਜਿਸ ਵਿਗਿਆਨੀ ਨੇ ਆਪਣੀ ਮਹਿਬੂਬ ਨੂੰ ਗੁਲਾਬ ਦੇ ਫੁੱਲ ਵਰਗੀ ਰੱਖਣਾ ਸੀ, ਉਹ ਉਹਨੂੰ ਬਿਨਾ ਦੱਸੇ ਆਪਣੇ ਡੈਡ ਦੇ ਹੱਥਾਂ ਵਿਚ ਲੁੜਕ ਗਈ ਸੀ। ਕਦੇ ਮੈਂ ਆਪਣੀ 11-12 ਮਹੀਨੇ ਦੀ ਖੋਜ ਦੀ ਅਜਾਈਂ ਗਈ ਮਿਹਨਤ ਬਾਰੇ ਸੋਚਣ ਲੱਗਦਾ, ਕਦੇ ਆਪਣੀ ਆਰਸੀ ਦੇ ਵਿਛੋੜੇ ਬਾਰੇ।

ਮੈਨੂੰ ਪਤੈ ਕਿ ਮੈਂ ਆਰਸੀ ਨੂੰ ਸਪੁਰਦ-ਏ-ਖਾਕ ਹੁੰਦਿਆਂ ਕਿਵੇਂ ਜਰਿਆ। ਮੈਂ ਉਹਦੇ ਨਾਲ ਹੀ ਕਟੈੜਾ ਪੁੱਟਦੇ ਸਮੇਂ ਦਫ਼ਨ ਹੋ ਜਾਣਾ ਚਾਹੁੰਦਾ ਸੀ। ਇਹ ਤਾਂ ਮੈਨੂੰ ਡਾ. ਰਾਧਿਕਾ ਵਾਪਸ ਲੈ ਆਈ। ਉਸ ਰਾਤ ਮੇਰੀਆਂ ਅੱਖਾਂ ਵਿਚ ਨੀਂਦ ਕਿਤੇ ਨਹੀਂ ਸੀ। ਸਵੇਰੇ ਨਾ ਨਹਾਉਣ ਨੂੰ ਚਿੱਤ ਕੀਤਾ ਤੇ ਨਾ ਹੀ ਖਾਣ ਪੀਣ ਨੂੰ। ਮੈਂ ਨੌਕਰ ਨੂੰ ਕਬਰਸਤਾਨ ਵਿਚ ਹੀ ਖਾਣੇ ਤੋਂ ਮਨ੍ਹਾ ਕਰ ਦਿੱਤਾ ਸੀ। ਉਹ ਉਥੋਂ ਹੀ ਅਪਣੇ ਕਿਸੇ ਦੋਸਤ ਕੋਲ ਚਲਾ ਗਿਆ ਸੀ। ਰਾਤ ਸਮੇਂ ਮੈਂ ਇਕੱਲਾ ਹੀ ਸੀ। ਕਦੇ ਕਦੇ ਫ਼ਿੰਗਰ ਪ੍ਰਿੰਟ ਸੈਂਸਰ ਵਾਲੇ ਕੰਪਿਊਟਰ 'ਤੇ ਉਹਦੀ ਤਸਵੀਰ ਆਉਣ ਦਾ ਭੁਲੇਖਾ ਪੈ ਜਾਂਦਾ। ਮੈਂ ਦਰਵਾਜ਼ਾ ਖੋਲ੍ਹਣ ਉਠਦਾ ਪਰ ਅੱਗੇ...। ਮੇਰਾ ਰੋਣ ਨਿਕਲ ਜਾਂਦਾ ਤੇ ਨਿਸੱਤੇ ਸਰੀਰ ਨੂੰ ਬੈਡ 'ਤੇ ਸੁੱਟ ਫਿਰ ਹਉਕੇ ਭਰਨ ਲਗਦਾ। ਸੈਲ ਫੋਨ ਵਿਚ ਦਿਲਚਸਪੀ ਨਾ ਰਹੀ। ਪਤਾ ਨਹੀਂ ਉਹਦੀ ਬੈਟਰੀ ਦੀ ਚਾਰਜਿੰਗ ਕਦੋਂ ਦੀ ਮੁੱਕ ਗਈ ਸੀ।

ਜਿਉਂ ਹੀ ਦਿਨ ਚੜ੍ਹਿਆ, ਮੈਂ ਲੈਬ ਵਿਚ ਉਹਦੀ ਸੂਰਤ ਦੇਖਣ ਲਈ ਆ ਵੜਿਆ। ਕੰਪਿਊਟਰ ਆਨ ਕੀਤਾ। ਸਭ ਤੋਂ ਪਹਿਲਾਂ ਵਾਲਪੇਪਰ ਵਿਚ ਪਈਆਂ ਤਸਵੀਰਾਂ 'ਤੇ ਕਲਿੱਕ ਕੀਤਾ। ਉਸੇ ਵੇਲੇ ਨਾਲ ਦੇ ਟੇਬਲ 'ਤੇ ਪਰੀਜ਼ਰਵ ਕੀਤੇ ਜੀਨਜ਼ ਅਤੇ ਸੈਂਪਲਜ਼ 'ਤੇ ਨਿਗਾਹ ਗਈ। ਮੈਨੂੰ ਉਹ ਝਾਉਲੇ ਝਾਉਲੇ ਦਿਸ ਰਹੇ ਸਨ ਪਰ ਹੱਸਦੀ ਹੋਈ ਆਰਸੀ ਸਾਫ਼ ਦਿਖਾਈ ਦੇ ਰਹੀ ਸੀ। ਮੈਂ ਟੇਬਲ ਤੋਂ ਧਿਆਨ ਹਟਾ ਉਹਦੀ ਲੋਂਗੀਵਿਟੀ ਵਾਲੀਆਂ ਰਿਪੋਰਟਾਂ ਵਿਚ ਖੁਭ ਗਿਆ। ਈ-ਪੇਜ ਫਰੋਲਿਆ ਤਾਂ ਰਾਇਲ ਸੁਸਾਇਟੀ ਲੰਡਨ ਨੂੰ ਆਰਸੀ ਦੀ ਜੋ ਰਿਪੋਰਟ ਭੇਜੀ, ਪੜ੍ਹਨ ਲਈ ਕਮਾਂਡ ਦੇ ਦਿੱਤੀ। ਉਸੇ ਸਮੇਂ ਸੱਜੇ ਪਾਸੇ ਵਾਲਾ ਕੰਪਿਊਟਰ ਟੂੰ-ਟੂੰ ਕਰਨ ਲੱਗ ਪਿਆ ਸੀ। ਮੈਂ ਰਿਪੋਰਟ ਨੂੰ ਵਿਚਕਾਰ ਛੱਡ ਕੇ ਐਮਰਜੈਂਸੀ ਮੈਸੇਜ ਪੜ੍ਹਿਆ। ਉਸ ਤੋਂ ਬਾਅਦ ਮੈਥੋਂ ਕਿੰਨਾ ਚਿਰ ਕੁਰਸੀ 'ਚੋਂ ਉਠਿਆ ਨਹੀਂ ਸੀ ਗਿਆ। ਮੇਰੀ ਰੀੜ੍ਹ ਦੀ ਹੱਡੀ ਵਿਚ ਡਰ ਦੀ ਲਹਿਰ ਦੌੜ ਗਈ ਸੀ। ਕੁਝ ਝਟਕਿਆਂ ਤੋਂ ਬਾਅਦ ਮੈਂ ਸਾਧਾਰਨ ਹਾਲਤ ਵਿਚ ਪੁੱਜਾ।

"ਕਾਸ਼! ਐਸ.ਪੀ. ਮਿਸਟਰ ਸ਼ੁਕਲਾ ਦੀ ਮੈਸੇਜ ਵਾਲੀ ਖ਼ਬਰ ਝੂਠੀ ਹੋਵੇ।"

ਇਹ ਖ਼ਬਰ ਸੁੰਨ ਕਰਨ ਵਾਲੀ ਸੀ। ਜੋ ਆਰਸੀ ਨਾਲ ਹੋਈ, ਇਸ ਦੀ ਤਾਂ ਕੋਈ ਕਲਪਨਾ ਵੀ ਨਹੀਂ ਸੀ ਕਰ ਸਕਦਾ। ਕਹਿਰ ਦੀ ਗਰਮੀ ਵਿਚ ਵੀ ਮੇਰੇ ਦੰਦ ਵੱਜਣ ਲੱਗ ਪਏ ਸਨ। ਹੱਥ ਕੰਬ ਰਹੇ ਸਨ। ਮੈਨੂੰ ਕੁਝ ਸੁੱਝ ਨਹੀਂ ਸੀ ਰਿਹਾ ਕਿ ਮੈਂ ਕੀ ਕਰਾਂ? ਇਸੇ ਪ੍ਰੇਸ਼ਾਨੀ ਵਿਚ ਮੈਂ ਲੈਬ ਵਿਚੋਂ ਨਿਕਲਿਆ ਤੇ ਆਪਣੇ ਕਮਰੇ ਵਿਚ ਗੇੜੇ ਕੱਢਣ ਲੱਗ ਪਿਆ।



ਥੋੜ੍ਹੀ ਦੇਰ ਬਾਅਦ ਡਾ. ਰਾਧਿਕਾ ਲੈਬ ਪੁੱਜੀ ਤਾਂ ਉਹਦੇ ਚਿਹਰੇ 'ਤੇ ਪ੍ਰੇਸ਼ਾਨੀ ਸਾਫ਼ ਝਲਕਦੀ ਸੀ। ਉਹਨੇ ਆਉਂਦਿਆਂ ਈ ਸਾਰੀ ਘਟਨਾ ਬਿਆਨ ਕਰ ਦਿੱਤੀ। ਇਸ ਪਿੱਛੋਂ ਕਮਰੇ ਵਿਚ ਕਾਫ਼ੀ ਸਮਾਂ ਚੁੱਪ ਪਸਰੀ ਰਹੀ। ਡਾ. ਰਾਧਿਕਾ ਨੇ ਹੀ ਮੈਨੂੰ ਦਿਲਾਸਾ ਦਿੱਤਾ ਸੀ। ਉਹੀ ਮੈਨੂੰ ਕਾਰ ਵਿਚ ਬਿਠਾ ਕੇ ਕਬਰਸਤਾਨ ਵੱਲ ਲੈ ਤੁਰੀ ਸੀ।

ਲੈਬ ਵਿਚ ਜਿਸ ਮੈਸੇਜ 'ਤੇ ਮੈਂ ਯਕੀਨ ਨਹੀਂ ਸੀ ਕਰ ਰਿਹਾ, ਉਹ ਸੱਚ ਹੋਇਆ ਪਿਆ ਸੀ। ਕਬਰ ਦੀ ਮਿੱਟੀ ਪੁੱਟੀ ਹੋਈ ਸੀ। ਆਰਸੀ ਦੀ ਲਾਸ਼ ਸਪੈਣਾਂ ਦੇ ਕਬਜ਼ੇ ਵਿਚ ਸੀ। ਉਹ ਤਾਂ ਮੂੰਹ ਵੀ ਨਹੀਂ ਸੀ ਦੇਖਣ ਦੇ ਰਹੀਆਂ। ਅਫ਼ਸਰ ਤੇ ਜਸਟਿਸ ਸਾਹਿਬ ਦੇ ਰਿਸ਼ਤੇਦਾਰ ਗੁੱਸੇ ਵਿਚ ਘੁੰਮ ਰਹੇ ਸਨ। ਮੈਨੂੰ ਉਨ੍ਹਾਂ ਦੇ ਮਨਾਂ ਅੰਦਰ ਅੱਗ ਦੇ ਭਾਂਬੜ ਬਲਦੇ ਨਜ਼ਰ ਆਏ। ਤਣਾਅ ਐਨਾ ਸੀ ਕਿ ਇਸ ਸਮੇਂ ਕੁੱਝ ਵੀ ਵਾਪਰ ਸਕਦਾ ਸੀ। ਹਾਲਾਤ ਨਾਲ ਨਜਿੱਠਣ ਲਈ ਐਸ.ਪੀ. ਸਾਹਿਬ ਦੀ ਅਗਵਾਈ ਹੇਠ ਪੁਲਿਸ ਤਿਆਰ ਬਰ ਤਿਆਰ ਖੜ੍ਹੀ ਸੀ। ਲਾਸ਼ ਨੂੰ ਐਂਬੂਲੈਂਸ ਵਿਚ ਹਸਪਤਾਲ ਲੈ ਤੁਰੇ ਸਨ।

ਐਸ.ਪੀ. ਸਾਹਿਬ ਵਲੋਂ ਫੋਰੈਂਸਿਕ ਸੈਂਟਰ ਲਈ ਸੈਂਪਲ ਲੈਣ ਲਈ ਮੈਨੂੰ ਮੈਸੇਜ ਕੀਤਾ ਗਿਆ ਸੀ। ਡਾ. ਰਾਧਿਕਾ ਨੇ ਅਪਰੇਟਸ ਬਾਕਸ, ਗਲੱਵ ਅਤੇ ਪਰੀਜ਼ਰਵੇਟਿਵ ਆਦਿ ਸਾਮਾਨ ਕਾਰ ਵਿਚ ਰੱਖ ਲਿਆ ਸੀ। ਮੈ ਤਾਂ ਇਸ ਗੱਲੋਂ ਸੁੰਨ ਸੀ ਕਿ ਲਾਸ਼ ਨਾਲ ਬਲਾਤਕਾਰ! ਉਹ ਕਮੀਨਾ ਭੱਜ ਕਿਵੇਂ ਗਿਆ? ਪੁਲਿਸ ਦਾ ਕਹਿਣਾ ਸੀ-ਇਕ ਗਰੀਬੜਾ ਸ਼ਰਾਬੀ, ਅੱਧੀ ਰਾਤ ਤੋਂ ਬਾਅਦ ਕਬਰਸਤਾਨ ਸੌਣ ਲਈ ਪੁੱਜਾ ਸੀ। ਉਹ ਸ਼ਰਾਬੀ ਨੂੰ ਦੇਖ ਕੇ ਭੱਜ ਗਿਆ ਸੀ।

ਐਸ.ਪੀ. ਸਾਹਿਬ ਤਾਂ ਚਾਹੁੰਦੇ ਸੀ ਕਿ ਮੈਂ ਛੇਤੀ ਤੋਂ ਛੇਤੀ ਸੈਂਪਲ ਲੈ ਲਵਾਂ ਤਾਂ ਕਿ ਪੋਸਟ ਮਾਰਟਮ ਹੋ ਜਾਵੇ ਤੇ ਲਾਸ਼ ਨੂੰ ਦੁਬਾਰਾ ਸਪੁਰਦ-ਏ-ਖਾਕ ਕਰ ਦਿੱਤਾ ਜਾਵੇ। ਐਸ.ਪੀ. ਸਾਹਿਬ ਨੇ ਆਰਸੀ ਦੇ ਸਰੀਰ ਤੋਂ ਕੱਪੜਾ ਸਰਕਾਇਆ ਸੀ। ਹੈਂਅ! ਆਰਸੀ? ਉਹ ਤਾਂ ਪਛਾਣੀ ਵੀ ਨਹੀਂ ਸੀ ਗਈ। ਥਾਂ ਥਾਂ 'ਤੇ ਦੰਦੀਆਂ ਨਾਲ ਵੱਢ ਮਾਰੇ ਹੋਏ ਸਨ।

"ਰਾਖਸ਼...।" ਮੇਰੇ ਕਲੇਜੇ ਰੁੱਗ ਭਰਿਆ ਗਿਆ ਸੀ। ਡਾ. ਰਾਧਿਕਾ ਮੇਰੀ ਹਾਲਤ ਸਮਝ ਗਈ ਸੀ। ਉਸ ਨੇ ਸੈਂਪਲ ਲੈਣੇ ਸ਼ੁਰੂ ਕੀਤੇ। ਪਹਿਲਾਂ ਉਹਨੇ ਆਰਸੀ ਦੇ ਕੱਪੜਿਆਂ ਤੋਂ ਵਾਲਾਂ ਦਾ ਸੈਂਪਲ ਲਿਆ। ਫਿਰ ਜੰਮੇ ਹੋਏ ਖ਼ੂਨ ਦਾ। ਇਸ ਤੋਂ ਬਾਅਦ ਆਰਸੀ ਦੇ ਮੂੰਹ ਵਿਚੋਂ ਆਰਟਰੀ ਫੋਰਸੈਪ ਨਾਲ ਸਵੈਬ ਅਟੈਚ ਕਰ ਕੇ ਲਾਰ ਦਾ ਸੈਂਪਲ ਲਿਆ। ਜਦੋਂ ਉਹ ਰੂੰ ਦੇ ਫੰਬੇ ਨਾਲ ਵੇਜਾਈਨਲ ਸਵੈਬ ਦਾ ਸੈਂਪਲ ਲੈਣ ਲੱਗੀ, ਮੇਰੀਆਂ ਅੱਖਾਂ ਮੀਟੀਆਂ ਗਈਆਂ। ਡਾ. ਰਾਧਿਕਾ ਮੈਨੂੰ ਹਸਪਤਾਲ ਤੋਂ ਕਬਰਸਤਾਨ ਲੈ ਕੇ ਗਈ। ਆਰਸੀ ਨੂੰ ਦਫ਼ਨਾਉਣ ਤੋਂ ਬਾਅਦ ਮੇਰੇ ਕਮਰੇ ਤੱਕ ਛੱਡਣ ਵੀ ਆਈ ਸੀ।

ਮੈਨੂੰ ਇਸ ਘਟਨਾ ਨੇ ਬੇਚੈਨ ਕਰ ਦਿੱਤਾ ਸੀ। ਫੋਰੈਂਸਿਕ ਸੈਂਟਰ ਵਾਲੇ ਡਿਊਟੀ ਕਰਨ ਲਈ ਦਬਾਅ ਪਾ ਰਹੇ ਸਨ। ਉਹ ਇਸ ਘਟਨਾ ਦੀ ਤੁਰੰਤ ਰਿਪੋਰਟ ਮੰਗ ਰਹੇ ਸਨ। ਮੇਰਾ ਕਿਸੇ ਕੰਮ ਵਿਚ ਦਿਲ ਨਹੀਂ ਸੀ ਲਗਦਾ। ਆਖ਼ਰ ਮੇਰੀਆਂ ਵੀ ਭਾਵਨਾਵਾਂ ਨੇ। ਵਿਗਿਆਨੀ ਦੇ ਸੀਨੇ 'ਚ ਵੀ ਦਿਲ ਹੁੰਦਾ। ਮੈਂ ਦੋਸ਼ੀ ਨੂੰ ਹਰ ਹੀਲੇ ਫੜਨ ਦੇ ਹੱਕ ਵਿਚ ਸੀ।

"ਸਰ, ਮੈਂ ਕੁੱਝ ਦਿਨ ਸੈਂਟਰ ਨਹੀਂ ਆ ਸਕਦਾ। ਮੈਨੂੰ ਮੈਡੀਕਲ ਲੀਵ 'ਤੇ ਸਮਝਿਆ ਜਾਵੇ। ਉਂਜ ਮੈਂ ਆਰਸੀ ਵਾਲੇ ਮਾਮਲੇ ਨੂੰ ਆਪਣੀ ਲੈਬ ਵਿਚ ਨਜਿੱਠ ਲਵਾਂਗਾ। ਨਤੀਜਾ ਆਉਣ 'ਤੇ ਰਿਪੋਰਟ ਤੁਰੰਤ ਤੁਹਾਡੇ ਆਫ਼ਿਸ ਪੇਸ਼ ਕਰ ਦਿਆਂਗਾ।" ਮੈਂ ਫੋਰੈਂਸਿਕ ਸੈਂਟਰ ਦੀ ਹਾਇਰ ਅਥਾਰਟੀ ਨੂੰ ਸਾਫ਼ ਕਹਿ ਦਿੱਤਾ ਸੀ।

ਸੈਂਟਰ ਵਾਲਿਆਂ ਨੇ ਐਨੀ ਕੁ ਮੇਰੀ ਮੰਨ ਲਈ ਸੀ। ਡਾ. ਰਾਧਿਕਾ ਵੀ ਇਹ ਕੇਸ ਜਲਦੀ ਹੱਲ ਕਰਨਾ ਚਾਹੁੰਦੀ ਸੀ। ਸਭ ਤੋਂ ਪਹਿਲਾਂ ਉਸ ਨੇ ਹੀ ਲੈਬ ਵਿਚ ਕੰਮ ਕਰਨਾ ਸ਼ੁਰੂ ਕੀਤਾ। ਉਸ ਨੇ ਵੈਜਾਈਨਲ ਸਵੈਬ ਦਾ ਕੰਮ ਅਰੰਭ ਕੀਤਾ ਸੀ। ਸੈਂਪਲ ਤਿਆਰ ਕਰ ਕੇ ਮੇਰੇ ਮੂਹਰੇ ਰੱਖ ਦਿੱਤਾ ਸੀ। ਮੈਂ ਕੈਮੀਕਲ ਨਾਲ ਆਰਸੀ ਦੇ ਡੀ.ਐਨ.ਏ. ਧੋ ਦਿੱਤੇ। ਪਿੱਛੇ ਰੂੰ ਦੇ ਫ਼ੰਬੇ ਉਤੇ ਸਿਰਫ਼ ਦੋਸ਼ੀ ਦੇ ਵੀਰਜਾਣੂ ਬਚੇ ਸਨ। ਹੋਰ ਕੈਮੀਕਲ ਵਰਤ ਕੇ ਵੀਰਜਾਣੂ ਨੂੰ ਨਿਖੇੜ ਲਿਆ ਸੀ ਅਤੇ ਉਸ ਦਾ ਡੀ.ਐਨ.ਏ. ਪ੍ਰਿੰਟ ਵੀ ਲੈ ਲਿਆ ਸੀ। ਡਾ. ਰਾਧਿਕਾ ਨੇ ਮਾਈਕਰੋਸਕੋਪ ਦੇ ਆਈ. ਪੀਸ ਵੱਲ ਇਸ਼ਾਰਾ ਕਰ ਕੇ ਵਿਊ ਦੇਖਣ ਨੂੰ ਕਿਹਾ। ਫ਼ੋਕਸ ਕਰਨ 'ਤੇ ਲਗਭਗ ਡੈਡ ਸਪਰਮ ਨਜ਼ਰ ਆ ਰਹੇ ਸਨ।

ਜਿਸ ਦਿਨ ਦੀ ਇਹ ਘਟਨਾ ਵਾਪਰੀ, ਪੁਲਿਸ ਮਾਮਲੇ ਦੀ ਜਾਂਚ ਪੂਰੀ ਸਾਵਧਾਨੀ ਨਾਲ ਕਰ ਰਹੀ ਸੀ। ਐਡੇ ਵੱਡੇ ਬੰਦੇ ਦੀ ਬੇਟੀ ਨਾਲ ਕੁਕਰਮ ਹੋਇਆ ਹੋਵੇ, ਦੋਸ਼ੀ ਤਾਂ ਫੜ ਕੇ ਹੀ ਇਨ੍ਹਾਂ ਦਾ ਗੁਜ਼ਾਰਾ ਹੋਣੈ। ਪੁਲਿਸ ਅਧਿਕਾਰੀ ਦੂਏ-ਤੀਏ ਦਿਨ ਜਸਟਿਸ ਸਾਹਿਬ ਦੇ ਘਰ ਆਉਂਦੇ। ਕੀਤੀ ਕਾਰਵਾਈ ਦੀ ਰਿਪੋਰਟ ਦਿੰਦੇ। ਦਰਅਸਲ ਉਨ੍ਹਾਂ ਕੋਲੋਂ ਬਲਾਤਕਾਰੀ ਦੀ ਸੂਹ ਨਹੀਂ ਸੀ ਨਿਕਲ ਰਹੀ। ਐਸ.ਪੀ. ਸਾਹਿਬ ਮੁਤਾਬਕ ਇਸ ਜਾਂਚ ਵਿਚ ਕੋਈ ਇਕ ਸੌ ਵੀਹ ਅਪਰਾਧੀਆਂ ਤੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ। ਪੁਲਿਸ ਨੇ ਤਾਂ ਅੰਤਮ ਰਸਮ ਵਿਚ ਹਿੱਸਾ ਲੈਣ ਵਾਲੇ ਵੀ ਨਹੀਂ ਬਖ਼ਸ਼ੇ। ਉਨ੍ਹਾਂ ਦੇ ਕਹਿਣ 'ਤੇ ਸਾਰੇ ਮਰਦਾਂ ਨੂੰ ਡੀ.ਐਨ.ਏ. ਟੈਸਟ ਵਿਚ ਸ਼ਾਮਿਲ ਕੀਤਾ ਗਿਆ। ਪੁਲਿਸ ਦੀ ਐਨੀ ਤਫ਼ਤੀਸ਼ ਦੇ ਬਾਵਜੂਦ ਉਨ੍ਹਾਂ ਦੇ ਹੱਥ ਪੱਲੇ ਕੁੱਝ ਨਾ ਪਿਆ।

ਇਸ ਪਿੱਛੋਂ ਸਭ ਦੀ ਆਸ ਫੋਰੈਂਸਿਕ ਸੈਂਟਰ 'ਤੇ ਬੱਝ ਗਈ। ਮੈਂ ਆਪ ਸਫਲਤਾ ਨਾ ਮਿਲਣ ਤੋਂ ਪ੍ਰੇਸ਼ਾਨ ਸੀ। ਅੱਜ ਤੱਕ ਮੇਰਾ ਕੋਈ ਵੀ ਟੈਸਟ ਫੇਲ੍ਹ ਨਹੀਂ ਸੀ ਹੋਇਆ। ਮੈਂ ਖ਼ੁਦ ਤਿੰਨ ਵਾਰ ਡੀ.ਐਨ.ਏ. ਜਾਂਚ ਕੀਤੀ। ਆਰਸੀ ਦੇ ਕੱਪੜਿਆਂ ਤੋਂ ਲਏ ਵਾਲਾਂ ਦੇ ਸੈਂਪਲ ਵੀ ਟੈਸਟ ਕੀਤੇ। ਉਹਦੇ ਸਰੀਰ 'ਤੇ ਲੱਗੇ ਖ਼ੂਨ ਦੇ ਡੀ.ਐਨ.ਏ. ਦਾ ਨਿਰੀਖਣ ਵੀ ਕੀਤਾ। ਵੈਜਾਈਨਲ ਸਵੈਬ ਟੈਸਟ ਵੀ ਕੀਤਾ। ਕਿਸੇ ਵੀ ਅਪਰਾਧੀ ਦੇ ਡੀ.ਐਨ.ਏ. ਦੇ ਬੈਂਡ ਆਰਸੀ ਦੇ ਸੈਂਪਲ ਦੇ ਡੀ.ਐਨ.ਏ. ਦੇ ਬੈਂਡਾਂ ਨਾਲ ਨਹੀਂ ਸੀ ਮਿਲੇ।

ਇਹ ਮੇਰੇ ਨਾਲ ਪਹਿਲੀ ਵਾਰ ਹੋ ਰਿਹਾ ਸੀ ਕਿ ਤਿੰਨ ਵਾਰ ਟੈਸਟ ਕਰਨ ਦੇ ਬਾਵਜੂਦ ਅਪਰਾਧੀ ਦੀ ਪਛਾਣ ਨਹੀਂ ਸੀ ਹੋ ਸਕੀ। ਮੇਰੇ ਕੋਲ ਸੱਠ ਕੁ ਸ਼ੱਕੀ ਬੰਦਿਆਂ ਦੇ ਡੀ.ਐਨ.ਏ. ਸਨ। ਉਨ੍ਹਾਂ ਸਭ ਦੀ ਪਰਖ ਕਰ ਕੇ ਦੇਖ ਲਈ ਸੀ। ਸ਼ਾਇਦ ਪੁਲਿਸ ਤਾਂ ਚੁੱਪ ਕਰ ਜਾਏ, ਮੈਂ ਹਾਰ ਮੰਨਣ ਵਾਲਾ ਨਹੀਂ ਸੀ। ਆਖਰ ਮੇਰੀ ਆਰਸੀ ਦਾ ਮਾਮਲਾ ਸੀ। ਮੇਰੀ ਖੋਜ ਦਾ...। ਜੇ ਇੰਦਾਂ ਹੀ ਹੁੰਦਾ ਰਿਹਾ ਤਾਂ ਆਦਮੀ ਦੀ ਉਮਰ ਹਜ਼ਾਰ ਵਰ੍ਹੇ ਕਰਨ ਦੀ ਖੋਜ ਦਾ ਕੀ ਬਣੇਗਾ?...ਹਾਂ, ਹਾਂ ਮੇਰੇ ਜੀਵਨ ਦਾ ਮਕਸਦ ਖੋਜ ਹੈ। ਫਿਰ ਮੈਂ ਥੁੱਕ ਨਾਲ ਬਣੇ ਪ੍ਰੋਫ਼ਾਈਲ ਦੀ ਜਾਂਚ ਕਰਨੀ ਸ਼ੁਰੂ ਕੀਤੀ।

"ਲਾਰ ਵਿਚ ਵੀ...ਸ...ਪ...ਰ...ਮ?" ਦੇਖ ਕੇ ਡਾ. ਰਾਧਿਕਾ ਜਿਉਂ ਸੁੰਨ ਹੋ ਗਈ ਸੀ।

ਇਹ ਪ੍ਰੋਫ਼ਾਈਲ ਸਹਾਇਕ ਦੇ ਹੱਥ ਵਿਚ ਸੀ। ਮੈਂ ਉਸ ਸੈਂਪਲ ਨੂੰ ਇੰਜਾਇਮ ਦੇ ਘੋਲ ਵਿਚ ਮਾਈਨਸ ਸੱਤਰ ਡਿਗਰੀ ਸੈਲਸੀਅਸ 'ਤੇ ਫ਼ਰੀਜ਼ ਕੀਤਾ। ਇਸ ਡੀ.ਐਨ.ਏ. ਦੇ ਹਜ਼ਾਰਾਂ ਹੀ ਛੋਟੇ ਛੋਟੇ ਟੁਕੜੇ ਹੋ ਗਏ ਸਨ। ਇਨ੍ਹਾਂ ਟੁਕੜਿਆਂ ਨੂੰ ਪਰਖ ਨਲੀ ਵਿਚ ਪਾ ਕੇ ਗਰਮ ਕਰ ਲਿਆ। ਇਸ ਨਾਲ ਸੈਲ ਟੁੱਟ ਗਏ ਤੇ ਡੀ.ਐਨ.ਏ. ਅਲੱਗ ਹੋ ਗਏ। ਬ੍ਰੋਮਾਈਡ ਉਤੇ ਪੱਟੀਆਂ ਉਭਰ ਆਈਆਂ। ਮੈਂ ਇਨ੍ਹਾਂ ਦਾ ਅਪਰਾਧੀਆਂ ਦੇ ਡੀ.ਐਨ.ਏ. ਨਾਲ ਮੇਲ ਕੀਤਾ।

"ਕਮੀਨਾ ਫੜਿਆ ਗਿਆ...।" ਮੈਂ ਡਾ. ਰਾਧਿਕਾ ਨਾਲ ਖੁਸ਼ੀ ਸਾਂਝੀ ਕੀਤੀ। ਤੇਤੀ ਨੰਬਰ ਵਾਲਾ ਡੀ.ਐਨ.ਏ. ਦਾ ਸੈਂਪਲ ਆਰਸੀ ਦੇ ਥੁੱਕ ਨਾਲ ਮਿਲਿਆ ਸੀ। ਮੈਂ ਇਸ ਦੀ ਰਿਪੋਰਟ ਤਿਆਰ ਕਰ ਕੇ ਫੋਰੈਂਸਿਕ ਸੈਂਟਰ ਪੁੱਜਦੀ ਕੀਤੀ। ਉਥੋਂ ਕਾਰਵਾਈ ਕਰਵਾ ਕੇ ਪੁਲਿਸ ਡਿਪਾਰਟਮੈਂਟ ਕੋਲ ਪਹੁੰਚਾਈ। ਹੁਣ ਉਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ। ਉਦਾਂ ਤਾਂ ਸੱਠ ਬੰਦਿਆਂ ਵਿਚੋਂ ਹੀ ਹੋਏਗਾ। ਮੈਂ ਐਸ.ਪੀ. ਸ਼ੁਕਲਾ ਨੂੰ ਦੁਬਾਰਾ ਆਪ ਹੀ ਫ਼ੋਨ ਲਾ ਲਿਆ। ਉਨ੍ਹਾਂ ਦੀ ਆਵਾਜ਼ ਵਿਚ ਸਖ਼ਤੀ ਹੈ।

"ਡਾ. ਸੁਵੀਰ ਸਿੰਘ, ਵੇਟ ਕਰੋ। ਮੈਂ ਖ਼ੁਦ ਆ ਕੇ ਗੱਲ ਕਰਦਾਂ।"

ਮੈਂ ਐਸ.ਪੀ. ਸਾਹਿਬ ਦਾ ਫ਼ੋਨ ਸੁਣ ਕੇ ਡਰ ਗਿਆ। ਮੇਰਾ ਮਨ ਪੁੱਠੀਆਂ ਸੋਚਾਂ ਸੋਚਣ ਲੱਗ ਪਿਆ। ਕਦੇ ਤਾਂ ਮੈਨੂੰ ਲਗਦਾ, ਕਿਤੇ ਮੈਂ ਹੀ ਨਾ ਅਰਧ ਨੀਂਦ ਵਿਚ ਚਲੇ ਗਿਆ ਹੋਵਾਂ। ਨਹੀਂ, ਐਨਾ ਕਮੀਨਾ ਮੈਂ ਨਹੀਂ ਹੋ ਸਕਦਾ। ਜਸਟਿਸ ਸਾਹਿਬ...ਉਨ੍ਹਾਂ ਬਾਰੇ ਤੇ ਸੋਚਿਆ ਵੀ ਨਹੀਂ ਜਾ ਸਕਦਾ। ਫਿਰ ਮੈਂ ਯੋਗੇਸ਼ ਬਾਰੇ ਸੋਚਣ ਲੱਗ ਪਿਆ। ਇਕ ਵਾਰ ਡਾ. ਰਾਧਿਕਾ ਤੇ ਯੋਗੇਸ਼ ਵਿਚਕਾਰ ਮੁਸਲਮਾਨਾਂ ਬਾਰੇ ਬਹਿਸ ਹੋ ਰਹੀ ਸੀ।

"ਭਾਰਤੀ ਮੁਸਲਮਾਨ ਸਾਡੇ ਹਿੰਦੂਆਂ ਵਾਂਗ ਹੀ ਅੱਛੇ ਸ਼ਹਿਰੀ ਹਨ। ਇਸ ਦੇਸ਼ 'ਤੇ ਇਥੋਂ ਦੇ ਬਾਸ਼ਿੰਦਿਆਂ ਦਾ ਬਰਾਬਰ ਦਾ ਹੱਕ ਏ।" ਡਾ. ਰਾਧਿਕਾ ਨੇ ਕਿਹਾ ਸੀ।

"ਇਹ ਪਾਕਿਸਤਾਨ ਦੇ ਹਮਾਇਤੀ ਨੇ ਤੇ ਦੇਸ਼ ਦੇ ਦੁਸ਼ਮਣ। ਇਨ੍ਹਾਂ ਨੂੰ ਤਾਂ 'ਮੌਤ' ਮਗਰੋਂ ਵੀ ਮੁਆਫ਼ ਨਹੀਂ ਕਰਨਾ ਚਾਹੀਦਾ।" ਯੋਗੇਸ਼ ਦੇ ਬੋਲਾਂ ਵਿਚ ਤਲਖ਼ੀ ਸੀ।

ਇਨ੍ਹਾਂ ਊਲ-ਜਲੂਲ ਸੋਚਾਂ 'ਚ ਗਲਤਾਨ ਮੈਂ ਕਿੰਨੀ ਦੇਰ ਤੋਂ ਕੁਰਸੀ 'ਤੇ ਨਿਢਾਲ ਪਿਆ ਹਾਂ। ਫ਼ਿੰਗਰ ਪ੍ਰਿੰਟ ਸੈਂਸਰ ਨੇ ਐਸ.ਪੀ. ਸ਼ੁਕਲਾ ਦੇ ਨਾਂ ਦੀ ਆਵਾਜ਼ ਦਿੱਤੀ। ਮੈਂ ਦਰਵਾਜ਼ਾ ਖੋਲ੍ਹਿਆ ਤੇ ਪੁਲਿਸ ਅੰਦਰ ਆ ਵੜੀ।


"ਡਾ. ਸੁਵੀਰ ਸਿੰਘ ਜੀ, ਮੁਬਾਰਕਵਾਦ! ਤੁਹਾਡੇ ਵਰਗੇ ਵਿਗਿਆਨੀਆਂ ਦੇ ਹੁੰਦਿਆਂ, ਦੋਸ਼ੀ ਬਚ ਨਹੀਂ ਸਕਦੇ।...ਅਖੇ ਚੋਰ ਜਲੰਧਰ, ਟੱਕਰਾਂ ਦਿੱਲੀ।" ਐਸ.ਪੀ. ਸ਼ੁਕਲਾ ਦੀ ਰੋਹਬਦਾਰ ਆਵਾਜ਼ ਪੂਰੀ ਲੈਬ 'ਚ ਗੂੰਜੀ।

ਚਾਣਚੱਕ ਰਸੋਈ 'ਚੋਂ ਬਾਹਰ ਵੱਲ ਤੇਜ਼ ਕਦਮਾਂ ਦੀ ਆਵਾਜ਼ ਆਈ। ਪੁਲਿਸ ਦੇ ਜਵਾਨਾਂ ਨੇ ਫੁਰਤੀ ਨਾਲ ਭੱਜੇ ਜਾਂਦੇ ਯੋਗੇਸ਼ ਨੂੰ ਕਾਬੂ ਕਰ ਲਿਆ।

#

# ਨਾਬਰਾਂ ਤੇ ਜਾਬਰਾਂ ਦੀ ਪਾਲਾਬੰਦੀ ਨੂੰ ਉਘਾੜਦੀ ਫ਼ਿਲਮ 'ਈਵਨ ਦਿ ਰੇਨ'

*ਹਦਾਇਤਕਾਰ ਇਸੀਅਰ ਬੋਲੇਨ ਦੀ ਸਪੇਨੀ ਫ਼ਿਲਮ 'ਈਵਨ ਦਿ ਰੇਨ' ਸਮਕਾਲੀ ਮੁੱਦਿਆਂ ਨੂੰ ਇਤਿਹਾਸ ਨਾਲ ਜੋੜ ਕੇ ਨਾਬਰਾਂ ਅਤੇ ਜਾਬਰਾਂ ਦੀ ਪਾਲਾਬੰਦੀ ਨੂੰ ਤਿੱਖੇ ਰੂਪ ਵਿਚ ਉਘਾੜਦੀ ਹੈ।...ਫ਼ਿਲਮ ਬੀਤੇ ਦੇ ਯੂਰਪੀ ਸਾਮਰਾਜ ਅਤੇ ਅਜੋਕੇ ਆਲਮੀਕਰਨ ਤੇ ਨਿੱਜੀਕਰਨ ਦੇ ਵਰਤਾਰੇ ਦੀਆਂ ਸਾਂਝੀਆਂ ਤੰਦਾਂ ਨੂੰ ਉਘਾੜ ਕੇ ਪੇਸ਼ ਕਰਦੀ ਹੈ। ਕੋਲੰਬਸ ਦੀ ਗ਼ੁਲਾਮੀ ਤੇ ਕਤਲੇਆਮ ਦੀ ਵਿਰਾਸਤ ਨੂੰ ਮੌਜੂਦਾ ਬਸਤਾਨ ਆਲਮੀਕਰਨ ਤੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਰਾਹੀਂ ਅੱਗੇ ਵਧਾ ਰਹੇ ਹਨ। ਪਾਣੀ ਤੋਂ ਲੈ ਕੇ ਹਰ ਬੁਨਿਆਦੀ ਸੇਵਾ ਨੂੰ ਨਿੱਜੀ ਹੱਥਾਂ 'ਚ ਦਿੱਤਾ ਜਾ ਰਿਹਾ ਹੈ।...ਅਫ਼ਰੀਕੀ ਕਹੌਤ ਹੈ ਕਿ ਜਦੋਂ ਤੱਕ ਸ਼ਿਕਾਰ ਦਾ ਇਤਿਹਾਸ ਸ਼ਿਕਾਰੀ ਲਿਖਦੇ ਰਹਿਣਗੇ, ਮਹਿਮਾ ਸ਼ਿਕਾਰੀਆਂ ਦੀ ਹੀ ਹੁੰਦੀ ਰਹੇਗੀ।...ਇਹ ਫ਼ਿਲਮ ਸ਼ਿਕਾਰੀਆਂ ਦੇ ਲਿਖੇ ਇਤਿਹਾਸ ਨੂੰ ਛਿੱਲ ਕੇ ਰੱਖ ਦਿੰਦੀ ਹੈ।*



ਪਹਿਲੀ ਗੱਲ

ਜਤਿੰਦਰ ਮੌਹਰ

ਫੋਨ: +91 97799 34747


ਅਫ਼ਰੀਕੀ ਕਹੌਤ ਹੈ ਕਿ ਜਦੋਂ ਤੱਕ ਸ਼ਿਕਾਰ ਦਾ ਇਤਿਹਾਸ ਸ਼ਿਕਾਰੀ ਲਿਖਦੇ ਰਹਿਣਗੇ, ਮਹਿਮਾ ਸ਼ਿਕਾਰੀਆਂ ਦੀ ਹੀ ਹੁੰਦੀ ਰਹੇਗੀ। ਉਨ੍ਹਾਂ ਦੇ ਲਿਖੇ ਇਤਿਹਾਸ ਨੇ ਬੰਦੇ ਨੂੰ ਅੱਜ ਤੱਕ ਵਾਹਣੀ ਪਾ ਕੇ ਰੱਖਿਆ ਹੈ। ਕਦੇ ਉਨ੍ਹਾਂ ਦੇ ਹੱਥ ਵਿਚ ਖੋਜ ਦੀਆਂ ਧੋਖੇ-ਭਰੀਆਂ ਕਿਤਾਬਾਂ ਅਤੇ ਨਕਸ਼ੇ ਸਨ। ਨਵੇਂ ਖਿੱਤਿਆਂ ਵਿਚ ਫੈਲਣ ਦੀ ਲਾਲਸਾ ਦੇ ਪਹਾੜ ਜਿੱਡੇ ਸਾਜ਼ਿਸ਼ੀ ਕਦਮ ਸਨ। ਪਿੱਛੇ ਪਿੱਛੇ ਗਲਾਂ ਵਿਚ ਪਵਿੱਤਰ ਕਰਾਸ ਲਮਕਾਈ 'ਧਰਮ' ਦੇ ਨੁਮਾਇੰਦੇ ਹੇੜ੍ਹਾਂ ਬੰਨ੍ਹੀ ਆਉਂਦੇ ਸਨ। ਬਾਬੇ ਈਸਾ ਦੀ ਰੂਹ ਦੇ ਕਾਤਲਾਂ ਨੇ ਅਣਗਿਣਤ ਹੋਰ ਈਸਾ ਮਸੀਹਾਂ ਨੂੰ ਸੂਲੀ 'ਤੇ ਚਾੜ੍ਹਨਾ ਸੀ।



*ਫ਼ਿਲਮਸਾਜ਼ ਇਸੀਅਰ ਬੋਲੇਨ*

ਕਰਾੜਾਂ ਦੇ ਹੱਥਾਂ ਵਿਚ ਵੇਚਣ ਦੀਆਂ ਵਸਤਾਂ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਮੁਨਾਫ਼ੇ ਦੀ ਹਾਬੜੀ ਭੁੱਖ ਸੀ ਤੇ ਹੱਥ ਕਿਰਤ ਦੇ ਲਹੂ ਨਾਲ ਰੰਗੇ ਹੋਏ ਸਨ। ਲੁੱਟ ਦੇ ਬੇਕਿਰਕ ਪਹਿਰੇਦਾਰਾਂ ਦੇ ਹੱਥਾਂ ਵਿਚ ਨਾਮੁਰਾਦ ਬੰਦੂਕਾਂ ਤੇ ਬਾਰੂਦ ਸੀ। ਇਨ੍ਹਾਂ ਕਾਰਿਆਂ ਨੂੰ ਉਹ 'ਜੰਗਲੀਆਂ' ਨੂੰ 'ਸੱਭਿਅਤਾ' ਸਿਖਾਉਣ ਦੀ 'ਪਵਿੱਤਰ ਸੇਵਾ' ਮੰਨਦੇ ਹਨ। ਉਹ ਕੋਲੰਬਸਾਂ, ਮਾਰਕ ਪੋਲੋਆਂ ਤੇ ਜੇਮਜ਼ ਕੁੱਕਾਂ ਨੂੰ ਨਵੀਂ ਦੁਨੀਆਂ ਲੱਭਣ ਦੇ ਖੋਜੀ ਨਾਇਕਾਂ ਵਜੋਂ ਪ੍ਰਚਾਰਦੇ ਰਹੇ ਤੇ ਮਨੁੱਖੀ ਨਸਲ ਦੇ ਚੇਤਿਆਂ ਵਿਚ ਪਲੀਤ ਇਤਿਹਾਸ ਦੀ ਗਹਿਰ ਚਾੜ੍ਹਦੇ ਰਹੇ। ਨਵੀਂ ਦੁਨੀਆ ਲੱਭਣ ਦੇ ਨਾਅਰਿਆਂ ਹੇਠ ਲੁੱਟ ਦੀ ਨਵੀਂ ਦੁਨੀਆਂ ਵਸਾਉਣ ਲਈ ਲਾਮ-ਲਸ਼ਕਰ ਲੈ ਕੇ ਆਉਂਦੇ ਰਹੇ। ਨਾਬਰਾਂ ਨੇ ਇਨ੍ਹਾਂ ਹੱਲਿਆਂ ਨੂੰ ਰੂਹਾਂ ਤੇ ਪਿੰਡਿਆਂ 'ਤੇ ਝੱਲਿਆ ਪਰ ਨਾਬਰੀ ਦੀ ਸੁਰ ਨੀਵੀਂ ਨਹੀਂ ਹੋਣ ਦਿੱਤੀ। ਜ਼ਿੰਦਗੀ ਦੇ ਆਸ਼ਕਾਂ ਨੇ ਸਦੀਆਂ ਤੋਂ ਲੁੱਟ ਦੇ ਖ਼ਿਲਾਫ਼ ਸੰਗਰਾਮ ਦਾ ਪਿੜ ਮੱਲਿਆ ਹੋਇਆ ਹੈ। ਉਨ੍ਹਾਂ ਨੇ ਸ਼ਿਕਾਰੀਆਂ ਦੇ ਮੁਖੌਟਿਆਂ ਅਤੇ ਖ਼ਸਲਤ ਨੂੰ ਸ਼ਰੇ-ਬਾਜ਼ਾਰ ਬੇਪਰਦ ਕੀਤਾ ਹੈ। ਉਨ੍ਹਾਂ ਦੇ ਗੀਤਾਂ ਵਿਚ ਸ਼ਿਕਾਰ ਹੋਇਆਂ ਦੀ ਮਹਿਮਾ ਹੈ ਅਤੇ ਸ਼ਿਕਾਰੀਆਂ ਦੀ ਬਦਸੂਰਤੀ ਝਲਕਦੀ ਹੈ। ਇਹ ਸੱਭਿਅਤਾ ਦਾ ਸਦੀਵੀ ਵਰਤਾਰਾ ਹੈ ਅਤੇ ਪੀੜੇ ਜਾਂਦੇ ਲੋਕਾਂ ਦੀ ਹੋਣੀ ਸਾਂਝੀ ਹੈ।

ਹਦਾਇਤਕਾਰ ਇਸੀਅਰ ਬੋਲੇਨ ਦੀ ਸਪੇਨੀ ਫ਼ਿਲਮ 'ਈਵਨ ਦਿ ਰੇਨ' ਸਮਕਾਲੀ ਮੁੱਦਿਆਂ ਨੂੰ ਬੀਤੇ ਇਤਿਹਾਸ ਨਾਲ ਜੋੜ ਕੇ ਨਾਬਰਾਂ ਅਤੇ ਜਾਬਰਾਂ ਦੀ ਪਾਲਾਬੰਦੀ ਨੂੰ ਤਿੱਖੇ ਰੂਪ ਵਿਚ ਉਘਾੜਦੀ ਹੈ। ਫ਼ਿਲਮ ਦੀ ਕਹਾਣੀ ਮੁਤਾਬਕ ਸੰਨ ਦੋ ਹਜ਼ਾਰ ਵਿਚ ਸਪੇਨੀ ਫ਼ਿਲਮ-ਕਾਮਿਆਂ ਦਾ ਸਮੂਹ ਕੋਲੰਬਸ ਦੀ ਅਮਰੀਕੀ ਯਾਤਰਾ 'ਤੇ ਫ਼ਿਲਮ ਬਣਾਉਣ ਲਈ ਬੋਲੀਵੀਆ ਦੇ ਸ਼ਹਿਰ ਕੋਚਾਕਾਮਬਾ ਪਹੁੰਚਦਾ ਹੈ। ਹਦਾਇਤਕਾਰ ਸੈਬੇਸਟੀਅਨ, ਕੋਲੰਬਸ ਦੀ ਖੋਜੀ ਨਾਇਕ ਵਾਲੀ ਚਾਲੂ-ਮਿੱਥ ਨੂੰ ਭੰਨ ਕੇ, ਉਸ ਵੱਲੋਂ ਅਮਰੀਕੀ ਮੂਲਵਾਸੀਆਂ 'ਤੇ ਕੀਤੇ ਗਏ ਜ਼ੁਲਮਾਂ ਨੂੰ ਪੇਸ਼ ਕਰਨਾ ਚਾਹੁੰਦਾ ਹੈ। ਕੋਲੰਬਸ ਨੇ ਸੋਨਾ ਲੱਭਣ ਲਈ ਮੂਲਵਾਸੀਆਂ ਨੂੰ ਗ਼ੁਲਾਮ ਬਣਾਇਆ। ਬਾਗ਼ੀਆਂ ਨੂੰ ਸੂਲੀਆਂ 'ਤੇ ਟੰਗ ਕੇ ਜਿਉਂਦੇ ਸਾੜਿਆ ਗਿਆ। ਮੂਲਵਾਸੀ ਬੀਬੀਆਂ ਅਤੇ ਭੁਝੰਗੀਆਂ ਨੂੰ ਕੋਹ ਕੋਹ ਕੇ ਮਾਰਿਆ। ਬੋਲੀਵੀਆ ਲਾਤੀਨੀ ਅਮਰੀਕਾ ਦਾ ਸਭ ਤੋਂ ਗ਼ਰੀਬ ਮੁਲਕ ਹੈ। ਮਜ਼ਦੂਰੀ ਸਸਤੀ ਹੋਣ ਕਰਕੇ ਇਹ ਮੁਲਕ ਫ਼ਿਲਮ ਦੇ ਵਿੱਤੀ ਮਾਲਕਾਂ ਨੂੰ ਬਹੁਤ ਰਾਸ ਆਉਂਦਾ ਹੈ। ਇਹ ਫ਼ਿਲਮਸਾਜ਼ਾਂ ਵੱਲੋਂ ਕੀਤੀ ਜਾਂਦੀ ਲੁੱਟ ਦਾ ਮਹੀਨ ਰੂਪ ਹੈ। ਇਕ ਪਾਸੇ ਸੈਬੇਸਟੀਅਨ ਦੀ ਫ਼ਿਲਮ ਬਸਤਾਨਾਂ ਦੇ ਖ਼ਿਲਾਫ਼ ਭੁਗਤਦੀ ਹੈ; ਦੂਜੇ ਪਾਸੇ ਮੁਕਾਮੀ (ਲੋਕਲ) ਕਲਾਕਾਰਾਂ ਦਾ ਸ਼ੋਸ਼ਣ ਕਰਦੀ ਹੈ। ਮਿਹਨਤਾਨਾ ਘੱਟ ਹੋਣ ਕਰਕੇ ਬਹੁਤੇ ਕਲਾਕਾਰ ਮੁਕਾਮੀ ਲੋਕਾਂ ਵਿਚੋਂ ਚੁਣੇ ਜਾਂਦੇ ਹਨ। ਕੋਲੰਬਸ ਦੇ ਖ਼ਿਲਾਫ਼ ਬਾਗ਼ੀਆਂ ਦੇ ਮੁਖੀ 'ਹਾਟੇ' ਦੇ ਕਿਰਦਾਰ ਵਿਚ ਮੂਲਵਾਸੀ ਡੈਨੀਅਲ ਨੂੰ ਲਿਆ ਜਾਂਦਾ ਹੈ। ਫ਼ਿਲਮ ਬਣਨ ਦੌਰਾਨ ਕੋਚਾਕਾਮਬਾ ਵਿਚ ਬਹੁਕੌਮੀ ਕੰਪਨੀ ਨੂੰ ਪਾਣੀ ਦੇ ਨਿੱਜੀਕਰਨ ਦਾ ਹੱਕ ਮਿਲ ਚੁੱਕਿਆ ਹੈ। ਇਹ ਬਹੁਕੌਮੀ ਕੰਪਨੀ, ਪ੍ਰਸ਼ਾਸਨ ਤੇ ਪੁਲਿਸ ਦੀ ਮਿਲੀਭੁਗਤ ਨਾਲ ਪਾਣੀ ਦੇ ਰਵਾਇਤੀ ਵਸੀਲੇ ਬੰਦ ਕਰਨ ਵਿਚ ਲੱਗੀ ਹੋਈ ਹੈ; ਖ਼ਾਸ ਕਰਕੇ ਖੂਹਾਂ ਨੂੰ ਬੰਦ ਕੀਤਾ ਜਾ ਰਿਹਾ ਹੈ ਤਾਂ ਕਿ ਆਵਾਮ ਕੋਲ ਪਾਣੀ ਹਾਸਲ ਕਰਨ ਦਾ ਇਕੋ-ਇਕ ਵਸੀਲਾ ਕੰਪਨੀ ਹੀ ਹੋਵੇ। ਪਾਣੀ ਦੀਆਂ ਕੀਮਤਾਂ ਵਧਾਉਣ ਕਰਕੇ ਲੋਕ-ਰੋਹ ਭੜਕ ਉੱਠਦਾ ਹੈ। ਡੈਨੀਅਲ ਵਿਰੋਧ ਕਰਨ ਵਾਲਿਆਂ ਦੇ ਮੋਹਰੀ ਆਗੂਆਂ ਵਿਚੋਂ ਹੈ। ਪੁਲਿਸ ਡੰਡੇ ਦੇ ਜ਼ੋਰ ਨਾਲ ਲੋਕਾਂ ਨੂੰ ਦਬਾਉਣਾ



*'ਈਵਨ ਦਿ ਰੇਨ' ਦਾ ਇੱਕ ਦ੍ਰਿਸ਼।*

ਚਾਹੁੰਦੀ ਹੈ। ਡੈਨੀਅਲ ਦੇ ਜੇਲ੍ਹ ਜਾਣ ਜਾਂ ਜ਼ਖ਼ਮੀ ਹੋਣ ਨਾਲ ਫ਼ਿਲਮ ਦਾ ਕੰਮ ਰੁਕ ਸਕਦਾ ਹੈ। ਵਿੱਤੀ ਮਾਲਕ ਉਹਨੂੰ ਵੱਧ ਪੈਸੇ ਦੇ ਕੇ ਮੁਜ਼ਾਹਰੇ ਵਿਚ ਜਾਣ ਤੋਂ ਰੋਕਦੇ ਹਨ। ਉਹ ਪੈਸੇ ਲੈ ਲੈਂਦਾ ਹੈ ਪਰ ਮੁਜ਼ਾਹਰੇ ਦੀ ਅਗਵਾਈ ਕਰਨ ਪਹੁੰਚ ਜਾਂਦਾ ਹੈ। ਪੁਲਿਸ ਲੋਕਾਂ 'ਤੇ ਤਸ਼ੱਦਦ ਢਾਹੁੰਦੀ ਹੈ। ਡੈਨੀਅਲ ਜ਼ਖ਼ਮੀ ਹੋ ਜਾਂਦਾ ਹੈ ਤੇ ਫੜ ਲਿਆ ਜਾਂਦਾ ਹੈ। ਫ਼ਿਲਮਸਾਜ਼ ਪੁਲਿਸ ਵਾਲਿਆਂ ਨੂੰ ਰਿਸ਼ਵਤ ਦੇ ਕੇ ਡੈਨੀਅਲ ਨੂੰ ਕੁਝ ਘੰਟਿਆਂ ਲਈ ਛੁਡਾ ਲਿਆਉਂਦੇ ਹਨ। ਫ਼ਿਲਮ ਦਾ ਕੰਮ ਪੂਰਾ ਹੁੰਦੇ ਸਾਰ ਪੁਲਿਸ ਡੈਨੀਅਲ ਨੂੰ ਦੁਬਾਰਾ ਫੜਨ ਆ ਪਹੁੰਚਦੀ ਹੈ ਪਰ ਮੂਲਵਾਸੀ, ਡੈਨੀਅਲ ਨੂੰ ਛੁਡਾਉਣ ਲਈ ਪੁਲਿਸ ਨਾਲ ਦਸਤਪੰਜਾ ਲੈਂਦੇ ਹਨ। ਅੰਤ ਵਿਚ ਬਹੁਕੌਮੀ ਕੰਪਨੀ ਨੂੰ ਲੋਕ-ਰੋਹ ਅੱਗੇ ਝੁਕਦਿਆਂ ਪਿੱਛੇ ਹਟਣਾ ਪੈਂਦਾ ਹੈ।

ਹਾਟੇ (ਡੈਨੀਅਲ) ਨੂੰ ਬਾਗ਼ੀ ਹੋਣ ਕਰਕੇ ਕੋਲੰਬਸ ਨੇ ਸੂਲੀ 'ਤੇ ਚਾੜ੍ਹ ਕੇ ਜਿਉਂਦਾ ਸਾੜ ਦਿੱਤਾ ਸੀ। ਸਮੁੱਚੇ ਰੂਪ 'ਚ ਡੈਨੀਅਲ ਬਾਬੇ ਈਸਾ ਦੀ ਰੂਹ ਜਾਪਦਾ ਹੈ ਜੋ ਕੋਲੰਬਸ ਤੋਂ ਲੈ ਕੇ ਅਵਾਮ ਨੂੰ ਪਾਣੀ ਤੋਂ ਬੇਦਖ਼ਲ ਕਰਦੀ ਬਹੁਕੌਮੀ ਕੰਪਨੀ ਦੇ ਜ਼ੁਲਮ ਅੱਗੇ ਹਿੱਕ ਡਾਹੁੰਦਾ ਹੈ। ਹਰ ਵਾਰੀ ਉਹਦੇ ਹਿੱਸੇ ਸੂਲੀ ਹੀ ਆਈ ਹੈ। 'ਤਹਿਲਕਾ' ਮੈਗਜ਼ੀਨ ਦੀ ਰਪਟ ਮੁਤਾਬਕ ਭਾਰਤ ਦੀ ਸਰਕਾਰ ਨੇ ਮੱਧ ਪ੍ਰਦੇਸ਼ ਦੇ ਦਰਿਆ ਦਾ ਤੇਈ ਕਿਲੋਮੀਟਰ ਦਾ ਮੁਹਾਣ ਪ੍ਰਾਈਵੇਟ ਕੰਪਨੀ ਨੂੰ ਇਕ ਰੁਪਏ ਵਿਚ ਪੱਟੇ 'ਤੇ ਦਿੱਤਾ ਸੀ। ਮੁਕਾਮੀ ਲੋਕਾਂ ਨੂੰ ਉਦੋਂ ਪਤਾ ਲੱਗਿਆ ਜਦੋਂ ਦਰਿਆ ਦੁਆਲੇ ਕੰਡਿਆਲੀ ਤਾਰ ਲਾ ਦਿੱਤੀ ਗਈ, ਲੋਕਾਂ ਨੂੰ ਦਰਿਆ ਦਾ ਪਾਣੀ ਵਰਤਣ ਤੋਂ ਰੋਕ ਦਿੱਤਾ ਗਿਆ। ਇਸ ਤਰ੍ਹਾਂ ਦੇ ਹੋਰ ਮਾਮਲੇ ਵੀ ਸਾਹਮਣੇ ਆਏ ਹਨ ਜਿੱਥੇ ਦਰਿਆਵਾਂ ਦੇ ਪਾਣੀ ਪ੍ਰਾਈਵੇਟ ਕੰਪਨੀਆਂ ਨੂੰ ਨਾਮਨਿਹਾਦ ਕੀਮਤ 'ਤੇ ਵੇਚ ਦਿੱਤੇ ਗਏ ਹਨ।

ਇਹ ਫ਼ਿਲਮ ਬੀਤੇ ਦੇ ਯੂਰਪੀ ਸਾਮਰਾਜ ਅਤੇ ਅਜੋਕੇ ਆਲਮੀਕਰਨ ਤੇ ਨਿੱਜੀਕਰਨ ਦੇ ਵਰਤਾਰੇ ਦੀਆਂ ਸਾਂਝੀਆਂ ਤੰਦਾਂ ਨੂੰ ਉਘਾੜ ਕੇ ਪੇਸ਼ ਕਰਦੀ ਹੈ। ਕੋਲੰਬਸ ਦੀ ਗ਼ੁਲਾਮੀ ਤੇ ਕਤਲੇਆਮ ਦੀ ਵਿਰਾਸਤ ਨੂੰ ਮੌਜੂਦਾ ਬਸਤਾਨ ਆਲਮੀਕਰਨ ਤੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਰਾਹੀਂ ਅੱਗੇ ਵਧਾ ਰਹੇ ਹਨ। ਪਾਣੀ ਤੋਂ ਲੈ ਕੇ ਹਰ ਬੁਨਿਆਦੀ ਸੇਵਾ ਨੂੰ ਨਿੱਜੀ ਹੱਥਾਂ 'ਚ ਦਿੱਤਾ ਜਾ ਰਿਹਾ ਹੈ। ਇਸੇ ਪ੍ਰਸੰਗ 'ਚ ਲੋਕ-ਗਾਇਕ ਜਗਦੀਸ਼ ਪਾਪੜਾ ਪੰਜਾਬੀਆਂ ਨੂੰ ਗੀਤ ਰਾਹੀਂ ਸਾਵਧਾਨ ਕਰਦੇ ਹਨ, "ਪੀ ਬੋਤਲ ਦਾ ਪਾਣੀ, ਨਾ ਹਾਕਾਂ ਮਾਰ ਗ਼ੁਲਾਮੀ ਨੂੰ"। ਫ਼ਿਲਮ ਦਾ ਸਿਰਲੇਖ 'ਈਵਨ ਦਿ ਰੇਨ' ਇਸ਼ਾਰਾ ਕਰਦਾ ਹੈ ਕਿ ਮੁਨਾਫ਼ਾਖੋਰ ਨੀਤੀਆਂ ਰਾਹੀਂ ਆਵਾਮ ਲਈ ਮੀਂਹ ਦਾ ਪਾਣੀ ਵਰਤਣਾ ਵੀ ਗ਼ੈਰ-ਕਨੂੰਨੀ ਬਣਾ ਦਿੱਤਾ ਜਾਵੇਗਾ।

ਫ਼ਿਲਮ ਅਮਰੀਕੀ ਲੋਕ-ਇਤਿਹਾਸਕਾਰ ਅਤੇ ਕਾਰਕੁਨ ਹਾਵਰਡ ਜ਼ਿਨ ਨੂੰ ਸਮਰਪਤ ਹੈ ਜਿਸਨੂੰ ਨੌਜਵਾਨ ਫ਼ਿਲਮਸਾਜ਼ ਤੇ ਕਾਲਮਨਵੀਸ ਦਲਜੀਤ ਅਮੀ 'ਆਪਣਾ ਕੌਮਾਂਤਰੀ ਬਾਬਾ' ਕਹਿ ਕੇ ਸਨਮਾਨ ਦਿੰਦੇ ਹਨ। ਹਾਵਰਡ ਜ਼ਿਨ ਜੰਗ ਵਿਰੋਧੀ ਅਤੇ ਲੋਕ-ਪੱਖੀ ਲਹਿਰ ਦੇ ਨਾਮੀ ਲੇਖਕਾਂ 'ਚ ਗਿਣੇ ਜਾਂਦੇ ਹਨ। 'ਅਮਰੀਕਾ ਦਾ ਲੋਕ ਇਤਿਹਾਸ' ਉਨ੍ਹਾਂ ਦੀ ਮਸ਼ਹੂਰ ਕਿਤਾਬ ਹੈ। ਫ਼ਿਲਮ ਦੇ ਲੇਖਕ ਪਾਲ ਲਾਵਰਟੀ ਹਾਵਰਡ ਜ਼ਿਨ ਦੇ ਕਰੀਬੀ ਮਿੱਤਰਾਂ ਵਿਚੋਂ ਹਨ। ਫ਼ਿਲਮ ਦੀ ਕਹਾਣੀ ਲਿਖਣ ਵਿਚ ਬਾਬੇ ਹਾਵਰਡ ਨੇ ਪਾਲ ਲਾਵਰਟੀ ਦੀ ਮੱਦਦ ਕੀਤੀ ਸੀ। ਸਮੁੱਚੇ ਰੂਪ ਵਿਚ ਫ਼ਿਲਮ ਸ਼ਿਕਾਰੀਆਂ ਦੇ ਲਿਖੇ ਇਤਿਹਾਸ ਨੂੰ ਛਿੱਲ ਕੇ ਰੱਖ ਦਿੰਦੀ ਹੈ। ਨਾਬਰਾਂ ਅਤੇ ਜਾਬਰਾਂ ਦੀ ਪਾਲਾਬੰਦੀ ਨੂੰ ਸਮਕਾਲੀ ਤਹਿਆਂ ਤੱਕ ਫਰੋਲਦੀ ਹੈ।

# ਪਰਮਵੀਰ ਦੀ ਲੋਕ ਧੁਨਾਂ ਵਾਲੀ ਸਰੋਦੀ ਕਵਿਤਾ

**ਪੁਸਤਕ ਚਰਚਾ**

ਜਿਹੜੀ ਸ਼ਬਦ-ਸਾਰਣੀ ਜਾਣਕਾਰੀ ਵਿਚ ਵਾਧਾ ਕਰਨ ਦੀ ਥਾਂ ਆਲੇ-ਦੁਆਲੇ ਦਾ ਨਿਰਪੇਖ, ਉਦਾਸੀਨ ਮਾਹੌਲ ਮੰਗਲਮਈ ਕਰ ਦੇਵੇ, ਕਵਿਤਾ ਹੈ। ਕਾਵਿ-ਪੰਕਤੀ ਤੁਹਾਡੇ ਵੱਲ ਸੁਨੇਹਾ ਲੈ ਕੇ ਨਹੀਂ ਆਉਂਦੀ, ਤੁਹਾਡਾ ਸੁਨੇਹਾ ਕਿਸੇ ਹੋਰ ਵੱਲ ਭੇਜਦੀ ਹੈ। ਤੁਸੀਂ ਆਪਣੇ ਦਿਲਜਾਨ ਨੂੰ ਪੱਤਰ

ਹਰਪਾਲ ਸਿੰਘ ਪੰਨੂ (ਪ੍ਰੋ.)

ਲਿਖਿਆ, ਡਾਕ ਵਿਚ ਪਾ ਦਿੱਤਾ, ਪੁੱਜਣ ਵਿਚ ਦਿਨ ਲੱਗਣਗੇ, ਤੁਹਾਡੇ ਵਲੋਂ ਉਸੇ ਪਲ ਪੁੱਜ ਗਿਆ ਜਦੋਂ ਡਾਕ ਵਿਚ ਪਾ ਦਿੱਤਾ। ਦੋ ਮਹੀਨੇ ਬਾਅਦ ਮੈਂ ਸਫ਼ਰ 'ਤੇ ਨਿਕਲਾਂਗਾ, ਹੋਰਾਂ ਵਾਸਤੇ ਮੇਰੀ ਰਵਾਨਗੀ ਦੋ ਮਹੀਨਿਆਂ ਬਾਅਦ ਹੋਵੇਗੀ, ਮੈਂ ਉਸੇ ਪਲ ਤੁਰ ਪਿਆ ਜਦੋਂ ਤੁਰਨ ਦਾ ਫੈਸਲਾ ਕਰ ਲਿਆ।


ਬੱਚਿਆਂ ਨੂੰ ਜਨਮ ਸਾਖੀ ਸੁਣਾ ਰਿਹਾ ਸਾਂ। ਗੁਰੂ ਨਾਨਕ ਦੇਵ ਜੀ ਨਾਲ ਭਾਈ ਮਰਦਾਨਾ ਸਫ਼ਰ ਉਪਰ ਹਨ। ਪਤਾ ਨਹੀਂ ਕਿੰਨੇ ਸਾਲਾਂ ਨੂੰ ਪਰਤਣਾ ਹੈ ਪਰ ਚਲਦਿਆਂ-ਚਲਦਿਆਂ ਰੁਕਦੇ ਹਨ, ਭਾਈ ਮਰਦਾਨਾ ਨੂੰ ਆਖਦੇ ਹਨ, ਹੁਣ ਵਾਪਸ ਚਲੀਏ। ਹੁਣ ਬੇਬੇ ਨਾਨਕੀ ਧੀਰ ਨਹੀਂ ਧਰਦੀ। ਉਹ ਤਾਂ ਬੈਰਾਗਣਿ ਹੋਇ ਗਈ ਹੈ। ਉਹ ਅਸਾਂ ਦੀ ਭੈਣ ਆਹੀ। ਜੁੱਗਾਂ ਤੋਂ ਭੈਣ ਆਹੀ। ਅਸਾਂ ਦਾ ਮੇਲ ਹੁੰਦਾ ਆਇਆ ਹੈ। ਜੁੱਗਾਂ ਤੋਂ ਹੁੰਦਾ ਆਇਆ ਹੈ। ਰਾਇ ਬੁਲਾਰ ਖਾਨ ਦੀ ਮੁਹੱਬਤ ਦਾ ਭਾਰ ਗਰਦਨ ਉਪਰ ਵਧੀਕ ਹੋਇ ਗਇਆ ਹੈ। ਤੁਰਿਆ ਨਹੀਂ ਜਾਂਵਦਾ ਅਗੈ ਹੋਰ। ਅੱਖਾਂ ਬੰਦ ਕਰਦੇ ਹਨ। ਅੱਖਾਂ ਖੋਲ੍ਹਦੇ ਹਨ, ਸੁਲਤਾਨਪੁਰ ਪੁੱਜ ਗਏ, ਤਲਵੰਡੀ ਪੁੱਜ ਗਏ।

ਇਥੇ ਰੁਕਿਆ, ਬੱਚਿਆਂ ਨੂੰ ਪੁੱਛਿਆ, ਇਹ ਕਿਵੇਂ ਹੋਇਆ? ਅੱਖਾਂ ਬੰਦ ਕਰਕੇ ਖੋਲ੍ਹਣ ਨਾਲ ਮੰਜ਼ਲ ਕਿਵੇਂ ਮਿਲ ਗਈ? ਇਕ ਬੱਚੇ ਨੇ ਕਿਹਾ, ਤਿਤਲੀਆਂ ਅਤੇ ਸ਼ਹਿਦ ਦੀਆਂ ਮੱਖੀਆਂ ਅੱਖਾਂ ਤੋਂ ਘੱਟ ਕੰਮ ਲੈਂਦੀਆਂ ਹਨ, ਉਹ ਸੁਗੰਧੀਆਂ ਦੇ ਰਸਤਿਆਂ 'ਤੇ ਚਲਦੀਆਂ ਹਨ। ਜਿਸ ਫੁੱਲ ਉਪਰ ਪੁੱਜਣਾ ਹੈ, ਅੱਖਾਂ ਬੰਦ ਕਰਕੇ ਪੁੱਜ ਜਾਣਗੀਆਂ। ਦੂਜੇ ਨੇ ਕਿਹਾ, ਜਿਸ ਨੂੰ ਪਿਆਰ ਕਰਦੇ ਹੋਈਏ, ਉਸ ਨੂੰ ਮਿਲਣ ਲਈ ਤੁਰੋ, ਪੰਧ ਕਿੰਨਾ ਲੰਮਾ ਹੈ, ਕੋਈ ਮਸਲਾ ਨਹੀਂ। ਇਹ ਸਫ਼ਰ ਪਲਕਾਂ ਬੰਦ ਕਰਨ ਤੋਂ ਲੈ ਕੇ ਖੋਲ੍ਹਣ ਤੱਕ ਦਾ ਹੈ ਕੇਵਲ, ਗ਼ੈਰਹਾਜ਼ਰੀ ਹਨੇਰਾ ਹੈ, ਮਿਲਾਪ ਚਾਨਣ।

ਸੂਫ਼ੀ ਸ਼ਾਇਰੀ ਦਸਦੀ ਹੈ, ਮਹਿਬੂਬ ਨਹੀਂ ਤਾਂ ਜਹਾਨ ਵਾਸਤੇ ਅੰਨ੍ਹਾ ਹੋ ਜਾਹ। ਮਹਿਬੂਬ ਦਿੱਸ ਪਏ ਤਾਂ ਸਾਰੇ ਜਿਸਮ ਨੂੰ ਅੱਖ ਬਣਾ ਲੈ ਤੇ ਦੇਖਣੋਂ ਨਾ ਹਟ। ਕਵੀ ਤੁਹਾਡੇ ਕੋਲ ਰੁਕਣ ਨਹੀਂ ਆਇਆ, ਲਿਜਾਣ ਵਾਸਤੇ ਆਇਆ ਹੈ। ਉਡਾਣ ਭਰਨ ਲਈ ਉਸ ਨੇ 'ਅੰਮ੍ਰਿਤ ਵੇਲਾ' ਨਿਸ਼ਚਿਤ ਕੀਤਾ ਹੈ ਕਿਉਂਕਿ ਇਸ ਵੇਲੇ ਕਾਰਵਾਂ ਵਿਚ ਹਮਖਿਆਲ, ਹਮਜਿਨਸ ਹੋਰ ਵੀ ਪਰਿੰਦੇ ਹਮਸਫ਼ਰ ਹਨ। ਸਫ਼ਰ 'ਤੇ ਜਾਣ ਦੇ ਇੱਛੁਕ ਗੁਰੂ ਨਾਨਕ ਦੇਵ ਉਦੋਂ ਤੱਕ ਰੁਕੇ ਰਹੇ ਜਦੋਂ ਤੱਕ ਭਾਈ ਮਰਦਾਨਾ ਹਮਸਫ਼ਰ ਹੋਣ ਲਈ ਰਜ਼ਾਮੰਦ ਨਾ ਹੋਏ। ਮਨਾਉਣ ਵਾਸਤੇ ਸਮਾਂ ਲੱਗਾ। ਅਫ਼ਗਾਨਿਸਤਾਨ ਦੇ ਕੁੱਰਮ ਦਰਿਆ ਕਿਨਾਰੇ ਜਦੋਂ ਸੁਆਸ ਤਿਆਗੇ, ਗੁਰੂ ਨਾਨਕ ਉਨ੍ਹਾਂ ਬਗ਼ੈਰ ਉਦਾਸੀ 'ਤੇ ਨਹੀਂ ਗਏ।

ਪਰਮਵੀਰ ਦੀ ਨਜ਼ਮ ਚੰਗੀ ਲਗਦੀ ਹੈ ਕਿਉਂਕਿ ਉਸ ਦੇ ਬੋਲਾਂ ਵਿਚ ਲੋਕ ਧੁਨਾਂ ਹਨ, ਵਿਆਹ ਦੇ ਗੀਤਾਂ ਵਾਲੇ ਸੁਰ, ਘੋੜੀਆਂ, ਵਿਜੋਗ ਦੇ ਸੁਰ। ਕੋਈ ਆ ਗਿਆ ਹੈ, ਸਵਾਗਤ ਵਜੋਂ ਸ਼ਹਿਨਾਈ, ਖੁਸ਼ੀ, ਖੇੜਾ, ਪਰ ਜਲਦੀ ਵਿਛੋੜਾ ਹੋਏਗਾ, ਕੋਈ ਚਲੀ ਜਾਏਗੀ। ਪੂਰਨ ਸਿੰਘ ਦੀ ਨਯਨੋਂ ਕੀ ਗੰਗਾ (ਹਿੰਦੀ) ਜਾਂ ਕੰਨਿਆਦਾਨ (ਪੰਜਾਬੀ) ਵਾਲੇ ਅਹਿਸਾਸ 'ਅੰਮ੍ਰਿਤ ਵੇਲਾ' ਵਿਚ ਮੌਜੂਦ ਹਨ।

ਤੜਕੇ ਤੜਕੇ ਨੀ ਰਾਣੀ,<br>
ਉਚੇ ਤੇਰੇ ਮਹਿਲਾਂ ਵਿਚੋਂ,<br>
ਹਉਕੇ ਦੀ ਕੰਨੀਂ ਪਈ ਵਾਜ।<br>
ਰਾਜਨ ਨੂੰ ਪਿਆਰੀਏ ਨੀ,<br>
ਹਉਕੇ ਦਾ ਰਾਜਨ ਪੁੱਛੇ ਰਾਜ਼।



ਕਾਵਿ ਪੁਸਤਕ:ਅੰਮ੍ਰਿਤ ਵੇਲਾ<br>
ਕਵੀ:ਪਰਮਵੀਰ ਸਿੰਘ<br>
ਪ੍ਰਕਾਸ਼ਕ:ਸਿੰਘ ਬ੍ਰਦਰਜ਼, ਅੰਮ੍ਰਿਤਸਰ<br>
ਪੰਨੇ:248, ਕੀਮਤ:200 ਰੁਪਏ

ਖੇਤ ਵਿਚ ਕੰਮ ਕਰਦਾ ਬੰਦਾ ਨਹੀਂ ਜਾਣਦਾ, ਮਹਿਲ ਵਿਚ ਹਉਕਾ ਹੋ ਸਕਦਾ ਹੈ। ਪਰਮਵੀਰ ਨੇ ਸੰਜੋਗਵਸ ਇਹ ਮਹਿਲ ਦੇਖ ਲਿਆ ਹੈ। ਵਿਆਹ ਦੇ ਗੀਤ ਗਾਉਂਦੀਆਂ ਕੁੜੀਆਂ ਨੂੰ ਇਹ ਪੰਕਤੀਆਂ ਦੇ ਕੇ ਗਾਉਣ ਵਾਸਤੇ ਕਹੋ, ਗਾ ਦੇਣਗੀਆਂ, ਕਿਸੇ ਉਸਤਾਦ ਦੀ ਨਿਗਰਾਨੀ ਦੀ, ਕਿਸੇ ਰਿਆਜ਼ ਦੀ ਜ਼ਰੂਰਤ ਨਹੀਂ।

ਕਵਿਤਾ ਹਰ ਸਦੀ ਵਿਚ ਰੁਖ ਬਦਲਦੀ ਹੈ, ਕਈ ਨਦੀਆਂ ਰਲ ਕੇ ਦਰਿਆ ਬਣ ਜਾਂਦਾ ਹੈ, ਜਦੋਂ ਮੂੜ ਬਣੇ, ਦਰਿਆ ਫਿਰ ਕਈ ਸ਼ਾਖਾਵਾਂ ਵਿਚ ਵੰਡਿਆ ਜਾਂਦਾ ਹੈ, ਕੋਈ ਧਾਰ ਸੱਜੇ ਗਈ, ਕੋਈ ਖੱਬੇ। ਭਾਈ ਵੀਰ ਸਿੰਘ ਤੇ ਪੂਰਨ ਸਿੰਘ ਦੀ ਕਵਿਤਾ ਬੰਦਗੀ ਵਿਚ ਲੀਨ ਹੈ, ਇਸ ਪਿੱਛੋਂ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਅਤੇ ਸ਼ਿਵ ਕੁਮਾਰ ਆ ਗਏ। ਜਿਸਮਾਨੀ ਰੋਮਾਂਸ ਦਾ ਡਰਾਮਾ ਸਾਹਮਣੇ ਆਇਆ। ਸੁਹਣਾ ਲੱਗਿਆ। ਚਾਹੋ ਤਾਂ ਇਸ ਡਰਾਮੇ ਵਿਚੋਂ ਵੀ ਗੁਰਬਾਣੀ ਦੇ ਸੁਰ ਲੱਭ ਲਵੋ। ਮਾਏ ਨੀ ਮਾਏ, ਮੇਰੇ ਰਾਮ ਜੀਉ, ਸੱਜਣ ਜੀ, ਹੇ ਸੂਰਜਾਂ ਦੇ ਰਥ ਸਵਾਰ, ਮੇਟ ਮੇਰੇ ਅੰਧਕਾਰ, ਆਦਿ।

ਇਨ੍ਹਾਂ ਤੋਂ ਬਾਅਦ ਪਾਤਰ ਆਇਆ, ਮੀਸ਼ਾ ਆਇਆ। ਪੰਜਾਬੀ ਗ਼ਜ਼ਲ ਦਾ ਸਫਲ ਆਗਮਨ ਜਸਵਿੰਦਰ, ਵਿਜੇ ਵਿਵੇਕ ਅਤੇ ਹਰਜਿੰਦਰ ਕੰਗ ਰਾਹੀਂ ਹੋਇਆ। ਕੁਲਵੰਤ ਗਰੇਵਾਲ ਦੀ ਕਵਿਤਾ ਤੇਰਾ ਅੰਬਰਾਂ 'ਚ ਨਾਂ ਲਿਖਿਆ ਆਈ। ਗਰੇਵਾਲ ਦੀ ਕਿਤਾਬ ਆਉਣ ਤੋਂ ਬਾਅਦ ਮੈਨੂੰ ਕਈਆਂ ਨੇ ਕਿਹਾ, ਜਿਸ ਦੀ ਉਮੀਦ ਸੀ ਉਹ ਹਲਚਲ ਨਹੀਂ ਹੋਈ, ਗਰੇਵਾਲ ਦੀ ਕਵਿਤਾ ਸਦਕਾ। ਮੈਂ ਆਖਣਾ ਕਿ ਗਰੇਵਾਲ ਹਲਚਲ ਪੈਦਾ ਕਰਨ ਵਾਲਾ ਨਹੀਂ, ਹਲਚਲਾਂ ਨੂੰ ਸ਼ਾਂਤ ਕਰਨ ਵਾਲਾ ਸ਼ਾਇਰ ਹੈ। ਗਰੇਵਾਲ ਪਿੱਛੋਂ ਚੰਗੀ ਕਵਿਤਾ ਦੀ ਪੇਸ਼ੀਨਗੋਈ 'ਅੰਮ੍ਰਿਤ ਵੇਲਾ' ਨਾਲ ਹੋਈ ਹੈ। ਗ਼ੁਲਾਮ ਫ਼ਰੀਦ ਦਾ ਹੈ ਜਾਂ ਪੀਲੂ ਦਾ, ਵਿਜੋਗ, ਵਿਜੋਗ ਹੈ,

ਜਿਥੇ ਮਿਰਜ਼ਾ ਵੱਢਿਆ<br>
ਉਥੇ ਰੋਣ ਤਿੱਤਰ ਤੇ ਮੋਰ।<br>
ਮਹਿਲੀਂ ਰੋਂਦੀਆਂ ਰਾਣੀਆਂ<br>
ਕਬਰਾਂ ਵਿਚ ਰੋਂਦੇ ਚੋਰ।

ਜੀਵਨ, ਚੋਰ-ਸਿਪਾਹੀ ਦੀ ਖੇਡ ਹੈ। ਮਿਲਾਪ ਇਕ ਪਲ, ਵਿਛੋੜਾ ਯੁੱਗ ਦਾ। ਗ਼ੁਲਾਮ ਫ਼ਰੀਦ ਦੇ ਬੰਦ ਦੇਖੋ,


ਆਓ ਚੁਣੋ ਰਲ ਯਾਰ,<br>
ਪੀਲੂੰ ਪੱਕੀਆਂ ਨੀ ਵੇ।<br>
ਇਕ ਚੁਣ ਛਾਣ ਛਾਂਵੇਂ ਬਹੰਦੀਆਂ।<br>
ਇਕ ਧੁੱਪ ਵਿਚ ਵੀ ਚੁਣਦੀਆਂ ਰਹੰਦੀਆਂ।<br>
ਮੈਂ ਚੁਣ ਚੁਣ ਗਈਆਂ ਹਾਰ,<br>
ਹੱਡੀਆਂ ਥੱਕੀਆਂ ਨੀ ਵੇ।<br>
ਆਓ ਚੁਣੋ ਰਲ ਯਾਰ<br>
ਪੀਲੂੰ ਪੱਕੀਆਂ ਨੀ ਵੇ।

ਲੰਮੇ ਵਿਜੋਗ ਵਿਰੁਧ ਮੈਂ ਰੱਬ ਦੀ ਅਦਾਲਤ ਵਿਚ ਅਰਜ਼ੀ ਦਾਇਰ ਕਰਨੀ ਸੀ ਪਰ ਮੈਂ ਸ਼ਾਇਰ ਨਹੀਂ, ਵਾਰਤਕ ਵਿਚ ਲਿਖੀ ਪਟੀਸ਼ਨ ਉਸ ਨੂੰ ਮਨਜ਼ੂਰ ਨਹੀਂ। ਪਰਮਵੀਰ ਦੀ ਵੰਨਗੀ ਵੇਖੋ,

ਪਤਝੜ ਦੇ ਵਿਚ ਦਿਲ ਪਿਆ ਮੌਲੇ

*(ਅਗਲੇ ਸਫ਼ੇ 'ਤੇ ਜਾਰੀ)*

# ਬੰਗਾ ਕਾਲਜ ਦਾ ਫੁੱਟਬਾਲ ਖਿਡਾਰੀ-ਗੁੱਜਰਪੁਰ ਖੁਰਦ ਵਾਲਾ ਦੇਬੀ



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

ਕਿਸੇ ਵੇਲੇ ਸਿੱਖ ਨੈਸ਼ਨਲ ਕਾਲਜ, ਬੰਗਾ ਦੀ ਫੁੱਟਬਾਲ ਟੀਮ ਦੀ ਕੰਧ ਵਜੋਂ ਜਾਣਿਆ ਜਾਂਦਾ ਦੇਬੀ ਇਸ ਵਕਤ ਨਿਊ ਯਾਰਕ, ਨਿਊ ਜਰਸੀ ਅਤੇ ਫਿਲਾਡੈਲਫੀਆ ਦੇ ਖੇਡ ਮੈਦਾਨਾਂ 'ਚ +40 ਦੇ ਫੁੱਟਬਾਲ ਖਿਡਾਰੀਆਂ ਵਿਚ ਆਪਣੇ ਆਪ ਵਿਚ ਇਕ ਮਿਸਾਲ ਹੈ। ਇਹ ਉਹ ਖਿਡਾਰੀ ਹੈ ਜੋ ਆਪਣੇ ਸਮੇਂ ਦੇ ਸਟਾਰ ਖਿਡਾਰੀਆਂ ਨਾਲ ਖੇਡ-ਮੈਦਾਨਾਂ ਦਾ ਸਿਤਾਰਾ ਬਣ ਕੇ ਚਮਕਿਆ। ਘਰੇਲੂ ਹਾਲਤਾਂ ਨਾਲ ਕਸ਼ਮਕਸ਼ ਕਰਦਾ ਉਜਲੇ ਭਵਿੱਖ ਦੀ ਕਾਮਨਾ ਲੈ ਪਹਿਲਾਂ ਜਰਮਨੀ, ਫਿਰ ਕੈਨੇਡਾ ਤੇ ਹੁਣ ਨਿਊ ਜਰਸੀ (ਕਾਰਟਰੇਟ) ਰਹਿੰਦਾ ਖੇਡ-ਸ਼ੌਕ ਪਾਲ ਰਿਹੈ। ਘਰੇਲੂ ਕੰਮਾਂ 'ਚ ਮਸ਼ਰੂਫ ਹੋਣ ਦੇ ਬਾਵਜੂਦ ਗਰਾਊਂਡ ਜਾਣਾ ਕਦੇ ਨਹੀਂ ਭੁੱਲਦਾ। ਮੈਨੂੰ ਮਾਣ ਹੈ, ਮੇਰੀਆਂ ਲਿਖੀਆਂ ਖੇਡ-ਲਿਖਤਾਂ ਪੜ੍ਹ ਕੇ ਇਸ ਖਿਡਾਰੀ ਨੇ ਅਠਾਈ ਸਾਲ ਬਾਅਦ ਗਰਾਊਂਡ ਦੇ ਦੁਬਾਰਾ ਦਰਸ਼ਨ ਕੀਤੇ।

ਮਾਹਿਲਪੁਰ ਇਲਾਕੇ ਦੇ ਮੋਰਾਂਵਾਲੀ, ਪੱਠਲਾਵਾ, ਬਿੰਜੋ, ਗੋਬਿੰਦਪੁਰ ਅਤੇ ਪੱਦੀ ਮੱਟ ਵਾਲੀ ਪਿੰਡਾਂ 'ਚ ਘਿਰੇ ਛੋਟੇ ਜਿਹੇ ਪਿੰਡ ਗੁੱਜਰਪੁਰ ਖੁਰਦ ਵਿਖੇ ਦੇਬੀ ਦਾ ਜਨਮ ਹੋਇਆ। ਪਿਤਾ ਦਰਸ਼ਨ ਸਿੰਘ ਅਤੇ ਮਾਤਾ ਸਵਰਨ ਕੌਰ ਦੇ ਘਰ ਜਨਮੇ ਦੇਬੀ ਨੇ ਮੁੱਢਲੀ ਪੜ੍ਹਾਈ ਪਿੰਡੋਂ ਕੀਤੀ। ਨਿੱਕੇ ਜਿਹੇ ਪਿੰਡ 'ਚ ਇਲਾਕੇ ਦੇ ਮਸੀਹਾ ਅਤੇ ਖੇਤੀਬਾੜੀ ਮੰਤਰੀ ਮਰਹੂਮ ਸ. ਦਿਲਬਾਗ ਸਿੰਘ ਸੈਣੀ ਦੀ ਹਿੰਮਤ ਸਦਕਾ ਪ੍ਰਾਇਮਰੀ ਸਕੂਲ ਖੁਲ੍ਹਿਆ ਸੀ ਜੋ ਅੱਜ ਤੱਕ ਚੱਲ ਰਿਹੈ। ਦਸਵੀਂ ਤਕ ਦੀ ਪੜ੍ਹਾਈ ਰਾਜਪੂਤ ਹਾਈ ਸਕੂਲ ਬਿੰਜੋਂ ਤੋਂ ਕੀਤੀ। ਇਲਾਕੇ ਦੇ ਦੂਜੇ ਖਿਡਾਰੀਆਂ ਦੀ ਤਰ੍ਹਾਂ ਦੇਬੀ ਵੀ ਅੱਠਵੀਂ 'ਚ ਪੜ੍ਹਦਾ ਹੀ ਸਕੂਲ ਟੀਮ ਦਾ ਨਾਮਵਰ ਖਿਡਾਰੀ ਬਣ ਗਿਆ ਅਤੇ ਵੱਡੇ ਵੱਡੇ ਖਿਡਾਰੀਆਂ ਨਾਲ ਟੱਕਰ ਲੈਣ ਲੱਗਾ। ਫੁੱਟਬਾਲ ਦਾ ਘਰ ਸਮਝੇ ਜਾਂਦੇ ਮਾਹਿਲਪੁਰ ਇਲਾਕੇ 'ਚ ਜਨਮੇ ਦੇਬੀ ਨੇ ਮਿੱਟੀ ਦਾ ਮੋਹ ਪਾਲਿਆ। ਖੇਡ 'ਚ ਪੂਰਾ ਭਿੱਜ ਗਿਆ। ਅੱਠਵੀਂ 'ਚ ਪੜ੍ਹਦਿਆਂ ਦਰਸ਼ਨ ਮਾਹਿਲ, ਦੇਬੀ ਅਤੇ ਢਾਡਾ ਕਲਾਂ ਵਾਲੇ ਗੁਲਸ਼ਿੰਦਰ ਸ਼ੇਰਾ ਗੋਲਕੀਪਰ ਨੂੰ ਬਲਾਕਾਂ ਦੇ ਮੈਚ ਖੇਡਣ ਲਈ ਲਿਜਾਣ ਲੱਗਾ। ਬਿੰਜੋਂ ਦੇ ਰਾਜਪੂਤ ਹਾਈ ਸਕੂਲ ਦੀ ਉਸ ਵੇਲੇ ਵਧੀਆ ਟੀਮ ਸੀ। ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ ਅਤੇ ਦੇਬੀ ਪਿੰਡ ਬਿੰਜੋਂ ਦੀ ਸਕੂਲ ਟੀਮ 'ਚ 'ਕੱਠੇ ਖੇਡਦੇ ਰਹੇ ਹਨ। ਗੁਰਦੇਵ ਗਿੱਲ ਤੋਂ ਇਲਾਵਾ ਖਰੜ-ਅੱਛਰਵਾਲ ਦੇ ਸੱਤੀ, ਦਰਸ਼ਨ ਘੁੱਗ, ਤਾਰੀ, ਯਾਦੋ ਅਤੇ ਕਸ਼ਮੀਰ ਸਿੰਘ ਪੰਡੋਰੀ ਲੱਧਾ ਸਿੰਘ ਅਤੇ ਕਈ ਹੋਰ ਨਾਮੀ ਖਿਡਾਰੀਆਂ ਨਾਲ ਖੇਡਣ ਦਾ ਉਸ ਨੂੰ ਮੌਕਾ ਮਿਲਿਆ।

ਦੇਬੀ ਦੀ ਖੇਡ ਨੂੰ ਨਿਖਾਰਨ ਵਿਚ ਖਰੜ ਦੇ ਕੋਚ ਜਰਨੈਲ ਸਿੰਘ ਦਾ ਬਹੁਤ ਹੱਥ ਹੈ। ਢਾਡਾ ਕਲਾਂ ਦੇ ਨਾਮਵਰ ਫੁੱਟਬਾਲ ਖਿਡਾਰੀ ਸੱਬੋ ਅਤੇ ਗੁਲਸ਼ਿੰਦਰ ਸਿੰਘ ਸ਼ੇਰਾ ਬੇਹਤਰੀਨ ਗੋਲਕੀਪਰ ਹੁੰਦੇ ਸੀ। 1969 'ਚ ਦਸਵੀਂ ਕਰਨ ਤੋਂ ਬਾਅਦ ਸਾਰੇ ਮਾਹਿਲਪੁਰ ਕਾਲਜ ਚਲੇ ਗਏ। ਜਦਕਿ ਦੇਬੀ ਦੇ ਪੇਂਡੂ ਸਰਵਣ ਸਿੰਘ ਨੇ ਦੇਬੀ ਦੀ ਗਜ਼ਬ ਦੀ ਖੇਡ ਬਾਰੇ ਅਰਜਨ ਐਵਾਰਡੀ ਇੰਦਰ ਸਿੰਘ ਨਾਲ ਸਾਂਝ ਪਾਈ ਅਤੇ ਦੇਬੀ ਨੂੰ ਲੀਡਰ ਕਲੱਬ ਵਿਚ ਖੇਡਣ ਵਾਲਾ ਖਿਡਾਰੀ ਦੱਸਿਆ। ਦੇਬੀ ਦੀ ਖੇਡ ਦੀ ਕਦਰ ਕਰਦਿਆਂ ਇੰਦਰ ਸਿੰਘ ਨੇ ਉਸ ਨੂੰ ਲੀਡਰ ਕਲੱਬ ਦੀ ਬਜਾਏ ਸਪੋਰਟਸ ਕਾਲਜ ਖੇਡਣ ਦੀ ਸਲਾਹ ਦਿਤੀ। ਘਰ ਵਿਚ ਗਰੀਬੀ ਅਤੇ ਪੈਸੇ ਦੀ ਤੰਗੀ ਕਰਕੇ ਸਪੋਰਟਸ ਕਾਲਜ ਜਾਣ ਦੀ ਬਜਾਏ ਦੇਬੀ ਨੇ ਸਿੱਖ ਨੈਸ਼ਨਲ ਕਾਲਜ, ਬੰਗਾ ਨੂੰ ਪਹਿਲ ਦਿਤੀ। ਸੰਨ 70 'ਚ ਪਹਿਲੇ ਸਾਲ ਹੀ ਉਹ ਫੁੱਟਬਾਲ ਟੀਮ ਦਾ ਖਿਡਾਰੀ ਬਣ ਗਿਆ। 1972-73 ਵਿਚ ਕਾਲਜ ਟੀਮ ਦੀ ਕੰਧ ਸਾਬਤ ਹੋ ਕੇ ਬੇਹਤਰੀਨ ਖਿਡਾਰੀ ਦਾ ਐਵਾਰਡ ਪ੍ਰਾਪਤ ਕੀਤਾ।



*ਦੇਬੀ (ਧੁਰ ਖੱਬੇ), ਗੁਰਸ਼ਿੰਦਰ ਸ਼ੇਰਾ (ਸੱਜੇ ਸਰਬਜੀਤ ਸਰਬਾ) ਮੰਗੂਵਾਲ ਫੁੱਟਬਾਲ ਟੂਰਨਾਮੈਂਟ ਵਿਚ*

ਸੋਹਣਾ ਸੁਨੱਖਾ ਭਲਵਾਨਾਂ ਵਰਗਾ ਕਾਹਮੇ ਵਾਲਾ ਬਿਹਾਰੀ ਅਤੇ ਤਿਲਕ ਰਾਜ ਪੂੰਨੀਆਂ ਵੀ ਬੰਗਾ ਕਾਲਜ ਦਾ ਧੱਕੜ ਖਿਡਾਰੀ ਹੁੰਦਾ ਸੀ। ਤਿਲਕ ਰਾਜ ਦੀ ਕਪਤਾਨੀ ਹੇਠ ਅੰਮ੍ਰਿਤਸਰ ਵਿਚ ਸਪੋਰਟਸ ਕਾਲਜ ਅਤੇ ਬੰਗਾ ਕਾਲਜ ਦਾ ਗਹਿਗੱਚ ਮੈਚ ਚਲਿਆ। ਅਫਸੋਸ ਬਿਹਾਰੀ ਅੱਜ ਇਸ ਦੁਨੀਆਂ ਵਿਚ ਨਹੀਂ ਰਿਹਾ। ਬੰਗਾ ਪੜ੍ਹਦੇ ਸਮੇਂ ਕਬੱਡੀ ਖਿਡਾਰੀ ਬਹਿਰਾਮੀਆ ਸ਼ਿੰਦਾ ਅਤੇ ਕਾਟੂ (ਕਬੱਡੀ ਖਿਡਾਰੀ ਇਕਬਾਲ ਦਾ ਭਰਾ), ਬੈਂਸਾਂ ਵਾਲਾ ਸਰਦਾਰਾ ਅਤੇ ਕੇਸ਼ੀ ਹਮ-ਜਮਾਤੀ ਹੁੰਦੇ ਸਨ। ਕੇਸ਼ੀ ਇਨ੍ਹਾਂ ਵਿਚੋਂ ਫੁੱਟਬਾਲ ਖਿਡਾਰੀ ਹੁੰਦਾ ਸੀ।

1972 'ਚ ਬਟਾਲਾ ਕਾਲਜ ਨਾਲ ਫਸਵੇਂ ਮੈਚ ਵਿਚ ਬੜੇ ਜ਼ੋਰ ਨਾਲ ਦੇਬੀ ਨੇ ਕਈ ਗੋਲਾਂ ਨਾਲ ਬਟਾਲੇ ਨੂੰ ਹਰਾ ਕੇ ਬੰਗਾ ਕਾਲਜ ਨੂੰ ਜਿੱਤਾਇਆ। ਫੁੱਟਬਾਲ ਮਗਰ ਭੱਜਦੇ ਛੇ ਫੁੱਟੇ ਦੇਬੀ ਦੇ ਜੂੜੇ 'ਤੇ ਚਿੱਟਾ ਰੁਮਾਲ ਫਰ-ਫਰਾਉਂਦਾ। ਚਿੱਟੀ ਨਿੱਕਰ ਪਾਈ ਚੀਤੇ ਵਾਂਗ ਭੱਜਦਾ ਵਿਰੋਧੀ ਟੀਮ 'ਤੇ ਹਮੇਸ਼ਾਂ ਭਾਰੂ ਰਹਿੰਦਾ। ਮਾਹਿਲਪੁਰ ਰਹਿ ਚੁੱਕੇ ਡੀ ਪੀ ਈ ਖਾਨਖਾਨਾ ਵਾਲੇ ਬਲਿਹਾਰ ਰਾਏ, ਸੁਰਜੀਤ ਰੰਗੀ ਝਿੱਕਾ, ਮੋਰਾਂਵਾਲੀ ਵਾਲਾ ਕਸ਼ਮੀਰ ਹੌਲਦਾਰ (ਜੋ ਇਸ ਵੇਲੇ ਕੈਲੀਫੋਰਨੀਆ ਰਹਿੰਦੈ), ਦਰਸ਼ਨ ਪਰਮਾਰ ਬਿੰਜੋਂ, ਤਿਲਕ ਰਾਜ ਪੂਨੀਆ (ਪੰਜਾਬ ਪੁਲਿਸ), ਖਰੜ-ਅੱਛਰੋਵਾਲ ਦੇ ਤਾਰੀ ਦਾ ਭਰਾ ਭਿੰਦੀ, ਰਾਜੀ, ਛਿੰਦੀ ਪਠਲਾਵਾ, ਮੋਰਾਂਵਾਲੀ ਦੇ ਜੈਲੀ-ਮੇਜੀ (ਦੋਵੇਂ ਭਰਾ) ਅਤੇ ਖਾਨਖਾਨੀਆਂ ਅੰਬੀ ਸਾਥੀ ਖਿਡਾਰੀ ਹੁੰਦੇ ਸਨ। ਖਾਲਸਾ ਸਕੂਲ ਖੇਡਣ ਤੋਂ ਬਾਅਦ ਅੰਬੀ ਲੀਡਰ ਕਲੱਬ, ਜਲੰਧਰ ਲਈ ਖੇਡਿਆ। ਅੱਜ-ਕੱਲ੍ਹ ਉਹ ਇੰਗਲੈਂਡ ਰਹਿੰਦੈ। ਜਰਨੈਲ ਸਿੰਘ ਪਨਾਮ ਵਰਗੀ ਖੇਡ ਦਾ ਸ਼ਾਹਕਾਰ ਫੁੱਟਬਾਲ ਖਿਡਾਰੀ ਨੰਜੂ ਭਗਤ ਮੰਗੂਵਾਲ ਅਤੇ ਮਹਾਲੋਂ ਵਾਲੇ ਬਲਵੀਰ ਬੀਰ੍ਹੀ ਨਾਲ ਵੀ ਖੇਡਣ ਦੇ ਮੌਕੇ ਮਿਲੇ। ਨੰਜੂ ਭਗਤ ਇਸ ਵੇਲੇ ਆਪਣੇ ਬੇਟੀ-ਬੇਟੇ ਕੋਲ ਕੈਨੇਡਾ ਰਹਿ ਰਿਹੈ ਜਦ ਕਿ ਬੀਰ੍ਹੀ ਬੰਗਿਆਂ ਦੇ ਖਾਲਸਾ ਸਕੂਲ ਦਾ ਕੋਚ ਲੱਗਾ ਹੋਇਐ। ਕਈ ਸਾਲ ਬੰਗਾ ਕਾਲਜ ਦੇ ਰਹਿ ਚੁੱਕੇ ਡੀ ਪੀ ਈ ਸਲਵਿੰਦਰ ਪਾਲ ਸਿੰਘ ਫਰਾਲਾ ਨਾਲ ਵੀ ਬਹੁਤ ਪਿਆਰ ਸੀ। ਉਸ ਨੂੰ ਉਹ ਉਸਤਾਦਾਂ ਵਾਂਗ ਮੰਨਦਾ ਹੈ। ਵਧੀਆ ਉਸਤਾਦ ਅਤੇ ਕੋਚ ਹੋਣ ਦੇ ਨਾਤੇ ਉਹ ਪਿਆਰ ਅੱਜ ਵੀ ਚਲਦਾ ਆ ਰਿਹੈ। ਫੁੱਟਬਾਲ ਖਿਡਾਰੀ ਕਾਹਮੇ ਵਾਲੇ ਗੁਰਸ਼ਰਨ ਛੰਨੇ ਨਾਲ ਵੀ ਪਿਆਰ-ਮੁਹੱਬਤ ਹੈ। ਇਹ ਦੋਵੇਂ ਹੁਣ ਕੈਨੇਡਾ ਰਹਿੰਦੇ ਹਨ। ਨਿਊ ਯਾਰਕ ਰਹਿੰਦੇ ਐਮਾਂ-ਜੱਟਾਂ ਵਾਲੇ ਸ਼ੰਗਾਰਾ ਸਿੰਘ ਨਾਲ ਸਕੂਲੀ-ਦੋਸਤੀ ਅੱਜ ਤੱਕ ਚਲਦੀ ਹੈ। ਦੇਬੀ ਦੇ ਚਾਲੀ ਸਾਲ ਪੁਰਾਣੇ ਜਿਗਰੀ ਦੋਸਤ ਜਗਜੀਤ ਜੌਹਲ ਅਤੇ ਅਮਰੀਕ ਲਿੱਧੜ ਸਰੀ, ਕੈਨੇਡਾ ਰਹਿੰਦੇ ਹਨ। ਬਚਪਨ ਦਾ ਬਿੰਜੋਂ ਵਾਲਾ ਸਾਥੀ ਇਕਬਾਲ ਪਰਮਾਰ ਟੈਰਿਸ ਬੀ ਸੀ ਰਹਿੰਦੈ।

1972 'ਚ ਦੇਬੀ ਨੂੰ ਜੇ. ਸੀ. ਟੀ. ਮਿਲ ਫਗਵਾੜਾ ਲਈ ਖੇਡਣ ਦੀ ਆਫਰ ਆਈ ਪਰ ਘਰੇਲੂ ਹਾਲਤਾਂ ਨੇ ਇਜਾਜ਼ਤ ਨਾ ਦਿਤੀ। ਆਰਥਿਕ ਤੰਗੀਆਂ ਕਰਕੇ ਥਾਂਦੀਆਂ ਵਾਲੇ ਵਿਜੈ ਪੰਡਿਤ ਅਤੇ ਬੈਂਸਾਂ ਵਾਲੇ ਕੇਸ਼ੀ ਅਤੇ ਸਰਦਾਰੇ ਹੋਰਾਂ ਨਾਲ ਚੰਗੇ ਭਵਿੱਖ ਦੀ ਤਾਂਘ 'ਚ ਜਰਮਨੀ ਦੀ ਤਿਆਰੀ ਕਰ ਲਈ। ਜਰਮਨੀ ਤੋਂ ਦੇਬੀ ਕੈਨੇਡਾ ਚਲਾ ਗਿਆ ਜਦਕਿ ਸਰਦਾਰਾ ਅਤੇ ਕੇਸ਼ੀ ਇੰਗਲੈਂਡ ਨਿਕਲ ਗਏ। ਕੈਨੇਡਾ ਪਹੁੰਚ ਕੇ ਵੀ ਦੇਬੀ ਨੇ ਆਪਣਾ ਖੇਡ-ਸ਼ੌਕ ਨਹੀ ਛੱਡਿਆ। 1978 ਵਿਚ ਕੈਲਗਰੀ ਪੰਜਾਬੀ ਭਾਈਚਾਰੇ ਵਲੋਂ 'ਇੰਡੀਅਨ ਕਮਿਊਨਿਟੀ ਗੇਮਜ਼' ਵਿਚ ਜੌਹਰ ਵਿਖਾਉਣ ਦੇ ਮੌਕੇ ਮਿਲੇ। ਫੁੱਟਬਾਲ ਦੀ ਵਧੀਆ ਖੇਡ ਵਿਖਾਉਣ ਤੋਂ ਇਲਾਵਾ ਉਥੇ 100, 200 ਅਤੇ 400 ਮੀਟਰ ਰੇਸ, 1 ਮੀਲ ਦੌੜ ਅਤੇ ਰੀਲੇਅ ਰੇਸ ਵਿਚੋਂ ਪਹਿਲਾ ਸਥਾਨ ਹਾਸਲ ਕਰਕੇ ਪੰਜ ਟਰਾਫੀਆਂ ਜਿੱਤ ਕੇ ਧੰਨ-ਧੰਨ ਕਰਾ ਦਿਤੀ। ਇਕ ਦਿਨ 'ਚ ਪੰਜ ਪੁਜ਼ੀਸ਼ਨਾਂ ਲੈ ਦੇਬੀ ਨੇ ਪੰਜਾਬੀ ਭਾਈਚਾਰੇ ਵਿਚ ਆਪਣੇ ਪਿੰਡ ਅਤੇ ਪਰਿਵਾਰ ਦਾ ਨਾਂ ਉਚਾ ਕੀਤਾ।



*ਖੱਬਿਓਂ-ਦੇਬੀ, ਅਰਜਨ ਅਵਾਰਡੀ ਇੰਦਰ ਸਿੰਘ ਤੇ ਗੁਰਦੇਵ ਗਿੱਲ ਅਤੇ ਸੱਤੀ ਖਰੜ-ਅੱਛਰਵਾਲ*

ਕੈਨੇਡਾ ਦੇ 'ਜੈਵੇਟਿਸ ਇਟਾਲੀਅਨ ਕਲੱਬ' ਵਾਸਤੇ ਦੋ ਸਾਲ ਖੇਡਣ ਦਾ ਦੇਬੀ ਨੂੰ ਮੌਕਾ ਮਿਲਿਆ। ਕਮਾਲ ਦੀ ਗੇਮ ਨੇ ਗੋਰਿਆਂ ਦਾ ਦਿਲ ਜਿੱਤਿਆ। ਖੇਡ ਦੇ ਦੀਵਾਨੇ ਗੋਰਿਆਂ ਨੇ ਤਾੜੀਆਂ ਨਾਲ ਦਾਦ ਦਿਤੀ। ਜਲੌਅ ਵਾਲੀ ਖੇਡ ਵੇਖ ਇਟਾਲੀਅਨ ਕੋਚ ਵੀ ਪ੍ਰਸੰਨ ਹੋਇਆ। ਉਥੇ ਹੀ ਆਗਾ-ਖਾਨ ਵਿਚ ਯਕੀਨ ਰੱਖਦੇ 'ਇਸਮਾਇਲੀ ਕਲੱਬ' ਵਿਚ ਖੇਡ ਕੇ ਧੂਮ-ਮਚਾਈ। ਖੇਡ ਵੇਖ ਰਹੇ ਲੋਕਾਂ ਨੇ ਕਿਹਾ, "ਦੇਬੀ ਘੋੜੇ ਵਾਂਗ ਭੱਜਦੈ ਅਤੇ ਗੋਲੀ ਤਰ੍ਹਾਂ ਸ਼ਾਟ ਮਾਰਦੈ।" ਸਪੋਰਟਸ ਕਾਲਜ ਦੇ ਪੁਰਾਣੇ ਸਾਥੀ ਖਿਡਾਰੀ ਠੁਆਣੇ ਵਾਲੇ ਪਾਲ ਲਹਿਲ ਨਾਲ ਕੈਨੇਡਾ ਵਿਚ ਦੁਬਾਰਾ ਖੇਡਣ ਦਾ ਮੌਕਾ ਮਿਲਿਆ। ਰਿਹਾਇਸ਼ ਵੀ ਉਹਦੇ ਘਰੇ ਕੈਲਗਰੀ ਰੱਖੀ।

ਦੇਬੀ ਨੂੰ ਦੁੱਖ ਹੈ ਕਿ ਘਰ ਦੀਆਂ ਤੰਗੀਆਂ ਕਰਕੇ ਭਾਰਤ ਵਿਚ ਖੇਡ ਦਿਖਾਉਣ ਦਾ ਚੰਗਾ ਮੌਕਾ ਨਹੀਂ ਮਿਲਿਆ। ਕੈਨੇਡਾ ਰਹਿੰਦੇ ਕਿਸੇ ਯਾਰ ਦੀ ਨਫਰਤ ਦਾ ਸ਼ਿਕਾਰ ਹੋ ਕੇ ਉਸ ਨੂੰ ਭਾਰਤ ਜਾਣਾ ਪਿਆ। ਘਰੇਲੂ ਹਾਲਾਤ ਨੇ ਫਿਰ ਹੁੱਝਾਂ ਮਾਰੀਆਂ। ਰੱਬ ਨੇ ਕ੍ਰਿਪਾ ਕੀਤੀ ਤੇ ਅਮਰੀਕਾ ਆ ਪਹੁੰਚਿਆ ਅਤੇ ਨਿਊ ਜਰਸੀ ਆ ਡੇਰੇ ਲਾਏ।

ਗਰਾਊਂਡ ਵਿਚ ਤਨ ਤੋੜਨ ਵਾਲੇ ਦੇਬੀ ਨੇ ਕਾਰਟਰੇਟ ਆ ਕੇ ਘਰੇਲੂ ਜਿੰਮੇਵਾਰੀਆਂ ਅਤੇ ਸਮਾਂ ਨਾ ਹੋਣ ਕਰਕੇ ਫੁੱਟਬਾਲ ਖੇਡਣਾ ਛੱਡ ਦਿਤਾ। ਮੇਰੇ (ਲੇਖਕ) ਖਿਡਾਰੀਆਂ ਬਾਰੇ ਲਿਖੇ ਲੇਖ ਪੜ੍ਹ ਕੇ ਫਿਰ ਖੇਡਣ ਦਾ ਸ਼ੌਕ ਜਾਗਿਆ। ਫੁੱਟਬਾਲ ਨਾਲ ਇਸ਼ਕ ਹੋਣ ਕਰਕੇ ਰਹਿ ਨਾ ਸਕਿਆ ਤੇ ਪੌਣੇ ਤਿੰਨ ਦਹਾਕਿਆਂ ਬਾਅਦ ਕਿੱਟ ਪਾ ਫਿਰ ਗਰਾਊਂਡ ਵਿਚ ਜਾ ਵੜਿਆ। ਹੁਣ ਤਿੰਨਾਂ ਸਾਲਾਂ ਤੋਂ ਲਗਾਤਾਰ ਖੇਡ ਰਿਹੈ। ਉਹ ਨਸ਼ਿਆਂ ਦੇ ਬਿਲਕੁਲ ਵਿਰੁਧ ਹੈ। ਉਠ ਰਹੇ ਨਵੇਂ ਖਿਡਾਰੀਆਂ ਨੂੰ ਵੀ ਇਨ੍ਹਾਂ ਤੋਂ ਖ਼ਬਰਦਾਰ ਕਰ ਰਿਹੈ। ਦੇਬੀ ਨੂੰ ਇਸ ਗੱਲ ਦਾ ਡਾਢਾ ਦੁੱਖ ਹੈ ਕਿ ਆਪਣੇ ਹੀ ਖਿਡਾਰੀਆਂ ਦੀ ਈਰਖਾ ਦਾ ਸਾਹਮਣਾ ਕਰਨਾ ਪੈਂਦੈ। ਕਿਸੇ ਨੂੰ ਹੌਸਲਾ ਦੇਣ ਦੀ ਬਜਾਏ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੰਦੇ ਹਨ।

ਕਾਰਟਰੇਟ ਆਪਣੇ ਪਰਿਵਾਰ ਸਮੇਤ ਰਹਿੰਦਾ ਦੇਬੀ ਪੂਰਾ ਖ਼ੁਸ਼ ਹੈ। ਇਕੋ ਭਰਾ ਪਿਛੇ ਪੰਜਾਬ ਹੈ। ਜਦ ਕਿ ਦੋਵੇਂ ਭੈਣਾਂ ਅਮਰੀਕਾ ਵਿਚ ਹਨ। ਦੇਬੀ ਨੂੰ ਪੁਰਾਣੇ ਦਿਨ ਹਾਲੇ ਵੀ ਯਾਦ ਨੇ। ਉਸ ਵੇਲੇ ਦੇ ਚਲਦੇ-ਪੁਰਜੇ ਸਾਥੀ ਖਿਡਾਰੀਆਂ ਤੋਂ ਕਿਸੇ ਚੀਜ਼ ਦੀ ਆਸ ਕਰਨੀ ਤਾਂ ਉਨ੍ਹਾਂ ਟਾਲ-ਮਟੋਲ ਕਰ ਜਾਣੀ। ਆਪ ਅੱਯਾਸ਼ੀ ਕਰਕੇ ਪੈਸੇ ਉਡਾਈ ਜਾਣੇ ਪਰ ਕਿਸੇ ਲੋੜਵੰਦ ਦੀ ਮਦਦ ਨਾ ਕਰਨੀ। ਪੁਰਾਣੇ ਸਮੇਂ ਨੂੰ ਚੇਤੇ ਕਰਕੇ ਆਪਣੇ ਖੇਡ-ਸ਼ੌਕ ਨੂੰ ਪਾਲਣ ਦੇ ਨਾਲ ਨਾਲ ਦੇਬੀ ਲੋੜਵੰਦ ਖਿਡਾਰੀਆਂ ਦੀ ਪੰਜਾਬ ਵਿਚ ਮਦਦ ਕਰਨੀ ਚਾਹੁੰਦੈ। ਮੰਗੂਵਾਲ ਹੋਏ ਫੁੱਟਬਾਲ ਟੂਰਨਾਮੈਂਟ ਵਿਚ ਕਮੇਟੀ ਨੇ ਉਸ ਨੂੰ ਪੂਰਾ ਮਾਣ ਸਤਿਕਾਰ ਦਿੱਤਾ। ਕਲੱਬ ਦੀ ਉਸ ਆਪਣੇ ਵਲੋਂ ਮਾਇਕ ਸਹਾਇਤਾ ਵੀ ਕੀਤੀ। ਨਿਊ ਯਾਰਕ-ਨਿਊ ਜਰਸੀ (ਕਾਰਟਰੇਟ) ਦੇ ਖੇਡ ਮੇਲਿਆਂ 'ਚ ਚਾਲੀ ਸਾਲ ਤੋਂ ਵੱਧ ਉਮਰ ਵਰਗ ਦੇ ਖਿਡਾਰੀਆਂ ਨਾਲ ਖੇਡ ਕੇ ਆਪਣੇ ਸ਼ੌਕ ਦੀ ਪੂਰਤੀ ਦੇ ਨਾਲ ਦੇਬੀ ਨਵੇਂ ਖਿਡਾਰੀਆਂ ਨੂੰ ਵੀ ਹੌਸਲਾ ਦੇ ਰਿਹੈ।

ਖੇਡਾਂ ਦੀ ਦੁਨੀਆਂ ਦੇ ਦੀਵਾਨੇ ਅਗਰ ਉਠਦੇ ਨਵੇਂ ਖਿਡਾਰੀਆਂ ਨੂੰ ਪਿਆਰ ਅਤੇ ਵੱਡਿਆਂ ਨੂੰ ਸਤਿਕਾਰ ਦਿੰਦੇ ਰਹਿਣਗੇ ਤਾਂ ਸੌ ਸਾਲਾ ਫੌਜਾ ਸਿੰਘ ਮੈਰਾਥਨ ਦੌੜਦੇ ਰਹਿਣਗੇ ਤੇ ਪੰਚਵੰਜਾ ਸਾਲਾ ਦੇਬੀ ਵਰਗੇ ਖਿਡਾਰੀ ਮੁੜ ਗਰਾਊਂਡ 'ਚ ਜਾਂਦੇ ਰਹਿਣਗੇ।

'ਦੇਸ਼ ਕੌਮ ਲਈ ਮੱਲਾਂ ਜੋ ਮਾਰ ਜਾਂਦੇ,
ਖੇਡ-ਇਤਿਹਾਸ ਦਾ ਹਿੱਸਾ ਉਹ ਬਣ ਜਾਂਦੇ।
'ਜੱਬੋਵਾਲੀਆ' ਦੇਸ਼ ਕੌਮ ਦਾ ਸਰਮਾਇਆ ਉਹ,
'ਤਾਜ਼ ਦੇਸ਼-ਕੌਮ ਦੇ ਸਿਰ ਜੋ ਮੜ੍ਹ ਜਾਂਦੇ।'

# ਪਰਮਵੀਰ ਦੀ ਲੋਕ ਧੁਨਾਂ ਵਾਲੀ ਸਰੋਦੀ ਕਵਿਤਾ

ਭੈਅ ਬਸੰਤੀ ਆਵੇ।
ਸੱਜਣ ਦੋਖੀ ਬਾਣੇ ਇਕੋ
ਸਮਝ ਰਤਾ ਨਾ ਆਵੇ।
ਮਿੱਠੇ ਚੌਲਾਂ ਦੀ ਭਰੀ ਪੋਟਲੀ,
ਮੋਢੇ ਅਸਾਂ ਨੇ ਚੁੱਕੀ।
ਦੇਖੋ, ਪ੍ਰੀਤਮ ਛੋੜ ਸਿੰਘਾਸਣ
ਲਾਵੇ ਗਲ ਨਾ ਲਾਵੇ।

ਦੁਚਿੱਤੀ ਕਵਿਤਾ ਦੀ ਕਮਜ਼ੋਰੀ ਨਹੀਂ ਸਿੰਗਾਰ ਹੈ। ਆਪਣੇ ਛੋਟੇ ਬੇਟੇ ਸੁਖਨਬੀਰ ਨੂੰ ਮੈਂ ਤਬਲਾਵਾਦਨ ਕਰਦਿਆਂ, ਸੁਣਦਾ, ਦੇਖਦਾ। ਕਦੀ ਮੈਨੂੰ ਲਗਦਾ ਉਹ ਬੇਤਾਲਾ ਹੋ ਜਾਂਦਾ ਹੈ। ਮੈਂ ਪੁੱਛਿਆ ਠੀਕ ਵਾਦਨ ਕਰਦਿਆਂ ਤੂੰ ਗਲਤ ਕਿਉਂ ਹੋ ਜਾਨੈ ਵਿਚ ਵਿਚ? ਉਹ ਹੱਸਿਆ, ਪਾਪਾ ਕਿਤੇ ਸੰਗੀਤ ਜਾਣਦੇ ਹੁੰਦੇ ਤੁਹਾਡਾ ਭਲਾ ਹੁੰਦਾ। ਇਸ ਨੂੰ ਨਖ਼ਰਾ ਕਹਿੰਦੇ ਨੇ। ਨਖਰਾ ਮਾਇਨੇ ਜਾਣ ਬੁੱਝ ਕੇ ਕੀਤੀ ਗਈ ਗਲਤੀ।

ਸਾਖੀ ਸੁਣੀ ਕਿ ਪਹਿਲੀ ਵਾਰ ਕ੍ਰਿਸ਼ਨ ਨੇ ਸੁਦਾਮੇ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ। ਵਾਪਸ ਆ ਕੇ ਕਈ ਦਿਨ ਸੋਚਦਾ ਰਿਹਾ, ਅਜਿਹਾ ਕਿਉਂ ਹੋਇਆ? ਫਿਰ ਫੈਸਲਾ ਕੀਤਾ ਕਿ ਚਲੋ ਨਾਰਾਜ਼ਗੀ ਦਾ ਕਾਰਨ ਪੁੱਛਣ ਚਲਦਾ ਹਾਂ। ਗਿਆ। ਮਿਲਾਪ ਹੋਇਆ। ਸੁਦਾਮੇ ਨੇ ਪੁੱਛਿਆ, ਐਤਕਾਂ ਇੰਨੇ ਪਿਆਰ ਨਾਲ ਕਿਉਂ ਮਿਲੇ? ਕ੍ਰਿਸ਼ਨ ਨੇ ਕਿਹਾ, ਪਹਿਲਾਂ ਤੈਨੂੰ ਤੇਰੀ ਪਤਨੀ ਨੇ ਭੇਜਿਆ ਸੀ। ਐਤਕਾਂ ਤੂੰ ਖੁਦ ਆਇਐਂ। ਅੱਜ ਖੁਦ ਨੂੰ ਖੁਦ ਪ੍ਰਾਪਤ ਹੋਇਆ ਹੈਂ। ਪੰਜਾਬ ਲਈ ਅਰਦਾਸ ਕਵਿਤਾ ਦੇ ਬੰਦ ਪੜ੍ਹੋ,

ਜੁਗ ਜੁਗ ਜੀਣ ਚਨਾਬ ਦੇ ਪਾਣੀ,
ਖੈਰ ਰਾਵੀ ਦੀ ਮੰਗਾਂ।
ਪਿੰਡੇ ਧੁੱਪ ਬਿਆਸਾ ਲਿਸ਼ਕੇ,
ਸਤਲੁਜ ਛਣਕਣ ਵੰਗਾਂ।
ਮੁੜ ਖੂਹਾਂ ਤੇ ਭਰਨ ਗਾਗਰਾਂ
ਜਿਹਲਮ ਦੇਸੀਂ ਜਾਈਆਂ,
ਭਰ ਮੱਸਿਆ ਦੇ ਲੱਗਣ ਮੇਲੇ,
ਮੁੜਨ ਗੁਆਚੀਆਂ ਸੰਗਾਂ।

ਨਾਦ ਪ੍ਰਗਾਸ ਦੇ ਜੁਆਨ ਲਾਲੀ ਜੀ ਨੂੰ ਮਿਲਣ ਗਏ। ਉਨ੍ਹਾਂ ਦੀ ਉਮਰ ਵਧੀਕ ਹੋਣ ਕਾਰਨ ਜ਼ਿਆਦਾ ਗੱਲਾਂ ਨਾ ਹੋਈਆਂ। ਜੁਆਨਾਂ ਦੀਆਂ ਦਸਤਾਰਾਂ ਪਲੋਸਦਿਆਂ ਲਾਲੀ ਜੀ ਨੇ ਪਿਆਰ ਨਾਲ ਕਿਹਾ, ਦਸਤਾਰ ਬਗੈਰ ਬੰਦਾ ਲਾਹੌਰ ਨਹੀਂ ਜਾ ਸਕਦਾ। ਲਾਹੌਰ ਪੰਜਾਬ ਦੀ ਦਸਤਾਰ ਹੈ। ਦਸਤਾਰ, ਦਸਤਾਰ ਦੀ ਕਦਰਦਾਨ ਹੈ। ਪੰਜਾਬ ਜਦੋਂ ਪੰਜਾਬ ਨੂੰ ਮਿਲਣ ਤੋਂ ਸੰਗਣਾ ਛੱਡੇਗਾ ਤਾਂ ਮਾਰੂਥਲ ਵਿਚ ਗੁੰਮਸ਼ੁਦਾ ਪੁਨੂੰ ਲੱਭ ਜਾਏਗਾ।

ਟੈਗੋਰ ਇਸ ਕਰਕੇ ਚੰਗਾ ਲੱਗਾ ਕਿਉਂਕਿ ਉਸ ਨੂੰ ਪੜ੍ਹਦਿਆਂ ਇਕ ਇਕ ਕਰਕੇ ਮੈਨੂੰ ਆਪਣੇ ਪੁਰਖੇ ਯਾਦ ਆਉਂਦੇ ਗਏ। ਉਨ੍ਹਾਂ ਕਵਿਤਾਵਾਂ ਦੀ ਗੱਲ ਨਹੀਂ ਕਰ ਰਿਹਾ ਜੋ ਉਸ ਨੇ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਦੇ ਸਿਰਲੇਖ ਹੇਠ ਲਿਖੀਆਂ। ਉਸ ਨੇ ਕਿਸ ਅਨੁਭਵ ਵਿਚੋਂ ਲਿਖੀਆਂ, ਉਹ ਟੈਗੋਰ ਜਾਣੇ, ਮੈਨੂੰ ਲੱਗਾ ਮੇਰੇ ਪੂਰਵਜਾਂ ਬਾਰੇ ਹਨ। ਯੀਟਸ ਵਲੋਂ ਲਿਖੀ ਗੀਤਾਂਜਲੀ ਦੀ ਭੂਮਿਕਾ ਪੜ੍ਹੀ ਤਾਂ ਦੇਖਿਆ ਉਸ ਨਾਲ ਇਹੋ ਹੋਇਆ। ਲਿਖਦਾ ਹੈ, "ਸੰਸਾਰ ਵਿਚ ਸਭ ਤੋਂ ਵਧੀਕ ਸੁਹਣੀਆਂ ਝੀਲਾਂ ਸਵਿਟਜ਼ਰਲੈਂਡ ਦੀਆਂ ਹਨ। ਇਨ੍ਹਾਂ ਝੀਲਾਂ ਲਾਗਿਓਂ ਲੰਘਦਿਆਂ ਸੰਤ ਬਰਨਰਡ ਘੁੰਡ ਕੱਢ ਲਿਆ ਕਰਦਾ ਸੀ, ਮੈਂ ਸਾਧ ਹਾਂ, ਮੈਨੂੰ ਏਨੀ ਸੁੰਦਰਤਾ ਨਹੀਂ ਦੇਖਣੀ ਚਾਹੀਦੀ। ਫਿਰ ਤਾਂ ਇਥੋਂ ਜਾਣ ਨੂੰ ਦਿਲ ਨਹੀਂ ਕਰਨਾ। ਟੈਗੋਰ ਪੜ੍ਹਦਿਆਂ ਮੈਨੂੰ ਆਪਣੇ ਵਡੇਰੇ ਯਾਦ ਆਏ।"

ਪਰਮਵੀਰ ਦੀ ਕਵਿਤਾ ਦਾ ਪਾਠ ਕਰਦਿਆਂ ਮੈਂ ਰੁਕਦਾ ਜਾਂਦਾ। ਦੂਰ ਦੇਸਾਂ ਦੇ ਉਹ ਦ੍ਰਿਸ਼ ਦੇਖੇ ਜਿਹੜੇ ਜਰੂਰੀ ਨਹੀਂ ਕਵੀ ਨੇ ਦੇਖੇ ਹੋਣ। ਕਵਿਤਾ ਦੀ ਮੰਜ਼ਿਲ ਬੇਖਬਰੀ ਹੈ। ਬੇਖਬਰੀ ਵਿਚ ਪੁੱਜ ਕੇ ਪਾਠਕ ਕੀ ਪ੍ਰਾਪਤ ਕਰਦਾ ਹੈ, ਕੁੱਝ ਨਹੀਂ ਕਿ ਸਭ ਕੁਝ? ਖਬਰ ਨਹੀਂ।

ਪ੍ਰੋ. ਜਗਦੀਸ਼ ਦੀ ਲਿਖੀ ਲੰਮੀ ਭੂਮਿਕਾ ਕੀ ਇਸ ਕਿਤਾਬ ਦੀ ਕੁੰਜੀ ਹੈ? ਉਤਰ ਹੈ ਹਾਂ। ਬੜੀ ਸ਼ਿੱਦਤ ਤੇ ਸਮਰੱਥਾ ਨਾਲ ਇਸ ਵਿਦਵਾਨ ਨੇ ਸਾਖੀ ਦੇ ਦੈਵੀ ਸੱਚ ਨੂੰ ਉਘਾੜਨ ਦਾ ਵੱਡਾ ਹੰਭਲਾ ਮਾਰਿਆ ਹੈ। ਅਖੀਰ ਵਿਚ, ਰਚਨਾ 'ਅੰਮ੍ਰਿਤ ਵੇਲਾ' ਦਾ ਸ਼ੁਭ ਇਛਾਵਾਂ ਸਹਿਤ ਸੁਆਗਤ ਹੈ।

# ਨੈਣ-ਨਕਸ਼

*(ਸਫਾ 29 ਦੀ ਬਾਕੀ)*

ਆਇਆ, ਯਮਰਾਜ ਨੰਗਾ ਕਰਕੇ ਲਿਆਏ। ਦੇਹ ਜਿਥੇ ਪੈਂਦੀ ਆ, ਧਰਮ ਰਾਜ ਨੇ ਆਪ ਅੱਗੇ ਹੋ ਕੇ ਛੁਡਾਇਆ।"

"ਤੈਨੂੰ ਫੇ ਛੱਡ'ਤਾ?"

"ਅੱਗੇ ਤਾਂ ਸੁਣ...ਫੇਰ ਇਕ ਬਜ਼ੁਰਗ ਆਇਆ, ਮਸੀਂ ਫੜ ਕੇ ਲਈ ਆਉਣ। ਹਫੜਾ ਦਫ਼ੜੀ ਮਚ ਗੀ। ਧਰਮ ਰਾਜ ਦੀ ਟੱਲੀ ਤਾਂ ਕੀ, ਟੱਲ ਨਾ ਖੜਕਣੋਂ ਹਟਣ, ਲਾਟੂ ਜਗਣ ਬੁਝਣ ਲੱਗ ਪਏ। ਮਹਾਂਭਾਰਤ ਆਲਾ ਸਾਰਾ ਟੱਬਰ ਭੱਜਾ ਆਇਆ, ਓਹ ਵੀ ਜਿਹੜਾ ਟੀ.ਵੀ. 'ਤੇ ਦੇਖਦੇ ਹੁੰਦੇ ਤੀ ਅੱਖਾਂ 'ਤੇ ਪੱਟੀ ਬੰਨ੍ਹੀ ਆਲਾ...।"

"ਧਰਿਤਰਾਸ਼ਟਰ?"

"ਹਾਅ ਈ, ਹਾਅ ਈ।"

"ਭੂਆ ਬੁਝਾਰਤਾਂ ਨਾ ਪਾ, ਬੰਦਾ ਕਿਹੜਾ ਤੀ ਏਨਾ ਮਹਾਨ ਪਈ ਧਰਮ ਰਾਜ ਦਾ ਸਿੰਘਾਸਣ ਕੰਬਣ ਲਾ'ਤਾ?"

"ਜਿਹੜਾ ਮੀਂਹ ਤੋਂ ਪਹਿਲਾਂ ਆਉਂਦਾ ਹੁੰਦਾ। ਧਰਮ ਰਾਜ ਉਠ ਕੇ ਕੁਰਸੀ 'ਤੇ ਖੜ੍ਹ ਗਿਆ, ਪਈ ਪਹਿਲਾਂ ਤਾਂ ਇਹਦੀਆਂ ਜੇਬਾਂ ਦੇਖੋ, ਕੁਝ ਨਾਲ ਲਿਆਇਆ?"

"ਹੋਈ ਫੇ ਜਾਮਾ ਤਲਾਸ਼ੀ?"

"ਪੁੱਠੀਆਂ ਕਰਕੇ ਜੇਬਾਂ ਬਾਹਰ ਕੱਢੀਆਂ, ਟਕਾ ਨੀ ਨਿਕਲਿਆ, ਖਾਲੀ...। ਧਰਮ ਰਾਜ ਖਿੜਿਆ ਕੁਰਸੀ 'ਤੇ ਖੜ੍ਹਾ ਈ ਪਿੱਟੇ-ਇਹਨੂੰ ਪਹਿਲਾਂ ਕਾਰੂ ਬਾਦਸ਼ਾਹ ਦਿਖਾ ਕੇ ਲਿਆਵੋ...ਸੱਦਾਮ ਹੁਸੈਨ ਤੇ ਹੁਣੇ ਆਇਆ ਗੱਦਾਫ਼ੀ ਜਿਹਾ ਵੀ।"

"ਭੂਆ ਮੈਂ ਚੱਲਿਆਂ।"

"ਵੇ ਗੱਲ ਤਾਂ ਪੂਰੀ ਸੁਣ ਜਾਹ?"

"ਤੈਂ ਮਰਾਉਣਾ ਮੈਨੂੰ, ਵਿਆਹ ਮੇਰਾ ਹੋਇਆ ਨ੍ਹੀਂ, ਰੋਟੀ ਦੋ ਡੰਗ ਦੀ ਤੁਰਦੀ ਨ੍ਹੀਂ, ਜਿਨ੍ਹਾਂ ਦੀ ਤੂੰ ਕਹਾਣੀ ਛੇੜ ਲੀ ਆ ਇਨ੍ਹਾਂ ਨੇ ਤੇਰੇ 'ਤੇ ਤਾਂ ਪਰਚੇ ਈ ਕਰਨੇ ਆ, ਮੇਰੇ ਤਾਂ ਨਾਲ ਪੁਲਿਸ ਹੱਡੀਂ ਰਾਧ ਵੀ ਪਾਊ।"

"ਹੈ ਹਾ ਮੇਰਿਆ ਰੱਬਾ! ਜਿਹੜੇ ਉਥੇ ਵੀ ਭੱਜ ਭੱਜ ਆਏ ਸੀ, ਉਹ ਵੀ ਅੰਦਰ ਜਾ ਵੜੇ ਪਈ ਸਾਡਾ ਤਾਂ ਹਾਲੇ ਹੇਠਾਂ ਜੀਆ ਜੰਤ ਬੜੈ, ਸਾਰੇ ਥਾਣਿਆਂ 'ਚੋਂ ਲੱਭਣਗੇ।"

ਤੇ ਭੂਆ ਦੀ ਗੱਲ ਨੂੰ ਵਿਚਾਲਿਓਂ ਮੋਛਾ ਪਾ ਕੇ ਮੱਦੀ ਧੂੜ 'ਚ ਟੱਟੂ ਬਣ ਗਿਆ।

**ਅੰਤਿਕਾ:**

ਹਰ ਪਾਸੇ ਚੋਰ ਬਜ਼ਾਰੀ ਐ
ਹਰ ਪਾਸੇ ਰਿਸ਼ਵਤਦਾਰੀ ਐ
ਹਰ ਪਾਸੇ ਚੌਧਰ ਤਕੜੇ ਦੀ
ਮਾੜੇ ਨੂੰ ਧੱਕੇ ਪੈਂਦੇ ਨੇ
ਸੱਚੀਂ ਹੁਣ ਥਾਣੇਦਾਰ ਵੀ
ਦਫ਼ਤਰ ਦੇ ਵਿਚ ਧੂਫ ਧੁਖਾ ਕੇ ਬਹਿੰਦੇ ਨੇ।

***(ਮਰਹੂਮ ਗਾਇਕ ਦੀਦਾਰ ਸੰਧੂ)***

# ਮਾਲਾ ਸਿਨਹਾ: ਬਾਲੀਵੁੱਡ ਦੀ ਮੈਲੋਡਰਾਮਾ ਕੁਈਨ

ਹਿੰਦੀ ਸਿਨੇਮਾ ਦੇ ਇਤਿਹਾਸ 'ਚ ਬਹੁਤ ਸਾਰੀਆਂ ਅਜਿਹੀਆਂ ਅਦਾਕਾਰ ਹੋਈਆਂ ਹਨ ਜਿਨ੍ਹਾਂ ਨੇ ਲੀਜੈਂਡ ਦਾ ਮੁਕਾਮ ਹਾਸਲ ਕੀਤਾ ਹੈ। ਇਨ੍ਹਾਂ 'ਚੋਂ ਇਕ ਨਾਂ ਮਾਲਾ ਸਿਨਹਾ ਦਾ ਹੈ। ਉਹਨੂੰ ਆਪਣੇ ਸਮੇਂ ਦੀ 'ਮੈਲੋਡਰਾਮਾ ਕੁਈਨ' ਵੀ ਕਿਹਾ ਜਾ ਸਕਦਾ ਹੈ। ਇਸ ਨੇਪਾਲੀ ਸੁੰਦਰੀ ਨੇ ਆਪਣੀਆਂ ਫਿਲਮਾਂ ਵਿਚ ਮੈਲੋਡਰਾਮੈਟਿਕ ਇਮੋਸ਼ਨਸ ਨੂੰ ਕੁਝ ਅਜਿਹੇ ਅੰਦਾਜ਼ 'ਚ ਪੇਸ਼ ਕੀਤਾ ਜੋ ਸਿੱਧਾ ਦਰਸ਼ਕਾਂ ਦੇ ਦਿਲਾਂ 'ਚ ਉਤਰ ਗਿਆ। ਉਹਦੀ ਅਦਾਕਾਰੀ ਕਾਰਨ ਹੀ 1960 ਦੇ ਦਹਾਕੇ 'ਚ ਚਾਰ ਵਾਰ ਉਹਨੂੰ ਫਿਲਮ ਫੇਅਰ ਦਾ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਦਿੱਤਾ ਗਿਆ ਸੀ।

ਉਹਨੂੰ ਭਾਵੇਂ ਆਪਣੇ ਸਮੇਂ ਦੀ ਸਭ ਤੋਂ ਵਧੇਰੇ ਰਵਾਇਤੀ ਨਾਇਕਾ ਮੰਨਿਆ ਜਾਂਦਾ ਹੈ, ਫਿਰ ਵੀ ਉਹਨੇ ਆਪਣੇ ਕਰੀਅਰ ਨਾਲ ਸਬੰਧਤ ਬਹੁਤ ਜੋਖਮ ਵੀ ਚੁੱਕੇ। ਯਸ਼ ਚੋਪੜਾ ਦੀ ਫਿਲਮ 'ਧੂਲ ਕਾ ਫੂਲ' ਅਤੇ ਬੀ. ਆਰ. ਚੋਪੜਾ ਦੀ ਫਿਲਮ 'ਗੁੰਮਰਾਹ' ਵਿਚ ਕ੍ਰਮਵਾਰ ਪਹਿਲੀ ਵਾਰ ਕੁਆਰੀ ਮਾਂ ਅਤੇ ਧੋਖੇਬਾਜ਼ ਪਤਨੀ ਦੇ ਕਿਰਦਾਰ ਨਿਭਾਏ। ਗੁਰੂ ਦੱਤ ਦੀ ਕਲਾਸਿਕ ਫਿਲਮ 'ਪਿਆਸਾ' ਵਿਚ ਅਜਿਹੀ ਇੱਛਾਵਾਦੀ ਔਰਤ ਦਾ ਕਿਰਦਾਰ ਨਿਭਾਇਆ ਜੋ ਆਪਣੇ ਪ੍ਰੇਮੀ ਨੂੰ ਛੱਡ ਕੇ ਕਿਸੇ ਹੋਰ ਮਰਦ ਨਾਲ ਵਿਆਹ ਕਰ ਲੈਂਦੀ ਹੈ। ਇਨ੍ਹਾਂ ਸਾਰੇ ਕਿਰਦਾਰਾਂ ਵਿਚ ਉਹਦੀ ਅਦਾਕਾਰੀ ਨਾ-ਭੁੱਲਣਯੋਗ ਹੈ।



ਮਾਲਾ ਸਿਨਹਾ ਦਾ ਜਨਮ ਕਸ਼ਮੀਰ ਵਿਚ ਭਾਰਤੀ-ਨੇਪਾਲੀ ਕ੍ਰਿਸ਼ਚੀਅਨ ਪਰਿਵਾਰ ਵਿਚ ਹੋਇਆ ਸੀ। ਮਾਤਾ-ਪਿਤਾ ਨੇ ਉਹਦਾ ਨਾਂ ਆਲਡਾ ਰੱਖਿਆ ਸੀ। ਸਕੂਲ ਵਿਚ ਅਕਸਰ ਉਹਦੇ ਹਮਜਮਾਤੀ ਉਨ੍ਹਾਂ ਨੂੰ 'ਡਾਲਡਾ' (ਘਿਓ ਦਾ ਬ੍ਰਾਂਡ) ਕਹਿ ਕੇ ਚਿੜ੍ਹਾਉਂਦੇ ਸਨ। ਇਸ ਲਈ ਉਹਨੇ ਆਪਣਾ ਨਾਂ ਮਾਲਾ ਰੱਖ ਲਿਆ। ਉਹਨੇ ਬਚਪਨ ਵਿਚ ਹੀ ਸੰਗੀਤ ਅਤੇ ਨਾਚ ਦੀ ਸਿੱਖਿਆ ਲਈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਉਹ ਸਰਵੋਤਮ ਗਾਇਕਾ ਸੀ ਜਿਸ ਨੇ ਕਈ ਸਟੇਜ ਸ਼ੋਅਜ਼ ਦੇ ਨਾਲ-ਨਾਲ ਆਲ ਇੰਡੀਆ ਰੇਡੀਓ 'ਤੇ ਵੀ ਗੀਤ ਗਾਏ। ਤ੍ਰਾਸਦੀ ਇਹ ਰਹੀ ਕਿ ਉਹਨੂੰ ਫਿਲਮਾਂ ਵਿਚ ਗਾਉਣ ਦਾ ਕਦੇ ਮੌਕਾ ਹੀ ਨਹੀਂ ਮਿਲਿਆ।



ਹਿੰਦੀ ਸਿਨੇਮਾ ਵਿਚ ਆਉਣ ਤੋਂ ਪਹਿਲਾਂ ਉਹ ਬੰਗਾਲੀ ਫਿਲਮਾਂ ਵਿਚ ਬਤੌਰ ਬਾਲ ਕਲਾਕਾਰ ਕੰਮ ਕਰ ਚੁੱਕੀ ਸੀ। ਇਕ ਵਾਰ ਇਕ ਨਾਟਕ ਦੌਰਾਨ ਪ੍ਰਸਿੱਧ ਬੰਗਾਲੀ ਨਿਰਦੇਸ਼ਕ ਅਰਧੇਂਦੂ ਬੋਸ ਨੇ ਉਹਦੀ ਅਦਾਕਾਰੀ ਦੇਖੀ ਅਤੇ ਉਹਦੇ ਪਿਤਾ ਤੋਂ ਆਪਣੀ ਫਿਲਮ 'ਰੋਸ਼ਨਆਰਾ' (1952) ਵਿਚ ਉਹਨੂੰ ਹੀਰੋਇਨ ਲੈਣ ਦੀ ਆਗਿਆ ਲੈ ਲਈ। ਇਉਂ ਬਤੌਰ ਨਾਇਕਾ ਮਾਲਾ ਸਿਨਹਾ ਦਾ ਕਰੀਅਰ ਸ਼ੁਰੂ ਹੋਇਆ।

ਕੋਲਕਾਤਾ ਵਿਚ ਕੁਝ ਫਿਲਮਾਂ ਕਰਨ ਪਿੱਛੋਂ ਉਹਨੇ ਕਿਸੇ ਬੰਗਾਲੀ ਫਿਲਮ ਦੀ ਸ਼ੂਟਿੰਗ ਲਈ ਮੁੰਬਈ ਆਉਣਾ ਸੀ। ਇਥੇ ਉਹ ਗੀਤਾ ਬਾਲੀ ਨੂੰ ਮਿਲੀ ਜਿਨ੍ਹਾਂ ਉਹਨੂੰ ਪ੍ਰਸਿੱਧ ਨਿਰਮਾਤਾ-ਨਿਰਦੇਸ਼ਕ ਕੇਦਾਰ ਸ਼ਰਮਾ ਨਾਲ ਮਿਲਵਾਇਆ। ਕੇਦਾਰ ਸ਼ਰਮਾ ਨੇ ਆਪਣੀ ਫਿਲਮ 'ਰੰਗੀਨ ਰਾਤੇਂ' ਵਿਚ ਬਤੌਰ ਹੀਰੋਇਨ ਲਿਆ। ਉਹਦੀ ਪਹਿਲੀ ਹਿੰਦੀ ਫਿਲਮ ਪ੍ਰਦੀਪ ਕੁਮਾਰ ਨਾਲ 'ਬਾਦਸ਼ਾਹ' ਸੀ ਪਰ ਉਹਨੂੰ ਅਸਲ ਪਛਾਣ ਮਿਲੀ ਕਿਸ਼ੋਰ ਸਾਹੂ ਦੀ ਫਿਲਮ 'ਹੈਮਲੇਟ' ਨਾਲ। ਇਨ੍ਹਾਂ ਫਿਲਮਾਂ ਪਿੱਛੋਂ ਮਾਲਾ ਸਿਨਹਾ ਸਫਲਤਾ ਦੀਆਂ ਨਵੀਆਂ ਉਚਾਈਆਂ ਛੂੰਹਦੀ ਗਈ। ਉਹਨੇ ਬਲਰਾਜ ਸਾਹਨੀ ਦੀ ਇਕੋ-ਇਕ ਨਿਰਦੇਸ਼ਿਤ ਫਿਲਮ 'ਲਾਲ ਬੱਤੀ' ਤੋਂ ਇਲਾਵਾ ਸੋਹਰਾਬ ਮੋਦੀ ਦੀ ਰੋਮਾਂਟਿਕ ਫਿਲਮ 'ਨੌਸ਼ੇਰਵਾਨ-ਏ-ਆਦਿਲ' ਵੀ ਕੀਤੀ।

1960 ਦੇ ਦਹਾਕੇ ਵਿਚ ਬਣੀਆਂ 'ਫੈਸ਼ਨ', 'ਪਿਆਸਾ', 'ਪਰਵਰਿਸ਼', 'ਉਜਾਲਾ' 'ਲਵ ਮੈਰਿਜ' ਆਦਿ ਉਹਦੀਆਂ ਸਫਲ ਫਿਲਮਾਂ ਹਨ। 1970 ਦੇ ਦਹਾਕੇ ਵਿਚ 'ਮਾਇਆ', 'ਹਰਿਆਲੀ ਔਰ ਰਾਸਤਾ', 'ਦਿਲ ਤੇਰਾ ਦੀਵਾਨਾ', 'ਅਨਪੜ੍ਹ', 'ਬਹੂ ਰਾਨੀ', 'ਗੁੰਮਰਾਹ', 'ਗਹਿਰਾ ਦਾਗ' ਅਤੇ 'ਜਹਾਂਆਰਾ' ਜਿਥੇ ਉਹਦੀਆਂ ਸੁਪਰਹਿੱਟ ਫਿਲਮਾਂ ਸਨ, ਉਥੇ ਇਸ ਦੌਰਾਨ ਆਲੋਚਕਾਂ ਨੇ ਵੀ ਉਹਦਾ ਖੂਬ ਗੁੱਡਾ ਬੰਨ੍ਹਿਆ।

ਉਹਦੀ ਜੋੜੀ ਭਾਵੇਂ ਪ੍ਰਦੀਪ ਕੁਮਾਰ ਨਾਲ ਹੀ ਵਧੇਰੇ ਬਣੀ, ਫਿਰ ਵੀ ਉਹਨੇ ਰਾਜਕੁਮਾਰ, ਰਾਜਿੰਦਰ ਕੁਮਾਰ, ਵਿਸ਼ਵਜੀਤ, ਮਨੋਜ ਕੁਮਾਰ, ਰਾਜ ਕਪੂਰ, ਦੇਵ ਆਨੰਦ, ਕਿਸ਼ੋਰ ਕੁਮਾਰ ਅਤੇ ਸ਼ੰਮੀ ਕਪੂਰ ਨਾਲ ਵੀ ਕਈ ਫਿਲਮਾਂ ਕੀਤੀਆਂ। ਇਸ ਤੋਂ ਇਲਾਵਾ ਉਹਨੇ ਉਸ ਯੁੱਗ ਦੇ ਨਵੇਂ ਸਿਤਾਰਿਆਂ ਧਰਮਿੰਦਰ, ਰਾਜੇਸ਼ ਖੰਨਾ, ਸੁਨੀਲ ਦੱਤ, ਸੰਜੇ ਖਾਨ, ਜਤਿੰਦਰ ਅਤੇ ਅਮਿਤਾਭ ਬੱਚਨ ਨਾਲ ਵੀ ਕਈ ਫਿਲਮਾਂ ਕੀਤੀਆਂ। ਸੰਨ 1966 ਵਿਚ ਉਹ ਜਦੋਂ ਇਕ ਨੇਪਾਲੀ ਫਿਲਮ ਦੀ ਸ਼ੂਟਿੰਗ ਦੇ ਸਿਲਸਿਲੇ ਵਿਚ ਨੇਪਾਲ ਗਈ ਤਾਂ ਫਿਲਮ ਵਿਚ ਉਹਦੇ ਹੀਰੋ ਚਿਦੰਬਰ ਪ੍ਰਸਾਦ ਲੋਹਾਨੀ ਨਾਲ ਉਹਨੇ ਵਿਆਹ ਕਰ ਲਿਆ। ਵਿਆਹ ਪਿੱਛੋਂ ਵੀ ਉਹਨੇ ਅਦਾਕਾਰੀ ਜਾਰੀ ਰੱਖੀ। ਸੰਨ 1974 ਤੋਂ ਬਾਅਦ ਬਤੌਰ ਨਾਇਕਾ ਉਹਨੇ ਫਿਲਮਾਂ ਕਰਨੀਆਂ ਘੱਟ ਕਰ ਦਿੱਤੀਆਂ। ਉਹਨੇ ਫਿਲਮਾਂ ਵਿਚ ਚਰਿੱਤਰ ਕਿਰਦਾਰ ਨਿਭਾਉਣੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਉਨ੍ਹਾਂ ਦੀਆਂ '36 ਘੰਟੇ', 'ਕਰਮਯੋਗੀ', 'ਖੇਲ' ਵਰਗੀਆਂ ਫਿਲਮਾਂ ਆਈਆਂ। ਉਹ ਆਖਰੀ ਵਾਰ ਫਿਲਮ 'ਜ਼ਿਦ' (1994) ਵਿਚ ਨਜ਼ਰ ਆਈ ਸੀ। ਅੱਜਕੱਲ੍ਹ ਉਹ ਆਪਣੀ ਬੇਟੀ ਪ੍ਰਤਿਭਾ ਨਾਲ ਬਾਂਦ੍ਰਾ ਵਿਚ ਰਹਿ ਰਹੀ ਹੈ।



# ਬਹੁਤ ਮਸਰੂਫ਼ ਹੈ ਪ੍ਰੀਟੀ ਜ਼ਿੰਟਾ

ਖ਼ੂਬਸੂਰਤ ਪ੍ਰੀਟੀ ਜ਼ਿੰਟਾ ਅੱਜਕਲ੍ਹ ਫ਼ਿਲਮਾਂ 'ਚ ਘੱਟ ਹੀ ਦਿਖਾਈ ਦਿੰਦੀ ਹੈ। ਆਈ.ਪੀ.ਐਲ. ਦਾ ਹਿੱਸਾ ਬਣਨ ਤੋਂ ਬਾਅਦ ਉਸ ਨੇ ਫ਼ਿਲਮ ਨਿਰਮਾਣ ਦਾ ਕੰਮ ਆਰੰਭ ਕੀਤਾ ਜਿਸ ਦੀ ਕਹਾਣੀ ਤਿਆਰ ਹੋ ਰਹੀ ਹੈ। ਅੱਜਕਲ੍ਹ ਸ਼ਾਹਰੁਖ ਖਾਨ ਦੀ ਕੰਪਨੀ ਲਈ ਇਕ ਨਵੇਂ ਚੈਨਲ ਲਈ ਸ਼ੋਅ ਕਰ ਰਹੀ ਹੈ ਜਿਸ ਵਿਚ ਕਲਾਕਾਰਾਂ ਦੀ ਮੁਲਾਕਾਤ ਦੇ ਨਾਲ ਉਨ੍ਹਾਂ ਦੇ ਚਾਹੁਣ ਵਾਲੇ ਕਲਾਕਾਰ ਦੇ ਨਾਲ ਹੀ ਦੋ ਦਿਨ ਬਿਤਾਉਂਦੇ ਹਨ।

ਇਹ ਸ਼ੋਅ ਹਿੱਟ ਜਾ ਰਿਹਾ ਹੈ। ਇਸ ਸ਼ੋਅ ਤੋਂ ਪਹਿਲਾਂ ਪ੍ਰੀਟੀ ਨੇ 'ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਨਾਂ ਦਾ ਸ਼ੋਅ ਕੀਤਾ। ਇਕ ਹੋਰ ਸ਼ੋਅ 'ਬਹਾਦਰੀ ਭਰੇ ਕਾਰਨਾਮੇ' ਵੀ ਲੈ ਕੇ ਉਹ ਆ ਰਹੀ ਹੈ। ਨਵੀਂ ਆ ਰਹੀ ਫ਼ਿਲਮ 'ਹਰ ਪਲ' ਤੋਂ ਉਸ ਨੂੰ ਕਾਫ਼ੀ ਉਮੀਦਾਂ ਹਨ। 'ਦਿਲ ਸੇ', 'ਕੱਲ੍ਹ ਹੋ ਨਾ ਹੋ', 'ਦਾ ਹੀਰੋ', 'ਕੋਈ ਮਿਲ ਗਯਾ', 'ਵੀਰਜ਼ਾਰਾ', 'ਕ੍ਰਿਸ਼', 'ਕਭੀ ਅਲਵਿਦਾ ਨਾ ਕਹਿਨਾ', 'ਰੱਬ ਨੇ ਬਨਾ ਦੀ ਜੋੜੀ', 'ਓਮ ਸ਼ਾਂਤੀ ਓਮ' ਫ਼ਿਲਮਾਂ ਦੇ ਇਲਾਵਾ ਉਸ ਦੀ ਝੋਲੀ 'ਚ ਕਈ ਹੋਰ ਵੀ ਹਿੱਟ ਤੇ ਚਰਚਿਤ ਫ਼ਿਲਮਾਂ ਹਨ।

ਪ੍ਰੀਟੀ ਜ਼ਿੰਟਾ ਆਪਣੇ ਭਰਾਵਾਂ ਦੀ ਜਾਨ ਹੈ ਕਿਉਂਕਿ 13 ਸਾਲ ਦੀ ਸੀ ਜਦੋਂ ਉਸ ਦੇ ਆਰਮੀ ਅਫ਼ਸਰ ਪਿਤਾ ਦੀ ਐਕਸੀਡੈਂਟ 'ਚ ਮੌਤ ਹੋ ਗਈ। ਪ੍ਰੀਟੀ ਦਾ ਭਰਾ ਵੀ ਆਰਮੀ 'ਚ ਵੱਡਾ ਅਫ਼ਸਰ ਹੈ ਤੇ ਛੋਟਾ ਭਰਾ ਕੈਲੀਫੋਰਨੀਆ 'ਚ ਹੈ। ਪ੍ਰੀਟੀ ਦਾ ਧਿਆਨ ਆਪਣੇ ਪਰਿਵਾਰ ਵੱਲ ਹੀ ਰਹਿੰਦਾ ਹੈ। ਪ੍ਰੀਟੀ ਦਾ ਜਦੋਂ ਦਿਲ ਕਰੇ ਭਰਾ ਨੂੰ ਮਿਲਣ ਕੈਲੀਫੋਰਨੀਆ ਚਲੇ ਜਾਂਦੀ ਹੈ।

ਪਿਛਲੇ ਸਮੇਂ ਦੌਰਾਨ ਉਹਨੇ ਕ੍ਰਿਕਟ ਵਿਚ ਵਾਹਵਾ ਦਿਲਚਸਪੀ ਲਈ ਹੈ। ਕ੍ਰਿਕਟ ਵਿਚੋਂ ਉਸ ਨੇ ਸ਼ੋਹਰਤ ਅਤੇ ਮਾਇਆ, ਦੋਨੇ ਹੀ ਕਮਾਏ ਹਨ।

# 'ਟੌਹਰ ਮਿੱਤਰਾਂ ਦੀ' ਰਾਹੀਂ ਹਾਕੀ ਨੂੰ ਹੁਲਾਰਾ

'ਤੇਰਾ ਮੇਰਾ ਕੀ ਰਿਸ਼ਤਾ', 'ਮੇਲ ਕਰਾਦੇ ਰੱਬਾ' ਅਤੇ 'ਧਰਤੀ' ਜਿਹੀਆਂ ਸੁਪਰਹਿੱਟ ਫ਼ਿਲਮਾਂ ਦਾ ਨਿਰਮਾਣ ਕਰਨ ਵਾਲੇ ਨੌਜਵਾਨ ਨਿਰਦੇਸ਼ਕ ਨਵਨੀਤ ਸਿੰਘ ਜਿੰਮੀ ਸ਼ੇਰਗਿੱਲ ਦੇ ਬੈਨਰ ਹੇਠ ਪੰਜਾਬੀ ਫ਼ਿਲਮ 'ਟੌਹਰ ਮਿੱਤਰਾਂ ਦੀ' ਦੀ ਸ਼ੂਟਿੰਗ ਕਰਨ ਵਾਲੇ ਰੁੱਝੇ ਹੋਏ ਹਨ। ਤਰਨਤਾਰਨ ਨੇੜਲੇ ਪਿੰਡ ਉਸਮਾਨ ਵਿਚ ਫ਼ਿਲਮ ਦੀ ਸ਼ੂਟਿੰਗ ਕੀਤੀ ਗਈ। 30 ਸਾਲਾਂ ਤੋਂ ਪੰਜਾਬੀ, ਹਿੰਦੀ ਫ਼ਿਲਮਾਂ ਵਿਚ ਬਤੌਰ ਕੈਮਰਾਮੈਨ ਰਾਜ ਕਰਨ ਵਾਲੇ ਹਰਮੀਤ ਸਿੰਘ ਨੇ ਆਪਣੇ ਦੋ ਬੇਟਿਆਂ-ਨਿਰਦੇਸ਼ਕ ਨਵਨੀਤ ਸਿੰਘ ਅਤੇ ਕੈਮਰਾਮੈਨ ਜਤਿਨ ਸਿੰਘ, ਦੇ ਮੋਢਿਆਂ ਉੱਪਰ ਸਮੁੱਚੀ ਫ਼ਿਲਮ ਦਾ ਭਾਰ ਪਾਇਆ ਹੋਇਆ ਹੈ। ਫ਼ਿਲਮ ਵਿਚ ਬਾਲੀਵੁੱਡ ਅਦਾਕਾਰ ਮੁਕੇਸ਼ ਰਿਸ਼ੀ ਤੋਂ ਇਲਾਵਾ ਅਮਰਿੰਦਰ ਗਿੱਲ, ਰਾਣਾ ਰਣਬੀਰ ਅਤੇ ਰਣਵਿਜੇ ਉਪਰ ਸੀਨ ਫ਼ਿਲਮਾਉਣ ਲਈ ਕੈਮਰਾ ਫੇਸ ਕਰ ਰਹੇ ਸਨ।



ਮੁਕੇਸ਼ ਰਿਸ਼ੀ ਨੇ ਦੱਸਿਆ ਕਿ ਉਹ ਪਹਿਲਾਂ ਵੀ ਪੰਜਾਬੀ ਫ਼ਿਲਮ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਅਤੇ 'ਵਾਰਿਸ ਸ਼ਾਹ' ਵਿਚ ਰੋਲ ਨਿਭਾਅ ਚੁੱਕਿਆ ਹੈ। ਇਹ ਉਸਦੀ ਤੀਜੀ ਪੰਜਾਬੀ ਫ਼ਿਲਮ ਹੈ। ਇਸ ਫ਼ਿਲਮ ਵਿਚ ਪੰਜਾਬੀਆਂ ਦੀ ਖੇਡ ਹਾਕੀ ਨੂੰ ਹੱਲਾਸ਼ੇਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਹ ਫ਼ਿਲਮ ਦੇ ਨਾਇਕ ਅਮਰਿੰਦਰ ਗਿੱਲ ਅਤੇ ਰਣਵਿਜੇ ਨੂੰ ਹਾਕੀ ਦੀ ਟ੍ਰੇਨਿੰਗ ਦੇ ਕੇ ਹਾਕੀ ਵੱਲ ਪ੍ਰੇਰਦਾ ਹੈ। ਆਪਣੀ ਤੀਜੀ ਫ਼ਿਲਮ 'ਟੌਹਰ ਮਿੱਤਰਾਂ ਦੀ' ਵਿਚ ਮੁੱਖ ਕਿਰਦਾਰ ਨਿਭਾਅ ਰਹੇ ਗਾਇਕ ਅਤੇ ਨਾਇਕ ਅਮਰਿੰਦਰ ਗਿੱਲ ਨੇ ਦੱਸਿਆ ਕਿ 'ਮੁੰਡੇ ਯੂ. ਕੇ. ਦੇ' ਅਤੇ 'ਇਕ ਕੁੜੀ ਪੰਜਾਬ ਦੀ' ਵਿਚ ਅਦਾਕਾਰੀ ਕਰਨ ਦਾ ਮੌਕਾ ਮਿਲਿਆ ਸੀ ਪਰ ਇਸ ਫ਼ਿਲਮ ਵਿਚ ਉਹ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹਦਾ ਕਹਿਣਾ ਹੈ ਕਿ ਹਾਕੀ ਨੂੰ ਇਸ ਫ਼ਿਲਮ ਵਿਚ ਖ਼ੂਬ ਪ੍ਰਚਾਰਿਆ ਗਿਆ ਹੈ। ਉਹਨੇ ਅਫ਼ਸੋਸ ਜ਼ਾਹਿਰ ਕੀਤਾ ਕਿ ਆਮ ਲੋਕਾਂ ਵਿਚ ਕ੍ਰਿਕਟ ਦੀ ਤਾਂ ਬਹੁਤ ਗੱਲ ਚਲਦੀ ਹੈ ਪਰ ਆਪਣੀ ਕੌਮੀ ਖੇਡ ਵੱਲ ਨਾ ਸਰਕਾਰ ਅਤੇ ਨਾ ਹੀ ਹੋਰ ਲੋਕਾਂ ਨੇ ਧਿਆਨ ਦਿੱਤਾ ਹੈ।

ਇਸੇ ਨੁਕਤੇ ਨੂੰ ਧਿਆਨ ਵਿਚ ਰੱਖ ਕੇ ਹੀ ਇਸ ਫ਼ਿਲਮ ਵਿਚ ਇਹ ਮੁੱਦਾ ਉਭਾਰਿਆ ਗਿਆ ਹੈ। ਉਹਨੇ ਆਸ ਪ੍ਰਗਟਾਈ ਕਿ ਇਹ ਫ਼ਿਲਮ ਦਰਸ਼ਕਾਂ ਵਿਚ ਹਾਕੀ ਲਈ ਪਿਆਰ ਪੈਦਾ ਕਰਨ ਵਿਚ ਸਹਾਈ ਹੋਵੇਗੀ। ਉਹਨੇ ਦਾਅਵਾ ਕੀਤਾ ਕਿ ਇਸ ਫ਼ਿਲਮ ਨੂੰ ਹਾਕੀ ਬਾਰੇ ਬਣੀ ਹਿੰਦੀ ਫ਼ਿਲਮ 'ਚੱਕ ਦੇ ਇੰਡੀਆ' ਤੋਂ ਵੀ ਵੱਧ ਹੁੰਗਾਰਾ ਮਿਲੇਗਾ।

ਫ਼ਿਲਮ ਵਿਚ ਰਣਵਿਜੇ ਦੀ ਮੁੱਖ ਭੂਮਿਕਾ ਹੈ। 'ਧਰਤੀ' ਵਾਲੀ ਸੁਰਵੀਨ ਚਾਵਲਾ ਅਤੇ ਅਮੀਤਾ ਪਾਠਕ ਫ਼ਿਲਮ ਦੀਆਂ ਹੀਰੋਇਨਾਂ ਹਨ। ਇਹ ਫ਼ਿਲਮ ਅਗਲੇ ਸਾਲ (2012) ਵਿਸਾਖੀ ਤੱਕ ਰਿਲੀਜ਼ ਹੋਵੇਗੀ।




ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa
WE WORK IN ALL 50 STATES & CANADA
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ
ਤੁਸੀ ਆਪਣੀ ਰਹਿੰਦੀ ਪੇਮੈਂਟ 70% ਤੱਕ ਘਟਾ ਸਕਦੇ ਹੋ
ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
ਆਪਣਾ ਕਰੈਡਿਟ ਬਹਾਲ ਕਰਾਓ,
ਬੈਂਕਰਪਸੀ ਤੋਂ ਬਚੋ!
CREDIT CARD
1234 5678 9101 1121
12/10
CARDHOLDER
WE CAN HELP YOU TO RESOLVE YOUR IRS TAX DEBT TODAY
» #1 Ranked By Numerous Organizations
» Achieve Financial Peace of Mind
» Get The Fastest Possible Solution
» 100% Confidential
» Help Stop Wage Garnishments And Bank Levies
» Help You Have Peace Of Mind


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www.markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"


Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776


Vista
CCTV TECHNOLOGY
24X7 HIGH END SECURITY SOLUTIION
FOR
HOTELS, GAS STATIONS,
STORES, HOMES & ANY KIND OF BUSINESS.
(14 YEARS EXPERIENCE IN CCTV BUSINESS)
2 years warranty
DIRECT ACCESS FROM SMART PHONE
We Install anywhere In USA
Buy Online
www.eZchase.com
Special Offers
4 Cameras with 4Ch DVR
Just @ $949.00+TAX
INSTALLATION INCLUDED
Special Offer
Just @
$1799.00+TAX
12 Cameras Installation $ 2499.00+TAX
Call :- SUKHPAL@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2200
$50 4500
$100 9500
800-914-1013 • 408-726-6103
AUSTRALIA 2000
AUSTRIA 2000
BELGIUM 2000
CANADA 2500
CROATIA 500
CYPRUS 641
CZECH REP. 862
DENMARK 2000
FRANCE 2500
GERMANY 2000
GREECE 2000
HUNGARY 1000
IRELAND 2000
ITALY 2500
NETHERLANDS 2000
NEW ZEALAND 2500
NORWAY 1250
POLAND 1500
PORTUGAL 2000
ROMANIA 640
RUSSIA 625
SPAIN 2000
SWEDEN 2000
SWITZERLAND 2000
UK 2500
BAHRAIN 1550
BANGLADESH 750
BHUTAN 275
CHINA 2500
FIJI 140
HONG KONG 2500
JORDAN 310
KUWAIT 250
PAKISTAN 1400
PHILIPPINES 250
QATAR 190
SAUDI ARABIA 315
KENYA 290
LEBANON 315
MALAYSIA 1500
NEPAL 225
OMAN 250
UAE 180
JAPAN 1250
SINGAPORE 2500
THAILAND 1450
ਹਰ ਦੇਸ਼ ਲਈ ਵਰਤੋ!
ਅਸੀ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ